# CORE COURSE (CC): RELIGIOUS STUDIES

**SEMESTER I** **PAPER I: ਧਰਮਾਂ ਦੀ ਸੰਖੇਪ ਜਾਣ-ਪਛਾਣ** **Section - A**

**(BRIEF INTRODUTION TO RELIGIONS)**

## UNIT – I ਧਰਮ ਦਾ ਆਰੰਭ, ਉਤਪਤੀ ਅਤੇ ਵਿਕਾਸ

**Structure**

**1.0 ਉਦੇਸ਼**

- **1.1 ਜਾਣ-ਪਛਾਣ**
- **1.2 ਅਰਥ, ਪਰਿਭਾਸ਼ਾ ਅਤੇ ਸਰੂਪ**
- **1.3 ਧਰਮ ਦੀ ਉਤਪੱਤੀ**
  - **1.3.1 ਦੈਵੀ ਇਲਹਾਮ ਦਾ ਸਿਧਾਂਤ**
  - **1.3.2 ਮਨੁੱਖੀ ਤਰਕ ਸਿਧਾਂਤ**
  - **1.3.3 ਧਰਮ ਦੀ ਉਤਪੱਤੀ ਦਾ ਮਾਨਵ-ਵਿਗਿਆਨਕ ਸਿਧਾਂਤ**
    - **1.3.3.1 ਜੀਵਵਾਦੀ ਸਿਧਾਂਤ**
    - **1.3.3.2 ਆਤਮਾਵਾਦੀ ਸਿਧਾਂਤ/ ਪ੍ਰੇਤਵਾਦੀ ਸਿਧਾਂਤ**
    - **1.3.3.3 ਮਾਨਵਵਾਦ ਜਾਂ ਪੂਰਵ-ਜੀਵਵਾਦ ਥਿਊਰੀ**
    - **1.3.3.4 ਟੋਟਮਵਾਦ ਦਾ ਸਿਧਾਂਤ**
    - **1.3.3.5 ਜਾਦੂ ਦਾ ਸਿਧਾਂਤ**
    - **1.3.3.6 ਫੈਟਿਸ਼ਵਾਦ ਦਾ ਸਿਧਾਂਤ**
  - **1.3.4 ਧਰਮ ਦੀ ਉਤਪੱਤੀ ਦਾ ਮਨੋਵਿਗਿਆਨਕ ਸਿਧਾਂਤ**
- **1.4 ਧਰਮ ਦਾ ਵਿਕਾਸ**
  - **1.4.1 ਜਾਤੀ ਧਰਮ ਜਾਂ ਆਦਿਮ ਧਰਮ**
  - **1.4.2 ਰਾਸ਼ਟਰੀ ਧਰਮ**
  - **1.4.3 ਵਿਸ਼ਵ ਧਰਮ**
- **1.5 ਧਰਮ ਦੀ ਮਨੁੱਖ ਦੇ ਮੌਜੂਦਾ ਜੀਵਨ ਵਿਚ ਪ੍ਰਸੰਗਿਕਤਾ**
- **1.6 ਸਿੱਟਾ**
- **1.7 ਪੜ੍ਹਨਯੋਗ ਪੁਸਤਕਾਂ**
- **1.8 ਅਭਿਆਸ ਲਈ ਪ੍ਰਸ਼ਨ**

## 1.0 ਉਦੇਸ਼

ਪ੍ਰਸਤੁਤ ਅਧਿਆਇ ਵਿਚ ਧਰਮ ਦੇ ਵਿਭਿੰਨ ਪੱਖਾਂ ਦੇ ਅਕਾਦਮਿਕ ਅਧਿਐਨ ਨਾਲ ਸੰਬੰਧਿਤ ਹੈ ਜਿਸ ਵਿਚ ਧਰਮ ਦੇ ਆਰੰਭ, ਉਤਪਤੀ ਅਤੇ ਵਿਕਾਸ ਬਾਰੇ ਚਾਨਣਾ ਪਾਇਆ ਜਾਵੇਗਾ ਤਾਂ ਕਿ ਧਰਮ ਦੇ ਇਨ੍ਹਾਂ ਪੱਖਾਂ ਦੀ ਜਾਣਕਾਰੀ ਰਾਹੀਂ ਧਰਮ ਨੂੰ ਅਸਲ ਅਰਥਾਂ ਵਿਚ ਸਮਝਿਆ ਜਾ ਸਕੇ।

## 1.1 ਜਾਣ-ਪਛਾਣ

ਧਰਮ ਮਨੁੱਖੀ ਜੀਵਨ ਨਾਲ ਸੰਬੰਧਿਤ ਅਹਿਮ ਪੱਖ ਹੈ ਜਿਸ ਤੋਂ ਬਿਨਾਂ ਮਨੁੱਖੀ ਇਤਿਹਾਸ, ਸਭਿਅਤਾ ਅਤੇ ਸਮਾਜਿਕ ਪ੍ਰਬੰਧ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਧਰਮ ਦਾ ਇਤਿਹਾਸ ਮਨੁੱਖਤਾ ਦੇ ਇਤਿਹਾਸ ਦੇ ਸਮਾਨ ਹੀ ਅਤਿ ਪੁਰਾਤਨ ਹੈ। ਮਨੁੱਖ ਆਪਣੇ ਜਨਮ ਤੋਂ ਲੈ ਕੇ ਮਰਨ ਤੱਕ ਧਰਮ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜਿਆ ਰਹਿੰਦਾ ਹੈ ਅਤੇ ਪ੍ਰਭਾਵਿਤ ਹੁੰਦਾ ਹੈ। ਅਸਲ ਅਰਥਾਂ ਵਿਚ ਧਰਮ ਦੀ ਸਹੀ ਸਮਝ ਮਨੁੱਖ ਨੂੰ ਮਹਾਂਮਾਨਵ ਬਣਾ ਦਿੰਦੀ ਹੈ ਪਰੰਤੂ ਧਰਮ ਦੀ ਅਧੂਰੀ ਅਤੇ ਗਲਤ ਸਮਝ ਮਨੁੱਖ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪ੍ਰਬੰਧ ਨੂੰ ਅਵਿਵਥਿਤ ਕਰ ਕੇ ਰਸਾਤਲ ਵੱਲ ਲੈ ਜਾਂਦੀ ਹੈ। ਇਸੇ ਕਾਰਨ ਹੀ ਸਾਡੇ ਪੁਰਖਿਆਂ ਵੱਲੋਂ ਚਾਰ ਪੁਰਸ਼ਾਰਥਾਂ- ਧਰਮ, ਅਰਥ, ਕਾਮ ਅਤੇ ਮੋਕਸ਼ ਵਿਚੋਂ ਧਰਮ ਨੂੰ ਪਹਿਲਾ ਪੁਰਸ਼ਾਰਥ ਮੰਨਿਆ ਗਿਆ ਹੈ। ਧਰਮ ਦੀ ਉਤਪਤੀ, ਅਰਥ, ਪਰਿਭਾਸ਼ਾ, ਸਰੂਪ ਆਦਿ ਨੂੰ ਹੇਠ ਲਿਖੇ ਵਿਭਿੰਨ ਪੱਖਾਂ ਰਾਹੀਂ ਨਿਰੂਪਿਤ ਕੀਤਾ ਜਾ ਸਕਦਾ ਹੈ-

## 1,2. ਅਰਥ, ਪਰਿਭਾਸ਼ਾ ਅਤੇ ਸਰੂਪ

'ਧਰਮ' ਮੂਲ ਰੂਪ ਵਿਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜੋ ਕਿ ਭਾਸ਼ਾਈ ਦ੍ਰਿਸ਼ਟੀ ਤੋਂ 'ਧ੍ਰਿ' (Dhri) ਸ਼ਬਦ ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ- 'ਧਾਰਨ ਕਰਨਾ'ਭਾਵ ਕਿ ਦੈਵੀ ਗੁਣਾਂ ਅਤੇ ਨੈਤਿਕ ਨਿਯਮਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰਨਾ।

ਧਰਮ ਨੂੰ ਅੰਗਰੇਜ਼ੀ ਭਾਸ਼ਾ ਵਿਚ 'ਰਿਲੀਜਨ' (Religion) ਕਹਿੰਦੇ ਹਨ। ਇਹ ਲਾਤੀਨੀ ਭਾਸ਼ਾ ਦੇ ਦੋ ਸ਼ਬਦਾਂ 'ਰੀ' (Re) ਅਤੇ 'ਲਿਗੇਅਰ' (Ligare) ਦੇ ਮੇਲ ਤੋਂ ਬਣਿਆ ਹੈ। 'ਰੀ' ਦਾ ਅਰਥ ਹੈ ਦੁਬਾਰਾ ਜਾਂ ਪਿਛੇ (Again or Back) ਅਤੇ 'ਲਿਗੇਅਰ' ਦਾ ਅਰਥ ਹੈ 'ਬੰਨ੍ਹਣਾ' (Bind)। ਇਸ ਤਰ੍ਹਾਂ ਸ਼ਾਬਦਿਕ ਅਰਥਾਂ ਵਿਚ ਧਰਮ ਦਾ ਮਤਲਬ ਹੈ 'ਦੁਬਾਰਾ ਬੰਨ੍ਹਣਾ' ਜਾਂ 'ਦੁਬਾਰਾ ਜੁੜਣਾ' ਭਾਵ ਕਿ ਆਪਣੇ ਮੂਲ ਨਾਲ ਦੁਬਾਰਾ ਜੁੜਣਾ ਜਿਸ ਤੋਂ

ਮਨੁੱਖ ਆਪਣੀਆਂ ਭੌਤਿਕ ਰੁਚੀਆਂ ਕਾਰਨ ਟੁੱਟ ਜਾਂਦਾ ਹੈ। ਧਰਮ ਦੇ ਖੇਤਰ ਵਿਚ ਮਨੁੱਖ ਦੇ ਆਤਮਿਕ ਰੂਪ ਦਾ ਮੂਲ ਪਰਮਾਤਮਾ ਵਿਚ ਮੰਨਿਆ ਗਿਆ ਹੈ।

ਇਸ ਪ੍ਰਕਾਰ ਇਨ੍ਹਾਂ ਦੋਵਾਂ ਸ਼ਬਦ ਰੂਪਾਂ ਰਾਹੀਂ ਧਰਮ ਸ਼ਬਦ ਦਾ ਅਰਥ ਹੈ- ਆਪਣੇ ਅੰਦਰ ਦੈਵੀ ਅਤੇ ਨੈਤਿਕ ਗੁਣਾਂ ਨੂੰ ਧਾਰਣ ਕਰ ਕੇ ਆਪਣੇ ਮੂਲ ਨਾਲ ਜੁੜਣਾ ਜਿਸ ਤੋਂ ਮਨੁੱਖ ਸੁਚੇਤ ਜਾਂ ਅਚੇਤ ਰੂਪ ਵਿਚ ਟੁੱਟ ਚੁੱਕਿਆ ਹੈ।

ਜੇਕਰ ਅਸੀਂ ਧਰਮ ਸ਼ਬਦ ਦੇ ਕੋਸ਼ਗਤ ਅਰਥ ਦੀ ਗੱਲ ਕਰੀਏ ਤਾਂ ਭਾਈ ਕਾਨ੍ਹ ਸਿੰਘ ਨਾਭਾ ਧਰਮ ਸ਼ਬਦ ਦੇ ਅਰਥ ਸੰਬੰਧੀ ਲਿਖਦੇ ਹਨ- ਧਰਮ ਦਾ ਅਰਥ ਹੈ ਜੋ ਸੰਸਾਰ ਨੂੰ ਧਾਰਨ ਕਰਦਾ ਹੈ। ਜਿਸ ਦੇ ਆਧਾਰ ਵਿਸ਼ਵ ਹੈ, ਉਹ ਪਵਿੱਤਰ ਨਿਯਮ। ਸ਼ੁਭ ਕਰਮ। ਮਜਹਬ ਦੀਨ। ਰਿਵਾਜ, ਰਸਮ, ਕੁਲ ਦੇਸ਼ ਦੀ ਰੀਤਿ। ਫਰਜ਼ ਡਯੂਟੀ। ਨਯਾਯ, ਇਨਸਾਫ, ਪਰਕਰਿਤਿ, ਸੁਭਾਵ।

'ਬੀ.ਆਰ. ਸੰਸਕ੍ਰਿਤ-ਜਰਮਨ ਡਿਕਸ਼ਨਰੀ' ਵਿਚ ਧਰਮ ਦੇ ਕਈ ਅਰਥ ਦਿੱਤੇ ਹੋਏ ਹਨ, ਜਿਨ੍ਹਾਂ ਦਾ ਪੰਜਾਬੀ ਅਨੁਵਾਦ ਇਸ ਤਰਾਂ ਹੈ:

1) ਆਸਰਾ, ਸਥਾਈ ਆਧਾਰ (ਰਿਗ ਵੇਦ);

2) ਨਿਯਮ, ਨਜ਼ਾਮ, ਰਿਵਾਜ਼, ਸ਼ੀਲ (ਰਿਗ ਵੇਦ);

3) ਕਿਸੇ ਵਸਤ ਦਾ ਸੁਭਾ, ਜਿਵੇਂ 'ਵਰਣਾਮ ਧਰ੍ਮਹ= ਵਰਣਾਂ ਦਾ ਸੁਭਾ;

4) ਕਰਤੱਵ ਵਿਸ਼ੇਸ਼ - ਕਿਸੇ ਵਿਅਕਤੀ ਦਾ ਆਪਣਾ ਖ਼ਾਸ ਫ਼ਰਜ਼ (ਨਿਆਏ ਕੋਸ਼),

5) ਕੋਈ ਵਸਤ ਜੋ ਕਿਧਰੇ ਭੀ ਹੈ (ਨਿਆਏ ਸ਼ਾਸਤਰ);

6) ਪਰਮਾਨੰਦ ਤਕ ਪੁਜਾਉਣ ਵਾਲੀ ਜੁਗਤੀ ( ਵੈਸੇਸਿਕ ਸ਼ਾਸਤਰ);

7) ਕਿਸੇ ਵਸਤ ਦਾ ਕੋਈ ਭੀ ਗੁਣ ( ਨਿਆਏ-ਵੈਸੇਸਿਕ ਦਰਸ਼ਨ ਅਨੁਸਾਰ);

ਵੱਖ-ਵੱਖ ਵਿਦਵਾਨਾਂ ਵੱਲੋਂ ਸਮੇਂ-ਸਮੇਂ 'ਤੇ ਧਰਮ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ ਕੁਝ ਪ੍ਰਮੁੱਖ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ-

ਈ. ਬੀ. ਟਾਇਲਰ- "ਧਰਮ ਕਿਸੇ ਅਧਿਆਤਮਕ ਸੱਤਾ ਵਿਚ ਵਿਸ਼ਵਾਸ ਹੈ"।

Emiel Durkhiem- ਧਰਮ ਪਵਿੱਤਰ ਵਸਤਾਂ ਨਾਲ ਸੰਬੰਧਿਤ ਵਿਸ਼ਵਾਸਾਂ ਅਤੇ ਅਮਲਾਂ ਦਾ ਏਕੀਕ੍ਰਿਤ ਪ੍ਰਬੰਧ ਹੁੰਦਾ ਹੈ।

J.G Frazer- "ਧਰਮ ਤੋਂ ਭਾਵ ਮਨੁੱਖ ਤੋਂ ਬਲਸ਼ਾਲੀ ਸ਼ਕਤੀਆਂ ਦੀ ਮੰਨਤ ਜਾਂ ਮਨੌਤ ਹੈ ਜੋ ਕੁਦਰਤੀ ਚਾਲ ਅਤੇ ਮਨੁੱਖੀ ਜੀਵਨ ਨੂੰ ਨਿਰਦੇਸ਼ਿਤ ਅਤੇ ਸੰਚਾਲਤ ਕਰਦੀਆਂ ਮੰਨੀਆਂ ਜਾਂਦੀਆਂ ਹਨ"।

Herbert Spencer- ਧਰਮ ਇਹ ਮਾਨਤਾ ਹੈ ਕਿ ਸਭ ਵਸਤਾਂ ਇਕ ਸ਼ਕਤੀ ਦਾ ਪ੍ਰਕਾਸ਼ ਹਨ ਜੋ ਸਾਡੀ ਸਮਝ ਤੋਂ ਦੇ ਹੈ।

ਮੈਕਸਮੂਲਰ ਨੇ ਧਰਮ ਨੂੰ ਮਨੁੱਖ ਦੁਆਰਾ ਅਸੀਮ ਨੂੰ ਸਮਝ ਸਕਣ ਦੀ ਸਮਰੱਥਾ ਪ੍ਰਦਾਨ ਕਰਨ ਵਾਲੀ ਮਾਨਸਿਕ ਯੋਗਤਾ ਜਾਂ ਬਿਰਤੀ ਦੱਸਿਆ ਹੈ।

ਕਾਂਤ ਅਨੁਸਾਰ "ਧਰਮ ਨੈਤਿਕਤਾ ਹੈ। ਉਸ ਦਾ ਵਿਚਾਰ ਹੈ ਕਿ ਆਪਣੇ ਸਾਰੇ ਨੈਤਿਕ ਫਰਜ਼ਾਂ ਨੂੰ ਰੱਬੀ ਹੁਕਮ ਮੰਨਣਾ ਧਰਮ ਅਖਵਾਉਂਦਾ ਹੈ"।

James Martineau- "ਧਰਮ ਇਕ ਸਦੀਵੀ ਰੱਬ ਵਿਚ ਵਿਸ਼ਵਾਸ ਹੈ ਅਰਥਾਤ ਇਕ ਦੈਵੀ ਮਨ ਅਤੇ ਇੱਛਾ ਸੰਸਾਰ ਨੂੰ ਚਲਾ ਰਿਹਾ ਹੈ ਜਿਸ ਦਾ ਮਨੁੱਖਤਾ ਨਾਲ ਨੈਤਿਕ ਰਿਸ਼ਤਾ ਹੈ"।

Mathew Arnold - 'ਧਰਮ ਭਾਵਨਾਵਾਂ ਦੁਆਰਾ ਉਤੇਜਿਤ, ਪ੍ਰਚੰਡਿਤ ਅਤੇ ਜਗਾਇਆ ਸਦਾਚਾਰ ਹੈ।'

Friedrich Schleiermacher- ਧਰਮ ਨੂੰ ਤੱਤ ਰੂਪ ਵਿਚ ਪੂਰਨ ਨਿਰਭਰਤਾ ਦੀ ਭਾਵਨਾ ਪ੍ਰਵਾਨ ਕਰਦਾ ਹੈ।

Oxford Dictionary ਅਨੁਸਾਰ, Religion- belief in superhuman controlling power, especially in a personal God or gods entitled to obedience. Study of religious belief. Particular system of faith and worship.

ਜੇਕਰ ਧਰਮ ਦੇ ਸਰੂਪ ਬਾਰੇ ਗੱਲ ਕੀਤੀ ਜਾਵੇ ਤਾਂ ਧਰਮ ਦਾ ਅਸਲ ਰੂਪ ਪਰਾਭੌਤਿਕ ਅਤੇ ਪਰਾਬੌਧਿਕ ਮੰਨਿਆ ਜਾ ਸਕਦਾ ਹੈ ਭਾਵ ਕਿ ਪਦਾਰਥਕ ਪਹੁੰਚ ਅਤੇ ਮਨੁੱਖੀ ਬੁੱਧੀ ਦੇ ਘੇਰੇ ਤੋਂ ਪਰੇ। ਧਰਮ, ਬਾਹਰੀ ਗਿਆਨ ਰਾਹੀਂ ਸਮਝਣ ਨਾਲੋਂ ਅਨੁਭਵ ਦਾ ਵਿਸ਼ਾ ਹੈ ਜਿਸ ਨੂੰ ਭੌਤਿਕ ਤੋਂ ਪਰਾਭੌਤਿਕ ਦਾ ਸਫਰ ਕਿਹਾ ਜਾ ਸਕਦਾ ਹੈ। ਭੌਤਿਕ ਜਾਂ ਬਾਹਰੀ ਗਿਆਨ ਧਰਮ ਨੂੰ ਸਮਝਣ ਦਾ ਇਕ ਮੁੱਢਲਾ ਪੜਾਅ ਹੈ ਜੋ ਸਦਾਚਾਰਕ ਅਤੇ ਨੈਤਿਕ ਨਿਯਮਾਂ ਤੇ

ਆਧਾਰਿਤ ਹੈ। ਇਨਾਂ ਨਿਯਮਾਂ ਬਾਰੇ ਜਾਣਕਾਰੀ ਹਾਸਲ ਕਰਨਾ ਅਤੇ ਇਹਨਾਂ ਨੂੰ ਅਮਲ ਵਿਚ ਲਿਆਉਣਾ ਹੀ ਧਰਮ ਹੈ। ਧਰਮ,ਚੋਰੀ, ਹਿੰਸਾ, ਝੂਠ, ਵਿਭਚਾਰ, ਈਰਖਾ, ਦਵੈਸ ਆਦਿ ਤੋ ਪਹਰੇਜ਼ ਕਰਨਾ ਅਤੇ ਸਤ, ਸੰਤੋਖ ਧੀਰਜ ਆਦਿ ਨੂੰ ਅਮਲੀ ਜਾਮਾ ਪਹਿਨਾਉਣ ਦਾ ਮਾਰਗ ਹੈ। ਬ੍ਰਿਟੈਨਕਾ ਡਿਕਸ਼ਨਰੀ ਵਿਚ ਧਰਮ ਅਤੇ ਮਨੁੱਖਤਾ ਦੇ ਸੰਬੰਧ ਨੂੰ ਦਰਸਾਉਂਦੇ ਹੋਏ ਧਰਮ ਦੇ ਸਰੂਪ ਨੂੰ ਇਸ ਪ੍ਰਕਾਰ ਬਿਆਨ ਕੀਤਾ ਗਿਆ ਹੈ- Religion, human beings, relation to that which they regard as holy, sacred, absolute, spiritual, divine, or worthy especial reverence. It is also commonly regarded as consisting of the way people deal with ultimate concerns about their lives and their fate after death.

ਦੈਵੀ ਇਲਹਾਮ ਧਰਮ ਦੇ ਸਰੂਪ ਦਾ ਵਿਸ਼ੇਸ਼ ਅੰਗ ਪ੍ਰਵਾਨ ਕੀਤਾ ਜਾ ਸਕਦਾ ਹੈ। ਆਧੁਨਿਕ ਸੰਸਾਰ ਦੇ ਲਗਪਗ ਸਾਰੇ ਹੀ ਪ੍ਰਮੁੱਖ ਧਰਮਾਂ ਦੇ ਬਾਨੀ ਪੈਗੰਬਰਾਂ ਨੂੰ ਦੈਵੀ ਇਲਹਾਮ ਦੀ ਪ੍ਰਾਪਤੀ ਹੋਈ। ਇਹ ਇਲਹਾਮ ਉਨ੍ਹਾਂ ਨੇ ਵੱਖਰੇ-ਵੱਖਰੇ ਇਤਿਹਾਸਿਕ ਸਮਿਆਂ ਵਿਚ ਉਥੋਂ ਦੇ ਸਭਿਆਚਾਰਕ ਬਿੰਬਾਂ ਅਤੇ ਚਿੰਨ੍ਹਾਂ ਦੀ ਸਹਾਇਤਾ ਨਾਲ ਉਸ ਖੇਤਰ ਦੀ ਆਪਸੀ ਭਾਸ਼ਾ ਵਿਚ ਪ੍ਰਗਟ ਕੀਤਾ। ਇਲਹਾਮ ਦਾ ਇਹ ਸਾਂਝਾ ਸੰਦੇਸ਼ ਵਿਭਿੰਨ ਧਰਮਾਂ ਦੀ ਤੱਤ-ਰੂਪੀ ਸਾਂਝ ਦਾ ਲਖਾਇਕ ਹੈ। ਇਲਹਾਮ ਦੈਵੀ ਸੰਦੇਸ਼ ਹੈ ਅਤੇ ਪੀਰ-ਪੈਗੰਬਰ ਉਸ ਸੰਦੇਸ਼ ਨੂੰ ਮਾਨਵਤਾ ਤੱਕ ਪਹੁੰਚਾਉਣ ਦਾ ਸਾਧਨ। ਇਹ ਦੈਵੀ ਇਲਹਾਲ ਹੀ ਕਿਸੇ ਵੀ ਧਰਮ ਦੇ ਸਮੁੱਚੇ ਅਧਿਆਤਮਿਕ ਢਾਂਚੇ ਦਾ ਆਧਾਰ ਕਿਹਾ ਜਾ ਸਕਦਾ ਹੈ ਜੋ ਧਰਮ ਵਿਚ ਦੈਵੀ ਗੁਣਾਂ ਦਾ ਸੰਚਾਰ ਕਰਦਾ ਹੈ। ਇਸ ਪ੍ਰਕਾਰ ਧਰਮ ਦਾ ਸਰੂਪ ਆਪਣੇ ਆਪ ਵਿਚ ਪਰਾਭੌਤਿਕ, ਪਰਾਬੋਧਿਕ, ਪਵਿੱਤਰ ਅਤੇ ਦੈਵੀ ਗੁਣਾਂ ਨਾਲ ਭਰਪੂਰ ਹੁੰਦਾ ਹੈ।

### 1.3. ਧਰਮ ਦੀ ਉਤਪੱਤੀ

ਧਰਮ ਦੀ ਉਤਪਤੀ ਅਤੇ ਵਿਕਾਸ ਦੀ ਸਮੱਸਿਆ ਧਰਮ ਅਤੇ ਦਰਸ਼ਨ ਦੀਆਂ ਮੁੱਖ ਸਮੱਸਿਆਵਾਂ ਵਿੱਚੋਂ ਇਕ ਹੈ। ਧਰਮ ਦਾ ਫਲਸਫਾ ਇਨ੍ਹਾਂ ਸਵਾਲਾਂ ਨੂੰ ਵਿਚਾਰਦਾ ਹੈ ਕਿ ਮਨੁੱਖ ਧਾਰਮਿਕ ਕਿਉਂ ਅਤੇ ਕਿਵੇਂ ਬਣਿਆ? ਧਰਮ ਦਾ ਇਹ ਆਧੁਨਿਕ ਅਤੇ ਸਰਵਉੱਚ ਰੂਪ ਕਿਉਂ ਅਤੇ ਕਿਵੇਂ ਪ੍ਰਾਪਤ ਹੋਇਆ? ਧਰਮ ਕਿਸ ਰੂਪ ਵਿਚ ਇਸ ਪੜਾਅ 'ਤੇ ਪਹੁੰਚ ਸਕਦਾ ਹੈ? ਆਦਿਮ ਅਤੇ ਅਵਿਕਸਿਤ ਧਰਮ ਅਤੇ ਆਧੁਨਿਕ ਪ੍ਰਗਤੀਸ਼ੀਲ ਵਿਸ਼ਵ ਧਰਮ ਵਿਚ ਕੀ ਅੰਤਰ ਹੈ? ਉਹ ਕਿਹੜੇ ਤੱਤ ਹਨ ਜਿਨ੍ਹਾਂ ਕਾਰਨ ਮਨੁੱਖ ਧਾਰਮਿਕ ਹੋ ਜਾਂਦਾ ਹੈ? ਇਸ ਪਰਿਪੇਖ ਵਿਚ ਜੇਕਰ ਅਸੀਂ

ਇਸ ਵਿਸ਼ੇ ਦੀ ਚਰਚਾ ਆਦਿਮ ਸਮਾਜ ਵਿਚ ਧਰਮ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਤੋਂ ਸ਼ੁਰੂ ਕਰੀਏ ਤਾਂ ਇਹ ਹੋਰ ਵੀ ਸਾਰਥਕ ਹੋਵੇਗੀ। ਆਦਿਮ ਮਨੁੱਖ ਦੇ ਮਨ ਵਿਚ ਇਕ ਸਵਾਲ ਜ਼ਰੂਰ ਆਇਆ ਹੋਵੇਗਾ ਕਿ ਨੀਂਦ ਅਤੇ ਮੌਤ ਵਿਚ ਕਾਫ਼ੀ ਸਮਾਨਤਾ ਹੋਣ ਦੇ ਬਾਵਜੂਦ ਨੀਂਦ ਮੌਤ ਵਰਗੀ ਕਿਉਂ ਨਹੀਂ ਹੈ? ਸੁਪਨੇ ਵਿਚ ਸਰੀਰ ਵਿਚੋਂ ਕੁਝ ਊਰਜਾ ਨਿਕਲਦੀ ਹੈ ਅਤੇ ਵੱਖ-ਵੱਖ ਥਾਵਾਂ 'ਤੇ ਜਾਂਦੀ ਹੈ, ਵੱਖ-ਵੱਖ ਮਰੇ ਹੋਏ ਅਤੇ ਜਿਉਂਦੇ ਵਿਅਕਤੀਆਂ ਨੂੰ ਮਿਲਦੀ ਹੈ ਅਤੇ ਨੀਂਦ ਟੁੱਟਣ 'ਤੇ ਦੁਬਾਰਾ ਵਾਪਸ ਆਉਂਦੀ ਹੈ। ਮੁਰਦਾ ਅਵਸਥਾ ਵਿਚ ਵੀ ਸਰੀਰ ਵਿਚੋਂ ਕੁਝ ਊਰਜਾ ਨਿਕਲਦੀ ਹੈ ਜੋ ਸਰੀਰ ਨੂੰ ਅਕਿਰਿਆਸ਼ੀਲ ਬਣਾ ਦਿੰਦੀ ਹੈ, ਪਰ ਮੁੜ ਕੇ ਵਾਪਸ ਨਹੀਂ ਆਉਂਦੀ। ਇਸ ਤੋਂ ਆਦਿਮ ਮਨੁੱਖ ਨੇ ਇਹ ਸਿੱਟਾ ਕੱਢਿਆ ਹੋਵੇਗਾ ਕਿ ਪਹਿਲੀ ਆਜ਼ਾਦ ਆਤਮਾ ਜੋ ਮਨੁੱਖ ਦੇ ਸਰੀਰ ਵਿੱਚੋਂ ਬਾਹਰ ਜਾ ਸਕਦੀ ਹੈ ਅਤੇ ਹਰ ਤਰ੍ਹਾਂ ਦੇ ਅਨੁਭਵਾਂ ਦਾ ਅਨੁਭਵ ਕਰਕੇ ਵਾਪਸ ਆ ਸਕਦੀ ਹੈ। ਦੂਸਰੀ ਸਰੀਰ ਆਤਮਾ ਜਿਹੜੀ ਕਿ ਇਕ ਵਾਰ ਸਰੀਰ ਛੱਡ ਜਾਂਦੀ ਹੈ, ਉਹ ਮੁੜ ਕੇ ਵਾਪਸ ਨਹੀਂ ਆਉਂਦੀ ਅਤੇ ਮਨੁੱਖ ਮਰ ਜਾਂਦਾ ਹੈ ਅਤੇ ਉਸਦੀ ਆਤਮਾ ਭੂਤ ਜਾਂ ਪ੍ਰੇਤ ਬਣ ਜਾਂਦੀ ਹੈ-ਇਹ ਆਤਮਾ ਅਮਰ ਹੈ, ਜੇਕਰ ਅਜਿਹਾ ਨਾ ਹੋਇਆ ਤਾਂ ਬਹੁਤ ਸਮਾਂ ਪਹਿਲਾਂ ਮਰ ਹੋਇਆ ਵਿਅਕਤੀ ਸੁਪਨੇ ਵਿਚ ਕਿਵੇਂ ਅਤੇ ਕਿਉਂ ਵਿਖਾਈ ਦਿੰਦਾ? ਇਸ ਤਰ੍ਹਾਂ, ਟਾਈਲਰ (1871) ਦੇ ਉਪਰੋਕਤ ਵਿਚਾਰ ਅਨੁਸਾਰ, ਇਹਨਾਂ ਅਮੂਰਤ ਅਤੇ ਅਭੌਤਿਕ ਆਤਮਾਵਾਂ ਲਈ ਡਰ ਅਤੇ ਸਤਿਕਾਰ ਆਦਿਮ ਧਰਮ ਦੀ ਜੜ੍ਹ ਹੈ। ਇਸ ਲਈ ਇਹ ਧਾਰਨਾ ਵਿਕਸਿਤ ਹੋਈ ਕਿ ਆਤਮਾਵਾਂ ਮਨੁੱਖੀ ਨਿਯੰਤਰਣ ਤੋਂ ਬਾਹਰ ਹਨ, ਪਰ ਉਹ ਮਨੁੱਖਾਂ ਨਾਲ ਸਬੰਧਤ ਹਨ। ਉਹ ਉਸਦੇ ਚੰਗੇ ਕੰਮਾਂ ਤੋਂ ਪ੍ਰਸੰਨ ਹੁੰਦੀ ਹੈ, ਅਤੇ ਉਸਦੇ ਬੁਰੇ ਕੰਮਾਂ ਤੋਂ ਨਾਰਾਜ਼ ਹੁੰਦੀ ਹੈ।

ਧਰਮ ਦੀ ਉਤਪੱਤੀ ਦਾ ਮੁੱਖ ਕਾਰਨ ਮਨੁੱਖ ਦੀ ਸੱਚਾਈ ਨੂੰ ਜਾਣਨ ਦੀ ਪ੍ਰਵਿਰਤੀ ਨੂੰ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਸੱਚ ਨੂੰ ਸਮਝਣ ਦੀ ਮਨੁੱਖੀ ਪ੍ਰਵਿਰਤੀ ਇਕ ਸੁਭਾਵਕ ਪ੍ਰਵਿਰਤੀ ਹੈ, ਇਸ ਲਈ ਇਹ ਜਾਣਨ ਦਾ ਕੋਈ ਕਾਰਨ ਨਹੀਂ ਹੈ ਕਿ ਇਹ ਮਨੁੱਖੀ ਇਤਿਹਾਸ ਵਿਚ ਬਹੁਤ ਬਾਅਦ ਵਿਚ ਸ਼ੁਰੂ ਹੋਇਆ ਸੀ। ਆਦਿ ਕਾਲ ਵਿਚ ਮਨੁੱਖ ਨੇ ਕੁਦਰਤ ਦੇ ਕਾਰਜ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਜੇਕਰ ਅੱਜ ਵਿਗਿਆਨ ਦਾ ਯੁੱਗ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਆਦਿ ਕਾਲ ਵਿਚ ਵਿਗਿਆਨ ਦੀ ਹੋਂਦ ਹੀ ਨਹੀਂ ਹੋਵੇਗੀ। ਬੀਜ ਤੋਂ ਬਿਨਾਂ ਰੁੱਖ ਕਿਵੇਂ ਪੈਦਾ ਹੋ ਸਕਦਾ ਹੈ? ਪ੍ਰਾਚੀਨ ਯੁੱਗ ਵਿਚ ਵੀ ਕੋਈ ਨਾ ਕੋਈ ਦਾਰਸ਼ਨਿਕ ਜਾਂ ਵਿਗਿਆਨੀ ਜ਼ਰੂਰ ਹੋਇਆ ਹੋਵੇਗਾ ਜਿਨ੍ਹਾਂ ਨੇ ਕੁਦਰਤ ਦੀਆਂ ਵੱਖ-ਵੱਖ ਗਤੀਵਿਧੀਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਅਸਲ ਗੱਲ ਇਹ ਹੈ ਕਿ ਧਰਮ ਮਨੁੱਖੀ ਜੀਵਨ ਦੀ ਪ੍ਰਵਿਰਤੀ ਹੈ। ਧਰਮ ਦੀ ਉਤਪੱਤੀ ਲਈ ਸਾਨੂੰ ਮਨੁੱਖੀ ਸੁਭਾਅ ਨੂੰ ਆਧਾਰ ਮੰਨਣਾ ਪਵੇਗਾ

ਕਿਉਂਕਿ ਪਰਿਵਰਤਨ ਤੋਂ ਬਾਅਦ ਵੀ ਮਨੁੱਖੀ ਸੁਭਾਅ ਵਿਚ ਨਿਰੰਤਰਤਾ ਹੈ। ਅੱਜ ਦਾ ਮਨੁੱਖ ਜਿਸ ਤਰ੍ਹਾਂ ਸੁੱਖ-ਦੁੱਖ ਦਾ ਅਨੁਭਵ ਕਰਦਾ ਹੈ, ਕ੍ਰੋਧ-ਦੁਖ ਦਾ ਸ਼ਿਕਾਰ ਹੁੰਦਾ ਹੈ, ਭੁੱਖ-ਪਿਆਸ ਦਾ ਅਨੁਭਵ ਕਰਦਾ ਹੈ, ਉਸੇ ਤਰ੍ਹਾਂ ਆਦਿਮ ਮਨੁੱਖ ਕਰਦਾ ਸੀ। ਇਸ ਲਈ ਜਿਸ ਤਰ੍ਹਾਂ ਅੱਜ ਮਨੁੱਖ ਪਰਮਾਤਮਾ ਜਾਂ ਪਰਮਾਤਮਾ ਦੇ ਬਰਾਬਰ ਦੇ ਕਿਸੇ ਸਿਧਾਂਤ ਨੂੰ ਮੰਨਣ ਲਈ ਤਤਪਰ ਹੈ, ਉਸੇ ਤਰ੍ਹਾਂ ਦੀ ਤਤਪਰਤਾ ਆਦਿਮ ਮਨੁੱਖ ਵਿਚ ਵੀ ਮੌਜੂਦ ਹੋਵੇਗੀ।

ਧਰਮ ਦੇ ਅਕਾਦਮਕਿ ਪੱਖ ਤੋਂ ਧਰਮ ਦੀ ਉਤਪੱਤੀ ਸੰਬੰਧੀ ਧਰਮ ਵਿਗਿਆਨੀਆਂ ਦੁਆਰਾ ਧਰਮ ਦੀ ਉਤਪੱਤੀ ਸੰਬੰਧੀ ਪ੍ਰਸਤੁਤ ਕੀਤੇ ਗਏ ਮੁੱਖ ਸਿਧਾਂਤ ਇਸ ਪ੍ਰਕਾਰ ਹਨ-

**1.3.1. ਦੈਵੀ ਇਲਹਾਮ ਦਾ ਸਿਧਾਂਤ** :- ਇਸ ਮੱਤ ਅਨੁਸਾਰ ਪਰਮਾਤਮਾ ਨੇ ਆਪਣੀ ਵਿਸ਼ੇਸ਼ ਕ੍ਰਿਪਾ ਦੁਆਰਾ ਅਵਤਾਰਾਂ ਅਤੇ ਪੈਗੰਬਰਾਂ ਆਦਿ ਰਾਹੀਂ ਮਨੁੱਖਤਾ ਦੇ ਭਲੇ ਲਈ ਧਰਮ ਪ੍ਰਗਟ ਕੀਤਾ ਹੈ। ਇਸੇ ਕਰਕੇ ਮਨੁੱਖੀ ਜੀਵਨ ਵਿਚ ਧਰਮ ਦੀ ਸ਼ੁਰੂਆਤ ਹੋਈ। ਧਰਮ ਦੀ ਉਤਪਤੀ ਬਾਰੇ ਇਹ ਸਿਧਾਂਤ ਜ਼ਿਆਦਾਤਰ ਯਹੂਦੀ ਧਰਮ ਅਤੇ ਈਸਾਈ ਧਰਮ ਅਤੇ ਇਸਲਾਮ ਵਿਚ ਪਾਇਆ ਜਾਂਦਾ ਹੈ। ਇਸ ਦਾ ਪ੍ਰਮਾਣ ਇਨ੍ਹਾਂ ਧਰਮਾਂ ਦੇ ਗ੍ਰੰਥਾਂ ਦੇ ਰੂਪ ਵਿਚ ਮਿਲਿਆ।

**1.3.2. ਮਨੁੱਖੀ ਤਰਕ ਸਿਧਾਂਤ** :- ਇਸ ਸਿਧਾਂਤ ਦੇ ਅਨੁਸਾਰ, ਧਰਮ ਮਨੁੱਖੀ ਤਰਕ ਤੋਂ ਪੈਦਾ ਹੋਇਆ ਹੈ। ਇਸ ਦਾ ਅਰਥ ਹੈ ਕਿ ਧਰਮ ਮਨੁੱਖੀ ਜ਼ਮੀਰ ਜਾਂ ਬੁੱਧੀ ਵਿਚ ਪੈਦਾ ਹੁੰਦਾ ਹੈ। 18ਵੀਂ ਸਦੀ ਦੇ ਕੁਝ ਬ੍ਰਿਟਿਸ਼ ਤਰਕਸ਼ੀਲ ਜਿਵੇਂ ਕਿ ਹਰਬਰਟ ਅਤੇ ਜੌਹਨ ਹੌਲੈਂਡ (1855) ਆਦਿ ਧਰਮ ਨੂੰ ਤਰਕਸ਼ੀਲ ਅਤੇ ਬੁੱਧੀਗਤ ਮੰਨਦੇ ਸਨ ਅਤੇ ਗਣਿਤ ਦੇ ਸੰਕਲਪਾਂ ਵਾਂਗ ਧਰਮ ਦੇ ਸੰਕਲਪਾਂ ਜਿਵੇਂ ਕਿ ਪਰਮਾਤਮਾ ਦੀ ਸੱਤਾ, ਆਤਮਾ ਦੀ ਅਮਰਤਾ ਅਤੇ ਨੈਤਿਕ ਨਿਯਮਾਂ ਦੀ ਸ਼ਕਤੀ ਦੀ ਸੱਚਾਈ ਤਰਕ 'ਤੇ ਨਿਰਭਰ ਮੰਨੀ। ਇਹ ਬੁੱਧੀਜੀਵੀ ਦੇਵਵਾਦ ਦੇ ਪ੍ਰੇਰਕ ਸਨ। ਉਨ੍ਹਾਂ ਦੇ ਵਿਚਾਰ ਵਿਚ, ਬ੍ਰਹਮ ਦੇ ਪ੍ਰਗਟਾਵੇ/ ਦੈਵੀ ਇਲਹਾਮ ਦਾ ਸਿਧਾਂਤ ਸਾਰਥਕ ਹੈ। ਉਨ੍ਹਾਂ ਅਨੁਸਾਰ ਮੁੱਢਲੇ ਦੌਰ ਵਿਚ ਬੁੱਧੀਜੀਵੀ ਹੋਣ ਕਾਰਨ ਸਾਰੇ ਧਰਮ ਸ਼ੁੱਧ ਸਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਧਰਮ ਆਪਣੇ ਮੁੱਢਲੇ ਪੜਾਅ ਵਿਚ ਕੁਦਰਤੀ ਜਾਂ ਬੌਧਿਕ ਪੂਰੀ ਤਰ੍ਹਾਂ ਮਨੁੱਖੀ ਬੁੱਧੀ ਜਾਂ ਵਿਵੇਕ ਉੱਤੇ ਆਧਾਰਿਤ ਸੀ ਤਾਂ ਫਿਰ ਧਰਮ ਵਿਚ ਆਡੰਬਰ, ਅੰਧਵਿਸ਼ਵਾਸ, ਕਰਮਕਾਂਡ ਅਤੇ ਪਰੰਪਰਾਵਾਂ ਕਿਉਂ ਦਿਖਾਈ ਦਿੰਦੀਆਂ ਹਨ? ਇਸ ਦੇ ਜਵਾਬ ਵਿਚ ਚਿੰਤਕਾਂ ਦਾ ਕਹਿਣਾ ਹੈ ਕਿ ਜਦੋਂ ਪੁਜਾਰੀਆਂ ਨੇ ਅੰਧਵਿਸ਼ਵਾਸਾਂ, ਕਰਮਕਾਂਡਾਂ ਆਦਿ ਨੂੰ ਸ਼ੁੱਧ ਅਤੇ ਤਰਕਪੂਰਨ ਧਰਮ ਵਿਚ ਸ਼ਾਮਲ ਕੀਤਾ ਤਾਂ ਸਿਰਫ਼ ਸਮੂਹ ਨੂੰ ਆਪਣੇ ਅਧੀਨ ਰੱਖਣ ਅਤੇ ਉਨ੍ਹਾਂ ਦਾ ਸ਼ੋਸ਼ਣ ਕਰਨ ਲਈ। ਇਸ ਅਧਾਰ 'ਤੇ, ਧਰਮ ਦੋ ਰੂਪਾਂ ਵਿਚ ਵਿਕਸਤ ਹੋਇਆ - ਪਹਿਲਾ ਸ਼ੁੱਧ ਕੁਦਰਤੀ ਇਤਿਹਾਸਕ ਧਰਮ। ਇਸ ਇਤਿਹਾਸਕ

ਧਰਮ ਅਤੇ ਦੂਜਾ ਪੁਜਾਰੀਆਂ ਦੀ ਮਰਜ਼ੀ ਅਨੁਸਾਰ ਪ੍ਰਚਲਿਤ ਹੋਰ ਧਰਮਾਂ ਵਿਚ ਪਾਏ ਜਾਂਦੇ ਵਿਸ਼ਵਾਸ ਅਤੇ ਰੀਤੀ-ਰਿਵਾਜ। ਵਿਸ਼ਵਾਸ ਅਤੇ ਵਿਵਹਾਰ ਝੂਠੇ ਅਤੇ ਅਰਥਹੀਣ ਜਾਪਦੇ ਹਨ। ਕਿਉਂਕਿ ਇਹਨਾਂ ਵਿਕਸਤ ਧਰਮਾਂ ਵਿਚ ਪਾਏ ਜਾਂਦੇ ਸਾਰੇ ਵਿਸ਼ਵਾਸ ਅਤੇ ਰੀਤੀ-ਰਿਵਾਜ ਮਨੁੱਖੀ ਹਿੱਤ ਵਿਚ ਸਿਰਫ਼ ਦੋਸ਼ ਹੀ ਹਨ। ਧਰਮ ਦਾ ਅਸਲ ਰੂਪ ਮੁੱਢਲਾ ਧਰਮ ਹੈ ਜੋ ਤਰਕ ਦੀ ਸ਼ੁਰੂਆਤ ਤੋਂ ਹੀ ਤਰਕ ਦੀ ਬੁੱਧੀ 'ਤੇ ਅਧਾਰਤ ਹੈ। ਧਰਮ ਦੇ ਅਸਲ ਰੂਪ ਦੇ ਸਮਰਥਨ ਵਿਚ, 18ਵੀਂ ਸਦੀ ਦੇ ਅੰਤ ਵਿਚ ਫਰਾਂਸ ਦੇ ਕੁਝ ਚਿੰਤਕ ਲੇਮਾਂਡੈ ਡੀ, ਐਲਮਬਰਟ ਅਤੇ ਵਾਲਟੇਅਰ ਵੀ ਸਨ। ਇਹ ਸਿਧਾਂਤ ਆਪਣੇ ਯੁੱਗ ਵਿਚ ਬਹੁਤ ਮਸ਼ਹੂਰ ਹੋਇਆ, ਪਰ ਇਸ ਸਮੇਂ ਇਹ ਸਿਧਾਂਤ ਲੁਪਤ ਹੋਣ ਦੀ ਕਗਾਰ ਤੇ ਹੈ ਕਿਉਂਕਿ ਇਸ ਵਿਚ ਕਈ ਦੋਸ਼ ਸਨ।

**1.3.3. ਧਰਮ ਦੀ ਉਤਪੱਤੀ ਦਾ ਮਾਨਵ-ਵਿਗਿਆਨਕ ਸਿਧਾਂਤ**- ਜਿੱਥੇ ਮਨੋਵਿਗਿਆਨ ਧਰਮ ਦੇ ਅੰਦਰਲੇ ਪਾਸੇ ਨੂੰ ਪ੍ਰਗਟ ਕਰਦਾ ਹੈ, ਉਥੇ ਮਾਨਵ-ਵਿਗਿਆਨ ਧਰਮ ਦੇ ਬਾਹਰੀ ਪੱਖ ਨੂੰ ਉਜਾਗਰ ਕਰਦਾ ਹੈ। ਧਰਮ ਦਾ ਇਤਿਹਾਸ ਓਨਾ ਹੀ ਪੁਰਾਣਾ ਹੈ ਜਿੰਨਾ ਮਨੁੱਖ ਦਾ ਇਤਿਹਾਸ। ਮਨੁੱਖੀ ਸਭਿਅਤਾ ਅਤੇ ਸੱਭਿਆਚਾਰ ਦਾ ਵਰਣਨ ਪੇਸ਼ ਕਰਨਾ ਮਾਨਵ-ਵਿਗਿਆਨ ਦਾ ਮੁੱਖ ਵਿਸ਼ਾ ਹੈ। ਸਭਿਅਤਾ ਅਤੇ ਸੱਭਿਆਚਾਰ ਦੇ ਵਿਕਾਸ ਦੇ ਨਾਲ-ਨਾਲ ਧਾਰਮਿਕ ਭਾਵਨਾਵਾਂ ਦਾ ਵੀ ਵਿਕਾਸ ਹੁੰਦਾ ਰਿਹਾ ਹੈ। ਧਾਰਮਿਕ ਭਾਵਨਾਵਾਂ ਕਿਨ੍ਹਾਂ ਹਾਲਤਾਂ ਵਿਚ ਪੈਦਾ ਹੋਈਆਂ? ਇਸ ਦਾ ਸਹੀ ਜਵਾਬ ਕੇਵਲ ਮਾਨਵ ਵਿਗਿਆਨ ਹੀ ਦੇ ਸਕਦਾ ਹੈ। ਪ੍ਰਾਚੀਨ ਅਤੇ ਆਧੁਨਿਕ ਧਰਮਾਂ ਦੇ ਸੁਭਾਅ ਵਿਚ ਅੰਤਰ ਨੂੰ ਸਪੱਸ਼ਟ ਕਰਨ ਦਾ ਸਿਹਰਾ ਮਾਨਵ ਵਿਗਿਆਨ ਨੂੰ ਜਾਂਦਾ ਹੈ। ਧਰਮ ਦੀ ਉਤਪਤੀ ਦੇ ਸੰਬੰਧ ਵਿਚ ਮਾਨਵ-ਵਿਗਿਆਨ ਹੇਠ ਲਿਖੇ 'ਰਾਏ' ਪੇਸ਼ ਕਰਦਾ ਹੈ-

**1.3.3.1. ਜੀਵਵਾਦੀ ਸਿਧਾਂਤ**- ਮਾਨਵ-ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜੀਵਵਾਦੀ ਸਿਧਾਂਤ ਦੀ ਪੇਸ਼ਕਾਰੀ ਈ.ਬੀ. ਟਾਈਲਰ (1871) ਨੇ ਕੀਤੀ। ਉਸਨੇ ਇਕ ਮਹਾਨ ਪੁਸਤਕ ਦੀ ਰਚਨਾ ਕੀਤੀ। ਉਸਨੇ ਆਦਿਮ ਮਨੁੱਖ ਦੀ ਬੁੱਧੀ ਅਤੇ ਪ੍ਰਕਿਰਤੀ ਦਾ ਵਿਗਿਆਨਕ ਅਧਿਐਨ ਕਰਕੇ ਜੀਵਵਾਦ ਦਾ ਪ੍ਰਚਾਰ ਕੀਤਾ। ਇਸ ਸਿਧਾਂਤ ਅਨੁਸਾਰ ਸੰਸਾਰ ਦੀਆਂ ਸਾਰੀਆਂ ਵਸਤੂਆਂ ਵਿਚ ਆਤਮਾ ਦਾ ਨਿਵਾਸ ਹੈ। ਮਨੁੱਖ ਹਰ ਵਸਤੂ ਵਿਚ ਆਤਮਾ ਦੀ ਹੋਂਦ ਨੂੰ ਸਵੀਕਾਰਦਾ ਹੋਇਆ ਸੰਸਾਰ ਦੀਆਂ ਸਾਰੀਆਂ ਚੀਜ਼ਾਂ 'ਤੇ ਆਪਣੀ ਚੇਤਨਾ ਨੂੰ ਪੇਸ਼ ਕਰਨਾ ਸ਼ੁਰੂ ਕਰ ਦਿੰਦਾ ਹੈ। ਟਾਈਲਰ (1871) ਦਾ ਵਿਚਾਰ ਹੈ ਕਿ ਸੱਭਿਆਚਾਰ ਉਹ ਪੜਾਅ ਹੈ ਜਿਸ 'ਤੇ ਜੀਵਵਾਦੀ ਪਹੁੰਚ ਉਭਰਦੀ ਹੈ ਅਤੇ ਇਸ ਦੇ ਨਾਲ ਹੀ ਧਰਮ ਦਾ ਮੂਲ ਵੀ ਉਸੇ ਪੱਧਰ 'ਤੇ ਹੁੰਦਾ ਹੈ। ਅਜਿਹੀ ਅਵਸਥਾ ਵਿਚ ਮਨੁੱਖ ਆਪਣੇ ਅਤੇ ਸੰਸਾਰ ਵਿਚਲੇ ਜੀਵਾਂ

ਵਿਚ ਇਕਸੁਰਤਾ ਕਾਇਮ ਕਰਦਾ ਹੈ। ਉਹ ਆਪਣੀ ਸੁਰੱਖਿਆ ਅਤੇ ਭਲਾਈ ਲਈ ਕੁਝ ਸ਼ਕਤੀਸ਼ਾਲੀ ਜੀਵਾਂ ਦੀ ਪੂਜਾ ਸ਼ੁਰੂ ਕਰ ਦਿੰਦਾ ਹੈ।

**1.3.3.2. ਆਤਮਾਵਾਦੀ ਸਿਧਾਂਤ/ ਪ੍ਰੇਤਵਾਦੀ ਸਿਧਾਂਤ** - ਪ੍ਰੇਤਵਾਦੀ ਸਿਧਾਂਤ ਦਾ ਸਮਰਥਕ ਹਰਬਰਟ ਸਪੈਂਸਰ (1855) ਹੈ। ਸਪੈਨਸਰ ਦੇ ਵਿਚਾਰ ਅਨੁਸਾਰ ਆਦਿਮ ਮਨੁੱਖ ਆਪਣੇ ਪੂਰਵਜਾਂ ਦੀ ਉਪਜ ਦੀ ਕਲਪਨਾ ਈਸ਼ਵਰ ਦੇ ਕਾਰਨ ਮੰਨਦੇ ਸਨ ਅਤੇ ਜਿਸ ਦੇ ਨਤੀਜੇ ਵਜੋਂ ਧਰਮ ਦੀ ਉਤਪਤੀ ਹੋਈ ਸੀ। ਆਦਿਮ ਯੁੱਗ ਵਿਚ ਇਹ ਵਿਸ਼ਵਾਸ ਮੰਨਿਆ ਜਾਂਦਾ ਸੀ ਕਿ ਉਸ ਦੇ ਪੁਰਖਿਆਂ ਦੀ ਹੋਂਦ ਮੌਤ ਤੋਂ ਬਾਅਦ ਭੂਤ-ਪ੍ਰੇਤਾਂ ਦੇ ਰੂਪ ਵਿਚ ਰਹਿੰਦੀ ਹੈ। ਉਹ ਇਹ ਵੀ ਮੰਨਦਾ ਸੀ ਕਿ ਆਤਮਾ ਦੇ ਰੂਪ ਵਿਚ ਉਨ੍ਹਾਂ ਦੇ ਪੁਰਖਿਆਂ ਦੀ ਸ਼ਕਤੀ ਬਹੁਤ ਵਧ ਜਾਂਦੀ ਹੈ ਅਤੇ ਉਹ ਨਾਰਾਜ਼ ਹੋਣ 'ਤੇ ਨੁਕਸਾਨ ਪਹੁੰਚਾ ਸਕਦੇ ਹਨ। ਇਹਨਾਂ ਪੂਰਵਜਾਂ ਨੂੰ ਖੁਸ਼ ਰੱਖਣ ਲਈ ਆਦਿਮ ਮਨੁੱਖ ਯੱਗ, ਬਲੀਦਾਨ, ਪੂਜਾ ਆਦਿ ਦੇ ਕਰਮਕਾਂਡ ਕਰਦੇ ਸਨ। ਉਨ੍ਹਾਂ ਦੀਆਂ ਇਨ੍ਹਾਂ ਗਤੀਵਿਧੀਆਂ ਦੇ ਨਤੀਜੇ ਵਜੋਂ ਪੂਜਾ-ਪਾਠ ਪ੍ਰਣਾਲੀ ਅਤੇ ਰੀਤੀ ਰਿਵਾਜਾਂ ਦਾ ਵਿਕਾਸ ਹੋਇਆ। ਇਸ ਸਬੰਧ ਵਿਚ ਇਹ ਸਿੱਧ ਹੁੰਦਾ ਹੈ ਕਿ ਅੱਜ ਵੀ ਬਹੁਤ ਸਾਰੇ ਭਾਈਚਾਰਿਆਂ ਵਿਚ ਉਸ ਦੀ ਆਤਮਾ ਨੂੰ ਮੰਨਣ ਅਤੇ ਉਸ ਨੂੰ ਖੁਸ਼ ਕਰਨ ਲਈ ਪੂਜਾ, ਹਵਨ ਆਦਿ ਕਰਮਕਾਂਡ ਕੀਤੇ ਜਾਂਦੇ ਹਨ। ਸਪੈਨਸਰ ਦਾ ਵਿਚਾਰ ਹੈ ਕਿ ਆਤਮਾਵਾਂ ਦੀ ਪੂਜਾ ਧਰਮ ਦਾ ਸਭ ਤੋਂ ਪੁਰਾਣਾ ਰੂਪ ਹੈ। ਡਰ ਦੀ ਭਾਵਨਾ ਧਾਰਮਿਕ ਪ੍ਰਾਰਥਨਾ ਅਤੇ ਪੂਜਾ ਵਿਚ ਕੰਮ ਕਰਦੀ ਸੀ। ਪੁਰਖਿਆਂ ਵਿਚ ਆਪਣੀ ਮਨੋਕਾਮਨਾ ਦੀ ਪੂਰਤੀ ਕਰਨਾ ਵੀ ਆਦਿਮ ਪੁਰਖ ਦਾ ਉਦੇਸ਼ ਮੰਨਿਆ ਗਿਆ ਹੈ। ਸਪੈਂਸਰ ਦੇ ਵਿਚਾਰ ਅਨੁਸਾਰ ਜੀਵਵਾਦ ਧਰਮ ਦਾ ਮੁੱਢਲਾ ਰੂਪ ਨਹੀਂ ਹੈ, ਪਰ ਅਸਲ ਵਿਚ ਇਹ ਪ੍ਰੇਤਵਾਦ ਦੇ ਸਿਧਾਂਤ ਉੱਤੇ ਆਧਾਰਿਤ ਹੈ, ਕਿਉਂਕਿ ਜੀਵਵਾਦ ਵਿਚ ਸਵੈ ਦਾ ਸਿਧਾਂਤ ਵੀ ਉਸੇ ਪ੍ਰੇਤ ਸਿਧਾਂਤ ਤੋਂ ਉੱਭਰਿਆ ਪ੍ਰਤੀਤ ਹੁੰਦਾ ਹੈ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਜੀਵਵਾਦ ਵਿਚ ਕਿਸੇ ਵਿਸ਼ੇਸ਼ ਆਤਮਾ ਦੀ ਪੂਜਾ ਕੀਤੀ ਜਾਂਦੀ ਸੀ ਕਿਉਂਕਿ ਉਸ ਆਤਮਾ ਵਿਚ ਵਿਸ਼ੇਸ਼ ਸ਼ਕਤੀ ਹੋਣ ਕਾਰਨ ਉਹ ਮਨੁੱਖ ਨੂੰ ਨੁਕਸਾਨ ਪਹੁੰਚਾ ਸਕਦੀ ਸੀ। ਪ੍ਰੇਤਵਾਦ ਦੀ ਹੋਂਦ ਲਗਭਗ ਸਾਰੇ ਪ੍ਰਾਚੀਨ ਧਰਮਾਂ ਵਿਚ ਪਾਈ ਜਾਂਦੀ ਹੈ। ਹਿੰਦੂ ਧਰਮ ਵਿਚ, ਆਤਮਾ ਦੀ ਅਮਰਤਾ ਦੀ ਚਰਚਾ ਹਰ ਥਾਂ ਕੀਤੀ ਗਈ । ਕਲਪਨਾ ਦੇ ਆਧਾਰ 'ਤੇ ਇਨ੍ਹਾਂ ਭੂਤਾਂ (ਰੂਹਾਂ) ਨੂੰ ਮਾਲਕ ਮੰਨ ਕੇ ਸਰਬਸ਼ਕਤੀਮਾਨ ਪਰਮਾਤਮਾ ਦੀ ਕਲਪਨਾ ਕੀਤੀ ਗਈ। ਇਸਲਾਮ ਅਤੇ ਈਸਾਈ ਧਰਮ ਵਿਚ ਵੀ ਭੂਤ ਆਤਮਾਵਾਂ ਦੇ ਰੂਪ ਵਿਚ ਪ੍ਰਗਟ ਹੁੰਦੇ ਵਿਖਾਏ ਗਏ। ਬੁੱਧ ਧਰਮ ਦੀਆਂ ਜਾਤਕ

ਕਥਾਵਾਂ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਗੌਤਮ ਬੁੱਧ ਦੀ ਆਤਮਾ ਵੱਖ-ਵੱਖ ਜੋਨੀਆਂ ਵਿਚ ਜਨਮ ਲੈ ਕੇ ਅਨੁਭਵ ਪ੍ਰਾਪਤ ਕਰਦੀ ਹੈ।

**1.3.3.3. ਮਾਨਵਾਦ ਜਾਂ ਪੂਰਵ-ਜੀਵਵਾਦ ਥਿਊਰੀ**- ਇਸ ਸਿਧਾਂਤ ਅਨੁਸਾਰ ਪੂਜਾ ਜਾਂ ਉਪਾਸਨਾ ਦਾ ਵਿਸ਼ਾ "ਮਾਨਾ" ਨਾਮਕ ਰਹੱਸਵਾਦੀ ਸ਼ਕਤੀ ਨੂੰ ਮੰਨਿਆ ਜਾਂਦਾ ਹੈ। ਬਹੁਤ ਪੁਰਾਣੇ ਸਮੇਂ ਤੋਂ ਹੀ ਮਨੁੱਖ "ਮਾਨਾ" ਨੂੰ ਸਭ ਤੋਂ ਸ਼ਕਤੀਸ਼ਾਲੀ ਆਦਿ ਹਸਤੀ ਵਜੋਂ ਸਵੀਕਾਰ ਕਰਦਾ ਆ ਰਿਹਾ ਹੈ। ਇਸ ਦੀ ਕਲਪਨਾ ਵੈਦਿਕ ਧਰਮ ਦੀ ਕਲਪਨਾ "ਪਰਬ੍ਰਹਮ" ਵਰਗੀ ਹੈ। "ਮਾਨਾ" ਨੂੰ ਮਨੁੱਖਾ ਜੀਵਨ ਦੀ ਖੁਸ਼ੀ-ਗ਼ਮੀ, ਦੁੱਖ-ਸੁੱਖ, ਜਿੱਤ-ਹਾਰ ਦਾ ਮਾਲਕ ਮੰਨਿਆ ਗਿਆ। ਮਨੁੱਖ ਦੇ ਸ਼ੁਭ ਜਾਂ ਅਸ਼ੁੱਭ ਕਾਰਜਾਂ ਦਾ ਆਧਾਰ ਉਸ ਉੱਤੇ ਹੀ ਸੀ। ਮਾਨਾ ਇਕ ਅਜਿਹੀ ਰਹੱਸਮਈ ਸ਼ਕਤੀ ਹੈ ਜਿਸ ਦੀ ਵਿਆਖਿਆ ਕਰਨੀ ਸੰਭਵ ਨਹੀਂ। ਉਹ ਇਕ ਸਰਬ-ਵਿਆਪਕ ਅਲੌਕਿਕ ਸ਼ਕਤੀ ਹੈ ਅਤੇ ਭੌਤਿਕ ਵਸਤੂਆਂ ਰਾਹੀਂ ਪ੍ਰਗਟ ਹੁੰਦੀ ਹੈ। ਇਹ ਰਹੱਸਮਈ ਅਲੌਕਿਕ ਸ਼ਕਤੀ ਸਰੀਰਕ ਨਹੀਂ ਬਲਕਿ ਮਾਨਸਿਕ ਜਾਂ ਅਧਿਆਤਮਿਕ ਹੈ। ਉਸ ਦੀ ਸ਼ਕਤੀ ਸਭ ਵਸਤੂਆਂ ਵਿਚ ਵਿਆਪਕ ਹੈ ਪਰ ਕੁਝ ਪਦਾਰਥਾਂ ਵਿਚ ਵਿਸ਼ੇਸ਼ ਰੂਪ ਵਿਚ ਮੌਜੂਦ ਹੈ। ਇਹ ਸ਼ਕਤੀ ਸਾਰੇ ਸ਼ੁਭ ਕਾਰਜਾਂ ਵਿਚ ਕੰਮ ਕਰਦੀ ਹੈ, ਦੁਸ਼ਮਣਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਦੋਸਤਾਂ ਦੀ ਭਲਾਈ ਲਈ ਵਰਤੀ ਜਾਂਦੀ ਹੈ। 'ਮਾਨਾ' ਵਿਚ ਗਤੀਸ਼ੀਲਤਾ ਹੋਣ ਕਾਰਨ ਇਸ ਨੂੰ ਸ਼ਕਤੀ ਮੰਨਿਆ ਗਿਆ, ਜਿਸ ਤਰ੍ਹਾਂ ਬਿਜਲੀ ਇਕ ਸ਼ਕਤੀ ਹੈ ਅਤੇ ਸੰਚਾਰਿਤ ਹੁੰਦੀ ਹੈ, ਉਸੇ ਤਰ੍ਹਾਂ 'ਮਾਨਾ' ਦਾ ਇਕ ਵਸਤੂ ਤੋਂ ਦੂਜੀ ਵਸਤੂ ਵਿਚ ਸੰਚਾਰ ਕਰਨਾ ਰੱਬੀ ਸ਼ਰਧਾ, ਡਰ, ਮੂਰਖਤਾ ਆਦਿ ਦਾ ਸਪੱਸ਼ਟ ਸੰਕੇਤ ਹੈ। "ਮਾਨਾ" ਨੂੰ ਵਧੇਰੇ ਭਾਵਪੂਰਤ ਮੰਨਿਆ ਗਿਆ ਅਤੇ ਇਸ ਦੇ ਸਬੰਧ ਵਿਚ ਇਹ ਕਥਾ ਪ੍ਰਚਲਿਤ ਹੈ ਕਿ "ਮਾਨਾ" ਦੀ ਸ਼ਕਤੀ ਵਾਲਾ ਪੰਛੀ ਜਿਸ ਟਾਹਣੀ ਉੱਤੇ ਬੈਠਦਾ ਹੈ, ਉਹ ਫਲ ਦਿੰਦੀ ਹੈ। "ਮਾਨਾ" ਦਾ ਤਵੀਤ ਪਹਿਨਣ ਵਾਲੇ ਨੂੰ ਕੋਈ ਦੁੱਖ ਨਹੀਂ ਆਉਂਦਾ। ਫੁੱਲਾਂ ਦਾ ਬਾਗ਼ ਜਿੱਥੇ ਮਾਨਾ ਦਾ ਨਿਵਾਸ ਹੈ, ਉਥੇ ਫੁੱਲਾਂ ਦੀ ਭਰਮਾਰ ਹੈ। "ਮਾਨਾ" ਦੇ ਪ੍ਰਭਾਵ ਕਾਰਨ ਸਮੁੰਦਰ ਵਿਚ ਕਿਸ਼ਤੀਆਂ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ ਅਤੇ ਮਛੇਰੇ ਆਰਾਮ ਨਾਲ ਮੱਛੀਆਂ ਫੜ ਲੈਂਦੇ ਹਨ। ਇਸ ਤਰ੍ਹਾਂ "ਮਾਨਾ" ਆਦਿਮ ਮਨੁੱਖ ਦੀ ਪੂਜਾ ਦਾ ਕੇਂਦਰ ਬਣ ਗਿਆ। "ਮਾਨਾ" ਦੀ ਕੋਈ ਮਨੁੱਖੀ ਹੋਂਦ ਨਹੀਂ ਅਤੇ ਇਸ ਦੇ ਨੁਮਾਇੰਦੇ ਪੁਜਾਰੀ ਅਤੇ ਪਾਦਰੀ ਆਦਿ ਹਨ। "ਮਾਨਾ" ਸ਼ਕਤੀ ਇਹਨਾਂ ਵਿਅਕਤੀਆਂ ਵਿਚ ਨਿਵਾਸ ਕਰਦੀ ਹੈ ਅਤੇ ਇਹਨਾਂ ਨੂੰ ਸ਼ਕਤੀਸ਼ਾਲੀ ਪੁਰਸ਼ ਮੰਨਿਆ ਗਿਆ। ਸ਼ੁਰੂਆਤੀ ਧਰਮ ਦੀਆਂ ਦੋ ਕਿਸਮਾਂ ਭਾਵਾਤਮਕ ਅਤੇ ਨਿਸ਼ੇਧਾਤਮਕ ਹਨ। ਜਿਸ ਵਿਚ "ਮਾਨਾ" ਭਾਵਾਤਮਕ ਅਤੇ "ਟੈਬੂ" ਨਿਸ਼ੇਧਾਤਮਕ ਹੈ। 'ਟੈਬੂ' ਦੀ ਉਤਪੱਤੀ 'ਮਾਨਾ' ਦੇ ਆਧਾਰ 'ਤੇ ਹੋਈ। "ਮਾਨਾ"

ਨੂੰ ਇਕ ਰਹੱਸਮਈ, ਅਲੌਕਿਕ ਅਤੇ ਅਸਾਧਾਰਣ ਸ਼ਕਤੀ ਮੰਨਿਆ ਗਿਆ। ਇਸਦੀ ਵਰਤੋਂ ਬੜੀ ਸਾਵਧਾਨੀ ਨਾਲ ਕਰਨੀ ਪੈਂਦੀ ਹੈ ਅਤੇ ਇਸ ਲਈ ਆਦਿਮ ਮਨੁੱਖ ਨੇ ਕੁਝ ਪਾਬੰਦੀਆਂ ਦਾ ਅਭਿਆਸ ਕੀਤਾ ਸੀ ਜਿਸ ਨੂੰ 'ਟੈਬੂ' ਦਾ ਨਾਮ ਦਿੱਤਾ ਗਿਆ। ਟੈਬੂ ਦੇ ਨਤੀਜੇ ਵਜੋਂ ਮਨੁੱਖ ਨੇ ਵਿਅਕਤੀ ਨੂੰ ਕਈ ਜਾਨਵਰਾਂ ਤੋਂ ਵੱਖਰਾ ਰੱਖਣ ਦਾ ਕਾਨੂੰਨ ਬਣਾਇਆ। ਲਾਸ਼ਾਂ, ਨਵਜੰਮੇ ਬੱਚਿਆਂ, ਰਾਜਿਆਂ ਅਤੇ ਸਰਦਾਰਾਂ ਨੂੰ ਟੈਬੂ ਮੰਨਿਆ ਜਾਂਦਾ ਸੀ, ਅਤੇ ਛੂਹਣ ਦੀ ਮਨਾਹੀ ਸੀ। ਲਾਸ਼ ਨੂੰ ਛੂਹਣ ਵਾਲੇ ਵਿਅਕਤੀ ਨੂੰ ਵੀ ਅਦਿੱਖ ਮੰਨਿਆ ਜਾਂਦਾ ਸੀ। ਕੇਵਲ ਉਸ ਵਿਅਕਤੀ ਨੂੰ ਹੀ ਸਮਾਜ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ, ਜਿਸ ਨੇ ਸ਼ੁੱਧੀਕਰਨ ਤੋਂ ਬਾਅਦ ਅੰਤਿਮ ਸੰਸਕਾਰ ਕੀਤਾ ਸੀ। ਰਾਜੇ ਅਤੇ ਪੁਜਾਰੀ, ਸਰਦਾਰ ਜਾਂ ਯੋਧੇ ਅਦਿੱਖ ਮੰਨੇ ਜਾਂਦੇ ਸਨ ਕਿਉਂਕਿ "ਮਾਨਾ" ਨਾਮਕ ਸ਼ਕਤੀ ਉਹਨਾਂ ਵਿਚ ਨਹੀਂ ਰਹੇਗੀ।

**1.3.3.4. ਟੋਟਮਵਾਦ ਦਾ ਸਿਧਾਂਤ** - ਸਿਗਮੰਡ ਫਰਾਈਡ (1938), ਡਬਲਯੂ ਰੌਬਰਟਸਨ ਸਮਿਥ ਅਤੇ ਐਫ.ਬੀ. ਜੇਵੋਨਸ (1913) ਨੂੰ "ਟੋਟੇਮਿਜ਼ਮ" ਦੇ ਬੁਲਾਰਿਆ ਵਜੋਂ ਜਾਣਿਆ ਜਾਂਦਾ ਹੈ। ਇਹ ਲੋਕ ਮੰਨਦੇ ਹਨ ਕਿ ਟੋਟਮਵਾਦ ਆਦਿਮ ਧਰਮ ਹੈ ਅਤੇ ਧਰਮ ਇਸ ਤੋਂ ਪੈਦਾ ਹੋਇਆ ਹੈ। ਮਨੁੱਖ "ਟੋਟਮ" ਪ੍ਰਤੀ ਸਤਿਕਾਰ ਅਤੇ ਸ਼ਰਧਾ ਦੇ ਭਾਵ ਪ੍ਰਗਟ ਕਰਦਾ ਸੀ। ਇਹਨਾਂ ਲੋਕਾਂ ਦਾ ਵਿਸ਼ਵਾਸ ਇਹ ਸੀ ਕਿ ਇਹਨਾਂ ਦਾ ਵਿਕਾਸ ਟੋਟਮਵਾਦ ਦੇ ਨਤੀਜੇ ਵਜੋਂ ਹੋਇਆ। ਆਦਿਮ ਮਨੁੱਖ "ਟੋਟਮ" ਨੂੰ ਆਪਣੇ ਵੰਸ਼ ਦਾ ਪ੍ਰਤੀਕ ਮੰਨਦੇ ਸਨ। ਟੋਟਮ ਨੂੰ ਵਿਕਾਸ ਨਾਲ ਨਹੀਂ, ਬਲਕਿ ਜਾਤ ਦੁਆਰਾ ਸਮਝਿਆ ਜਾਂਦਾ ਸੀ। ਆਦਿਮ ਮਨੁੱਖਾਂ ਦਾ ਹਰੇਕ ਸਮੂਹ ਆਪਣੇ ਆਪਣੇ ਟੋਟਮ ਦੁਆਰਾ ਬੰਨ੍ਹਿਆ ਹੋਇਆ ਸੀ ਅਤੇ ਇਹ ਟੋਟਮ ਉਸ ਸਮੂਹ ਦਾ ਪ੍ਰਤੀਕ ਸੀ। ਇਹ ਟੋਟਮ ਜਾਤੀਆਂ ਟੋਟਮ ਨੂੰ ਆਪਣੇ ਸਮੂਹ ਦਾ ਰਖਵਾਲਾ ਮੰਨਦੀਆਂ ਸਨ। ਜੇ ਸੱਪ ਕਿਸੇ ਜਾਤੀ ਜਾਂ ਸਮੂਹ ਦਾ ਟੋਟਮ ਸੀ, ਤਾਂ ਉਹ ਜਾਤ "ਸੱਪਟੋਟਮ" ਸੀ ਅਤੇ ਇਹ ਮੰਨਿਆ ਜਾਂਦਾ ਸੀ ਕਿ ਸੱਪ ਕਦੇ ਵੀ ਇਸ ਜਾਤੀ ਦੇ ਲੋਕਾਂ ਨੂੰ ਡੰਗਦਾ ਨਹੀਂ, ਸਗੋਂ ਉਸ ਜਾਤੀ ਦੇ ਲੋਕਾਂ ਦੀ ਰੱਖਿਆ ਕਰਦਾ ਹੈ। ਟੋਟਮਵਾਦ ਵਿਚ ਇਹ ਵੀ ਦੇਖਿਆ ਜਾਂਦਾ ਹੈ ਕਿ ਹਰੇਕ ਜਾਤੀ ਦੇ ਮੈਂਬਰ ਆਪਣੇ ਆਪ ਨੂੰ ਇਕ ਸਾਂਝੇ ਪੂਰਵਜ ਦੀ ਸੰਤਾਨ ਸਮਝਦੇ ਸਨ ਅਤੇ ਉਸ ਜਾਤੀ ਦੇ ਮੈਂਬਰਾਂ ਵਿਚ ਭਾਈਚਾਰਕ ਸਾਂਝ ਦੀ ਭਾਵਨਾ ਸੀ। ਉਸ ਜਾਤੀ ਦੇ ਹਰੇਕ ਮੈਂਬਰ ਨੇ ਆਪਣੇ ਟੋਟਮ ਨੂੰ ਪਵਿੱਤਰ ਮੰਨਿਆ। ਜ਼ਿਆਦਾਤਰ ਉਹ ਆਪਣੀ ਜਾਤੀ ਦੇ ਪਸ਼ੂਆਂ ਦਾ ਮਾਸ ਵੀ ਨਹੀਂ ਖਾਂਦੇ ਸਨ। ਬਲੀ ਦੇ ਸਮੇਂ ਟੋਟਮ ਪਸ਼ੂ ਤੋਂ ਮਾਫੀ ਮੰਗ ਕੇ ਅਤੇ ਬਲੀ ਤੋਂ ਬਾਅਦ ਸ਼ੋਕ ਪ੍ਰਗਟ ਕਰਨ ਦੀ ਮਾਨਤਾ ਪ੍ਰਚਲਿਤ ਸੀ। ਪਰ ਜਦੋਂ ਵਿਸ਼ੇਸ਼ ਤਿਉਹਾਰਾਂ ਵਿਚ ਟੋਟੇਮ ਜਾਨਵਰਾਂ ਦੀ ਬਲੀ ਦਿੱਤੀ ਜਾਂਦੀ ਸੀ ਤਾਂ ਉਸ

ਜਾਨਵਰ ਦਾ ਮਾਸ ਪ੍ਰਸ਼ਾਦ ਵਜੋਂ ਖਾਧਾ ਜਾਂਦਾ ਸੀ। ਇਹ ਮੰਨਿਆ ਜਾਂਦਾ ਸੀ ਕਿ ਕਿਸੇ ਜਾਨਵਰ ਦਾ ਮਾਸ ਖਾਣ ਤੋਂ ਬਾਅਦ ਉਸ ਟੋਟਮ ਜਾਨਵਰ ਦੀ ਸ਼ਕਤੀ ਮਨੁੱਖ ਵਿਚ ਆ ਜਾਂਦੀ ਹੈ। ਇਸ ਕਥਾ ਦੇ ਆਧਾਰ 'ਤੇ ਕੁਝ ਚਿੰਤਕਾਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਇਸ ਨਾਲ ਧਾਰਮਿਕ ਵਿਕਾਸ ਦਾ ਅਨੁਭਵ ਮਿਲਦਾ ਹੈ। ਕੁਝ ਵਿਦਵਾਨਾਂ ਨੇ ਟੋਟਮ ਨੂੰ ਸਮਾਜਿਕ ਪ੍ਰਣਾਲੀ ਦੀ ਬਜਾਏ ਇਕ ਧਾਰਮਿਕ ਪ੍ਰਣਾਲੀ ਮੰਨਿਆ ਅਤੇ ਇਸ ਅਧਾਰ 'ਤੇ ਇਨ੍ਹਾਂ ਧਰਮਾਂ ਨੂੰ ਟੋਟਮਵਾਦ ਦੀ ਸਥਿਤੀ ਵਿੱਚੋਂ ਲੰਘਣਾ ਪਿਆ।

**1.3.3.5. ਜਾਦੂ ਦਾ ਸਿਧਾਂਤ** - ਬਹੁਤ ਸਾਰੇ ਮਾਨਵ-ਵਿਗਿਆਨੀ ਇਹ ਵਿਚਾਰ ਰੱਖਦੇ ਹਨ ਕਿ ਧਰਮ ਜਾਦੂ ਤੋਂ ਪੈਦਾ ਹੋਇਆ। ਜਾਦੂ ਇਕ ਖਾਸ ਕਿਸਮ ਦਾ ਚਮਤਕਾਰ ਹੈ ਜਿਸ ਦੁਆਰਾ ਲੋਕਾਂ ਨੂੰ ਆਪਣੇ ਵੱਲ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਵਿਦਵਾਨ ਜਾਦੂ ਨੂੰ ਧਰਮ ਮੰਨਦੇ ਹਨ ਪਰ ਦੂਸਰੇ ਇਸ ਨੂੰ ਧਰਮ ਦਾ ਵਿਗੜਿਆ ਰੂਪ ਮੰਨਦੇ ਹਨ। ਇਸ ਸਬੰਧ ਵਿਚ ਪੱਕਾ ਕੁਝ ਨਹੀਂ ਕਿਹਾ ਜਾ ਸਕਦਾ ਕਿ ਜਾਦੂ ਪਹਿਲਾਂ ਆਇਆ ਜਾਂ ਧਰਮ। ਪਰ ਇਹ ਯਕੀਨੀ ਤੌਰ 'ਤੇ ਮੰਨਿਆ ਜਾ ਸਕਦਾ ਹੈ ਕਿ ਜਾਦੂ ਧਰਮ ਦੇ ਇਕ ਹਿੱਸੇ ਵਜੋਂ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਮੌਜੂਦ ਰਹਿੰਦਾ ਹੈ। ਫਰੇਜ਼ਰ ਦੇ ਮਤ ਅਨੁਸਾਰ ਧਰਮ ਦਾ ਵਿਕਾਸ ਜਾਦੂ ਤੋਂ ਹੋਇਆ। ਧਰਮ ਅਤੇ ਜਾਦੂ ਦਾ ਸਬੰਧ ਬਹੁਤ ਪੁਰਾਣਾ ਹੈ। ਪੁਰਾਤਨ ਧਰਮਾਂ ਵਿਚ ਧਾਰਮਿਕ ਚਮਤਕਾਰਾਂ ਉੱਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਸੀ। ਵੱਖ-ਵੱਖ ਸੰਪਰਦਾਵਾਂ ਦੇ ਸਿੱਧਾਂ, ਫਕੀਰ ਆਦਿ ਮਨੁੱਖਾਂ ਨੂੰ ਆਪਣੇ ਵੱਲ ਖਿੱਚਣ ਲਈ ਕਰਾਮਾਤੀ ਸਾਧਨਾਂ ਦਾ ਸਹਾਰਾ ਜਾਂ ਆਸਰਾ ਲੈਂਦੇ ਸਨ।

**1.3.3.6. ਫੈਟਿਸ਼ਵਾਦ ਦਾ ਸਿਧਾਂਤ** - ਫੈਟਿਸ਼ ਇਕ ਜੜ੍ਹ ਪਦਾਰਥ ਹੈ, ਜਿਸ ਵਿਚ ਆਤਮਾ ਜਾਂ ਸ਼ਕਤੀ ਦਾ ਵਾਸ ਹੈ। ਫੈਟਿਸ਼ ਪੁਰਤਗਾਲੀ ਸ਼ਬਦ phíticos ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਸੁਹਜ ਜਾਂ ਸੁੰਦਰਤਾ। 15ਵੀਂ ਸਦੀ ਵਿਚ ਪੁਰਤਗਾਲ ਦੇ ਵਸਨੀਕਾਂ ਦੁਆਰਾ ਫੈਟਿਸ਼ਿਜ਼ਮ ਦੀ ਪਹਿਲੀ ਵਰਤੋਂ ਕੀਤੀ ਗਈ ਸੀ। ਮਲਾਹ ਆਪਣੀ ਸਮੁੰਦਰੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਸ਼ਕਤੀਸ਼ਾਲੀ 'ਫੇਟਿਸ਼' ਦੀ ਪੂਜਾ ਕਰਦੇ ਸਨ। ਉਨ੍ਹਾਂ ਅਨੁਸਾਰ ਜੇਕਰ ਕੋਈ ਫੇਟਿਸ਼ ਦੀ ਅਰਾਧਨਾ ਕਰਦਾ ਹੈ ਤਾਂ ਕਿਸੇ ਤੂਫ਼ਾਨ ਕਾਰਨ ਰਸਤੇ ਵਿਚ ਕੋਈ ਰੁਕਾਵਟ ਨਹੀਂ ਆਉਂਦੀ। ਉਹ ਲੋਕ ਜਿਸ ਚੀਜ਼ ਨੂੰ ਆਪਣੇ ਲਈ ਤਾਕਤਵਰ ਸਮਝਦੇ ਸਨ, ਉਸ ਨੂੰ ਫੇਟਿਸ਼ ਕਹਿ ਕੇ ਪੂਜਦੇ ਸਨ। ਫੇਟਿਸ਼ਵਾਦ ਅਧੀਨ ਗੁਫਾਵਾਂ, ਪਹਾੜਾਂ, ਨਦੀਆਂ ਆਦਿ ਨੂੰ ਸ਼ਕਤੀਸ਼ਾਲੀ ਸਮਝ ਕੇ ਪੂਜਿਆ ਜਾਂਦਾ ਸੀ। ਕੁਦਰਤ ਦੀਆਂ 'ਮਾਨਾ' ਸ਼ਕਤੀਆਂ ਅਤੇ ਸਤਰੰਗੀ ਪੀਂਘ, ਬਿਜਲੀ, ਨਦੀ, ਤੂਫ਼ਾਨ, ਹੜ੍ਹ, ਭੁਚਾਲ ਆਦਿ ਨੂੰ ਫੇਟਿਸ਼ ਮੰਨ ਕੇ ਪੂਜਿਆ ਜਾਂਦਾ ।

ਜਦੋਂ ਫੇਟਿਸ਼ਿਜ਼ਮ ਦਾ ਚਮਤਕਾਰ ਖਤਮ ਹੋ ਗਿਆ, ਇਸਦੀ ਸ਼ਕਤੀ ਨੂੰ ਖਤਮ ਸਮਝਿਆ ਗਿਆ ਅਤੇ ਇਸਦੀ ਪੂਜਾ ਬੰਦ ਕਰ ਦਿੱਤੀ ਗਈ।

**1.3.4. ਧਰਮ ਦੀ ਉਤਪੱਤੀ ਦਾ ਮਨੋਵਿਗਿਆਨਕ ਸਿਧਾਂਤ**– ਵੱਖ-ਵੱਖ ਵਿਦਵਾਨਾਂ ਨੇ ਧਰਮ ਦੀ ਉਤਪੱਤੀ ਨਾਲ ਸਬੰਧਤ ਮਨੋਵਿਗਿਆਨਕ ਧਾਰਨਾ ਅਧੀਨ ਮਨੋਵਿਗਿਆਨਕ ਸਿਧਾਂਤ ਉੱਤੇ ਰੌਸ਼ਨੀ ਪਾ ਕੇ ਮਨੋ-ਵਿਗਿਆਨਕ ਜੈਵਿਕ ਪ੍ਰਕਿਰਿਆਵਾਂ ਰਾਹੀਂ ਧਰਮ ਦੀ ਉਤਪਤੀ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ਕੁਝ ਲੋਕਾਂ ਅਨੁਸਾਰ ਧਰਮ ਦੀ ਉਤਪਤੀ ਮਨੁੱਖ ਦੇ ਡਰ ਕਾਰਨ ਹੋਈ। ਇਸ ਸੰਦਰਭ ਵਿਚ, ਪ੍ਰਸਿੱਧ ਮਾਨਵ-ਵਿਗਿਆਨੀ ਮਾਲੀਨੋਵਸਕੀ (1926) ਦੇ ਅਨੁਸਾਰ, ਧਰਮ ਦਾ ਜਨਮ ਖਾਸ ਭਾਵਨਾਤਮਕ ਸਥਿਤੀਆਂ ਵਿਚ ਹੋਇਆ । ਪਰ ਫਰਾਇਡ ਦੇ ਅਨੁਸਾਰ, ਧਰਮ ਦੋਸ਼ ਦੀ ਭਾਵਨਾ ਤੋਂ ਪੈਦਾ ਹੁੰਦਾ ਹੈ। ਅੱਜ ਦਾ ਮਨੁੱਖ ਆਦਿਮ ਮਨੁੱਖ ਦੇ ਮਨ, ਬੁੱਧੀ ਅਤੇ ਤਨ ਨੂੰ ਪਹਿਨਦਾ ਹੈ। ਪੁਰਾਣੇ ਤੋਂ ਨਵਾਂ ਵਿਕਸਿਤ ਹੁੰਦਾ ਹੈ। ਬੁੱਧੀ ਅਤੇ ਸਰੀਰ ਦੇ ਨਾਲ-ਨਾਲ ਧਾਰਮਿਕ ਵਿਚਾਰ ਵੀ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੇ ਰਹਿੰਦੇ ਹਨ। ਸਾਡੀਆਂ ਆਧੁਨਿਕ ਧਾਰਮਿਕ ਕਦਰਾਂ-ਕੀਮਤਾਂ, ਸੰਸਕਾਰ, ਰਵੱਈਏ ਅਤੇ ਵਿਹਾਰ ਆਦਿਮ ਧਰਮ ਦੇ ਹੀ ਸ਼ੁੱਧ ਰੂਪ ਹਨ।

**1.4. ਧਰਮ ਦਾ ਵਿਕਾਸ**

ਜਦੋਂ ਅਸੀਂ ਧਰਮ ਦੇ ਵਿਕਾਸ ਦੀ ਗੱਲ ਕਰਦੇ ਹਾਂ ਤਾਂ ਪਿਛਲੇ ਹਜ਼ਾਰਾਂ ਸਾਲਾਂ ਨੂੰ ਅਸੀਂ ਧਾਰਮਿਕ ਸੋਚ ਅਤੇ ਗੈਰ-ਧਾਰਮਿਕ ਜੀਵਨ ਦੇ ਉਤਸੁਕ ਮਿਸ਼ਰਣ ਦੀ ਪ੍ਰਕਿਰਿਆ ਵਿਚੋਂ ਲੰਘਿਆ ਵੇਖਦੇ ਹਾਂ। ਅਸਲ ਵਿਚ, ਇਕ ਮਨੁੱਖ ਸਰੀਰਕ ਅਤੇ ਅਧਿਆਤਮਿਕ ਪਦਾਰਥਾਂ ਦੀ ਰਚਨਾ ਹੈ। ਦੋਵੇਂ ਭਾਗ ਕੁਦਰਤ ਦੇ ਨਿਯਮਾਂ ਦੇ ਅਧੀਨ ਹਨ। ਪਹਿਲਾਂ ਪਹਿਲ ਮਨੁੱਖ ਨੇ ਡਰ ਦੇ ਭਾਵ ਵਿਚੋਂ ਕੁਦਰਤ ਦੀ ਪੂਜਾ ਕਰਨੀ ਆਰੰਭੀ ਅਤੇ ਹੌਲੀ-ਹੌਲੀ ਦੇਵੀ-ਦੇਵਤਿਆਂ, ਆਕਾਸ਼, ਧਰਤੀ ਹਵਾ ਅਗਨੀ ਆਦਿ ਅਤੇ ਇਕ ਅਸੀਮ ਸ਼ਕਤੀ ਵਿਚ ਸ਼ਰਧਾ ਦੇ ਭਾਵ ਵਜੋਂ ਵਿਸ਼ਵਾਸ ਦਾ ਆਰੰਭ ਹੋਇਆ। ਇਥੋਂ ਅੱਗੇ ਚਲਦੇ ਹੋਏ ਹੌਲੀ-ਹੌਲੀ ਧਰਮ ਗ੍ਰੰਥ , ਪੈਗੰਬਰ, ਲਿਪੀ , ਸਭਿਆਚਾਰ ਅਤੇ ਸਰੂਪ ਦਾ ਵਿਕਾਸ ਹੋਇਆ। ਜਦੋਂ ਅਸੀਂ ਵਿਸ਼ਵ ਦੇ ਸਾਰੇ ਧਰਮਾਂ ਵੱਲ ਨਿਗਾ ਮਾਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਹਰ ਧਰਮ ਦਾ ਆਪਣਾ ਹੀ ਵਿਕਾਸ ਹੋਇਆ ਹੈ , ਹਰ ਜਾਤੀ ਨੇ ਜੰਗਲ-ਬੀਆਬਾਨ ਵਿਚੋਂ ਆਪਣਾ ਰਸਤਾ ਆਪ ਹੀ ਬਣਾਇਆ ਹੈ। ਧਰਮ ਵਿਚ ਜੜ੍ਹ ਤੋਂ ਚੇਤਨ ਰੂਪ ਵਿਚ ਆਉਣ ਲਈ ਕਈ ਸਦੀਆਂ ਦਾ ਲੰਮੇਰਾ ਸਮਾਂ ਲੱਗਿਆ। ਜਿਵੇਂ ਜਿਵੇਂ ਮਨੁੱਖੀ ਸਭਿਅਤਾ ਪ੍ਰਫੁਲਿਤ ਹੋਈ ਉਸ ਦੇ ਨਾਲ ਨਾਲ ਧਰਮ ਦੀ ਸਮਝ ਅਤੇ ਚੇਤਨਾ ਨੇ ਵੀ ਅਗਾਂਹਵਧੂ ਰੂਪ ਧਾਰਨ ਕੀਤੇ।

ਪਰ ਇਥੇ ਇਹ ਗੱਲ ਵਰਣਨਯੋਗ ਹੈ ਕਿ ਧਰਮਾਂ ਦੇ ਵਿਕਾਸ ਵਿਚ ਵੱਖ-ਵੱਖ ਦੇਸ਼ਾਂ ਦੇ ਧਰਮਾਂ ਦਾ ਜੋ ਰੂਪ ਉਨ੍ਹਾਂ ਦੀ ਉਤਪੱਤੀ ਦੇ ਸਮੇਂ ਸੀ ਉਹ ਅੱਜ ਵੇਖਣ ਨੂੰ ਨਹੀਂ ਮਿਲਦਾ। ਇਹਨਾਂ ਧਰਮਾਂ ਵਿਚ ਜ਼ਰਤੁਸਤ, ਯਹੂਦੀ ਧਰਮ ਦਾ ਨਾਂ ਦਿੱਤਾ ਜਾ ਸਕਦਾ ਹੈ। ਇਹ ਧਰਮ ਆਪਣੇ ਮੁੱਢਲੇ ਰੂਪ ਵਿਚ ਨਹੀਂ ਹਨ। ਪਰ ਜਦੋਂ ਧਰਮ ਦੀ ਉਤਪਤੀ ਅਤੇ ਵਿਕਾਸ ਦੇ ਅਧਿਐਨ ਲਈ ਜੋ ਸਹੂਲਤਾਂ ਭਾਰਤ ਪੇਸ਼ ਕਰਦਾ ਹੈ, ਕੋਈ ਹੋਰ ਦੇਸ਼ ਉਸਦਾ ਟਾਕਰਾ ਨਹੀਂ ਕਰ ਸਕਦਾ। ਭਾਰਤੀ ਧਰਮ ਗ੍ਰੰਥ ਧਰਮ ਦੇ ਅਧਿਐਨ ਲਈ ਵਿਸ਼ੇਸ਼ ਤੇ ਅਚੇਤ ਸਹੂਲਤਾਂ ਪੇਸ਼ ਕਰਦੇ ਹਨ ਜੋ ਭਾਰਤ ਦੀ ਬੋਲੀ, ਭਾਵ ਸੰਸਕ੍ਰਿਤ, ਨੇ ਮਨੁੱਖੀ ਬੋਲੀ ਦੀ ਉਤਪਤੀ ਤੇ ਵਿਕਾਸ ਸੰਬੰਧੀ ਦਿੱਤੀਆਂ ਹਨ।

ਵਿਕਾਸ ਦੇ ਇਸ ਪੜਾਅ ਵਿਚੋਂ ਲੰਘਦਿਆਂ ਕੁਝ ਮਨੁੱਖ ਇਹ ਮਹਿਸੂਸ ਕਰਦੇ ਹਨ ਕਿ ਆਧੁਨਿਕ ਸੰਸਾਰ ਵਿਚ ਧਰਮ ਇਕ ਅਨਾਚਾਰਵਾਦ (Anachronism) ਹੈ। ਉਨ੍ਹਾਂ ਅਨੁਸਾਰ ਧਰਮ ਤਰਕਸ਼ੀਲਤਾ ਨਾਲੋਂ ਵਿਸ਼ਵਾਸ ਦੀ ਘਟਨਾ ਹੈ। ਅਸਲ ਵਿਚ ਇਹ ਇਸਦੇ ਪੂਰੇ ਫਲਸਫੇ ਦਾ ਇਕ ਸਰਲੀਕਰਨ ਹੈ। ਜਿਨ੍ਹਾਂ ਮਨੁੱਖਾਂ ਨੇ ਅਜੇ ਬੌਧਿਕ ਪੱਧਰ ਤੇ ਪੁੱਜਣਾ ਹੈ, ਉਨ੍ਹਾਂ ਲਈ ਧਰਮ ਨੇ ਵਿਸ਼ਵਾਸ ਨੂੰ ਮਾਧਿਅਮ ਵਜੋਂ ਸਹਾਰੇ ਦੇ ਤੌਰ ਤੇ ਲਿਆ ਹੈ ਪਰ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਕੀ ਇਹ ਇਸਦੀ ਬੁਨਿਆਦੀ ਪਹੁੰਚ ਹੈ ਜਾਂ ਅੰਤਿਮ ਚਰਿੱਤਰ। ਇਸ ਦੇ ਉਲਟ, ਜਿਨ੍ਹਾਂ ਲੋਕਾਂ ਨੇ ਧਰਮ ਦਾ ਡੂੰਘਾਈ ਨਾਲ ਅਧਿਐਨ ਕੀਤਾ ਹੈ, ਉਹ ਜੀਵਨ, ਸਮਾਜ ਅਤੇ ਸ੍ਰਿਸ਼ਟੀ ਦੀਆਂ ਉਲਝਣਾਂ ਭਰੀਆਂ ਸਮੱਸਿਆਵਾਂ ਨੂੰ ਤਰਕਸੰਗਤ ਤੌਰ ਤੇ ਸਮਝਣ ਵਿਚ ਧਰਮ ਵੱਲੋਂ ਦਿੱਤੀ ਗਈ ਸਹਾਇਤਾ ਨੂੰ ਨਾ ਸਿਰਫ ਸਵੀਕਾਰ ਕਰਦੇ ਸਗੋਂ ਇਕਬਾਲ ਵੀ ਕਰਦੇ ਹਨ। ਧਰਮ ਨੇ ਉਨ੍ਹਾਂ ਮਨੁੱਖਾਂ ਦੀਆਂ ਰੋਜ਼ਾਨਾ ਜੀਵਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਅਤੇ ਸਾਹਮਣਾ ਕਰਨ ਦੇ ਯੋਗ ਬਣਾਇਆ। ਯਕੀਨਨ, ਇਸ ਨੇ ਜੀਵਨ, ਸਮਾਜ ਅਤੇ ਬ੍ਰਹਿਮੰਡ ਬਾਰੇ ਉਹਨਾਂ ਦੀ ਆਪਣੀ ਧਾਰਨਾ ਨੂੰ ਹੋਰ ਪ੍ਰਫੁੱਲਿਤ ਵੀ ਕੀਤਾ।

ਆਦਿ ਕਾਲ ਤੋਂ ਲੈ ਕੇ ਮਾਨਵ ਬ੍ਰਹਿਮੰਡੀ ਘੇਰੇ ਵਿਚ ਘਿਰਿਆ ਕਿਸੇ ਅਸੀਮ, ਗੁਹਜ, ਸਰਵ-ਵਿਆਪਕ ਸ਼ਕਤੀ ਨੂੰ ਹਾਜ਼ਰ-ਨਾਜ਼ਰ ਸਮਝ ਕੇ ਉਸ ਦੇ ਵਿਰਾਟ, ਪਵਿੱਤਰ ਸਰੂਪ ਬਾਰੇ ਆਪਣੀ ਆਸਥਾ ਦਾ ਜਿਹੜਾ ਇਜ਼ਹਾਰ ਕਰਦਾ ਆਇਆ ਹੈ , ਉਹ ਧਰਮ ਦਾ ਹੀ ਆਦਿ ਸਰੂਪ ਹੈ। ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤਕ ਧਰਮ ਨੇ ਪੜਾਅ ਦਰ ਪੜਾਅ ਵਿਕਾਸ ਕੀਤਾ।

ਗਾਲਵੇ (1922) ਨੇ ਧਰਮ ਦੇ ਵਿਕਾਸ ਪੜਾਅ ਨੂੰ ਇਸ ਪ੍ਰਕਾਰ ਵਿਅਕਤ ਕੀਤਾ ਹੈ:-

**1.4.1. ਜਾਤੀ ਧਰਮ ਜਾਂ ਆਦਿਮ ਧਰਮ** - ਜਾਤੀ ਧਰਮ ਉਹ ਅਸਭਿਅਕ ਧਰਮ ਹੈ ਜੋ ਅੱਜ ਵੀ ਅਣਸਭਿਅਕਾਂ ਵਿਚ ਪ੍ਰਚਲਿਤ ਹੈ। ਆਦਿ ਕਾਲ ਵਿਚ ਜਾਤ ਨੂੰ ਵਿਅਕਤੀ ਨਾਲੋਂ ਵੱਧ ਮਹੱਤਵ ਦਿੱਤਾ ਜਾਂਦਾ ਸੀ। ਜਾਤ ਜਾਂ ਸਮੂਹ ਦੁਆਰਾ ਨਿਰਧਾਰਤ ਨਿਯਮ ਦੇ ਵਿਰੁੱਧ ਵਿਹਾਰ ਕਰਨ ਵਾਲਿਆਂ ਲਈ ਸਜ਼ਾ ਦਾ ਵਿਧਾਨ ਸੀ। ਆਦਿਮ ਧਰਮ ਨੂੰ ਧਰਮ ਦਾ ਮੂਲ ਰੂਪ ਮੰਨਿਆ ਜਾਂਦਾ ਹੈ। ਇਹ ਬਾਅਦ ਵਿਚ ਲਾਭਦਾਇਕ ਸਾਬਤ ਹੋਇਆ ਜਦੋਂ ਧਰਮ ਦਾ ਵਿਕਾਸ ਹੋਇਆ। ਪੂਰਵਜਾਂ ਦੀ ਪੂਜਾ ਨੇ ਲੋਕਾਂ ਵਿਚ ਨੈਤਿਕ ਗੁਣਾਂ ਦਾ ਵਿਕਾਸ ਕੀਤਾ। ਅਧਿਆਤਮਵਾਦ ਦਾ ਵਿਕਾਸ ਜੀਵਵਾਦ ਤੋਂ ਹੋਇਆ ਅਤੇ ਜਾਦੂ-ਟੂਣੇ ਤੋਂ ਸਵੈ-ਮਾਣ ਦੀ ਭਾਵਨਾ ਮਜ਼ਬੂਤ ਹੋਈ। ਬੋਧੀਆਂ ਦੀ ਹੀਨਯਾਨ ਸ਼ਾਖਾ ਦੇ ਵਿਚਾਰ ਅਨੁਸਾਰ, ਆਪਣੀ ਤਰੱਕੀ ਖੁਦ ਕਰੋ। "ਆਤਮਦੀਪੋ ਭਵ" ਇਸ ਭਾਵਨਾ ਦਾ ਵਿਕਸਿਤ ਰੂਪ ਹੈ। ਜਾਤੀ ਧਰਮ ਵਿਚ ਅੰਧਵਿਸ਼ਵਾਸ ਦਾ ਬੋਲਬਾਲਾ ਹੋਣ ਕਾਰਨ ਇਹ ਧਰਮ ਜਾਦੂ-ਟੂਣੇ ਨਾਲ ਰਲ ਗਿਆ ਅਤੇ ਕਰਾਮਾਤਾਂ ਅਤੇ ਹੰਕਾਰ ਦਾ ਘਰ ਬਣ ਗਿਆ। ਆਦਿ ਕਾਲ ਵਿਚ, ਘਟਨਾਵਾਂ ਦੀ ਵਿਆਖਿਆ ਦਾ ਆਧਾਰ ਵਿਗਿਆਨਕ ਦੀ ਬਜਾਏ ਧਾਰਮਿਕ ਸੀ। ਉਸ ਸਮੇਂ ਆਦਿਮ ਮਨੁੱਖ ਹਿੰਸਕ, ਸਵਾਰਥੀ ਅਤੇ ਨੈਤਿਕ ਗੁਣਾਂ ਤੋਂ ਸੱਖਣਾ ਸੀ ਅਤੇ ਉਸ ਦਾ ਰੱਬ ਵੀ। ਮਨੁੱਖੀ ਚੇਤਨਾ ਅੰਦਰ ਨਿੱਜੀ ਰੂਪ ਵਿਚ ਨੈਤਿਕ ਗੁਣਾਂ ਨਾਲ ਨਿਵਾਜੇ ਰੱਬ ਦੀ ਪੂਰੀ ਅਣਹੋਂਦ ਸੀ।

**1.4.2. ਰਾਸ਼ਟਰੀ ਧਰਮ-** ਰਾਸ਼ਟਰੀ ਧਾਰਮਿਕ ਸਮੂਹਾਂ ਦੇ ਆਪਸੀ ਸਹਿਯੋਗ ਅਤੇ ਸੰਗਠਨ ਕਾਰਨ ਰਾਸ਼ਟਰੀ ਚੇਤਨਾ ਪੈਦਾ ਹੋਈ। ਧਰਮ ਦੇ ਵਿਕਾਸ ਦੇ ਇਤਿਹਾਸ ਵਿਚ ਇਹ ਧਰਮ ਦੀ ਮੱਧ ਕੜੀ ਹੈ। ਇਸ ਭਾਵਨਾ ਨਾਲ ਇਕਈਸ਼ਵਰਵਾਦ ਦਾ ਵਿਕਾਸ ਹੋਇਆ। ਦੇਵੀ-ਦੇਵਤਿਆਂ ਨੂੰ ਕੁਦਰਤੀ ਸ਼ਕਤੀਆਂ ਦੇ ਪ੍ਰਧਾਨ ਦੇਵਤੇ ਮੰਨਿਆ ਗਿਆ ਅਤੇ ਮਨੁੱਖੀ ਗੁਣਾਂ ਨੂੰ ਕੁਦਰਤੀ ਸ਼ਕਤੀਆਂ ਦਾ ਗੁਣ ਮੰਨਿਆ। ਸਾਰੇ ਦੇਵਤਿਆਂ ਦੇ ਮੂਲ ਵਿਚ ਵਿਚ ਕੇਵਲ ਇਕ ਰੱਬ ਨੂੰ ਪ੍ਰਵਾਨ ਕਰ ਲਿਆ ਗਿਆ ਅਤੇ ਕੌਮ ਵਿਚ ਪ੍ਰਚਲਿਤ ਮਤਭੇਦ ਖਤਮ ਕਰ ਦਿੱਤੇ। ਰੱਬ ਦੀ ਪੂਜਾ ਸ਼ੁਰੂ ਹੋ ਗਈ। ਲੋਕਾਂ ਵਿਚ ਸ਼ਰਧਾ, ਨਿਮਰਤਾ, ਪਿਆਰ ਅਤੇ ਸ਼ੁਕਰਗੁਜ਼ਾਰੀ ਦੀਆਂ ਭਾਵਨਾਵਾਂ ਜਾਗ ਪਈਆਂ। ਹਉਮੈ ਅਤੇ ਕਰਾਮਾਤਾਂ ਦਾ ਨਾਸ ਹੋ ਗਿਆ। ਨੈਤਿਕ ਗੁਣਾਂ ਦੇ ਵਾਧੇ ਲਈ ਪਰਮਾਤਮਾ ਅੱਗੇ ਅਰਦਾਸ ਸ਼ੁਰੂ ਕੀਤੀ। ਬਹੁਦੇਵਵਾਦ ਦੀ ਥਾਂ ਈਸ਼ਵਰਵਾਦ, ਹਉਮੈ ਦੀ ਥਾਂ ਨਿਮਰਤਾ, ਪੁਰਖਾਂ ਦੀ ਪੂਜਾ ਦੀ ਥਾਂ ਰੱਬ ਦੀ ਭਗਤੀ ਦੀ ਸਥਾਪਨਾ ਹੋਈ। ਪ੍ਰਮਾਤਮਾ ਨੂੰ ਸਰਵ ਵਿਆਪਕ,ਵਿਸ਼ਵ-ਵਿਆਪਕ ਮੰਨਿਆ ਗਿਆ। ਨੈਤਿਕਤਾ ਅਤੇ ਅਧਿਆਤਮਿਕਤਾ ਦੀ ਜੜ੍ਹ ਮਜ਼ਬੂਤ ਹੋਈ ਅਤੇ ਨੈਤਿਕ ਪ੍ਰਣਾਲੀ ਵਿਚ ਲੋਕਾਂ ਦਾ ਵਿਸ਼ਵਾਸ ਜਾਗਿਆ।

**1.4.3. ਵਿਸ਼ਵ ਧਰਮ -** ਇਹ ਅਧਿਆਤਮਿਕ ਧਰਮ ਦੇ ਵਿਕਾਸ ਦਾ ਸਿਖਰ ਹੈ। ਵਿਸ਼ਵ-ਧਰਮ ਜਾਤ ਜਾਂ ਕੌਮ ਦੀਆਂ ਹੱਦਾਂ ਤੋਂ ਸੁਤੰਤਰ ਅਤੇ ਸੰਸਾਰ ਦੇ ਸਾਰੇ ਜੀਵਾਂ ਨੂੰ ਬਰਾਬਰ ਦੇਖਣ ਦਾ ਯਤਨ ਹੈ। ਇਹ ਬਾਹਰੀ ਦਿਖਾਵੇ ਅਤੇ ਪਾਖੰਡ ਤੋਂ ਪੂਰੀ ਤਰ੍ਹਾਂ ਮੁਕਤ ਅਤੇ ਵਿਅਕਤੀਗਤ ਆਜ਼ਾਦੀ ਨੂੰ ਮਹੱਤਵ ਦਿੰਦਾ ਹੈ। ਨਾਲ ਹੀ ਮਨੁੱਖੀ ਕਦਰਾਂ-ਕੀਮਤਾਂ ਨੂੰ ਸਾਂਝਾ ਕਰਦਾ ਹੈ। ਸੰਸਾਰ ਵਿਚ ਜੋ ਵੀ ਚੰਗਾ ਹੈ, ਉਸ ਨੂੰ ਬਿਨਾਂ ਕਿਸੇ ਝਿਜਕ ਦੇ ਸਵੀਕਾਰ ਕਰਦਾ ਹੈ। ਇਹ ਧਰਮ ਸੰਸਾਰ ਦੇ ਪ੍ਰਤਿਭਾਸ਼ਾਲੀ ਮਹਾਪੁਰਖਾਂ ਦੀ ਨੈਤਿਕ ਦ੍ਰਿਸ਼ਟੀ ਦੁਆਰਾ ਸਮਰਥਨ ਪ੍ਰਾਪਤ ਧਰਮ ਹੈ, ਜੋ ਦੇਸ਼ ਅਤੇ ਸਮੇਂ ਦੀਆਂ ਸੀਮਾਵਾਂ ਤੋਂ ਪਰੇ ਸਰਬ-ਵਿਆਪਕ ਹੈ। ਇਹੀ ਸੰਸਾਰ ਧਰਮ ਹੈ। ਇਹ ਧਰਮ ਮਨੁੱਖ ਨੂੰ ਆਤਮ-ਨਿਰਭਰ ਬਣਾਉਂਦਾ ਹੈ ਅਤੇ ਆਪਣੀ ਨਿੱਜੀ ਸ਼ਕਤੀ ਦੀ ਸਹੀ ਵਰਤੋਂ ਕਰਕੇ ਅੱਗੇ ਵਧਣ ਦਾ ਉਪਦੇਸ਼ ਦਿੰਦਾ ਹੈ। ਇਸ ਲਈ ਵਿਸ਼ਵ ਧਰਮ ਹਰ ਵਿਅਕਤੀ ਨੂੰ ਬਰਾਬਰੀ ਦੇ ਉੱਚੇ ਸਿਖਰ 'ਤੇ ਬਿਠਾਉਂਦਾ ਹੈ।

### 1.5 ਧਰਮ ਦੀ ਮਨੁੱਖ ਦੇ ਮੌਜੂਦਾ ਜੀਵਨ ਵਿਚ ਪ੍ਰਸੰਗਿਕਤਾ-

ਧਰਮ ਸਦੀਵ ਸਮੇਂ ਤੋਂ ਹੀ ਮਨੁੱਖਾ ਜੀਵਨ ਵਿਚ ਮਹੱਤਵਪੂਰਨ ਰੋਲ ਅਦਾ ਕਰ ਕੇ ਜੀਵਨ ਲਈ ਸੇਧ ਪ੍ਰਾਪਤ ਕਰਦਾ ਰਿਹਾ ਹੈ। ਵਿਭਿੰਨ ਧਰਮ ਪ੍ਰੰਪਰਾਵਾਂ ਦੇ ਧਰਮ ਗ੍ਰੰਥਾਂ ਤੋਂ ਮਨੁੱਖ ਅਧਿਆਤਮਿਕ, ਸਮਾਜਿਕ, ਰਾਜਨੀਤਿਕ ਅਤੇ ਦਾਰਸ਼ਨਿਕ ਪੱਖਾਂ ਸੰਬੰਧੀ ਗਿਆਨ ਪ੍ਰਾਪਤ ਕਰਦਾ ਰਿਹਾ ਹੈ ਅਤੇ ਵਰਤਮਾਨ ਸਮੇਂ ਵਿਚ ਵੀ ਇਨ੍ਹਾਂ ਤੋਂ ਜੀਵਨ ਸੇਧਾਂ ਪ੍ਰਾਪਤ ਕਰ ਰਿਹਾ ਹੈ। ਮੌਜੂਦਾ ਸਮੇਂ ਦੀ ਪਦਾਰਥਵਾਦ ਵਾਲੀ ਜਿੰਦਗੀ ਵਿਚ ਮਨੁੱਖ ਪੈਸਿਆਂ ਰਾਹੀਂ ਸੰਸਾਰ ਭਰ ਦੀ ਦੀਆਂ ਸੁੱਖ ਸੁਵਿਧਾਵਾਂ ਹਾਸਲ ਕਰਨ ਦੇ ਸਮਰੱਥ ਹੈ ਪਰੰਤੂ ਪੈਸਿਆਂ ਅਤੇ ਸੁੱਖ ਸੁਵਿਧਾਵਾਂ ਰਾਹੀਂ ਮਨੁੱਖ ਨੂੰ ਅੰਦਰੂਨੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ ਜਿਸ ਦਾ ਨਤੀਜਾ ਮਾਨਸਿਕ ਤਨਾਅ ਦੇ ਰੂਪ ਵਿਚ ਨਿਕਲਦਾ ਹੈ। ਅਜਿਹੇ ਹਾਲਾਤਾਂ ਵਿਚ ਧਰਮ ਦਾ ਮਾਰਗ ਹੀ ਮਨੁੱਖ ਅਧਿਆਤਮਿਕਤਾ ਰਾਹੀਂ ਆਤਮਿਕ ਖੇੜਾ ਪੈਦਾ ਕਰਦਾ ਹੈ। ਵਰਤਮਾਨ ਸਮੇਂ ਦੀ ਈਰਖਾ, ਵੈਰ-ਵਿਰੋਧ, ਲਾਲਚ ਅਤੇ ਸਵਾਰਥ ਭਰੇ ਮਾਹੌਲ ਵਿਚ ਧਰਮ ਗ੍ਰੰਥਾਂ ਦਾ ਰੂਹਾਨੀ ਗਿਆਨ ਮਨੁੱਖ ਨੂੰ ਨੈਤਿਕਤਾ ਦਾ ਮਾਰਗ ਵਿਖਾਉਂਦਾ ਹੈ। ਭਾਵੇਂ ਧਰਮ ਉੱਪਰ ਅਜਿਹੇ ਇਲਜ਼ਾਮ ਵੀ ਲਗਾਏ ਜਾਂਦੇ ਹਨ ਕਿ ਧਰਮ ਮਨੁੱਖ ਨੂੰ ਧਾਰਮਿਕਤਾ ਦੇ ਆਧਾਰ ’ਤੇ ਇਕ ਦੂਜੇ ਨਾਲ ਲੜਾਉਣ ਦਾ ਕਾਰਜ ਕਰਦਾ ਹੈ ਪਰੰਤੂ ਇਸ ਦਾ ਕਾਰਨ ਧਰਮ ਦੀ ਅਧੂਰੀ ਅਤੇ ਗਲਤ ਸਮਝ ਹੈ ਕਿਉਂਕਿ ਧਰਮ ਦੀ ਅਸਲ ਸਮਝ ਵਿਅਕਤੀ ਵਿਚ ਸ਼ਾਂਤੀ ਅਤੇ ਸ਼ਹਿਣਸ਼ੀਲਤਾ ਦੇ

ਗੁਣਾਂ ਦਾ ਸੰਚਾਰ ਕਰਦੀ ਹੈ। ਵਰਤਮਾਨ ਸਮੇਂ ਵਿਚ ਵਿਸ਼ਵ ਦੇ ਯੁੱਧ ਅਤੇ ਤਨਾਅ ਵਾਲੇ ਮਾਹੌਲ ਵਿਚ ਸਾਂਤੀ ਅਤੇ ਸ਼ਹਿਣਸ਼ੀਲਤਾ ਵਾਲੇ ਗੁਣਾਂ ਦੀ ਸਾਰਥਕਤਾ ਧਰਮ ਦੀ ਪ੍ਰਸੰਗਿਕਤਾ ਨੂੰ ਹੋਰ ਵੀ ਪ੍ਰਪੱਕ ਰੂਪ ਪ੍ਰਗਟ ਕਰਦੀ ਹੈ।

**1.6. ਸਿੱਟਾ**

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਧਰਮ ਦੀ ਉਤਪੱਤੀ ਦਾ ਮੁੱਖ ਆਧਾਰ ਮਨੁੱਖੀ ਜੀਵਨ ਤੋਂ ਹੈ, ਭਾਵ ਜਦੋਂ ਤੋਂ ਮਨੁੱਖ ਦੀ ਉਤਪੱਤੀ ਹੋਈ ਹੈ, ਇਸ ਦੇ ਨਾਲ ਹੀ ਧਰਮ ਦੀ ਉਤਪਤੀ ਹੋਈ ਹੈ। ਇਹ ਮੰਨਣਾ ਉਚਿਤ ਹੈ ਕਿ ਧਰਮ ਮਨੁੱਖੀ ਜੀਵਨ ਵਿਚ ਹੀ ਪਾਇਆ ਜਾਣ ਵਾਲਾ ਮਨੁੱਖੀ ਗੁਣ ਹੈ। ਧਰਮ ਇਤਿਹਾਸਕ ਅਤੇ ਕੁਦਰਤੀ ਦ੍ਰਿਸ਼ਟੀਕੋਣ ਤੋਂ ਪੈਦਾ ਹੋਇਆ ਅਤੇ ਹੌਲੀ-ਹੌਲੀ ਵਿਕਸਿਤ ਹੋਇਆ। ਧਰਮ ਦੀ ਉਤਪੱਤੀ ਅਤੇ ਵਿਕਾਸ ਦੇ ਸੰਬੰਧ ਵਿਚ ਦੱਸੇ ਗਏ ਸਾਰੇ ਵਿਚਾਰਾਂ ਤੋਂ ਇਹ ਸਪੱਸ਼ਟ ਹੈ ਕਿ ਆਦਿਮ ਮਨੁੱਖ ਵਿਚ ਆਦਿਮ ਧਰਮ ਦਾ ਪ੍ਰਚਲਿਤ ਰੂਪ ਹਿੰਸਕ ਅਤੇ ਡਰਾਉਣਾ ਸੀ। ਬਾਅਦ ਵਿਚ ਜਾਦੂ-ਟੂਣੇ ਦੇ ਰੂਪ ਵਿਚ ਪੂਰਵਜਾਂ ਦੀ ਪੂਜਾ ਅਤੇ ਦੇਵੀ-ਪੂਜਾ ਪ੍ਰਚਲਿਤ ਹੋ ਗਈ। ਇਸ ਤਰ੍ਹਾਂ ਹੌਲੀ-ਹੌਲੀ 'ਧਰਮ' ਦਾ ਵਿਕਾਸ ਮਨੁੱਖ ਦੇ ਸੱਭਿਅਕ ਜੀਵਨ ਦੇ ਨਾਲ-ਨਾਲ ਹੁੰਦਾ ਗਿਆ ਜਿਸ ਦਾ ਵਿਕਸਿਤ ਰੂਪ ਰਾਸ਼ਟਰੀ ਧਰਮ ਬਣ ਗਿਆ। ਧਰਮ ਵਿਚ ਜਿੱਥੇ ਕਈ ਤਰ੍ਹਾਂ ਦੇ ਰੀਤੀ-ਰਿਵਾਜ, ਪਰੰਪਰਾਵਾਂ ਅਤੇ ਬੁਰਾਈਆਂ ਸਨ। ਬਾਅਦ ਵਿਚ ਨੈਤਿਕ ਗੁਣਾਂ ਵਾਲੀ ਅਧਿਆਤਮਿਕਤਾ ਦੀ ਆਸਥਾ ਪੈਦਾ ਹੋਈ, ਫਿਰ ਲੋਕਾਂ ਵਿਚ ਨੈਤਿਕ ਪ੍ਰਣਾਲੀ ਦਾ ਵਿਸ਼ਵਾਸ ਪੈਦਾ ਹੋਇਆ। ਅਖੀਰ ਇਹ ਆਦਿਮ ਧਰਮ ਤੋਂ ਰਾਸ਼ਟਰੀ ਧਰਮ ਅਤੇ ਸਰਵਉੱਚ ਤੌਰ 'ਤੇ ਅਜੋਕੇ ਵਿਸ਼ਵ ਧਰਮ ਦੇ ਵਿਕਾਸ ਦੀ ਸਿਖਰ ਹੈ। ਵਿਸ਼ਵ ਧਰਮ ਨੂੰ ਪਛਾਣਨ ਦੀ ਸਮਰੱਥਾ ਹਰ ਕਿਸੇ ਵਿਚ ਨਹੀਂ ਹੁੰਦੀ। ਨੈਤਿਕ ਦ੍ਰਿਸ਼ਟੀ ਜਾਂ ਦੈਵੀ ਦ੍ਰਿਸ਼ਟੀ ਦੇ ਵਿਕਸਿਤ ਰੂਪ ਵਾਲਾ ਮਨੁੱਖ ਹੀ ਸਰਵ ਵਿਆਪਕ ਧਰਮ ਨੂੰ ਪਛਾਣਦਾ ਅਤੇ ਇਸਦਾ ਮੈਂਬਰ ਬਣ ਸਕਦਾ ਹੈ। ਧਰਮ ਦੇ ਅਸਲ ਅਰਥਾਂ ਅਨੁਸਾਰ ਇਹ ਵਿਆਪਕ ਰੂਪ ਵਿਚ ਮਨੁੱਖੀ ਕਲਿਆਣ ਲਈ ਪ੍ਰਗਟ ਅਤੇ ਵਿਕਸਤ ਹੋਇਆ ਹੈ, ਜਿਸ ਦਾ ਮੁੱਖ ਉਦੇਸ਼ ਮਨੁੱਖਤਾ ਵਿਚ ਪਿਆਰ, ਸ਼ਾਂਤੀ, ਸ਼ਹਿਣਸ਼ੀਲਤਾ ਵਰਗੇ ਗੁਣਾਂ ਦਾ ਸੰਚਾਰ ਕਰਨਾ ਹੈ।

**1.7 ਪੜ੍ਹਣਯੋਗ ਪੁਸਤਕਾਂ**


- ਐਫ ਮੈਕਸਮੂਲਰ, ਤਾਰਨ ਸਿੰਘ, (ਡਾ.), (ਅਨੁ.) *ਧਰਮ ਦੀ ਉਤਪੱਤੀ ਅਤੇ ਵਿਕਾਸ,* ਪੰਜਾਬੀ ਯੂਨੀਵਰਸਿਟੀ , ਪਟਿਆਲਾ , 2002

- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ, ਗੁਰਗਿਆਨ ਬੁਕਸ, ਪਟਿਆਲਾ, 2014
- ਕੁਲਵੰਤ ਸਿੰਘ (ਡਾ.), *ਧਰਮ ਪਰਿਪੇਖ ਅਤੇ ਸਿਧਾਂਤ,* ਰਵੀ ਸਾਹਿਤ ਪ੍ਰਕਾਸ਼ਨ, 2017
- ਦਰਸ਼ਨ ਸਿੰਘ ( ਡਾ. ),*ਧਰਮ ਅਧਿਐਨ ਅਤੇ ਸਿੱਖ ਅਧਿਐਨ*, ਪੰਜਾਬੀ ਯੂਨੀਵਰਸਿਟੀ , ਪਟਿਆਲਾ , 2000
- ਪ੍ਰਤਾਪ ਸਿੰਘ (ਗਿਆਨੀ), *ਸੰਸਾਰ ਦਾ ਧਾਰਮਿਕ ਇਤਿਹਾਸ*, ਜਵਾਹਰ ਸਿੰਘ ਕ੍ਰਿਪਾਲ ਸਿੰਘ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1976
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974
- Samuel H. Kellogg, *The Genesis and Growth of Religion*, New York, Macmillan and co. and London 1802

### 1.8 ਅਭਿਆਸ ਲਈ ਪ੍ਰਸ਼ਨ

#### ਵੱਡੇ ਪ੍ਰਸ਼ਨ

1. ਧਰਮ ਤੋਂ ਕੀ ਭਾਵ ਹੈ? ਇਸਦੇ ਅਰਥ ਅਤੇ ਸਰੂਪ ਨੂੰ ਬਿਆਨ ਕਰੋ।
2. ਧਰਮ ਦੀ ਉਤਪੱਤੀ ਬਾਰੇ ਚਾਨਣਾ ਪਾਉ।
3. ਧਰਮ ਦੇ ਵਿਕਾਸ ਬਾਰੇ ਤੁਸੀਂ ਕੀ ਜਾਣਦੇ ਹੋ?
4. ਮਨੁੱਖ ਦੇ ਜੀਵਨ ਵਿਚ ਧਰਮ ਦੀ ਪ੍ਰਸੰਗਕਿਤਾ ਨੂੰ ਵਰਣਨ ਕਰੋ।

ਛੋਟੇ ਪ੍ਰਸ਼ਨ

1. ਦੈਵੀ ਇਲਹਾਮ
2. ਜਾਦੂ ਦਾ ਸਿਧਾਂਤ

3. ਆਦਿਮ ਧਰਮ

4. ਧਰਮ ਤੋਂ ਕੀ ਭਾਵ ਹੈ?

5. ਟੋਟਮਵਾਦ ਤੋਂ ਤੁਸੀਂ ਕੀ ਸਮਝਦੇ ਹੋ?

## CORE COURSE (CC): RELIGIOUS STUDIES

**SEMESTER I** **PAPER I: ਧਰਮਾਂ ਦੀ ਸੰਖੇਪ ਜਾਣ-ਪਛਾਣ** **Section- A**

**(BRIEF INTRODUTION TO RELIGIONS)**

### UNIT- II ਧਰਮ ਦੇ ਮੁੱਢਲੇ ਵਿਸ਼ਵਾਸ- ਐਨੀਮਿਜ਼ਮ, ਟੋਟਮਵਾਦ, ਜਾਦੂ/ਟੂਣਾ, ਮਾਨਾ

**Structure**


**2.0 ਉਦੇਸ਼**

**2.1 ਭੂਮਿਕਾ**

**2.3. ਐਨੀਮਿਜ਼ਮ**

**2.4. ਟੋਟਮਵਾਦ**

**2.4.1. ਟੋਟਮਵਾਦ ਦੀ ਵਿਆਪਕਤਾ**

**2.4.2. ਟੋਟਮਵਾਦ ਦੀਆਂ ਮੁੱਖ ਵਿਸ਼ੇਸ਼ਤਾਵਾਂ**

**2.4.3. ਕਬਾਇਲੀ ਕਲਾ 'ਤੇ ਪ੍ਰਭਾਵ**

**2.4.4. ਭਾਰਤ ਵਿੱਚ ਟੋਟਮ ਜਾਤੀਆਂ**

**2.5. ਜਾਦੂ-ਟੂਣਾ**

**2.5.1. ਸਾਬਦਿਕ ਅਰਥ ਅਤੇ ਸਰੂਪ**

**2.5.1 ਜਾਦੂ ਦੇ ਦੋ ਰੂਪ**

**2.5.3. ਲੋਕ ਵਿਸ਼ਵਾਸ਼ ਅਤੇ ਜਾਦੂ**

**2.6. ਮਾਨਾ/ ਸਜੀਵਤਾਵਾਦ**

**2.6.1. ਮਾਨਾ ਦਾ ਅਰਥ**

**2.6.1. ਸਰੂਪ**

**2.7. ਸਾਰੰਸ**

**2.8 ਪੜ੍ਹਣਯੋਗ ਪੁਸਤਕਾਂ**

**2.9 ਅਭਿਆਸ ਲਈ ਪ੍ਰਸ਼ਨ**

**2.0. ਉਦੇਸ਼**

ਧਰਮ ਦੇ ਮੁੱਢਲੇ ਵਿਸ਼ਵਾਸ ਅਧਿਆਇ ਵਿਚ ਧਰਮ ਨਾਲ ਸੰਬੰਧਿਤ ਵੱਖ-ਵੱਖ ਵਿਸ਼ਵਾਸਾਂ ਤੇ ਚਰਚਾ ਕੀਤੀ ਗਈ ਹੈ। ਇਸ ਅਧਿਆਇ ਵਿਚ ਵਿਦਿਆਰਥੀਆਂ ਨੂੰ ਧਰਮ ਦੇ ਮੁੱਢਲੇ ਵਿਸ਼ਵਾਸ ਜਿਵੇਂ ਕਿ ਐਨੀਮਿਜ਼ਮ ਭਾਵ ਜੀਵਵਾਦ, ਟੋਟਮਵਾਦ, ਜਾਦੂ-ਟੂਣਾ, ਮਾਨਾ ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਵਿਦਿਆਰਥੀਆਂ ਧਰਮ ਦੇ ਨਾਲ-ਨਾਲ ਪ੍ਰਾਚੀਨ ਸਮਿਆਂ ਤੋਂ ਫੈਲੇ ਵੱਖ-ਵੱਖ ਵਿਸ਼ਵਾਸਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ।

**2.1. ਭੂਮਿਕਾ**

ਧਰਮ ਦਾ ਵਿਕਾਸ, ਮਾਨਵ ਸਭਿਅਤਾ ਦੇ ਵਿਕਾਸ ਵਾਂਗ ਹੀ ਸਮੇਂ ਦੇ ਨਾਲ ਗਤੀਸੀਲ ਹੋਣ ਵਾਲੀ ਨਿਰੰਤਰ ਅਤੇ ਸਹਿਜ ਪ੍ਰਕਿਰਿਆ ਹੈ। ਇਹ ਮਿੱਥੇ ਦਿਨ ਜਾਂ ਮਿੱਥੇ ਸਮੇਂ ਦੀ ਸੀਮਾ ਵਿਚ ਹੋਣ ਵਾਲਾ ਵਿਕਾਸ ਨਹੀਂ ਹੈ। ਧਰਮ ਦੇ ਇਸ ਸਹਿਜ ਵਿਕਾਸ ਦੇ ਨਾਲ ਕੁਝ ਵਿਸ਼ਵਾਸ਼ ਵੀ ਧਰਮ ਦਾ ਅੰਗ ਬਣਦੇ ਰਹੇ ਹਨ ਜਿਨ੍ਹਾਂ ਰਾਹੀਂ ਧਰਮ ਦੇ ਸਰੂਪ ਨੂੰ ਸਮਝਣ ਵਿਚ ਆਸਾਨੀ ਹੁੰਦੀ ਹੈ। ਧਰਮ ਦੇ ਮੁੱਢਲੇ ਵਿਸ਼ਵਾਸਾਂ ਵਿਚ ਐਨੀਮਿਜ਼ਮ, ਟੋਟਮਵਾਦ, ਜਾਦੂ/ਟੂਣਾ ਅਤੇ ਮਾਨਾ ਨੂੰ ਸਾਮਿਲ ਕੀਤਾ ਜਾ ਸਕਦਾ ਹੈ ਜੋ ਅਜੋਕੇ ਸਮੇਂ ਵਿਚ ਵੀ ਧਰਮ ਪ੍ਰੰਪਰਾਵਾਂ ਦਾ ਕਿਸੇ ਨਾ ਰੂਪ ਵਿਚ ਅੰਗ ਹਨ। ਇਨ੍ਹਾਂ ਮੁੱਢਲੇ ਵਿਸ਼ਵਾਸਾਂ ਦਾ ਵੇਰਵਾ ਇਸ ਪ੍ਰਕਾਰ ਹੈ-

**2.3. ਐਨੀਮਿਜ਼ਮ**

ਐਨੀਮਿਜ਼ਮ ਨੂੰ ਜੀਵਵਾਦ, ਸਰਬਆਤਮਵਾਦ, ਆਤਮਵਾਦ, ਰੂਹਵਾਦ, ਜੀਵਆਤਮਵਾਦ ਆਦਿ ਬਹੁਤ ਸਾਰੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਸ਼ਬਦ, ਲਾਤੀਨੀ ਭਾਸ਼ਾ ਦੇ ਸਬਦ Anima ਤੋਂ ਬਣਿਆ ਹੈ ਜਿਸ ਦਾ ਭਾਵ ਹੈ ਆਤਮਾ ਜਾਂ ਰੂਹ। ਇਸ ਤਰ੍ਹਾਂ ਜੀਵਵਾਦ ਦਾ ਅਰਥ ਹੈ- ਅਧਿਆਤਮਿਕ ਹੋਂਦ ਵਿਚ ਵਿਸ਼ਵਾਸ। ਇਸ ਬਾਰੇ ਈ ਬੀ ਟਾਇਲਰ ਦੀ ਪੁਸਤਕ Primitive Culture ਵਿਚ ਵਿਚਾਰ ਪੇਸ਼ ਕੀਤੇ ਗਏ। ਟਾਇਲਰ ਅਨੁਸਾਰ , ਅਜਿਹੇ ਵਿਸ਼ਵਾਸ ਦੀ ਉਤਪਤੀ, ਪਹਿਲੇ ਜਾਂ ਆਦਿ ਮਨੁੱਖ ਵਲੋਂ ਭਰਮਜਨਕ ਤਰਕ 'ਤੇ ਅਧਾਰਤ ਮੌਲਿਕ ਅਧਿਐਨ ਵਿਚੋਂ ਹੋਈ। ਸਪੈਂਸਰ ਨੇ ਆਪਣੀ ਪੁਸਤਕ Principle of Sociology ਵਿਚ ਬਿਆਨ ਕੀਤਾ ਹੈ ਕਿ ਧਰਮ ਦੀ ਉਤਪਤੀ ਮੁੱਖ ਰੂਪ ਵਿਚ ਪ੍ਰੇਤਾਂ ਦੇ ਡਰ ਤੋਂ ਹੋਈ। ਉਹ ਪੂਰਵਜਨ-ਪ੍ਰੇਤ ਜਿਨ੍ਹਾਂ ਨੂੰ ਅਣਮਨੁੱਖੀ ਸ਼ਕਤੀਆਂ ਦਿੱਤੀਆਂ ਗਈਆਂ

ਸਨ, ਉਹ ਸਮਾਜ ਵਿਚ ਮਨੁੱਖ ਦੇ ਕੰਮਕਾਰ ਅਤੇ ਕੁਦਰਤੀ ਸ਼ਕਤੀਆਂ ਨੂੰ ਚਲਾਉਂਦੇ। ਇਸ ਲਈ ਉਨ੍ਹਾਂ ਦਾ ਮਨੁੱਖ ਦੁਆਰਾ ਸਤਿਕਾਰ ਕੀਤਾ ਜਾਂਦਾ।

ਆਕਸਫੋਰਡ ਡਿਕਸ਼ਨਰੀ ਨੇ Animism ਨੂੰ ਬੇਜਾਨ ਵਸਤੂਆਂ ਵਿਚ ਵੀ ਆਤਮਾ ਦੀ ਹੋਂਦ ਮੰਨਣ ਵਾਲਾ ਸਿਧਾਂਤ ਕਿਹਾ ਹੈ। ਡਾ. ਵਜ਼ੀਰ ਸਿੰਘ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਬਿਆਨ ਕਰਦੇ ਹਨ-

ਜੇਕਰ ਅਸੀਂ ਇਹ ਵਿਸ਼ਵਾਸ ਧਾਰਨ ਕਰ ਲਈਏ ਕਿ ਹਰ ਜਾਨਦਾਰ ਤੇ ਬੇਜਾਨ ਵਸਤੂ ਵਿਚ ਰੂਹ ਸਥਿਤ ਹੈ, ਤਾਂ ਸਾਡਾ ਨਜ਼ਰੀਆ ਰੂਹਵਾਦ ਭਾਵ Animism ਹੋਵੇਗਾ। ਚਿੰਤਕਾਂ ਦਾ ਮਤ ਹੈ ਕਿ ਪ੍ਰਾਚੀਨ ਮਨੁੱਖ ਇਸ ਵਿਸ਼ਵਾਸ ਦਾ ਧਾਰਨੀ ਸੀ। ਉਹ ਕੁਦਰਤ ਦੇ ਹਰ ਕਣ ਤੇ ਜ਼ੱਰੇ ਵਿਚ ਰੂਹ ਦੀ ਹੋਂਦ ਪਰਵਾਨ ਕਰਦਾ ਸੀ। ਉਸ ਦੇ ਵਿਸ਼ਵਾਸ ਅਨੁਸਾਰ ਮੁਰਦੇ ਵਿਚ ਵੀ ਰੂਹ ਮੌਜੂਦ ਸੀ। ਰੂਹ ਮੁਰਦਾ ਸਰੀਰ ਪਾਸੋਂ ਵੀ ਵੱਖ ਹੋ ਸਕਦੀ ਸੀ, ਤਾਂ ਹੀ ਕਿਸੇ ਮਰ ਚੁੱਕੇ ਵਿਅਕਤੀ ਦੀ ਸ਼ਕਲ ਸੁਪਨੇ ਵਿਚ ਦਿਖਾਈ ਦੇ ਜਾਂਦੀ ਹੈ। ਸੁਪਨੇ ਵਿਚ ਬੰਦਾ ਆਪਣੇ-ਆਪ ਨੂੰ ਵੱਖਰੀ ਹਸਤੀ ਦੇ ਰੂਪ ਵਿਚ ਵੇਖਦਾ ਹੈ, ਇਹ ਵੀ ਰੂਹ ਦਾ ਚਮਤਕਾਰ ਸੀ। ਜੇਕਰ ਜੀਵਾਂ ਵਿਚ ਰੂਹ ਨਾ ਹੁੰਦੀ, ਤਾਂ ਸਰੀਰ ਕਾਇਮ ਨਾ ਰਹਿ ਸਕਦੇ। ਇਨਸਾਨ ਆਪਣੇ ਅੰਦਰ ਕਿਸੇ ਸ਼ਕਤੀ ਦੀ ਹੋਂਦ ਮਹਿਸੂਸ ਕਰਦਾ ਹੈ, ਜੋ ਉਸ ਨੂੰ ਹਿਲਾਉਂਦੀ-ਜੁਲਾਉਂਦੀ ਹੈ, ਭਾਵ ਤੇ ਅਹਿਸਾਸ ਪੈਦਾ ਕਰਦੀ ਹੈ। ਪ੍ਰਾਚੀਨ ਮਨੁੱਖ ਸਮਝਦਾ ਸੀ ਕਿ ਇਸੇ ਤਰ੍ਹਾਂ ਦੀ ਸ਼ਕਤੀ ਹਰ ਸ਼ੈ ਵਿਚ ਮੌਜੂਦ ਹੈ। ਇਸ ਵਿਚਾਰ ਨੂੰ ਟਾਈਲਰ ਨੇ ਰੂਹਵਾਦ ਦਾ ਨਾਮ ਦਿੱਤਾ।

ਇਹ ਇਕ ਦਾਰਸ਼ਨਿਕ, ਧਾਰਮਿਕ ਜਾਂ ਅਧਿਆਤਮਿਕ ਦ੍ਰਿਸ਼ਟੀਕੋਣ ਹੈ ਕਿ ਆਤਮਾਵਾਂ ਕੇਵਲ ਮਨੁੱਖਾਂ ਵਿਚ ਹੀ ਨਹੀਂ, ਸਗੋਂ ਸਾਰੇ ਜਾਨਵਰਾਂ, ਪੌਦਿਆਂ, ਚੱਟਾਨਾਂ ਅਤੇ ਕੁਦਰਤੀ ਵਰਤਾਰਿਆਂ ਵਿਚ ਵੀ ਮੌਜੂਦ ਹਨ। ਇਸ ਤੋਂ ਵੀ ਅੱਗੇ ਜਾ ਕੇ ਕਈ ਵਾਰੀ ਆਤਮਾ ਦੀ ਹੋਂਦ ਨੂੰ ਸ਼ਬਦਾਂ, ਨਾਵਾਂ, ਉਪਮਾਵਾਂ, ਅਲੰਕਾਰਾਂ ਆਦਿ ਵਿਚ ਮੰਨਿਆ ਗਿਆ। ਜੀਵਵਾਦ ਦਾ ਫਲਸਫਾ ਮੁੱਖ ਤੌਰ ਤੇ ਕਬਾਇਲੀ ਸਮਾਜਾਂ ਵਿਚ ਪਾਇਆ ਜਾਂਦਾ ਹੈ ਪਰ ਇਹ ਹਿੰਦੂ ਧਰਮ ਦੇ ਕੁਝ ਸੰਪਰਦਾਵਾਂ ਵਿਚ ਵੀ ਪਾਇਆ ਜਾਂਦਾ ਹੈ। ਆਤਮਾ ਬਾਰੇ ਮਨੁੱਖਾਂ ਵਿਚ ਆਮ ਤੌਰ 'ਤੇ ਤਿੰਨ ਤਰ੍ਹਾਂ ਦੇ ਵਿਸ਼ਵਾਸ ਜਾਂ ਵਿਚਾਰ ਪ੍ਰਚਲਿਤ ਹਨ। ਕੁਝ ਲੋਕ, ਚਾਰਵਾਕਾਂ ਦੇ ਪੈਰੋਕਾਰਾਂ ਵਾਂਗ, ਜੀਵਤ ਹਸਤੀਆਂ ਜਾਂ ਆਤਮਾਵਾਂ ਦੀ ਕਿਸੇ ਵੀ ਹੋਂਦ ਵਿਚ ਵਿਸ਼ਵਾਸ ਨਹੀਂ ਕਰਦੇ। ਉਨ੍ਹਾਂ ਅਨੁਸਾਰ, ਚੇਤਨਾ ਦਿਮਾਗ ਦੀਆਂ ਗਤੀਵਿਧੀਆਂ ਦੇ ਨਤੀਜੇ ਵਜੋਂ ਪੈਦਾ ਹੁੰਦੀ ਹੈ। ਇਹ ਕਿਸੇ ਗੈਰ-ਭੌਤਿਕ ਤੱਤ ਜਾਂ ਪਦਾਰਥ ਦਾ ਗੁਣ ਜਾਂ ਰੂਪ ਨਹੀਂ । ਇਸ ਦੇ ਉਲਟ, ਕੁਝ ਲੋਕ ਇਹ ਵਿਚਾਰ ਰੱਖਦੇ ਹਨ ਕਿ ਚੇਤਨਾ ਪਦਾਰਥਕ ਤੱਤਾਂ ਤੋਂ ਪੈਦਾ ਨਹੀਂ ਹੁੰਦੀ, ਸਗੋਂ ਆਤਮਾ ਜਾਂ ਜੀਵ ਦਾ ਇਕ ਗੁਣ ਹੈ ਜੋ

ਭੌਤਿਕ ਪਦਾਰਥਾਂ ਤੋਂ ਵੱਖਰਾ ਹੈ। ਉਦਾਹਰਣ ਵਜੋਂ, ਜੈਨ ਚਿੰਤਕਾਂ ਨੇ ਜੀਵ ਦੀ ਸੁਤੰਤਰ ਹੋਂਦ ਨੂੰ ਸਵੀਕਾਰ ਕਰਦੇ ਹੋਏ "ਚੇਤਨਾਲਕਸ਼ਨੋ ਜੀਵ" ਸ਼ਬਦਾਂ ਵਿਚ ਜੀਵ ਦੀ ਪਰਿਭਾਸ਼ਾ ਦਿੱਤੀ ਹੈ। ਜੇਕਰ ਅਸੀਂ ਆਤਮਾ ਜਾਂ ਆਤਮਾ ਦੀ ਹੋਂਦ ਨੂੰ ਸਵੀਕਾਰ ਕਰਨ ਵਾਲੇ ਦੇ ਵਿਚਾਰਾਂ ਦੀ ਗੱਲ ਕਰੀਏ ਤਾ ਇਨ੍ਹਾਂ ਨੂੰ ਮੋਟੇ ਤੌਰ ’ਤੇ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ- ਪਹਿਲਾ ਵਰਗ, ਉਹ ਜੋ ਮਨੁੱਖਾਂ ਅਤੇ ਕੁਝ ਉੱਚ ਕੋਟੀ ਦੇ ਜਾਨਵਰਾਂ ਅਤੇ ਪੰਛੀਆਂ ਵਿਚ ਹੀ ਆਤਮਾ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ ਅਤੇ ਦੂਜਾ, ਉਹ ਜੋ ਮਨੁੱਖਾਂ ਅਤੇ ਜਾਨਵਰਾਂ ਵਿਚ ਹੀ ਨਹੀਂ, ਸਗੋਂ ਕੀੜੇ-ਮਕੌੜਿਆਂ, ਰੁੱਖਾਂ ਅਤੇ ਪੌਦਿਆਂ ਆਦਿ ਵਿਚ ਵੀ ਆਤਮਾ ਜਾਂ ਜੀਵ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ, ਜਿਸ ਨੂੰ ਦੂਸਰੇ ਜੜ੍ਹ ਮੰਨਦੇ ਹਨ। ਮਨੁੱਖ ਦੇ ਇਸ ਤਰ੍ਹਾਂ ਦੇ ਵਿਸ਼ਵਾਸ ਜਾਂ ਵਿਚਾਰ ਨੂੰ ਐਨੀਮਿਜ਼ਮ ਜਾਂ ਜੀਵਵਾਦ ਕਿਹਾ ਜਾਂਦਾ ਹੈ। ਤਾਰਕਿਕ ਭਾਸ਼ਾ ਵਿਚ, ਜੀਵਵਾਦ ਉਹ ਸਿਧਾਂਤ ਹੈ ਜਿਸ ਅਨੁਸਾਰ ਅਖੌਤੀ ਜੜ੍ਹ ਪਦਾਰਥਾਂ ਵਿਚ ਵੀ ਆਤਮਾ ਜਾਂ ਆਤਮਾ ਨਾਮਕ ਇਕ ਅਭੌਤਿਕ ਤੱਤ ਜਾਂ ਸ਼ਕਤੀ ਦੀ ਹੋਂਦ ਨੂੰ ਸਵੀਕਾਰ ਕੀਤਾ ਜਾਂਦਾ ਹੈ ਅਤੇ ਇਸਨੂੰ ਨਾ ਸਿਰਫ਼ ਬੁੱਧੀਜੀਵੀ ਜੀਵਾਂ ਦੇ ਬੌਧਿਕ ਜੀਵਨ ਸਗੋਂ ਸਰੀਰਕ ਜਾਂ ਭੌਤਿਕ ਗਤੀਵਿਧੀਆਂ ਦਾ ਆਧਾਰ ਵੀ ਮੰਨਿਆ ਜਾਂਦਾ ਹੈ।

ਜਿਵੇਂ ਕਿ ਭਾਰਤੀ ਈਸ਼ਵਰਵਾਦੀ ਚਿੰਤਕਾਂ ਅਤੇ ਜੈਨ ਦਾਰਸ਼ਨਿਕਾਂ ਨੇ ਪੌਦਿਆਂ ਅਤੇ ਧਰਤੀ ਆਦਿ ਵਰਗੇ ਨਿਰਜੀਵ ਚੀਜ਼ਾਂ ਵਿਚ ਵੀ ਆਤਮਾ ਦੀ ਹੋਂਦ ਨੂੰ ਸਵੀਕਾਰਿਆ ਹੈ। ਇਸ ਲਈ, ਉਨ੍ਹਾਂ ਨੂੰ ਜੀਵਵਾਦੀ ਵਿਚਾਰ ਦਾ ਸਮਰਥਕ ਕਿਹਾ ਜਾ ਸਕਦਾ ਹੈ।

ਦਰਅਸਲ, ਰੁੱਖਾਂ, ਗ੍ਰਹਿਆਂ, ਉਪਗ੍ਰਹਿਾਂ ਵਰਗੇ ਅਚੇਤ ਪਦਾਰਥਾਂ ਵਿਚ ਵੀ ਆਤਮਾ ਜਾਂ ਆਤਮਾ ਦੀ ਸ਼ਕਤੀ ਨੂੰ ਮੰਨਣ ਵਾਲੇ ਲੋਕ ਅੱਜ ਵੀ ਦੁਨੀਆ ਦੇ ਕਈ ਦੇਸ਼ਾਂ ਵਿਚ ਮਿਲਦੇ ਹਨ, ਜੋ ਨਾ ਕੇਵਲ ਪ੍ਰੇਤ ਆਤਮਾ ਸਗੋਂ ਮੁੱਖ ਰੂਪ ਵਿਚ ਆਪਣੇ ਮ੍ਰਿਤ ਪੂਰਵਜਾਂ ਅਤੇ ਉਨ੍ਹਾਂ ਆਤਮਾਵਾਂ ਦੀ ਪੂਜਾ ਵੀ ਕਰਦੇ ਹਨ ਜਿਨ੍ਹਾਂ ਨੂੰ ਕਿਸੇ ਵੀ ਸਰੀਰ ਜਾਂ ਵਸਤੂ ਵਿਸ਼ੇਸ਼ ਨਾਲ ਸਬੰਧਤ ਨਹੀਂ ਸਮਝਦੇ ਜਾਂ ਫਿਰ ਕੁਦਰਤੀ ਪਦਾਰਥਾਂ ਦੇ ਪ੍ਰਧਾਨ ਦੇਵਤਿਆਂ ਜਾਂ ਹੰਕਾਰੀ ਦੇਵਤਿਆਂ ਵਜੋਂ ਸਵੀਕਾਰ ਕਰਦੇ ਹਨ।

ਅਜੋਕੇ ਯੁੱਗ ਦੇ ਬਹੁਤੇ ਚਿੰਤਕ ਜੀਵਵਾਦ ਜਾਂ ਸਰਬਆਤਮਵਾਦ ਨੂੰ ਨਾ ਸਿਰਫ਼ ਬਹੁਦੇਵਵਾਦ ਦਾ ਸਗੋਂ ਸਭਿਅਕ ਮਨੁੱਖਾਂ ਦੇ ਧਾਰਮਿਕ ਇਕਈਸ਼ਵਰਵਾਦ ਦਾ ਵੀ ਮੁੱਢਲਾ ਵਿਸ਼ਵਾਸ ਮੰਨਦੇ ਹਨ ਅਤੇ ਇਸ ਨੂੰ ਅਣਸਭਿਆਚਾਰੀ ਜਾਂ ਅਰਧ-ਸਭਿਆਚਾਰੀ ਜਾਤਾਂ ਦੇ ਧਰਮ ਜਾਂ ਫ਼ਲਸਫ਼ੇ ਵਿਚ ਗਿਣਦੇ ਹਨ। ਉਨ੍ਹਾਂ ਅਨੁਸਾਰ,

ਜੀਵਵਾਦ ਮਨੁੱਖ ਦਾ ਕੇਵਲ ਇਕ ਗੈਰ-ਵਿਗਿਆਨਕ ਵਿਸ਼ਵਾਸ ਹੈ। ਉਹ ਇਸ ਨੂੰ ਸੰਸਾਰ ਦੇ ਤੱਥਾਂ ਨੂੰ ਸਮਝਾਉਣ ਦਾ ਸਿਰਫ ਸ਼ੁਰੂਆਤੀ ਜਾਂ ਅਪੂਰਨ ਬੌਧਿਕ ਯਤਨ ਮੰਨਦੇ ਹਨ।

**2.4. ਟੋਟਮਵਾਦ**

ਟੋਟਮਵਾਦ ਸ਼ਬਦ ਦੀ ਉਤਪਤੀ ਉਤਰੀ ਅਮਰੀਕਾ ਦੀ ਭਾਸ਼ਾ ਇਕ ਓਜੀਬਵਾ ਦੇ ਸ਼ਬਦ ਓਟੋਟਮਨ (Oteteman) ਤੋਂ ਮੰਨੀ ਜਾਂਦੀ ਹੈ। ਓਟ ਜਾਂ ਓਟੇ ਦਾ ਅਰਥ ਇਕ ਮਾਂ ਤੋਂ ਜੰਮੇ ਭੈਣ ਭਰਾ ਤੋਂ ਲਿਆ ਜਾਂਦਾ ਹੈ। ਡਾਕਟਰ ਬੈਰਨ ਨੇ ਟੋਟਮ ਦਾ ਨਿਕਾਸ ਟੋਡੇਨ ਸ਼ਬਦ ਤੋਂ ਮੰਨਿਆ ਜਿਸ ਦੇ ਅਰਥ ਉਸ ਜਾਨਵਰ ਤੋਂ ਹਨ ਜਿਸ ਤੋਂ ਕਿਸੇ ਕਬੀਲੇ ਦਾ ਨਾਂ ਪੈਦਾ ਹੋਵੇ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਕਬੀਲੇ ਦਾ ਵੱਡਾ ਵਡੇਰਾ ਕੋਈ ਜਾਨਵਰ ਸੀ। ਟੋਟਮਵਾਦ ਦਾ ਭਾਵ ਮਨੁੱਖ ਦਾ ਸੰਬੰਧ ਕਿਸੇ ਅਗਿਆਤ ਜਾਂ ਨਾ ਹੋਣੀ ਕੋਈ ਵਸਤੂ ਨਾਲ ਹੈ ਜਾਂ ਹੋਰ ਸਾਰੀਆਂ ਜਿਨਸਾਂ ਨਾਲ ਹੈ। ਪ੍ਰਸਿੱਧ ਫਰਾਂਸਿਸੀ ਲੇਵੀ ਬਰਹੂਲ ਵੀ ਇਸ ਦੀ ਪਹਿਚਾਣ ਨੂੰ ਰਹੱਸਵਾਦੀ ਸਾਂਝ ਦਾ ਨਾਂ ਦਿੰਦੀ ਹੈ।

ਡਾ. ਦਰਸ਼ਨ ਸਿੰਘ ਅਨੁਸਾਰ, ਟੋਟਮ ਜਾਤੀ ਜਾਂ ਕਬੀਲੇ ਦਾ ਪ੍ਰਤੀਨਿਧ ਚਿੰਨ੍ਹ ਹੁੰਦਾ ਹੈ ਅਤੇ ਇਹ ਕਬੀਲੇ ਦੇ ਚਿੰਨ੍ਹ ਤੋਂ ਵਧ ਕੇ ਹੋਰ ਕੁੱਝ ਨਹੀਂ ਹੁੰਦਾ। ਇਸ ਤੋਂ ਭਾਵ ਇਹੀ ਹੈ ਕਿ ਧਰਮਾਂ ਦੇ ਆਰੰਭ ਦਾ ਅਧਾਰ ਸਮਾਜਿਕ ਜੀਵਨ ਹੈ ਅਤੇ ਧਰਮ ਵਿਚ ਸਮਾਜ ਦੇ ਹੀ ਪ੍ਰੀਵਰਤਿਤ ਤੇ ਦਿਵੀਕਰਿਤ ਰੂਪ ਦੀ ਹੀ ਪੂਜਾ ਹੁੰਦੀ ਹੈ। ਇਸ ਤਰ੍ਹਾਂ ਧਾਰਮਿਕ ਵਿਸ਼ਵਾਸ ਤੇ ਧਾਰਮਿਕ ਰਸਮਾਂ ਸਮੂਹਿਕ ਜੀਵਨ ਵਿਚੋਂ ਸਮੂਹਿਕ ਜੀਵਨ ਦੇ ਉਲਾਸ ਤੇ ਉਤੇਜਨਾ ਦੇ ਛਿਣਾਂ ਵਿਚ ਪੈਦਾ ਹੁੰਦੇ ਹਨ ਅਤੇ ਇਹ ਸਮਾਜਿਕ ਜੀਵਨ ਦੀ ਸਥਿਰਤਾ ਬਣਾਈ ਰੱਖਣ ਵਿਚ ਸਹਾਈ ਹੋਣ ਦੇ ਨਾਲ ਨਾਲ ਵਿਅਕਤੀਆਂ ਦੇ ਸਮਾਜੀਕਰਣ ਦੀ ਪ੍ਰਕਿਰਿਆ ਵਿਚ ਉਸਾਰੂ ਯੋਗਦਾਨ ਪਾਉਂਦੇ ਹਨ। ਦੁਰਖੀਮ ਨੇ ਇਸ ਤੋਂ ਬਾਹਰ ਧਰਮ ਦੇ ਕਿਸੇ ਪਰਾਭੌਤਿਕ ਆਧਾਰ ਨੂੰ ਪ੍ਰਵਾਨ ਨਹੀਂ ਕੀਤਾ। ਇਸ ਤਰ੍ਹਾਂ ਧਰਮ ਬੰਧਾਤਮਿਕ (cognitive) ਅਤੇ ਪ੍ਰਕਾਸ਼ਣਾਂ ਸੰਬੰਧੀ (expressive) ਪ੍ਰਮੁੱਖ ਕਾਰਜ ਨਿਭਾਉਂਦਾ ਹੈ। ਧਰਮ ਸਮਾਜਿਕ ਅਸਲੀਅਤ ਨੂੰ ਸਮਝਣ ਦੀ ਵਿਧੀ ਹੈ, ਜਗਤ ਦੀ ਪਹਿਲੀ ਵਿਆਖਿਆ ਜਾਂ 'ਮਿਥਿਹਾਸਕ ਸਮਾਜ ਸ਼ਾਸਤਰ ਦਾ ਇਕ ਰੂਪ। ਇਸ ਦੇ ਨਾਲ ਹੀ ਧਰਮ ਸਮਾਜਿਕ ਰਿਸ਼ਤਿਆਂ ਦੇ ਚਿਹਨੀਕਰਣ (symbolization) ਅਤੇ ਨਾਟਕੀਕਰਣ (dramatization) ਦੀ ਵਿਧੀ ਹੈ। ਟੋਟਮ ਕਬੀਲੇ ਦਾ ਹੀ ਚਿੰਨ੍ਹ ਹੁੰਦਾ ਹੈ। ਸਮਾਜ ਮਨੁੱਖ ਨੂੰ ਸੁੱਖ ਸੁਵਿਧਾ ਅਤੇ ਸੁਰੱਖਿਆ ਪ੍ਰਦਾਨ ਕਰਦਾ ਹੈ, ਇਸ ਲਈ ਮਨੁੱਖ ਸਮਾਜ ਦੀ ਸ਼ਰਣ ਲੈਂਦਾ ਹੈ ਪ੍ਰੰਤੂ ਇਹੀ ਸਮਾਜ ਹਰੇਕ ਵਿਅਕਤੀ ਨੂੰ ਸਮਾਜਿਕ ਜੀਵਨ ਦੀਆਂ

ਅਨੇਕਾਂ ਜ਼ਿੰਮੇਵਾਰੀਆਂ ਵੀ ਦਿੰਦਾ ਹੈ। ਇਸ ਤਰ੍ਹਾਂ ਧਰਮ ਸਮਾਜੀ ਬੰਧਨਾਂ ਦੀ ਪ੍ਰਪੱਕਤਾ, ਸਥਿਰਤਾ ਨੂੰ ਬਣਾਈ ਰੱਖਣ ਵਿਚ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਭਾਵੇਂ ਦੁਰਖੀਮ ਨੇ ਇਹ ਤਾਂ ਪ੍ਰਵਾਨ ਕਰ ਲਿਆ ਕਿ ਕੋਈ ਵੀ ਧਰਮ, ਭਰਮ ਨਹੀਂ ਹੁੰਦਾ ਫਿਰ ਵੀ ਰੱਬ ਉਸ ਲਈ ਸਮਾਜ ਦੇ ਪਰਿਵਰਤਿਤ ਰੂਪ ਅਤੇ ਚਿਹਨਾਤਮਿਕ ਪ੍ਰਗਟਾਵੇ ਤੋਂ ਵੱਧ ਕੁੱਝ ਵੀ ਨਹੀਂ ਹੁੰਦਾ।

ਪੰਜਾਬੀ ਪੀਡੀਆ ਅਨੁਸਾਰ, ਕੋਈ ਪਸ਼ੂ, ਪੌਦਾ, ਕੁਦਰਤੀ ਵਸਤੂ ਜਾਂ ਲਕੜੀ ਦਾ ਖੰਭਾ, ਜਿਸ ਵਿੱਚੋਂ ਕੋਈ ਸਿਬ (sib) (ਗੋਤ ਤੋਂ ਛੋਟਾ ਇਕ ਸਮਾਜਿਕ ਸਮੂਹ) ਆਪਣਾ ਨਾਮ ਧਾਰਨ ਕਰਦਾ ਹੈ, ਜਿਸ ਨਾਲ ਸਿਬ ਦੇ ਮੈਬਰਾਂ ਦੇ ਵਿਸ਼ੇਸ਼ ਸੰਬੰਧ ਹੁੰਦੇ ਹਨ, ਅਤੇ ਜਿਸ ਲਈ ਉਹ ਬੜੀ ਸਤਿਕਾਰ ਭਾਵਨਾ ਰੱਖਦੇ ਹਨ। ਟੋਟਮ ਪੋਲ (totem pole) ਲਕੜੀ ਦਾ ਬਹੁਤ ਉੱਚਾ ਖੰਭਾ, ਕਿਸੇ ਲੰਮੇ ਰੁੱਖ ਦਾ ਤਨਾ, ਜਿਸ ਉੱਤੇ ਮਨੁੱਖੀ, ਪਸ਼ੂਆਂ, ਪੰਛੀਆਂ ਆਦਿ ਦੇ ਚਿੰਨ੍ਹ ਤਰਾਛੇ ਹੋਏ ਹੁੰਦੇ ਹਨ, ਜੋ ਸੰਬੰਧਿਤ ਸਮੂਹ ਦੀਆਂ ਮਿਥਿਆਵਾਂ ਦਾ ਚਿੰਨ੍ਹਾਤਮਿਕ ਪ੍ਰਦਰਸ਼ਨ ਕਰਦੇ ਹਨ। ਉਦਾਹਰਣ ਵਜੋਂ ਕੈਨੇਡਾ ਦੇਸ਼ ਦਾ ਪੋਲਾ ਨਾਮ ਦਾ ਟੋਟਮ। ਅੰਗਰੇਜ਼ਾਂ ਦੇ ਕੈਨੇਡਾ ਜਾਣ ਤੋਂ ਪਹਿਲਾਂ ਏਥੇ ਮੰਗੋਲ ਨਸਲ ਨਾਲ ਸੰਬੰਧਿਤ ਸੈਂਕੜੇ ਕਬੀਲੇ ਰਹਿੰਦੇ ਸਨ, ਜੋ ਕਈ ਉਪ ਸਮੂਹਾਂ ਵਿਚ ਵੰਡੇ ਹੋਏ ਸਨ। ਟੋਟਮ ਪੋਲ ਇਹਨਾਂ ਸਮੂਹਾਂ ਦੇ ਇਸ਼ਟ ਸਨ। ਅੰਗਰੇਜ਼ਾਂ ਨੇ ਇਥੇ ਆ ਕੇ ਟੋਟਮ ਪੋਲਾ ਉੱਤੇ ਪਾਬੰਦੀ ਲਾ ਦਿੱਤੀ, ਜੋ ਸ਼ਾਇਦ ਬਾਅਦ ਵਿਚ ਹਟਾਅ ਲਈ ਗਈ ਕਿਉਂਕਿ ਅਜੇ ਵੀ ਇਥੇ ਹਜ਼ਾਰਾਂ ਟੋਟਮ ਘੋਲ ਵੇਖੇ ਜਾ ਸਕਦੇ ਹਨ। ਟੋਟਮਵਾਦ (totemism) ਸਮਾਜਿਕ ਪ੍ਰਬੰਧ ਅਤੇ ਧਾਰਮਿਕ ਵਿਸ਼ਵਾਸ, ਜੋ ਸਿਬਾਂ (sibs) ਅਤੇ ਉਹਨਾਂ ਦੇ ਟੋਟਮ ਵਿਚ ਡੂੰਘੇ ਸੰਬੰਧਾਂ ਦੇ ਸੂਚਕ ਹਨ। ਇਨ੍ਹਾਂ ਟੋਟਮਾਂ ਨੂੰ ਪਿੱਤਰ ਸਮਝਿਆ ਜਾਂਦਾ ਹੈ ਅਤੇ ਇਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ, ਸਿੱਬਾਂ ਦੇ ਨਾਮ ਟੋਟਮ ਨਾਲ ਮੇਲ ਖਾਂਦੇ ਹਨ ਅਤੇ ਟੋਟਮ ਨੂੰ ਖਾਧਾ ਨਹੀਂ ਜਾ ਸਕਦਾ।

### 2.4.1. ਟੋਟਮਵਾਦ ਦੀ ਵਿਆਪਕਤਾ

ਜਾਨਵਰਾਂ-ਪੰਛੀਆਂ, ਰੁੱਖਾਂ-ਪੌਦਿਆਂ 'ਤੇ ਵਿਅਕਤੀ, ਗੋਤ, ਜਾਤ ਜਾਂ ਕਬੀਲੇ ਦਾ ਨਾਮਕਰਨ ਇਕ ਬਹੁਤ ਹੀ ਪ੍ਰਚਲਿਤ ਸਮਾਜਿਕ ਪ੍ਰਥਾ ਹੈ ਜੋ ਸਭਿਅਕ ਅਤੇ ਗੈਰ-ਸਭਿਅਕ ਸਮਾਜਾਂ ਵਿਚ ਪਾਈ ਜਾਂਦੀ ਹੈ। ਇਹ ਪ੍ਰਥਾ ਅਸੱਭਿਅਕ ਸਮਾਜਾਂ ਵਿਚ ਬਹੁਤ ਪ੍ਰਚਲਿਤ ਰਹੀ ਅਤੇ ਕਈ ਥਾਵਾਂ 'ਤੇ ਇਹ ਕਬਾਇਲੀ ਧਰਮ ਦਾ ਰੂਪ ਵੀ ਲੈ ਲੈਂਦੀ ਹੈ। ਉੱਤਰੀ ਅਮਰੀਕਾ ਦੇ ਪੱਛਮੀ ਤੱਟ 'ਤੇ ਰਹਿਣ ਵਾਲੇ ਹੈਡਾ, ਟਿਲਗਿਟ, ਕਵਾਕਿਟੁਲ, ਆਦਿ ਕਬੀਲਿਆਂ ਕੋਲ

ਵਿਸ਼ਾਲ ਅਤੇ ਭਿਆਨਕ ਜਾਨਵਰਾਂ ਦੇ ਆਕਾਰ ਦੇ ਖੰਭੇ ਪਾਏ ਹਨ, ਜਿਨ੍ਹਾਂ ਨੂੰ ਇਨ੍ਹਾਂ ਜਾਤੀਆਂ ਦੇ ਲੋਕ ਦੇਵਤੇ ਮੰਨਦੇ ਹਨ। ਇਨ੍ਹਾਂ ਜਾਤੀਆਂ ਲਈ ਟੋਡੇਮ, ਓਡੋਡੇਮ ਆਦਿ ਸ਼ਬਦ ਵਰਤੇ ਜਾਂਦੇ ਹਨ, ਜਿਨ੍ਹਾਂ ਦੀ ਧੁਨੀ ਟੋਟਮ ਸ਼ਬਦ ਵਿਚ ਹੈ। ਇਹ ਪ੍ਰਥਾ ਮੱਧ ਆਸਟ੍ਰੇਲੀਆ ਦੇ ਅਰੁੰਟਾ ਕਬੀਲਿਆਂ, ਅਫ਼ਰੀਕਾ ਦੇ ਪੂਰਬੀ ਕੇਂਦਰੀ ਖੇਤਰਾਂ ਅਤੇ ਭਾਰਤ ਦੇ ਕਬੀਲਿਆਂ ਵਿਚ ਪ੍ਰਚਲਿਤ ਹੈ।

### 2.4.2. ਟੋਟਮਵਾਦ ਦੀਆਂ ਮੁੱਖ ਵਿਸ਼ੇਸ਼ਤਾਵਾਂ

ਇਸ ਪ੍ਰਥਾ ਦੇ ਵੱਖ-ਵੱਖ ਰੂਪ ਦੁਨੀਆਂ ਦੇ ਵੱਖ-ਵੱਖ ਖੇਤਰਾਂ ਵਿਚ ਪਾਏ ਜਾਂਦੇ ਹਨ ਪਰ ਇਤਿਹਾਸਕਾਰਾਂ ਦਾ ਮੱਤ ਹੈ ਕਿ ਪੁਰਾਤਨ ਸਮੇਂ ਵਿਚ ਕੋਈ ਟੋਟਮੀ ਯੁੱਗ ਜ਼ਰੂਰ ਰਿਹਾ ਹੋਵੇਗਾ, ਜਿਸ ਦੇ ਅਵਸ਼ੇਸ਼ ਅੱਜ ਦੇ ਟੋਟਮੀ ਰੀਤੀ ਰਿਵਾਜ ਹਨ। ਅਜਿਹੇ ਇਤਿਹਾਸਕਾਰਾਂ ਵਿਚ ਰੇਨਾਖ ਅਤੇ ਮੈਕਲੇਨਨ ਦੇ ਨਾਂ ਜ਼ਿਕਰਯੋਗ ਹਨ। ਇਸ ਕਿਸਮ ਦੀ ਵਿਚਾਰਧਾਰਾ ਦੇ ਅਨੁਸਾਰ, ਰੇਨਾਖ (1900 ਈ. ਵਿਚ) ਨੇ ਟੋਟਮਵੀਦ ਦੇ ਮੁੱਖ ਲੱਛਣਾਂ ਦੀ ਇਕ ਸਾਰਣੀ ਪੇਸ਼ ਕੀਤੀ। ਇਸ ਸਾਰਣੀ ਦੇ ਅਨੁਸਾਰ-

- ਕੁਝ ਜਾਨਵਰਾਂ ਨੂੰ ਮਾਰਿਆ ਜਾਂ ਖਾਧਾ ਨਹੀਂ ਜਾਂਦਾ ਅਤੇ ਅਜਿਹੇ ਜਾਨਵਰਾਂ ਨੂੰ ਉਨ੍ਹਾਂ ਭਾਈਚਾਰਿਆਂ ਦੇ ਵਿਅਕਤੀਆਂ ਦੁਆਰਾ ਪਾਲਿਆ ਜਾਂਦਾ ਹੈ।
- ਜੇਕਰ ਅਜਿਹਾ ਜਾਨਵਰ ਮਰ ਜਾਵੇ ਤਾਂ ਉਸ ਦੀ ਮੌਤ ਦਾ ਸੋਗ ਮਨਾਇਆ ਜਾਂਦਾ ਹੈ। ਕਿਤੇ-ਕਿਤੇ ਮਰੇ ਹੋਏ ਪਸ਼ੂ ਦਾ ਸੰਸਕਾਰ ਵੀ ਕੀਤਾ ਜਾਂਦਾ ਹੈ।
- ਕਿਤੇ-ਕਿਤੇ ਕਿਸੇ ਜਾਨਵਰ ਜਾਂ ਜਾਨਵਰਾਂ ਦੇ ਕਿਸੇ ਖਾਸ ਹਿੱਸੇ ਨੂੰ ਖਾਣ ਦੀ ਮਨਾਹੀ ਹੈ।
- ਜੇਕਰ ਅਜਿਹੇ ਜਾਨਵਰ ਨੂੰ ਮਾਰਨਾ ਜਾਂ ਬਲੀ ਦੇਣੀ ਪਵੇ ਤਾਂ ਪ੍ਰਾਰਥਨਾ ਆਦਿ ਨਾਲ ਮਨਾਹੀ ਦੀ ਉਲੰਘਣਾ ਵਿਧੀਪੂਰਵਕ ਕੀਤੀ ਜਾਂਦੀ ਹੈ।
- ਜਾਨਵਰ ਦੀ ਬਲੀ ਦੇਣ ਤੋਂ ਬਾਅਦ ਵੀ ਸੋਗ ਕੀਤਾ ਜਾਂਦਾ ਹੈ।
- ਤਿਉਹਾਰਾਂ 'ਤੇ ਉਸ ਪਸ਼ੂ ਦੀ ਖੱਲ ਆਦਿ ਪਾ ਕੇ ਉਸ ਦਾ ਢੌਂਗ ਭਰਿਆ ਜਾਂਦਾ ਹੈ।
- ਗਣ ਅਤੇ ਵਿਅਕਤੀ ਆਪਣੇ ਨਾਮ ਉਸ ਜਾਨਵਰ 'ਤੇ ਰੱਖਦੇ ਹਨ।
- ਗਣ ਦੇ ਮੈਂਬਰ ਆਪਣੇ ਝੰਡਿਆਂ ਅਤੇ ਹਥਿਆਰਾਂ 'ਤੇ ਜਾਨਵਰ ਦੀ ਤਸਵੀਰ ਦੀ ਨਿਸ਼ਾਨਦੇਹੀ

ਕਰਦੇ ਹਨ ਜਾਂ ਆਪਣੇ ਸਰੀਰ 'ਤੇ ਇਸ ਦਾ ਚਿੱਤਰ ਬਣਵਾਉਂਦੇ ਹਨ।

- ਭਾਵੇਂ ਜਾਨਵਰ ਵਹਿਸ਼ੀ ਹੈ, ਉਸ ਨੂੰ ਦੋਸਤ ਅਤੇ ਸ਼ੁਭਚਿੰਤਕ ਮੰਨਿਆ ਜਾਂਦਾ ਹੈ।
- ਉਨ੍ਹਾਂ ਦਾ ਮੰਨਣਾ ਹੈ ਕਿ ਟੋਟਮ-ਜਾਨਵਰ ਉਨ੍ਹਾਂ ਨੂੰ ਸਮੇਂ ਦੇ ਨਾਲ ਚੇਤੰਨ ਅਤੇ ਸੁਚੇਤ ਕਰ ਦੇਵੇਗਾ।
- ਉਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ ਪਸ਼ੂ ਗਣ ਉਨ੍ਹਾਂ ਦਾ ਭਵਿੱਖ ਦੱਸ ਕੇ ਉਨ੍ਹਾਂ ਦਾ ਮਾਰਗਦਰਸ਼ਨ ਕਰਦੇ ਹਨ।
- ਇਹ ਉਸ ਜਾਨਵਰ ਤੋਂ ਆਪਣਾ ਮੂਲ ਮੰਨਦੇ ਹਨ ਅਤੇ ਉਸ ਨਾਲ ਨਜ਼ਦੀਕੀ ਸਬੰਧ ਕਾਇਮ ਰੱਖਦੇ ਹਨ।

ਟੋਟਮਵਾਦ ਦੀਆਂ ਨਿਸ਼ਾਨੀਆਂ ਦੁਨੀਆਂ ਵਿਚ ਹਰ ਥਾਂ ਨਹੀਂ ਮਿਲਦੀਆਂ। ਉਦਾਹਰਨ ਲਈ, ਹੈਡਾ ਅਤੇ ਟਲਿੰਗਿਟ ਜਾਤੀਆਂ ਵਿਚ, ਟੋਟਮਵਾਦ ਇਕ ਸਮਾਜਿਕ ਪ੍ਰਥਾ ਹੈ, ਪਰ ਇਸਦਾ ਧਾਰਮਿਕ ਰੂਪ ਵਿਕਸਿਤ ਨਹੀਂ ਹੋਇਆ। ਟੋਟਮ-ਧਰਮ ਅਤੇ ਰੀਤੀ-ਰਿਵਾਜ ਮੱਧ ਆਸਟ੍ਰੇਲੀਆ ਦੀ ਅਰੁੰਟਾ ਜਾਤੀ ਵਿਚ ਪੂਰੀ ਤਰ੍ਹਾਂ ਵਿਕਸਤ ਹਨ। ਟੋਟਮੀ ਕਿਸੇ ਜਾਨਵਰ ਦੀ ਨਕਲ ਜਾਂ ਸਵਾਂਗ ਨਹੀਂ ਕਰਦਾ। ਟੋਟਮਵਾਦ ਦਾ ਧਾਰਮਿਕ ਰੂਪ ਅਫ਼ਰੀਕਾ ਦੀ ਬੰਗਡਾ ਜਾਤੀ ਵਿਚ ਅਪ੍ਰਾਪਤ ਹੈ। ਭਾਰਤ ਦੀਆਂ ਜਾਤੀਆਂ ਜਿਵੇਂ ਮੁੰਡਾ, ਓਰਾਵ, ਸੰਥਾਲ ਆਦਿ ਵਿਚ, ਟੋਟਮ ਦੀ ਵਰਤੋਂ ਸਿਰਫ ਗਣਨਾਮ ਅਤੇ ਗਣ-ਚਿੰਨ੍ਹ ਦੇ ਰੂਪ ਵਿਚ ਕੀਤੀ ਜਾਂਦੀ ਹੈ। ਉੱਥੇ ਟੋਟਮ-ਬਲੀਦਾਨ ਅਤੇ ਟੋਟਮ-ਪੂਜਾ ਦੀਆਂ ਪਰੰਪਰਾਵਾਂ ਨਹੀਂ ਮਿਲਦੀਆਂ।

### 2.4.3. ਕਬਾਇਲੀ ਕਲਾ 'ਤੇ ਪ੍ਰਭਾਵ

ਗਣ ਦਾ ਪ੍ਰਭਾਵ ਕਬਾਇਲੀ ਕਲਾ ਉੱਤੇ ਭਰਪੂਰ ਪਾਇਆ ਜਾਂਦਾ ਹੈ। ਛੋਟਾ ਨਾਗਪੁਰ ਅਤੇ ਮੱਧ ਪ੍ਰਦੇਸ਼ ਦੇ ਘਰਾਂ ਦੀਆਂ ਕੰਧਾਂ 'ਤੇ ਟੋਟਮ ਦੀਆਂ ਤਸਵੀਰਾਂ ਦਿਖਾਈ ਦਿੰਦੀਆਂ ਹਨ। ਨਿਊਜ਼ੀਲੈਂਡ ਦੇ ਮਾਓਰੀ ਆਪਣੀਆਂ ਕਿਸ਼ਤੀਆਂ 'ਤੇ ਆਪਣੇ ਟੋਟਮ ਦੇ ਚਿੱਤਰ ਬਣਾਉਂਦੇ ਹਨ। ਕਈ ਹੋਰ ਕਬੀਲਿਆਂ ਵਿਚ, ਪਹਿਨੇ ਜਾਣ ਵਾਲੇ ਕੱਪੜਿਆਂ, ਹਥਿਆਰਾਂ, ਸਾਜ਼ੋ-ਸਾਮਾਨ ਅਤੇ ਝੰਡਿਆਂ ਉੱਤੇ ਟੋਟਮ ਪੇਂਟ ਕੀਤਾ ਜਾਂਦਾ ਹੈ। ਆਦਿਵਾਸੀ ਕਲਾ 'ਤੇ ਗਣ-ਚਿੰਨ੍ਹ ਦਾ ਪ੍ਰਭਾਵ, ਖਾਸ ਕਰਕੇ ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਵਿਚ, ਡੂੰਘਾ ਹੈ। ਟੋਟਮ ਗਣ ਦੇ ਮੈਂਬਰ ਆਪਣੇ ਆਪ ਨੂੰ ਟੋਟਮ ਦੇ ਅਲੌਕਿਕ ਅਤੇ ਮਾਨਸਿਕ ਸੰਤਾਨ ਮੰਨਦੇ ਹਨ। ਉਹ ਆਪਣੇ ਕਬੀਲੇ ਵਿਚ ਵਿਆਹ ਨਹੀਂ

ਕਰਦੇ। ਇਸ ਤਰ੍ਹਾਂ, ਟੋਟਮਵਾਦ ਸਮਾਜਾਂ ਵਿਚ ਆਪਣੇ ਕਬੀਲੇ ਤੋਂ ਬਾਹਰ ਵਿਆਹ ਕਰਵਾਉਣ ਦੀ ਰੀਤ ਜਾਇਜ਼ ਹੈ। ਸਰ ਜੇਮਸ ਫਰੇਜ਼ਰ ਦਾ ਵਿਚਾਰ ਹੈ ਕਿ ਟੋਟਮਵਾਦ ਅਤੇ ਕਬੀਲੇ ਤੋਂ ਬਾਹਰ ਵਿਆਹ ਕਰਵਾਉਣ ਦਾ ਕਾਰਣ ਆਪਸੀ ਰਿਸ਼ਤੇ ਵਾਲਾ ਸਬੰਧ ਹੈ। ਟੋਟਮੀ ਗਣ ਦੇ ਮੈਂਬਰ ਅਲੌਕਿਕ ਤੌਰ 'ਤੇ ਟੋਟਮ ਨੂੰ ਗਣ-ਚਿੰਨ੍ਹ ਮੰਨਣ ਕਾਰਨ ਇਕ ਦੂਜੇ ਨਾਲ ਖ਼ੂਨ ਦੇ ਰਿਸ਼ਤੇ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਇਸ ਲਈ ਇਕ ਦੂਜੇ ਨਾਲ ਵਿਆਹ ਨਹੀਂ ਕਰਦੇ।

### 2.4.4. ਭਾਰਤ ਵਿਚ ਟੋਟਮ ਜਾਤੀਆਂ

ਭਾਰਤ ਵਿਚ ਬਹੁਤ ਸਾਰੀਆਂ ਟੋਟਮ ਜਾਤੀਆਂ ਹਨ। ਉਰਾਵ (ਕੁੰਡੂਖ), ਸੰਥਾਲ, ਗੋਂਡ, ਭੀਲ, ਮੁੰਡਾ, ਹੋ ਆਦਿ ਸੌ ਤੋਂ ਵੱਧ ਅਜਿਹੀਆਂ ਜਾਤੀਆਂ ਹਨ ਜਿਨ੍ਹਾਂ ਦੇ ਨਾਂ ਪਸ਼ੂਆਂ, ਪੰਛੀਆਂ ਅਤੇ ਰੁੱਖਾਂ ਉੱਤੇ ਰੱਖੇ ਗਏ ਹਨ। ਉਦਾਹਰਣ ਵਜੋਂ, ਇਹ ਦੇਖਿਆ ਗਿਆ ਹੈ ਕਿ ਮਹਾਰਾਸ਼ਟਰ ਵਿਚ ਤਾਂਬੇ ਦਾ ਪਰਿਵਾਰਕ ਨਾਮ ਰੱਖਣ ਵਾਲੇ ਲੋਕ, ਨਾਗ ਨੂੰ ਆਪਣਾ ਪਰਿਵਾਰਕ ਦੇਵਤਾ ਮੰਨਦੇ ਹਨ ਅਤੇ ਕਦੇ ਵੀ ਸੱਪਾਂ ਨੂੰ ਨਹੀਂ ਮਾਰਦੇ। 19ਵੀਂ ਸਦੀ ਵਿਚ, ਸਤਪੁੜਾ ਦੇ ਜੰਗਲਾਂ ਵਿਚ ਰਹਿਣ ਵਾਲੇ ਭੀਲ ਲੋਕਾਂ ਵਿਚ, ਇਹ ਦੇਖਿਆ ਗਿਆ ਸੀ ਕਿ ਹਰੇਕ ਸਮੂਹ ਵਿਚ ਇਕ ਟੋਟਮ, ਜਾਨਵਰ ਜਾਂ ਰੁੱਖ ਸੀ, ਜਿਵੇਂ- ਕੀੜਾ, ਸੱਪ, ਮੋਰ, ਬਾਂਸ, ਪਿੱਪਲ ਆਦਿ। ਇਕ ਸਮੂਹ ਦਾ ਟੋਟਮ ਗਵਲਾ ਨਾਮ ਦੀ ਇਕ ਲਤਾ ਸੀ, ਜਿਸ ਉੱਤੇ ਜੇਕਰ ਉਸ ਸਮੂਹ ਦਾ ਕੋਈ ਮੈਂਬਰ ਗਲਤੀ ਨਾਲ ਪੈਰ ਰੱਖਦਾ ਸੀ, ਤਾਂ ਉਹ ਉਸ ਨੂੰ ਸਲਾਮ ਕਰਦਾ ਸੀ ਅਤੇ ਉਸ ਤੋਂ ਮੁਆਫੀ ਮੰਗਦਾ ਸੀ। ਜੇਕਰ ਦੋ ਕਬੀਲਿਆਂ ਵਿਚ ਇੱਕੋ ਟੋਟਮ ਹੋਵੇ, ਤਾਂ ਉਹਨਾਂ ਨੂੰ ਆਪਸ ਵਿਚ ਵਿਆਹ ਕਰਨ ਦੀ ਮਨਾਹੀ ਸੀ ਕਿਉਂਕਿ ਉਹਨਾਂ ਨੂੰ ਇੱਕੋ ਪੂਰਵਜ ਦੀ ਸੰਤਾਨ ਮੰਨਿਆ ਜਾਂਦਾ ਸੀ।

ਟੋਟਮਵਾਦ ਦੇ ਸੰਬੰਧੀ ਡਾ. ਵਜ਼ੀਰ ਸਿੰਘ ਲਿਖਦੇ ਹਨ ਕਿ ਕਈ ਹਾਲਤਾਂ ਵਿਚ ਕਿਸੇ ਵਿਸ਼ੇਸ਼ ਵਸਤੂ ਦੀ ਬਜਾਇ, ਵਸਤੂ ਦੀ ਕਿਸਮ (ਜਾਤੀ ਜਾਂ ਸ਼੍ਰੇਣੀ) ਨੂੰ ਹੀ ਰਹੱਸਮਈ ਸ਼ਕਤੀ ਦਾ ਪ੍ਰਤੀਕ ਮੰਨ ਲਿਆ ਜਾਂਦਾ ਹੈ। ਅਮਰੀਕਾ ਦੇ ਕਈ ਆਦਿਵਾਸੀ ਕਬੀਲਿਆਂ ਵਿਚ ਇਸ ਕਿਸਮ ਦਾ ਵਿਸ਼ਵਾਸ ਪ੍ਰਚਲਤ ਹੈ। ਭਾਰਤੀ ਨੀਲਗਿਰੀ ਇਲਾਕੇ ਦੇ ਟੋਡਾ ਲੋਕ ਦੁੱਧ ਵਾਲੇ ਰੱਬ ਦੇ ਉਪਾਸਕ ਹਨ, ਉਨ੍ਹਾਂ ਦਾ ਦੇਵਤਾ 'ਦੋਧੀ` ਹੈ, ਜੋ ਮੱਝ ਦੇ ਪ੍ਰਤੀਕ ਨਾਲ ਜੁੜਿਆ ਹੋਇਆ ਹੈ, ਅਤੇ ਜਿਸ ਕਈ ਰਸਮਾਂ ਤੇ ਤਿਉਹਾਰਾਂ ਦਾ ਪਾਤਰ ਬਣਾਇਆ ਜਾਂਦਾ ਹੈ। ਟੋਟਮ ਦਾ ਮਹੱਤਵ ਵਧੇਰੇ ਕਰਕੇ ਸਮਾਜਕ ਹੈ, ਕਿਉਂਕਿ ਇਸ ਅਨੁਸਾਰ ਕਬੀਲਿਆਂ ਦੇ ਆਪਸੀ ਰਿਸ਼ਤੇ ਨਿਰਧਾਰਤ ਹੁੰਦੇ ਹਨ। ਕਿਸੇ

ਕਬੀਲੇ ਵਿਚ ਸਜਾਤੀ (ਸੰਗੋਤਰ) ਵਿਆਹ ਦਾ ਰਿਵਾਜ ਪ੍ਰਚਲਿਤ ਹੈ, ਕਿਸੇ ਵਿਚ ਕਬੀਲੇ ਜਾਂ ਗੋਤਰ ਤੋਂ ਬਾਹਰ ਦੇ ਵਿਆਹ ਦਾ। ਟੋਟਮ-ਭਾਈਚਾਰਾ ਨਿਯਮਾਵਲੀ ਕਾਇਮ ਕਰਦਾ ਹੈ, ਜਿਸ ਦੀ ਪਾਬੰਦੀ ਸਾਰੇ ਮੈਂਬਰਾਂ ਲਈ ਜ਼ਰੂਰੀ ਹੈ। ਇਸ ਤਰ੍ਹਾਂ ਟੋਟਮ ਸਮਾਜਕ ਕਾਨੂੰਨ ਦੀ ਰੂਪ-ਰੇਖਾ ਉਲੀਕਦਾ ਹੈ।

### 2.5. ਜਾਦੂ-ਟੂਣਾ

ਮਨੁੱਖ ਆਦਿ ਕਾਲ ਤੋਂ ਇਹ ਮਹਿਸੂਸ ਕਰਦਾ ਆ ਰਿਹਾ ਹੈ ਕਿ ਪ੍ਰਤੱਖ ਅਤੇ ਜਾਣੇ-ਪਛਾਣੇ ਸੰਸਾਰ ਤੋਂ ਪਰੇ, ਜੀਵਿਤ ਜਾਂ ਨਿਰਜੀਵ ਕੋਈ ਅਣਜਾਣ ਸ਼ਕਤੀ ਜ਼ਰੂਰ ਹੈ, ਜੋ ਸਾਰੇ ਬ੍ਰਹਿਮੰਡੀ ਅਤੇ ਸੰਸਾਰਿਕ ਵਰਤਾਰਿਆਂ ਨੂੰ ਕੰਟਰੋਲ ਕਰਨ ਵਾਲੀਮਨੁੱਖ ਤੋਂ ਵੱਡੀ ਅਤੇ ਸ਼ਕਤੀਸ਼ਾਲੀ ਹੈ। ਇਸ ਲਈ ਇਸ ਅਦ੍ਰਿਸ਼ਟ ਅਤੇ ਅਗਿਆਤ ਸ਼ਕਤੀ ਨੂੰ ਜਾਣਨ ਅਤੇ ਸਮਝਣ ਦੀ ਉਤਸੁਕਤਾ ਆਦਿ ਕਾਲ ਤੋਂ ਉਸ ਵਿਚ ਪਾਈ ਜਾਂਦੀ ਰਹੀ। ਇਹੀ ਕਾਰਨ ਹੈ ਕਿ ਇਨ੍ਹਾਂ ਅਦ੍ਰਿਸ਼ਟ ਅਤੇ ਅਣਜਾਣ ਸ਼ਕਤੀਆਂ ਪ੍ਰਤੀ ਮਨੁੱਖੀ ਸਮਾਜ ਵਿਚ ਵੱਖ-ਵੱਖ ਤਰ੍ਹਾਂ ਦੀਆਂ ਧਾਰਨਾਵਾਂ ਅਤੇ ਮਾਨਤਾਵਾਂ ਪਾਈਆਂ ਜਾਂਦੀਆਂ ਹਨ। ਜਦੋਂ ਕਿਸੇ ਵਰਤਾਰੇ ਦਾ ਇੰਦਰੀ-ਪ੍ਰਤੱਖ ਸੰਸਾਰ ਦੇ ਕਾਰਨਾਂ ਨਾਲ ਸਿੱਧਾ ਸਬੰਧ ਨਹੀਂ ਹੋ ਸਕਦਾ ਜਾਂ ਇਹ ਪੂਰੀ ਤਰ੍ਹਾਂ ਅਣਕਿਆਸਿਆ ਪ੍ਰਗਟ ਹੁੰਦਾ ਹੈ, ਤਾਂ ਇਸਨੂੰ ਅਲੌਕਿਕ ਸ਼ਕਤੀ ਮੰਨਿਆ ਜਾਂਦਾ ਹੈ। ਮਨੁੱਖ ਇਸ ਅਲੌਕਿਕ ਸ਼ਕਤੀ ਨਾਲ ਜਿਸ ਤਰ੍ਹਾਂ ਦੇ ਸਬੰਧਾਂ ਦੀ ਕਲਪਨਾ ਕਰਦਾ ਹੈ, ਉਹ ਧਰਮ ਜਾਂ ਜਾਦੂ ਜਾਂ ਇਸ ਵਿਚਕਾਰ ਕੋਈ ਵੀ ਸਥਿਤੀ ਪੈਦਾ ਕਰਨ ਵਿਚ ਸਹਾਇਕ ਸਿੱਧ ਹੁੰਦੇ ਹਨ। ਇਸ ਅਨੁਭਵ ਦੁਆਰਾ ਪੈਦਾ ਹੋਏ ਵਿਸ਼ਵਾਸ ਅਤੇ ਮਾਨਤਾਵਾਂ ਦੋ ਵੱਖ-ਵੱਖ ਦਿਸ਼ਾਵਾਂ ਵਿਚ ਵਿਕਸਤ ਹੋ ਸਕਦੇ ਹਨ। ਜੇਕਰ ਮਨੁੱਖ ਆਪਣੀ ਅਸਮਰੱਥਾ ਨੂੰ ਸਵੀਕਾਰ ਕਰ ਕੇ ਇਨ੍ਹਾਂ ਅਲੌਕਿਕ ਸ਼ਕਤੀਆਂ ਨੂੰ ਮੱਥਾ ਟੇਕ ਕੇ ਪੂਜਣਾ ਸ਼ੁਰੂ ਕਰ ਦਿੰਦਾ ਹੈ, ਆਪਣੇ ਆਪ ਨੂੰ ਇਨ੍ਹਾਂ 'ਤੇ ਨਿਰਭਰ ਸਮਝਦਾ ਹੈ ਅਤੇ ਉਨ੍ਹਾਂ ਦੇ ਸਮਰਪਣ ਕਰ ਦਿੰਦਾ ਹੈ ਤਾਂ ਉਸ ਅੰਦਰ ਜੋ ਭਾਵਨਾ ਪੈਦਾ ਹੁੰਦੀ ਹੈ, ਉਸ ਨੂੰ ਧਰਮ ਕਿਹਾ ਜਾਂਦਾ ਹੈ। ਇਸ ਦੇ ਉਲਟ, ਜਦੋਂ ਇਨ੍ਹਾਂ ਅਲੌਕਿਕ ਸ਼ਕਤੀਆਂ ਨੂੰ ਆਪਣੇ ਅਧੀਨ ਕਰਨ ਅਤੇ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਇਸ ਨੂੰ ਜਾਦੂ ਕਿਹਾ ਜਾਂਦਾ ਹੈ। ਅਸੀਂ ਕਿਸੇ ਵੀ ਆਦਮ ਅਤੇ ਆਧੁਨਿਕ, ਵਿਕਸਿਤ ਅਤੇ ਅਵਿਕਸਿਤ ਸਮਾਜ ਅਤੇ ਸੰਸਕ੍ਰਿਤੀ ਵਿਚ ਧਰਮ ਅਤੇ ਜਾਦੂ ਦਾ ਪ੍ਰਭਾਵ ਦੇਖ ਸਕਦੇ ਹਾਂ, ਕੋਈ ਵੀ ਅਜਿਹਾ ਸਮਾਜ ਅਤੇ ਸੱਭਿਆਚਾਰ ਨਜ਼ਰ ਨਹੀਂ ਆਉਂਦਾ ਜਿਸ ਵਿਚ ਇਹਨਾਂ ਦੋ ਪਹਿਲੂਆਂ (ਧਰਮ ਅਤੇ ਜਾਦੂ) ਦੀ ਮੌਜੂਦਗੀ ਨੂੰ ਨਿਸ਼ਾਨਾ ਨਾ ਬਣਾਇਆ ਗਿਆ ਹੋਵੇ। ਅੱਜ ਦੇ ਉੱਨਤ ਧਾਰਮਿਕ ਸਮਾਜਾਂ ਵਿਚ ਵੀ ਜਾਦੂਈ ਗਤੀਵਿਧੀਆਂ ਦੀ ਮੌਜੂਦਗੀ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਭਾਰਤ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ,

ਧਾਰਮਿਕ ਗਤੀਵਿਧੀਆਂ ਦੇ ਨਾਲ-ਨਾਲ ਟੋਟਕੇ ਅਤੇ ਘਟਨਾਵਾਂ ਹੁੰਦੀਆਂ ਹਨ। ਇਸੇ ਤਰ੍ਹਾਂ ਆਦਿਮ ਸਭਿਆਚਾਰਾਂ ਵਿਚ ਵੀ ਜਾਦੂਈ ਕਿਰਿਆਵਾਂ ਪ੍ਰਚਲਿਤ ਹਨ, ਇੱਥੇ ਅਸੀਂ ਬਹੁਤ ਸਾਰੀਆਂ ਧਾਰਮਿਕ ਗਤੀਵਿਧੀਆਂ ਨੂੰ ਉਨ੍ਹਾਂ ਦੇ ਅਸਲੀ ਰੂਪ ਵਿਚ ਕਰਦੇ ਵੇਖ ਸਕਦੇ ਹਾਂ।

**2.5.1. ਸਾਬਦਿਕ ਅਰਥ ਅਤੇ ਸਰੂਪ**

ਜਾਦੂ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ ਮੈਜ਼ੀਕੋਜ਼ (Magikos) ਤੋਂ ਲਿਆ ਗਿਆ ਹੈ ਜਿਸ ਦਾ ਸੰਬੰਧ ਫਾਰਸੀ ਦੀ ਜਾਦੂਗਰੀ ਨਾਲ ਪ੍ਰਤੀਤ ਹੁੰਦਾ ਹੈ। ਜਾਦੂ ਦਾ ਅਰਥ ਹੈ ਸੰਸਾਰ ਦੇ ਆਮ ਕੁਦਰਤੀ ਅਤੇ ਵਿਗਿਆਨਕ ਨਿਯਮਾਂ ਨੂੰ ਅਸਧਾਰਨ ਤੌਰ 'ਤੇ ਬਦਲਣਾ, ਨਿਯੰਤਰਿਤ ਕਰਨਾ ਜਾਂ ਜਾਦੂ, ਜਾਦੂਗਰੀ ਜਾਂ ਰੀਤੀ-ਰਿਵਾਜਾਂ ਦੀ ਵਰਤੋਂ ਦੁਆਰਾ ਅਜਿਹਾ ਕਰਨ ਦੀ ਕੋਸ਼ਿਸ਼ ਜਾਂ ਦਿਖਾਵਾ ਕਰਨਾ। ਜ਼ਿਆਦਾਤਰ ਲੋਕ ਜਾਦੂ ਨੂੰ ਕਾਲਪਨਿਕ ਅਤੇ ਝੂਠਾ ਮੰਨਦੇ ਹਨ, ਕਿਉਂਕਿ ਉਨ੍ਹਾਂ ਅਨੁਸਾਰ ਵਿਗਿਆਨ ਦੇ ਨਿਯਮਾਂ ਅਤੇ ਕਾਨੂੰਨ ਨੂੰ ਬਦਲਣਾ ਅਸੰਭਵ ਹੈ। ਕੁਝ ਲੋਕ ਜੋ ਜਾਦੂ ਨੂੰ ਸੱਚ ਮੰਨਦੇ ਹਨ, ਇਸ ਨੂੰ ਅਧਰਮ ਅਤੇ ਪਾਪ ਸਮਝਦੇ ਹਨ। ਬਹੁਤੇ ਲੋਕ ਧਾਰਮਿਕ ਰਸਮਾਂ ਅਤੇ ਮੰਤਰਾਂ ਨੂੰ ਜਾਦੂ ਨਹੀਂ ਸਮਝਦੇ, ਸਗੋਂ ਇਸਨੂੰ "ਪ੍ਰਾਰਥਨਾ ਅਤੇ ਪਰਮਾਤਮਾ ਦੀ ਸ਼ਕਤੀ" ਸਮਝਦੇ ਹਨ। ਜਾਦੂ ਜਾਨਣ ਵਾਲੇ ਅਤੇ ਜਾਦੂ ਕਰਨ ਵਾਲੇ ਨੂੰ ਜਾਦੂਗਰ ਕਿਹਾ ਜਾਂਦਾ ਹੈ। ਚਮਤਕਾਰ, ਇੰਦਰਜਾਲ, ਅਭਿਚਾਰ, ਟੂਣਆ ਜਾਂ ਤੰਤਰ-ਮੰਤਰ ਵਰਗੇ ਸ਼ਬਦ ਵੀ ਜਾਦੂ ਦੀ ਸ਼੍ਰੇਣੀ ਵਿਚ ਆਉਂਦੇ ਹਨ।

ਡਾ. ਵਜ਼ੀਰ ਸਿੰਘ ਅਨੁਸਾਰ, ਕਈ ਚਿੰਤਕਾਂ ਦਾ ਮਤ ਹੈ ਕਿ ਧਰਮ ਦਾ ਵਿਕਾਸ ਜਾਦੂਗਰੀ ਵਿਚੋਂ ਹੋਇਆ ਹੈ, ਜਾਂ ਇਹ ਜਾਦੂ ਦਾ ਵਿਕਸਿਤ ਰੂਪ ਹੈ। ਜਾਦੂਗਰ ਦੇ ਹੁਨਰ ਵਿਚ ਕੁਝ ਮੰਤਰ ਬੋਲੇ ਜਾਂਦੇ ਹਨ, ਜੋ ਸਾਧਾਰਨ ਵਿਅਕਤੀ ਦੀ ਸਮਝ ਤੋਂ ਉਪਰ ਹੁੰਦੇ ਹਨ। ਧਰਮ ਵਿਚ ਮੰਤਰ-ਪਾਠ, ਬਾਣੀ ਤੇ ਅਰਦਾਸ ਦੀ ਵਰਤੋਂ ਕੀਤੀ ਜਾਂਦੀ ਹੈ। ਜਾਦੂ ਵਿਚ ਤੰਤਰ-ਕ੍ਰਿਆ ਪਾਸੋਂ ਕੰਮ ਲਿਆ ਜਾਂਦਾ ਹੈ, ਧਰਮ ਵਿਚ ਡੰਡੋਤ ਬੰਦਨਾ, ਅਰਚਾ-ਪੂਜਾ, ਨਮਾਜ਼ ਆਦਿ ਦੀ ਵਿਸ਼ੇਸ਼ਤਾ ਹੈ। ਇਸ ਸਮੀਪਤਾ ਦੇ ਬਾਵਜੂਦ, ਇਹ ਸਿੱਟਾ ਅਨਿਵਾਰੀ ਨਹੀਂ ਜਾਪਦਾ ਕਿ ਜਾਦੂ ਨੇ ਧਰਮ ਨੂੰ ਜਨਮ ਦਿੱਤਾ ਹੈ। ਇਨ੍ਹਾਂ ਦੇ ਵਿਭਿੰਨ ਖੇਤਰ ਹਨ, ਵਿਭਿੰਨ ਉਦੇਸ਼ ਹਨ, ਤੇ ਵਿਭਿੰਨ ਹੀ ਤਕਨੀਕਾਂ ਹਨ, ਚਾਹੇ ਕਈ ਸਥਿਤੀਆਂ ਵਿਚ ਇਹਨਾਂ ਦਾ ਪਰਸਪਰ ਸੰਪਰਕ ਕਾਇਮ ਹੋ ਜਾਵੇ।

ਪੰਜਾਬੀ ਪੀਡੀਆ ਅਨੁਸਾਰ ਜਾਦੂ-ਟੂਣਾ ਨੂੰ ਜੰਤਰ ਮੰਤਰ ਅਥਵਾ ਯੰਤਰ ਮੰਤਰ, ਟੋਟਕਾ ਆਦਿ ਵੀ ਕਿਹਾ ਜਾਂਦਾ ਹੈ। ਕਿਸੇ ਵਿਘਨ ਜਾਂ ਰੁਕਾਵਟ ਨੂੰ ਦੂਰ ਕਰਨ ਜਾਂ ਕਿਸੇ ਮਨੋਰਥ ਨੂੰ ਸਿੱਧ ਕਰਨ ਲਈ ਕੋਈ ਅਜਿਹਾ ਕੰਮ ਜਾਂ

ਪ੍ਰਯੋਗ ਜਿਹੜਾ ਅਲੌਕਿਕ ਜਾਂ ਦੈਵੀ ਸ਼ਕਤੀ ਉਤੇ ਵਿਸ਼ਵਾਸ ਕਰਕੇ ਕੀਤਾ ਹੋਵੇ ਅਤੇ ਜਿਸ ਨੂੰ ਆਮ ਲੋਕ ਅਦਭੁਤ ਹੈਰਾਨੀਜਨਕ, ਅਲੌਕਿਕ ਤੇ ਅਣ-ਮਨੁੱਖੀ ਪ੍ਰਯੋਗ ਜਾਂ ਕੰਮ ਸਮਝਦੇ ਹੋਣ, ਨੂੰ ਜਾਦੂ-ਟੂਣਾ ਕਿਹਾ ਜਾਂਦਾ ਹੈ। ਕਿਸੇ ਕਰਾਮਾਤੀ ਢੰਗ ਨਾਲ ਮੰਤਵ ਸਿੱਧ ਕਰ ਲੈਣ ਦੀ ਵਿਧੀ ਜਾਦੂ ਹੈ। ਡਾ. ਵਣਜਾਰਾ ਬੇਦੀ ਅਨੁਸਾਰ ਜਾਦੂ ਇਕ ਕਲਾ ਹੈ ਜੋ ਦੋ ਗੱਲਾਂ ਮਿਥ ਕੇ ਤੁਰਦੀ ਹੈ ਪਹਿਲੀ ਇਹ ਕਿ ਪ੍ਰਕ੍ਰਿਤੀ ਵਿਚ ਹਰ ਇਕ ਕਾਰਨ ਕਿਸੇ ਕਾਰਜ ਨੂੰ ਜਨਮ ਦਿੰਦਾ ਹੈ ਅਤੇ ਇਸ ਘਟਨਾ ਪਿੱਛੋਂ ਦੂਜੀ ਘਟਨਾ ਬਿਨਾ ਕਿਸੇ ਦੈਵੀ ਜਾਂ ਅਧਿਆਤਮਕ ਸ਼ਕਤੀ ਦੇ ਦਖ਼ਲ ਦੇ ਆਪਣੇ ਆਪ ਸਹਿਜ ਰੂਪ ਵਿਚ ਵੀ ਵਾਪਰਦੀ ਹੈ। ਇਸ ਲਈ ਜੇ ਮੰਤਰਾਂ, ਕਰਮ-ਕਾਂਡਾਂ ਜਾਂ ਰੀਤਾਂ ਨਾਲ ਕਾਰਨ ਪੈਦਾ ਕੀਤੇ ਜਾਣ ਤਾਂ ਕਾਰਜ ਆਪੇ ਸਿੱਧ ਹੋ ਜਾਂਦਾ ਹੈ। ਦੂਜੀ ਕਿਸੇ ਵਸਤੂ ਜਾਂ ਸਥਿਤੀ ਉੱਤੇ ਕਾਬੂ ਪਾ ਲੈਣ ਨਾਲ, ਭਰਮ ਪੈਦਾ ਕਰਨ ਨਾਲ ਉਹ ਵਸਤੂ ਜਾਂ ਸਥਿਤੀ ਵੱਸ ਵਿਚ ਆ ਜਾਂਦੀ ਹੈ।ਨਡਾ. ਵਣਜਾਰਾ ਬੇਦੀ ਅਨੁਸਾਰ ਜਾਣੂ-ਟੂਣੇ ਦੋ ਪ੍ਰਕਾਰ ਦੇ ਹੁੰਦੇ ਹਨ - ਭੁਲਾਵਾਂ ਜਾਦੂ, ਲਾਗਵਾਂ ਜਾਣੂ, ਅਭਾਵਾਤਮਕ ਜਾਦੂ, ਭਾਵਾਤਮਕ ਜਾਦੂ, ਚਿੱਟਾ ਜਾਦੂ ਅਤੇ ਕਾਲਾ ਜਾਂਦਾ।

### 2.5.1 ਜਾਦੂ ਦੇ ਦੋ ਰੂਪ

ਜੇਮਜ਼ ਜਾਰਜ਼ ਫਰੇਜ਼ਰ ਨੇ ਜਾਦੂ ਦੇ ਦੋ ਬੁਨਿਆਦੀ ਨਿਯਮ ਮੰਨੇ ਹਨ- ਸਮਾਨਤਾ ਦਾ ਨਿਯਮ (Law of Similarity) ਅਤੇ ਸੰਪਰਕ ਦਾ ਨਿਯਮ (Law of Contact or Contagion)। ਸਮਾਨਤਾ ਦੇ ਨਿਯਮ ਇਸ ਧਾਰਨਾ ਤੇ ਆਧਾਰਿਤ ਹਨ ਕਿ ਪ੍ਰਭਾਵ ਕਾਰਨ ਦੇ ਸੁਭਾਅ ਅਨੁਸਾਰ ਹੀ ਹੁੰਦਾ ਹੈ (like produces like) । ਉਦਾਹਰਣ ਵਜੋਂ ਕਿਸੇ ਮਨੁੱਖ ਨੂੰ ਨੁਕਸਾਨ ਪਹੁੰਚਾਉਣ ਲਈ ਉਸ ਦੇ ਪੁਤਲੇ ਨੂੰ ਨੁਕਸਾਨ ਪਹੁੰਚਾਉਣ ਦੀ ਕਿਰਿਆ। । ਸੰਪਰਕ ਦਾ ਨਿਯਮ ਅਜਿਹੀ ਧਾਰਨਾ ਤੇ ਆਧਾਰਿਤ ਹੈ ਕਿ ਕਿਸੇ ਆਦਮੀ ਨੂੰ ਨੁਕਸਾਨ ਪਹੁੰਚਾਉਣ ਲਈ ਉਸ ਦੇ ਸੰਪਰਕ ਵਿਚ ਰਹਿ ਚੁੱਕੀਆਂ ਉਸ ਦੀਆਂ ਵਸਤੂਆਂ ਜਿਵੇਂ- ਉਸ ਦੇ ਨਹੁੰ, ਵਾਲ ਜਾਂ ਕੱਪੜੇ ਨੂੰ ਜਲਾਏ ਜਾਣ ਦੀ ਕਿਰਿਆ।

ਪ੍ਰਾਚੀਨ ਕਾਲ ਵਿਚ ਸੰਸਾਰ ਦੀਆਂ ਲਗਭਗ ਸਾਰੀਆਂ ਜਾਤੀਆਂ ਦੇ ਲੋਕ ਕਿਸੇ ਨਾ ਕਿਸੇ ਰੂਪ ਵਿਚ ਜਾਦੂ-ਟੂਣਿਆਂ ਉੱਤੇ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਦਿਨਾਂ ਵਿਚ ਰੋਗਾਂ ਦੇ ਇਲਾਜ, ਵੱਡੀਆਂ-ਵੱਡੀਆਂ ਕਾਮਨਾਵਾਂ ਦੀ ਸਿੱਧੀ ਅਤੇ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਲਈ ਚੰਗੇ ਚੰਗੇ ਜਾਦੂਗਰਾਂ ਤੇ ਸਿਆਣਿਆ ਤੇ ਅਨੇਕਾਂ ਤਰ੍ਹਾਂ ਦੇ ਜਾਦੂ-ਟੂਣੇ ਕਰਵਾਏ ਜਾਂਦੇ ਸਨ। ਇਸ ਤਰ੍ਹਾਂ ਜਾਦੂ-ਟੂਣੇ ਵੀ ਲੋਕ ਚਿਕਿਤਸਾ ਦੀ ਇਹ ਸਾਖਾ ਹੈ ਅਤੇ ਜੰਤਰ-ਮੰਤਰ ਧਾਗੇ,

ਤਵੀਤ, ਝਾੜ, ਫੂਕ ਆਦਿ ਇਸ ਦੀਆਂ ਹੀ ਵੰਨਗੀਆਂ ਹਨ। ਡਾ. ਗੁਰਮੀਤ ਸਿੰਘ ਅਨੁਸਾਰ ਚਿਕਿਤਸਾ ਦੀ ਦ੍ਰਿਸ਼ਟੀ ਤੋਂ ਜਾਦੂ ਦੇ ਖੇਤਰ ਵਿਚ ਸਿਰਫ ਉਹ ਜੜੀਆਂ-ਬੂਟੀਆਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਦੀ ਵਰਤੋਂ ਪਿੱਛੇ ਕੋਈ ਲੋਕ ਵਿਸ਼ਵਾਸ ਜਾਂ ਧਾਰਮਿਕ ਰੂੜੀ ਹੋਵੇ, ਜਿਵੇਂ ਅਜਵਾਇਣ ਲੋਕ ਚਿਕਿਤਸਾ ਦੀ ਦਵਾਈ ਹੈ ਪਰ ਜੇਕਰ ਮੰਤਰ ਕੇ ਅਜਵਾਇਣ ਦਿੱਤੀ ਜਾਵੇ ਤਾਂ ਇਹ ਜਾਦੂ-ਟੂਣੇ ਦਾ ਅੰਗ ਬਣ ਜਾਂਦੀ ਹੈ।

### 2.5.3. ਲੋਕ ਵਿਸ਼ਵਾਸ਼ ਅਤੇ ਜਾਦੂ

ਜਾਦੂ ਟੂਣੇ ਦੇ ਮਾਹਿਰ ਨੂੰ ਸਿਆਣਾ ਜਾਂ ਚੇਲਾ ਵੀ ਕਿਹਾ ਜਾਂਦਾ ਹੈ। ਸਿਆਣੇ ਤੋਂ ਭਾਵ ਸੂਝਵਾਨ ਜਾਂ ਬੀਮਾਰੀ ਨੂੰ ਸਮਝਣ ਵਾਲਾ ਹੈ। ਸਿਆਣੇ ਜਾਂ ਚੇਲੇ ਨੇ ਕਿਸੇ ਪੀਰ ਫ਼ਕੀਰ ਦੀ ਸਿੱਧੀ ਕੀਤੀ ਹੁੰਦੀ ਹੈ ਤਾਂ ਉਹ ਉਨ੍ਹਾਂ ਦੀ ਅਰਾਧਨਾ ਵੀ ਕਰਦਾ ਹੈ। ਲੋਕ ਧਰਮ ਨਾਲ ਸੰਬੰਧਿਤ ਕਾਲੀ, ਭੈਰੋਂ, ਗੋਰਖ ਨਾਥ, ਬਾਲਕਨਾਥ, ਗੁੱਗਾ ਪੀਰ, ਬਜਰੰਗ ਬਲੀ ਆਦਿ ਦਾ ਸਹਾਰਾ ਲਿਆ ਜਾਂਦਾ ਹੈ।

ਜਾਦੂ-ਟੂਣੇ ਵਿਚ ਜੰਤਰ, ਮੰਤਰ ਤੇ ਤਵੀਤ ਤਿੰਨ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਜੰਤਰ ਦਾ ਮੰਤਰ ਢੰਗ ਜਿਵੇਂ ਕੋਈ ਤਵੀਤ ਗਲ ਪਾਉਣਾ, ਡੌਲੇ ਨਾਲ ਬੰਨ੍ਹਣਾ ਜਾਂ ਧੋ ਕੇ ਪੀਣਾ ਹੈ। ਮੁਸਲਮਾਨਾਂ ਵਿਚ ਮੰਤਰ ਨੂੰ ਇਲਮ ਵੀ ਕਹਿ ਦਿੱਤਾ ਜਾਂਦਾ ਹੈ ਜਿਵੇਂ ਕਾਲਾ ਇਲਮ ਆਦਿ। ਡਾ. ਵਣਜਾਰਾ ਬੇਦੀ ਅਨੁਸਾਰ ਮੰਤਰ ਸ਼ਬਦਾਂ ਦਾ ਸੂਤ੍ਰਕ ਸਮੂਹ ਹੁੰਦਾ ਹੈ ਜਿਸ ਦੇ ਉਚਾਰਣ ਨਾਲ ਸੁਤੇ- ਸਿਧ ਕਿਸੇ ਮੰਤਵ ਵੀ ਸਿੱਧੀ ਹੋ ਜਾਂਦੀ ਹੈ। ਮੰਤਰ ਦਾ ਸਿਧਾਂਤ ਇਹ ਮੰਨਿਆ ਜਾਦਾ ਹੈ ਕਿ ਪ੍ਰਕਿਰਤੀ ਦੀ ਹਰੇਕ ਵਸਤੂ ਦੀ ਆਪਣੀ ਇਕ ਧੁਨੀ ਹੁੰਦੀ ਹੈ। ਇਹ ਧੁਨੀ ਸਬੰਧਤ ਵਸਤੂ ਦਾ ਪ੍ਰਾਕ੍ਰਿਤਕ ਨਾਮ ਹੁੰਦੀ ਹੈ ਅਤੇ ਧੁਨੀ ਵਿਚਕਾਰ ਇਕ ਰਹਸਾਤਮਕ ਸੰਬੰਧ ਹੁੰਦਾ ਹੈ, ਜਦੋਂ ਅਸੀਂ ਇਸ ਪ੍ਰਕ੍ਰਿਤਕ ਨਾਮ ਨੂੰ ਦੁਰਹਾਉਦੇ ਹਾਂ ਤਾਂ ਵਸਤੂ ਪ੍ਰਭਾਵਿਤ ਹੁੰਦੀ ਹੈ। ਮੰਤਰ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਵੇਦ-ਮੰਤਰ ਜੋ ਪ੍ਰਮਾਰਥ ਲਈ ਜਾਂ ਧਾਰਮਿਕ ਰਹੁ-ਰੀਤਾਂ ਲਈ ਵਰਤੇ ਜਾਂਦੇ ਹਨ, ਜਿਵੇਂ- ਹਵਨ ਤੇ ਯੱਗ ਆਦਿ ਲਈ। ਦੂਜੇ ਮੰਤਰ ਲੋਕ-ਮੰਤਰ ਹੁੰਦੇ ਹਨ ਜੋ ਭੂਤਾਂ ਪ੍ਰੇਤਾਂ ਨੂੰ ਵੱਸ ਕਰਨ, ਬੀਮਾਰੀਆਂ ਦੂਰ ਕਰਨ ਜਾਂ ਕਈ ਵਾਰ ਕਿਸੇ ਦਾ ਨੁਕਸਾਨ ਕਰਨ ਲਈ ਵਰਤੇ ਜਾਂਦੇ ਹਨ। ਜਾਦੂ-ਟੂਣੇ ਵਿਚ ਲੋਕ ਮੰਤਰ ਹੀ ਕੰਮ ਆਉਂਦੇ ਹਨ। ਮੰਤਰਾਂ ਵਿਚ ਸਿਆਣਾ ਜਾਂ ਚੇਲਾ ਕੁਝ ਖਾਸ ਸ਼ਬਦਾ ਦੀ ਸਿੱਧੀ ਪ੍ਰਾਪਤ ਕਰ ਲੈਂਦਾ ਹੈ। ਇਹ ਸ਼ਬਦ ਕਿਸੇ ਖ਼ਾਸ ਪੀਰ, ਫਕੀਰ ਜਾਂ ਦੇਵੀ-ਦੇਵਤੇ ਨਾਲ ਸੰਬੰਧਿਤ ਹੁੰਦੇ ਹਨ। ਇਨ੍ਹਾਂ ਪੀਰਾਂ ਫ਼ਕੀਰਾਂ ਦੀ ਰੂਹ ਮੰਤਰ ਉਚਾਰਣ ਸਮੇਂ ਸਿਆਣੇ ਅਥਵਾ ਚੇਲੇ ਦੇ ਅੰਦਰ ਆ ਜਾਂਦੀ

ਹੈ। ਪਿੰਡਾਂ ਵਿਚ ਰੋਗੀ ਨੂੰ ਸਾਹਮਣੇ ਬਿਠਾ ਕੇ ਸਿਆਣੇ ਮੰਤਰ ਪੜ੍ਹਦੇ ਹਨ ਤੇ ਫੂਕਾਂ ਮਾਰਦੇ ਹਨ। ਪਿੰਡਾਂ ਵਿਚ ਅਜਿਹੇ ਮੰਤਰਾਂ ਨੂੰ ਝਾੜਾ ਵੀ ਕਿਹਾ ਜਾਂਦਾ ਹੈ। ਰਾਖ ਜਾਂ ਧਾਗਾ ਤਵੀਤ ਜੰਤਰ ਹੁੰਦਾ ਹੈ। ਇਸ ਵਿਚ ਮੰਤਰ ਨੂੰ ਕਿਸੇ ਕਾਗਜ ਦੇ ਟੁਕੜੇ ਜਾਂ ਧਾਗੇ ਨੂੰ ਗੰਢਾਂ ਦੇ ਕੇ ਉਸ ਉਪਰ ਉਚਾਰਣ ਕੀਤਾ ਜਾਂਦਾ ਹੈ। ਇਹ ਰਾਖ ਜਾਂ ਧਾਗਾ ਤਵੀਤ ਸਰੀਰ ਨੂੰ ਬੰਨ੍ਹ ਲਿਆ ਜਾਂਦਾ ਹੈ ਜਾਂ ਕਈ ਵਾਰ ਗੁੱਗਲ ਜਾਂ ਧੂਫ ਨਾਲ ਧੂਣੀ ਵੀ ਦਿੱਤੀ ਜਾਂਦੀ ਹੈ। ਪੰਜਾਬ ਦੇ ਆਮ ਪਿੰਡਾਂ ਵਿਚ ਚੇਲੇ, ਸਿਆਣੇ, ਸਾਧ ਅਜਿਹੇ ਧਾਗੇ, ਤਵੀਤਾਂ ਜਾਂ ਜੰਤਰਾਂ-ਮੰਤਰਾਂ ਨਾਲ ਲੋਕਾਂ ਦੇ ਕਸ਼ਟ ਦੂਰ ਕਰਦੇ ਹਨ। ਇਨ੍ਹਾਂ ਦਾ ਸੰਬੰਧ ਜਨ-ਸਾਧਾਰਣ ਨਾਲ ਹੁੰਦਾ ਹੈ। ਕਈ ਵਾਰ ਪੜ੍ਹੇ ਲਿਖੇ ਵੀ ਇਨ੍ਹਾਂ ਸਾਧ-ਸੰਤਾ ਦੇ ਚੱਕਰਾਂ ਵਿਚ ਵੇਖੇ ਜਾਂਦੇ ਹਨ।

ਛੋਟੇ ਮੋਟੇ ਜਾਦੂ ਟੂਣੇ ਤਾਂ ਆਮ ਘਰਾਂ ਵਿਚ ਸਿਆਣੀਆਂ ਤੀਵੀਆਂ ਕਰਦੀਆਂ ਹਨ, ਜਿਵੇਂ ਕੋਈ ਵਿਅਕਤੀ ਬੀਮਾਰ ਹੋਵੇ ਤਾਂ ਉਸ ਨੂੰ ਬਿਨਾਂ ਦੱਸੇ ਜੂਠੇ ਭਾਂਡੇ ਉਸ ਦੇ ਸਿਰਹਾਣੇ ਰੱਖ ਦੇਣ ਨਾਲ ਬੁਖਾਰ ਹਟ ਜਾਂਦਾ ਹੈ। ਤੇਈਏ ਦੇ ਤਾਪ ਲਈ ਸ੍ਰੀ ਗੁਰੂ ਅਮਰਦਾਸ ਜੀ ਦੀ ਤਈਏ ਤਾਪ ਦੀ ਸਾਖੀ ਸੁਣਾਉਣ ਨਾਲ ਤੇਈਆ ਤਾਪ ਉਤਰ ਜਾਂਦਾ ਹੈ। ਅੱਖ ਤੇ ਗਵਾਂਢਣੀ ਨਿਕਲ ਜਾਵੇ ਤਾਂ ਕਿਸੇ ਦਾ ਦਰਵਾਜਾ ਖੜਕਾਉਣ ਤੇ ਜਦੋਂ ਉਹ ਪੁੱਛੇ ਕੌਣ ਹੈ ਤਾਂ ਕਹਿ ਦੇਣਾ, "ਮੈਂ ਅੱਖ ਤੜਿਕੀ ਤੂੰ ਮੰਗੀ ਤੇ ਮੈਂ ਦਿਤੀ।

ਪੰਜਾਬ ਦੇ ਪਿੰਡਾਂ ਵਿਚ ਭੂਤਾਂ-ਪ੍ਰੇਤਾਂ ਦਾ ਡਰ ਵੀ ਬਹੁਤ ਪਾਇਆ ਜਾਂਦਾ ਹੈ। ਕਿਸ ਦਾ ਕੋਈ ਰੋਗ ਦੂਰ ਨਾ ਹੁੰਦਾ ਹੋਵੇ ਤਾਂ ਸਮਝਿਆ ਜਾਂਦਾ ਹੈ ਕਿ ਇਸ ਨੂੰ ਕੁਝ ਚਿੰਬੜਿਆ ਹੈ ਜਾਂ ਚੰਗਾ-ਮੰਦਾ ਥਾਂ ਲੰਘ ਆਇਆ ਹੈ। ਇਸ ਦੇ ਇਲਾਜ ਲਈ ਸਿਆਣੇ ਪੁੱਛਾਂ ਦਿੰਦੇ ਹਨ ਤੇ ਡੋਲੀਆਂ ਖਿਡਾਉਂਦੇ ਹਨ। ਪੁੱਛ ਦੇਣ ਨੂੰ ਪ੍ਰਸ਼ਨ ਲਾਉਣਾ ਜਾਂ ਕਣ ਕੱਢਣਾ ਵੀ ਕਿਹਾ ਜਾਂਦਾ ਹੈ। ਪੰਜਾਬ ਦੇ ਕਈ ਪਿੰਡਾਂ ਵਿਚ ਇਹੋ ਜਿਹੇ ਸਿਆਣਿਆਂ ਦੇ ਡੇਰੇ ਮਿਲ ਜਾਂਦੇ ਹਨ ਜੋ ਪੁੱਛਾਂ ਦਿੰਦੇ ਹਨ। ਡੇਰਾ ਬਾਬਾ ਬਡਭਾਗ ਸਿੰਘ ਭੂਤਾਂ-ਪ੍ਰੇਤਾਂ ਨੂੰ ਵੱਸ ਕਰਨ ਦਾ ਸਭ ਤੋਂ ਵੱਡਾ ਅਸਥਾਨ ਹੈ। ਪਰ, ਹੁਣ ਵਿਦਿਆ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਲੋਕਾਂ ਵਿਚ ਅੰਧ-ਵਿਸ਼ਵਾਸ ਘੱਟ ਤਹ ਹਨ ਜਿਸ ਕਰਕੇ ਜਾਦੂ ਟੂਣਿਆਂ ਵਿਚ ਲੋਕਾਂ ਦਾ ਵਿਸ਼ਵਾਸ ਘਟਦਾ ਜਾ ਰਿਹਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਧਰਮ ਅਤੇ ਜਾਦੂ ਦੋਵੇਂ ਅਣਜਾਣ ਸੰਸਾਰ ਵਿਚ ਮੌਜੂਦ ਅਣਜਾਣ ਸ਼ਕਤੀ ਨਾਲ ਸੰਬੰਧਿਤ ਹਨ। ਧਰਮ ਅਤੇ ਜਾਦੂ ਦੋਵਾਂ ਵਿਚ, ਕੁਝ ਤਕਨੀਕਾਂ ਅਤੇ ਤਰੀਕਿਆਂ ਦੀ ਮਦਦ ਨਾਲ ਇਸ ਅਣਜਾਣ ਸ਼ਕਤੀ ਤੋਂ ਮਦਦ ਮੰਗੀ ਜਾਂਦੀ ਹੈ। ਧਰਮ ਅਤੇ ਜਾਦੂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਹਨ । ਜਾਦੂ ਦੀਆਂ ਕਈ ਕਿਸਮਾਂ ਹਨ ਜੋ ਲੋਕ ਆਪਣੇ ਸਮਾਜਿਕ-ਸੱਭਿਆਚਾਰਕ ਮਾਹੌਲ ਅਨੁਸਾਰ ਵਰਤਦੇ ਹਨ।

ਇਸ ਲਈ ਇਹ ਕਹਿਣਾ ਬੇਬੁਨਿਆਦ ਨਹੀਂ ਹੋਵੇਗਾ ਕਿ ਧਰਮ ਅਤੇ ਜਾਦੂ ਦੋਹਾਂ ਦਾ ਰੋਜ਼ਮਰ੍ਹਾ ਦੇ ਸਮਾਜਿਕ ਜੀਵਨ ਦੇ ਖੇਤਰ ਵਿਚ ਬਰਾਬਰ ਮਹੱਤਵ ਹੈ ਅਤੇ ਦੋਵੇਂ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿਚ ਸਹਾਈ ਸਿੱਧ ਹੁੰਦੇ ਹਨ। ਫਿਰ ਵੀ, ਇੱਥੇ ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਜਿਨ੍ਹਾਂ ਸਮਾਜਾਂ ਅਤੇ ਸੱਭਿਆਚਾਰਾਂ ਵਿਚ ਵਿਗਿਆਨ ਮੁਕਾਬਲਤਨ ਵਿਕਾਸ ਨਹੀਂ ਹੈ, ਧਰਮ ਅਤੇ ਜਾਦੂ-ਟੂਣੇ ਵਿਕਸਤ ਸਮਾਜਾਂ ਅਤੇ ਸੱਭਿਆਚਾਰਾਂ ਨਾਲੋਂ ਵੱਧ ਮਹੱਤਵਪੂਰਨ ਹਨ। ਵਿਗਿਆਨ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਦੇ ਵਰਤਾਰੇ ਤਰਕਸੰਗਤ ਢੰਗ ਨਾਲ ਵਿਆਖਿਆ ਕਰਨ ਲਈ ਹੁੰਦੇ ਹਨ।

**2.6. ਮਾਨਾ/ ਸਜੀਵਤਾਵਾਦ**

ਮਾਨਾ ਤੋਂ ਭਾਵ ਉਸ ਅਲੌਲਿਕ ਅਤੇ ਅਦਿੱਖ ਸ਼ਕਤੀ ਤੋਂ ਹੈ ਜਿਸ ਨੂੰ ਮਨੁੱਖ ਆਪਣੀ ਬੁੱਧੀ ਦੇ ਘੇਰੇ ਤੋਂ ਬਾਹਰ ਹੋਣ ਕਾਰਨ ਚਮਤਕਾਰੀ ਅਤੇ ਰਹੱਸਪੂਰਨ ਘਟਨਾਵਾਂ ਦੇ ਕਾਰਨ ਵਜੋਂ ਮਹਿਸੂਸ ਕਰਦਾ ਹੈ। ਇਸ ਸਿਧਾਂਤ ਨੂੰ ਮਦਨਾਵਾਦ ਕਿਹਾ ਜਾਂਦਾ ਹੈ। ਮਾਨਾ ਨੂੰ ਇਕ ਦੈਵੀ ਸ਼ਕਤੀ ਮੰਨਿਆ ਜਾਂਦਾ ਹੈ ਜੋ ਆਜਾਦ ਰੂਪ ਵਿਚ ਨਹੀਂ ਸਗੋਂ ਕਿਸੇ ਮਨੁੱਖ ਵਿਚ ਅੰਦਰੂਨੀ ਰੂਪ ਵਿਚ ਕਾਰਜ ਕਰਦੀ ਹੈ। ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਜਿਸ ਮਨੁੱਖ ਵਿਚ ਮਾਨਾ ਦੀ ਸ਼ਕਤੀ ਪ੍ਰਵੇਸ਼ ਕਰਦੀ ਹੈ, ਉਹ ਹਰ ਤਰ੍ਹਾਂ ਦਾ ਅਸੰਭਵ ਅਤੇ ਵੱਡਾ ਕਾਰਜ ਦੇ ਸਮਰੱਥ ਹੋ ਜਾਂਦਾ ਹੈ। ਭਾਵੇਂ ਮਾਨਾ ਮਨੁੱਖੀ ਸਰੀਰ ਰਾਹੀਂ ਕਰਦੀ ਹੈ ਪਰੰਤੂ ਇਹ ਸਰੀਰਕ ਸ਼ਕਤੀ ਨਾ ਹੋ ਕੇ ਅਲੌਲਿਕ ਸ਼ਕਤੀ ਹੈ। ਮਾਨਾ ਸੰਬੰਧੀ ਮਾਨਤਾ ਹੈ ਇਹ ਤਰ੍ਹਾਂ ਦੀ ਸਜੀਵ ਅਤੇ ਨਿਰਜੀਵ ਵਸਤੂਆਂ ਵਿਚ ਹੁੰਦੀ ਹੈ ਪਰੰਤੂ ਇਹ ਕਿਸੇ ਵਿਚ ਘੱਟ ਹੋ ਸਕਦੀ ਹੈ, ਕਿਸੇ ਵਿਚ ਵੱਧ।

**2.6.1. ਮਾਨਾ ਦਾ ਅਰਥ**

ਮਾਨਾ ਸ਼ਬਦ ਇੰਡੋਨੇਸ਼ੀਅਨ ਸ਼ਬਦ ਮੈਨੰਗ (Manang) ਜਾਂ ਮੈਨਾਗ( Menang) ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਸਰਵ-ਉੱਚ ਜਾਂ ਜੇਤੂ ਸ਼ਕਤੀ ਜਾਂ ਤਾਕਤ। ਸਮਾਜ ਵਿਗਿਆਨ ਵਿਸਾ ਕੋਸ਼ ਅਨੁਸਾਰ ਮਾਨਾ ਦੇ ਅਰਥ ਹਨ- ਅਨਿੱਜੀ ਰੂਹਾਨੀ ਤਾਕਤ, ਰੂਹਾਨੀ ਬਿਜਲੀ, ਇਹ ਵਿਸ਼ਵਾਸ ਕਿ ਸਾਰੀਆਂ ਜਾਂ ਕੁਝ ਜ਼ਰੂਰੀ ਚੀਜ਼ਾਂ ਜਿਉਂਦੀਆਂ ਹਨ ਅਤੇ ਉਨ੍ਹਾਂ ਵਿਚ ਉਹ ਊਰਜਾ (ਰੂਹ ਮਾਨਾ) ਹੁੰਦੀ ਹੈ ਜੋ ਦੂਜਿਆਂ ਤੱਕ ਪਹੁੰਚਾਈ ਜਾ ਸਕਦੀ ਹੈ, ਭੇਦ ਭਰੀ ਤਾਕਤ, ਜੋ ਵਿਅਕਤੀਗਤ, ਪ੍ਰਕਿਰਤਕ ਹਸਤੀਆਂ ਵਿਚ ਮੌਜੂਦ ਨਹੀਂ ਹੁੰਦੀ। ਇਨ੍ਹਾਂ ਤਾਕਤਾਂ ਨੂੰ ਚੰਗੀ ਕਿਸਮਤ ਦੇ ਕਾਰਨ ਵਜੋਂ ਵੀ ਵੇਖਿਆ ਜਾਂਦਾ ਹੈ। ਮਾਨਾ ਉਹ ਗੈਰਜਿਸਮਾਨੀ ਤਾਕਤ ਹੈ, ਜੋ ਚੰਗੇ ਜਾਂ ਮਾੜੇ ਕਾਰਜਾਂ ਵਿਚ ਵਰਤੀ

ਜਾ ਸਕਦੀ ਹੈ, ਜਿਸ ਨੂੰ ਵੱਸ ਵਿਚ ਕਰਨਾ ਲਾਭਦਾਇਕ ਹੁੰਦਾ ਹੈ, ਜੋ ਫਸਲਾਂ ਅਤੇ ਬੱਚਿਆਂ ਦੇ ਵਾਧੇ ਵਿਚ ਸਹਾਇਕ ਹੁੰਦੀ ਹੈ।

**2.6.1. ਸਰੂਪ**

ਮੈਕਸਮੂਲਰ ਨੇ ਮਾਨਾ ਨੂੰ ਕਿਸੇ ਵਿਸੇਸ਼ ਕੁਦਰਤੀ ਵਰਤਾਰੇ ਨੂੰ ਅਵਿਅਕਤੀਗਤ ਸ਼ਕਤੀ ਦੇ ਰੂਪ ਵਜੋਂ ਪਰਿਭਾਸਿਤ ਕਰਨ ਦਾ ਇਕ ਯਤਨ ਵਜੋਂ ਪੇਸ਼ ਕੀਤਾ ਹੈ। ਰਾਬਰਟ ਐਚ. ਲਈ (Robert H. Lowie) ਦੇ ਹਵਾਲੇ ਨਾਲ ਮਨਜੀਤ ਸਿੰਘ ਲਿਖਦੇ ਹਨ ਕਿ ਮਾਨਾ ਸ਼ਕਤੀ ਬਿਜਲਈ ਕਰੰਟ ਦੀ ਤਰ੍ਹਾਂ ਹੁੰਦੀ ਹੈ । ਇਹ ਕਿਸੇ ਵੀ ਵਿਅਕਤੀ ਜਾਂ ਵਸਤੂ ਦੇ ਅੰਦਰ ਪ੍ਰਵੇਸ ਕਰਕੇ ਉਸ ਨੂੰ ਚਾਰਜ ਕਰ ਦਿੰਦੀ ਹੈ ਅਤੇ ਇਹ ਇਕ ਵਿਅਕਤੀ ਜਾਂ ਵਸਤੂ ਤੋਂ ਦੂਜੇ ਵਿਅਕਤੀ ਜਾਂ ਵਸਤੂ ਵਿਚ ਆ ਜਾ ਸਕਦੀ ਹੈ । ਇਹਨਾਂ ਸ਼ਕਤੀਆਂ ਵਿਚ ਵਿਸ਼ਵਾਸ ਕਾਰਣ ਇਹਨਾਂ ਨੂੰ ਪ੍ਰਾਪਤ ਕਰਨ ਅਤੇ ਕਾਬੂ ਵਿਚ ਰੱਖਣ, ਆਪਣੀ ਮਾਨਾ ਸ਼ਕਤੀ ਨੂੰ ਦੂਜਿਆਂ ਕੋਲ ਜਾਣ ਤੋਂ ਰੋਕਣ ਅਤੇ ਦੂਜਿਆਂ ਦੀ ਮਾਨਾ ਸ਼ਕਤੀ ਦੇ ਦੁਸ਼ਟ ਪਰਿਣਾਮਾਂ ਤੋਂ ਬਚਣ ਲਈ ਜਨ-ਜਾਤੀਆਂ ਨੇ ਇਹਨਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਥੋਂ ਹੀ ਧਰਮ ਦਾ ਵਿਕਾਸ ਹੋਇਆ । ਨਾਗਪੁਰ ਦੀਆਂ ਕੁਝ ਜਨ-ਜਾਤੀਆਂ ਵਿਚ ਮਾਨਾ ਸ਼ਕਤੀ ਜਿਹੀ ਧਾਰਨਾ ਪਾਈ ਜਾਂਦੀ ਹੈ ਜਿਸ ਨੂੰ 'ਬੰਗਾ' (Bonga) ਕਿਹਾ ਜਾਂਦਾ ਹੈ ।

ਡਾ. ਵਜ਼ੀਰ ਸਿੰਘ ਅਨੁਸਾਰ, ਕਈ ਪ੍ਰਾਚੀਨ ਕਬੀਲਿਆਂ ਵਿਚ ਇਹ ਵਿਸ਼ਵਾਸ ਪ੍ਰਚਲਤ ਹੈ ਕਿ ਕੋਈ ਜੇਤੂ ਸ਼ਕਤੀ ਕਿਸੇ ਕਿਸੇ ਜੀਵ ਜਾਂ ਵਸਤੂ ਵਿਚ ਸਥਿਤ ਹੁੰਦੀ ਹੈ, ਜਿਸ ਨੂੰ ਮਾਨਾ ਦਾ ਨਾਮ ਦਿੱਤਾ ਗਿਆ ਹੈ। ਇਹ ਮਾਨਾ ਜੋ ਚਾਹੇ ਕਰ ਸਕਦੀ ਹੈ। ਜੇ ਕਿਸੇ ਵਿਅਕਤੀ ਵਿਚ ਇਹ ਆ ਬਿਰਾਜੇ ਤਾਂ ਉਹ ਹਰ ਤਰ੍ਹਾਂ ਦੀ ਸਫਲਤਾ ਦਾ ਭਾਗੀ ਹੋ ਜਾਂਦਾ ਹੈ। ਇਹ ਕੋਈ ਜਿਸਮਾਨੀ ਜਾਂ ਪਦਾਰਥਕ ਪੱਥਰ ਦੀ ਸ਼ਕਤੀ ਨਹੀਂ, ਨਾ ਹੀ ਇਹ ਜਾਦੂਗਰੀ ਹੈ, ਇਹ ਰੂਹਾਨੀ ਕਿਸਮ ਦੀ ਤਾਕਤ ਹੈ ਜੋ ਬਲਵਾਨ ਪੁਰਸ਼ਾਂ ਨੂੰ ਸੂਰਮਗਤੀ ਬਖਸ਼ਦੀ ਹੈ, ਅਕੀਦਾ ਰਖਣ ਵਾਲਿਆਂ ਦੀਆਂ ਮੁਰਾਦਾਂ ਪੂਰੀਆਂ ਕਰਦੀ ਹੈ। ਕਈ ਵਾਰੀ ਇਹ ਕਿਸੇ ਪੱਥਰ ਦੇ ਟੁਕੜੇ ਵਿਚ, ਤਾਵੀਜ਼ ਵਿਚ ਕੜੇ ਜਾਂ ਮੁੰਦਰੀ ਵਿਚ ਸਥਿਤ ਹੁੰਦੀ ਹੈ। ਅਤੇ ਇਹਨਾਂ ਚਿੰਨ੍ਹਾਂ ਨੂੰ ਧਾਰਨ ਕਰਨ ਵਾਲੇ ਦੀ ਸਹਾਇਤਾ ਕਰਦੀ ਹੈ, ਕਿਸਮਤ ਬਦਲ ਦਿੰਦੀ ਹੈ। 'ਮਾਨਾ' ਸ਼ਕਤੀ ਵਿਚ ਮਿਲਾਨੀਸ਼ੀਆ ਦੇ ਵਸਨੀਕਾਂ ਦਾ ਵਿਸ਼ਵਾਸ ਅਜੇ ਵੀ ਕਾਇਮ ਹੈ, ਕਈ ਹੋਰ ਕਬੀਲਿਆਂ ਵਿਚ ਇਸ ਦੇ ਭਿੰਨ-ਭਿੰਨ ਨਾਮ ਪ੍ਰਚਲਿਤ ਹਨ, ਅਤੇ ਥੋੜ੍ਹੇ ਬਹੁਤੇ ਅੰਤਰ ਨਾਲ ਇਸ ਗੈਰਕੁਦਰਤੀ ਤਾਕਤ ਨੂੰ ਮਾਨਾ ਜਾਂ ਭੂਤ-ਸ਼ਕਤੀ ਦੇ ਅਰਥਾਂ ਵਿਚ ਪਰਵਾਨ ਕੀਤਾ ਜਾਂਦਾ ਹੈ।

## 2.7. ਸਾਰੰਸ਼

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਐਨੀਮਿਜ਼ਮ, ਟੋਟਮਵਾਦ, ਜਾਦੂ/ਟੂਣਾ ਅਤੇ ਮਾਨਾ ਮਨੁੱਖ ਦੇ ਬੌਧਿਕ ਅਤੇ ਮਾਨਸਿਕ ਪੱਧਰ ਦੇ ਆਧਾਰ ਤੇ ਵਿਕਸਿਤ ਹੋਣ ਵਾਲੇ ਧਰਮ ਦੇ ਮੁੱਢਲੇ ਵਿਸ਼ਵਾਸ਼ ਹਨ। ਇਹ ਅਲੌਕਿਕ ਵਰਤਾਰਿਆਂ ਵਿਚੋਂ ਪ੍ਰਗਟ ਹੋਣ ਵਾਲੇ ਵਿਸ਼ਵਾਸ਼ ਜਨ ਜੋ ਧਰਮ ਦੇ ਮੁੱਢਲੇ ਸਰੂਪ ਨੂੰ ਸਮਝਣ ਲਈ ਅਹਿਲ ਕਾਰਜ ਕਰਦੇ ਹਨ। ਵੱਖ-ਵੱਖ ਕਬੀਲਿਆਂ ਅਤੇ ਲੋਕ ਸਮੂਹਾਂ ਵਿਚ ਇਨ੍ਹਾਂ ਵਿਸ਼ਵਾਸਾ ਦਾ ਪ੍ਰਚਲਨ ਦਰਸਾਉਂਦਾ ਹੈ ਕਿ ਇਹ ਵਿਸ਼ਵਾਸ਼ ਧਰਮ ਦੇ ਨਾਲ-ਨਾਲ ਹੀ ਆਪਣੀ ਹੋਂਦ ਨੂੰ ਨਿਰੰਤਰ ਕਾਇਮ ਰੱਖਦੇ ਹੋਏ ਮੌਜੂਦਾ ਸਮੇਂ ਵਿਚ ਵੀ ਕਿਰਿਆਸੀਲ ਹਨ।

## 2.8 ਪੜ੍ਹਣਯੋਗ ਪੁਸਤਕਾਂ


- ਐਫ ਮੈਕਸਮੂਲਰ, ਤਾਰਨ ਸਿੰਘ, (ਡਾ.), (ਅਨੁ.) *ਧਰਮ ਦੀ ਉਤਪੱਤੀ ਅਤੇ ਵਿਕਾਸ,* ਪੰਜਾਬੀ ਯੂਨੀਵਰਸਿਟੀ , ਪਟਿਆਲਾ , 2002
- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ, ਗੁਰਗਿਆਨ ਬੁਕਸ, ਪਟਿਆਲਾ, 2014
- ਕੁਲਵੰਤ ਸਿੰਘ (ਡਾ.), *ਧਰਮ ਪਰਿਪੇਖ ਅਤੇ ਸਿਧਾਂਤ,* ਰਵੀ ਸਾਹਿਤ ਪ੍ਰਕਾਸ਼ਨ, 2017
- ਦਰਸ਼ਨ ਸਿੰਘ ( ਡਾ. ),*ਧਰਮ ਅਧਿਐਨ ਅਤੇ ਸਿੱਖ ਅਧਿਐਨ*, ਪੰਜਾਬੀ ਯੂਨੀਵਰਸਿਟੀ , ਪਟਿਆਲਾ , 2000
- ਪ੍ਰਤਾਪ ਸਿੰਘ (ਗਿਆਨੀ), *ਸੰਸਾਰ ਦਾ ਧਾਰਮਿਕ ਇਤਿਹਾਸ*, ਜਵਾਹਰ ਸਿੰਘ ਕ੍ਰਿਪਾਲ ਸਿੰਘ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1976
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974

Samuel H. Kellogg, *The Genesis and Growth of Religion*, New York, Macmillan and co. and London

1802

## 2.9 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਧਰਮ ਦੇ ਮੁੱਢਲੇ ਵਿਸ਼ਵਾਸ ਕੀ ਹਨ? ਵਿਸਥਾਰ ਸਹਿਤ ਦੱਸੋ।
2. ਟੋਟਮਵਾਦ ਕੀ ਹੁੰਦਾ ਹੈ? ਵਰਣਨ ਕਰੋ।
3. ਜਾਦੂ-ਟੂਣਾ ਤੋਂ ਤੁਹਾਡਾ ਕੀ ਭਾਵ ਹੈ ? ਇਸਦੇ ਰੂਪਾਂ ਦੀ ਵਿਆਖਿਆ ਕਰੋ।
4. ਮਾਨਾ ਦਾ ਅਰਥ ਅਤੇ ਸਰੂਪ ਬਿਆਨ ਕਰੋ।

### ਛੋਟੇ ਪ੍ਰਸ਼ਨ

1. ਟੋਟਮਵਾਦ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।
2. ਲੋਕ ਵਿਸ਼ਵਾਸ ਅਤੇ ਜਾਦੂ
3. ਮਾਨਾ
4. ਐਨੀਮਿਜ਼ਮ
5. ਧਰਮ ਦੇ ਮੁੱਢਲੇ ਵਿਸ਼ਵਾਸ

## CORE COURSE (CC): RELIGIOUS STUDIES

**SEMESTER I** **PAPER I: ਧਰਮਾਂ ਦੀ ਸੰਖੇਪ ਜਾਣ-ਪਛਾਣ** **Section- A**

**(BRIEF INTRODUTION TO RELIGIONS)**

**UNIT- III ਸਿੱਖ ਧਰਮ ਵਿਕਾਸ ਤੇ ਵਿਗਾਸ**

**3.0. ਉਦੇਸ਼**

**3.1. ਜਾਣ-ਪਛਾਣ**

**3.2. ਸਿੱਖ ਧਰਮ ਦਾ ਆਰੰਭ**

**3.3. ਸਿੱਖ ਧਰਮ ਦਾ ਵਿਕਾਸ**

**3.3.1. ਸਿਧਾਂਤਕ ਅਤੇ ਸੰਸਥਾਗਤ ਵਿਕਾਸ**

**3.3.2. ਜ਼ਾਲਮ ਸ਼ਕਤੀਆਂ ਦੇ ਹਥਿਆਰਬੰਦ ਵਿਰੋਧ ਦੀ ਸ਼ੁਰੂਆਤ**

**3.3.3. ਪ੍ਰਚਾਰ ਅਤੇ ਪ੍ਰਸਾਰ ਦਾ ਪੜਾਅ**

**3.3.4. ਸਿੱਖ ਧਰਮ ਦੇ ਵੱਖਰੇ ਸਰੂਪ ਦਾ ਵਿਕਾਸ**

**3.3.5. ਸਿੱਖੀ ਦੇ ਵਿਕਾਸ ਦਾ ਅਹਿਮ ਪੜਾਅ: ਖਾਲਸਾ ਪੰਥ ਦੀ ਸਾਜਨਾ**

**3.4. ਸਿੱਖ ਧਰਮ ਸਿਧਾਂਤ ਅਤੇ ਵਿਚਾਰਧਾਰਾ**

**3.4.1 ਅਕਾਲ ਪੁਰਖ**

**3.4.2. ਸ੍ਰਿਸ਼ਟੀ**

**3.4.3. ਮਨੁੱਖ**

**3.4.4. ਗੁਰੂ**

**3.4.5. ਨਾਮ ਸਿਮਰਨ**

**3.4.6. ਹਉਮੈ**

**3.4.7. ਸਦਾਚਾਰਕ ਪੱਖ**

**3.5. ਸਾਰ**

**3.6 ਪੜ੍ਹਣਯੋਗ ਪੁਸਤਕਾਂ**

**3.7 ਅਭਿਆਸ ਲਈ ਪ੍ਰਸ਼ਨ**

## 3.0. ਉਦੇਸ਼

ਹੱਥਲੇ ਵਿਸੇ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਸਿੱਖ ਧਰਮ ਦੇ ਵਿਕਾਸ ਅਤੇ ਵਿਗਾਸ ਸੰਬੰਧੀ ਚਾਨਣਾ ਪਾਉਣਾ ਹੈ ਤਾਂ ਕਿ ਵਿਦਿਆਰਥੀ ਇਸ ਧਰਮ ਦੇ ਇਤਿਹਾਸਕ ਅਤੇ ਸਿਧਾਂਤਕ ਪੱਖ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ।

## 3.1. ਜਾਣ-ਪਛਾਣ

ਭਾਰਤੀ ਧਰਮਾਂ ਵਿਚ ਸਿੱਖ ਧਰਮ ਦਾ ਆਪਣਾ ਇਕ ਪਵਿੱਤਰ ਅਤੇ ਵਿਲੱਖਣ ਸਥਾਨ ਹੈ। ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਹਨ। ਸਿੱਖ ਧਰਮ ਦੀ ਸਥਾਪਨਾ 15ਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਵਿਚ ਕੀਤੀ ਸੀ। ਸਿੱਖ ਸ਼ਬਦ ਸ਼ਿਸ਼ਯ ਤੋਂ ਲਿਆ ਗਿਆ ਹੈ , ਜਿਸਦਾ ਭਾਵ ਹੈ ਸਿੱਖਣ ਵਾਲਾ, ਚੇਲਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਸਿਖ ਤੋਂ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ, ਜਿਸ ਨੇ ਸਤਿਗੁਰੂ ਨਾਨਕ ਦੇਵ ਦਾ ਸਿੱਖ ਧਰਮ ਧਾਰਨ ਕੀਤਾ ਹਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮ ਗ੍ਰੰਥ ਮੰਨਦਾ ਅਤੇ ਦਸ ਸਤਿਗੁਰਾਂ ਨੂੰ ਇਕ ਰੂਪ ਜਾਣਦਾ ਹੈ। ਵਿਉਂਤਪੱਤੀ ਦੇ ਪੱਖ ਨੂੰ ਸਿੱਖ ਸ਼ਬਦ ਸੰਸਕ੍ਰਿਤ ਸ਼ਿਸ਼ਯ ਤੋਂ ਨਿਕਲਿਆ ਹੈ ਜੋ ਸ਼ਿਸ਼ ਜਾਂ ਸ਼ਾਸ ਤੋਂ ਬਣਿਆ ਹੈ ਜਿਸਦਾ ਅਰਥ ਹੈ ਠੀਕ ਸ਼ੁੱਧ, ਠੀਕ ਕਰਨਾ, ਗਿਆਨ ਪ੍ਰਦਾਨ ਕਰਨਾ ਅਤੇ ਆਦੇਸ਼ ਦੇਣਾ। ਪਾਲੀ ਭਾਸ਼ਾ ਵਿਚ ਸਿਸ਼ਯ (ਇਕ ਵਿਦਿਆਰਥੀ, ਵਿਦਵਾਨ, ਅਤੇ ਅਨੁਯਾਈ) ਸਿੱਸ ਅਤੇ ਪਿਛੋਂ ਜਾ ਕੇ ਸੇਖ ਜਾਂ ਸੇੱਖਾ ਬਣ ਗਿਆ ਜਿਸਦਾ ਅਰਥ ਹੈ ਵਿਦਿਆਰਥੀ ਜਾਂ ਧਾਰਮਿਕ ਸਿਧਾਂਤਾਂ ਵਿਚ ਸਿਖਾਂਦਰੂ (ਸੰਸਕ੍ਰਿਤ ਸ਼ਿਕਸ਼ਾ ਅਤੇ ਪਾਲੀ ਵਿਚ ਸਿੱਖਾ)। ਪੰਜਾਬ ਵਿਚ ਇਹ ਸ਼ਬਦ ਸਿੱਖ ਹੈ ਜੋ ਹੁਣ ਸੰਸਾਰ ਪੱਧਰ ਤੇ ਗੁਰੂ ਨਾਨਕ ਦੇਵ ਜੀ ਦੇ ਉਹਨਾਂ ਦੇ ਨੌ ਗੱਦੀਨਸ਼ੀਨਾਂ ਦੀਆਂ ਸਿਖਿਆਵਾਂ ਜਿਹੜੀਆਂ ਧਾਰਮਿਕ ਗ੍ਰੰਥ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਦੇ ਅਨੁਯਾਈਆਂ ਵਜੋਂ ਜਾਣੇ ਜਾਂਦੇ ਹਨ। ਇਸ ਤਰ੍ਹਾਂ ਇਹਨਾਂ ਦੇ ਮੰਨਣ ਵਾਲੇ ਧਰਮ ਨੂੰ ਸਿੱਖ ਧਰਮ ਕਿਹਾ ਜਾਂਦਾ ਹੈ। ਸਿੱਖ ਸੰਸਾਰੀ ਵਿਚ ਹਰ ਥਾਂ ਫੈਲੇ ਹੋਏ ਹਨ ਅਤੇ ਇਹ ਵਿਸ਼ੇਸ਼ ਕਰਕੇ ਉੱਤਰੀ ਭਾਰਤ ਵਿਚ ਕਾਫੀ ਗਿਣਤੀ ਵਿਚ ਵੱਸੇ ਹੋਏ ਹਨ।

ਸਿੱਖ ਧਰਮ ਬਹੁਦੇਵਵਾਦ ਨੂੰ ਮਾਨਤਾ ਨਹੀਂ ਦਿੰਦਾ। ਇਹ ਧਰਮ ਕੇਵਲ ਇਕ ਅਕਾਲ ਪੁਰਖ ਨੂੰ ਮਾਨਤਾ ਦਿੰਦਾ ਅਤੇ ਮੰਨਦਾ ਹੈ। ਇਹ ਇਕ ਰੱਬ ਤੇ ਆਧਾਰਿਤ ਧਰਮ ਹੈ। ਸਿੱਖ ਧਰਮ ਵਿਚ ਗੁਰੂ ਦੀ ਮਹਿਮਾ ਨੂੰ ਮੁੱਖ ਤੌਰ ਤੇ ਪੂਜਣਯੋਗ ਅਤੇ ਪ੍ਰਤੱਖ ਮੰਨਿਆ ਗਿਆ ਹੈ। ਸਿੱਖ ਧਰਮ ਅਨੁਸਾਰ ਗੁਰੂ ਦੇ ਮਾਧਿਅਮ ਰਾਹੀਂ ਹੀ ਅਕਾਲ ਪੁਰਖ ਤੱਕ ਪਹੁੰਚਿਆ ਜਾ ਸਕਦਾ ਹੈ। ਸਿੱਖ ਧਰਮ ਦਾ ਅਧਿਆਤਮਕ ਆਧਾਰ ਸਿੱਖਾਂ ਦੇ ਦਸ ਗੁਰੂ ਸਾਹਿਬਾਨਾਂ ਦੀਆਂ ਸਿਖਿਆਵਾਂ ਹਨ ਜੋ ਕਿ ਸਿੱਖਾਂ ਦੇ ਮੌਜੂਦਾ ਗੁਰੂ ਅਤੇ ਰਹਿਬਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੀ ਰੱਖੀ ਗਈ ਨੀਂਹ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਅੰਤਮ ਗੁਰੂ ਵਜੋਂ ਨਿਯੁਕਤ ਕਰਕੇ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਸਮਾਪਤ ਕਰ ਦਿੱਤਾ। ਇਸ ਤਰ੍ਹਾਂ ਸਿੱਖ ਧਰਮ ਦੁਨੀਆਂ ਦੇ ਬਾਕੀ ਧਰਮਾਂ ਨਾਲੋਂ ਵਿਲੱਖਣ ਰੂਪ ਧਾਰਨ ਕਰ ਗਿਆ। ਸਿੱਖ ਧਰਮ ਦੇ ਆਰੰਭ ਅਤੇ ਵਿਕਾਸ ਦੀ ਚਰਚਾ ਅਗਲੇ ਭਾਗ ਵਿਚ ਹੇਠ ਲਿਖੇ ਅਨੁਸਾਰ ਹੈ:-

### 3.2. ਸਿੱਖ ਧਰਮ ਦਾ ਆਰੰਭ

ਸਿੱਖ ਧਰਮ ਦਾ ਆਰੰਭ ਹੀ ਇੱਥੋਂ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਸਭ ਤੋਂ ਪਹਿਲਾਂ ਪ੍ਰਚਲਿਤ ਮੂਲ ਵਿਧਾਨ ਨੂੰ ਪੂਰੀ ਤਰ੍ਹਾਂ ਰੱਦ ਕਰਕੇ ਮਨੁੱਖ ਦੇ ਨਿਜੀ ਅਤੇ ਸਮਾਜਿਕ ਜੀਵਨ ਵਿਚ ਇਨਕਲਾਬ ਲਿਆਉਣ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ। ਅਧਿਆਤਮਕ ਅਤੇ ਸਮਾਜਿਕ ਮੁਕਤੀ ਦੇ ਲਈ ਇਕ ਅਜਿਹਾ ਜ਼ੋਰਦਾਰ ਸੰਘਰਸ਼ ਆਰੰਭਿਆ ਜਿਸ ਦੀ ਉਦਾਹਰਨ ਧਰਮਾਂ ਦੇ ਇਤਿਹਾਸ ਵਿਚ ਦੁਰਲੱਭ ਕਹੀ ਜਾ ਸਕਦੀ ਹੈ। ਗੁਰੂ ਨਾਨਕ ਸਾਹਿਬ ਦੁਆਰਾ ਸਿਰਜਤ ਧਰਮ ਸਿੱਖ ਧਰਮ ਜਿਸ ਸਮੇਂ ਹੋਂਦ ਵਿਚ ਆਇਆ ਉਸ ਸਮੇਂ ਦੇ ਹਾਲਾਤ ਧਰਮ ਦੇ ਪੱਖ ਤੋਂ ਗਿਰਾਵਟ ਵੱਲ ਜਾ ਰਹੇ ਸਨ। ਕੁਝ ਚੁਣਵੇਂ ਲੋਕ ਜੋ ਧਰਮ ਦੇ ਨਾਮ ਤੇ ਲੋਕਾਂ ਦਾ ਸ਼ੋਸ਼ਣ ਕਰ ਰਹੇ ਸਨ। ਡਾ. ਸਰਬਜਿੰਦਰ ਸਿੰਘ ਅਨੁਸਾਰ ਦੇਵੀ ਦੇਵਤਿਆਂ ਦੇ ਬੁੱਤ ਬਣਾ ਕੇ ਰੱਬ ਨੂੰ ਮੰਦਰਾਂ ਵਿਚ ਸਮੇਂ ਤੇ ਸਥਾਨ ਦੀ ਵਲਗਣ ਵਿਚ ਕੈਦ ਕਰ ਲੈਣ ਦੀ ਸਫਲਤਾ ਨੂੰ ਹੀ ਧਰਮ ਨਹੀਂ ਕਿਹਾ ਜਾ ਸਕਦਾ ਸੀ। ਇਸ ਚੇਤਨਾਂ ਤੋਂ ਮਹਿਰੂਮ ਮਨੁੱਖੀ ਜੀਵਨ, ਆਸ਼ਰਮਾਂ ਵਿਚ ਵੰਡਿਆ ਹੋਣ ਕਰਕੇ, ਲੋਕ ਗ੍ਰਹਿਸਤ ਤਿਆਗ ਕੇ ਜੰਗਲਾਂ ਵਿਚ ਭਟਕਦੇ ਫਿਰਦੇ ਸਨ। ਸਮਾਜ ਵਿਚ ਮਨੁੱਖੀ ਏਕਤਾ ਵੀ ਨਹੀਂ ਸੀ। ਰਾਜਨੀਤੀ ਦੇ ਖੇਤਰ ਵਿਚ ਰਾਜੇ ਵਿਲਾਸੀ ਜੀਵਨ ਬਸਰ ਕਰ ਰਹੇ ਸਨ। ਲੋਕਾਂ ਦਾ ਖ਼ੂਨ ਚੂਸਿਆ ਜਾ ਰਿਹਾ ਸੀ। ਭਾਈ ਗੁਰਦਾਸ ਜੀ ਅਜਿਹੇ ਹਾਲਾਤ ਨੂੰ ਧਰਮ ਖੰਭ ਲਾ ਕੇ ਉੱਡਣ ਦੀ ਸੰਗਿਆ ਦਿੰਦੇ ਹਨ। ਗੁਰੂ

ਪਾਤਸ਼ਾਹ ਨੇ ਸਪੱਸ਼ਟ ਰੂਪ ’ਚ ਗੁਰਬਾਣੀ ਵਿਚ ਪ੍ਰਚਲਿਤ ਹਿੰਦੂ, ਇਸਲਾਮ, ਜੈਨ ਧਰਮਾਂ ਦੇ ਫੋਕੇ ਰੀਤੀ-ਰਿਵਾਜਾਂ ਦੀ ਖੁੱਲ ਕੇ ਮੁਕਾਲਫਤ ਕੀਤੀ।

ਇਸਲਾਮ ਦੁਆਰਾ ਕੀਤੇ ਜਾ ਰਹੇ ਸ਼ਰੇਆਮ ਧੱਕੇ ਨੂੰ ਗੁਰੂ ਨਾਨਕ ਸਾਹਿਬ ਨੇ ‘ਬਾਬਰਬਾਣੀ’ ’ਚ ਅੰਕਿਤ ਕੀਤਾ ਤੇ ਸ਼ਰੇਆਮ ਬਾਬਰ ਨੂੰ ਜਾਬਰ ਕਹਿ ਕੇ ਵੰਗਾਰਿਆ। ਦੂਸਰੇ ਪਾਸੇ ਭਾਰਤੀ ਧਰਮ ਚਿੰਤਨ ਵਿਚ ਪ੍ਰਮੁੱਖਤਾ ਬ੍ਰਾਹਮਣ ਵਰਗ ਨੂੰ ਸੀ ਬਾਕੀ ਤਿੰਨੇ ਵਰਗ ਖੱਤਰੀ, ਵੈਸ਼ ਅਤੇ ਸ਼ੂਦਰ ਧਾਰਮਿਕ ਅਗਵਾਈ ਵਾਸਤੇ ਬ੍ਰਾਹਮਣ ਤੇ ਹੀ ਨਿਰਭਰ ਸਨ। ਨਿਰਭਰਤਾ ਕਾਰਨ ਸਮਾਜ ਦਾ ਪੱਧਰ ਗੁਲਾਮੀ ਵੱਲ ਧੱਕਿਆ ਗਿਆ। ਉਸ ਸਮੇਂ ਦੇ ਗਿਆਨਵਾਨ ਪੁਰਸ਼ ਜਿਨ੍ਹਾਂ ਨੂੰ ਸਿੱਧ ਕਿਹਾ ਜਾਂਦਾ ਸੀ ਉਹ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਕੇ ਪਹਾੜਾਂ ਵਿਚ ਲੁਕ ਕੇ ਬੈਠੇ ਸਨ। ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਾਹਿਬ ਦਾ ਸੰਵਾਦ ਜਦ ਸਿੱਧਾਂ ਨਾਲ ਹੋ ਰਿਹਾ ਸੀ ਤਾਂ ਗੁਰੂ ਸਾਹਿਬ ਨੇ ਸਪੱਸ਼ਟ ਤੌਰ ’ਤੇ ਸਿੱਧਾਂ ਨੂੰ ਤਾੜਨਾ ਕੀਤੀ ਕਿ ‘ਸਿੱਧ ਜੇ ਪਰਬਤ ਵਿਚ ਛੁਪੇ ਰਹਿਣਗੇ ਤਾਂ ਮਨੁੱਖਤਾ ਦੇ ਕਲਿਆਣ ਦੀ ਜ਼ਿੰਮੇਵਾਰੀ ਕੌਣ ਨਿਭਾਏਗਾ।’ਪ੍ਰਸਿੱਧ ਸਿੱਖ ਚਿੰਤਕ ਜਗਜੀਤ ਸਿੰਘ ਅਨੁਸਾਰ ਅਜਿਹੇ ਹਾਲਾਤ ਵਿਚ ਪ੍ਰਮੁੱਖ ਲੋਕ ਅੰਦਰੋਂ ਧਾਰਮਿਕ ਹਉਮੈਂ ਦੇ ਸ਼ਿਕਾਰ ਸਨ ਅਤੇ ਬਾਹਰੋਂ ਭ੍ਰਿਸ਼ਟ ਸ਼ਾਂਸਕਾਂ ਵਲੋਂ ਲਿਤਾੜੇ ਜਾ ਰਹੇ ਸਨ। ਇਸ ਤਰ੍ਹਾਂ ਆਮ ਲੋਕ ਪੁਜਾਰੀ ਸ਼੍ਰੇਣੀ ਅਤੇ ਸ਼ਾਸਕ-ਸ਼੍ਰੇਣੀ ਸਾਹਮਣੇ ਨਿਤਾਣੇ ਬਣੇ ਹੋਏ ਸਨ। ਅਜਿਹੀ ਅਧੋਗਤੀ ਅਤੇ ਖੜੋਤ ਵਾਲੀਆਂ ਧਾਰਮਿਕ ਕਦਰਾਂ-ਕੀਮਤਾਂ ਦੇ ਬੋਲਬਾਲੇ ਵਾਲੀ ਹਾਲਤ ਵਿਚ ਸਿੱਖ ਧਰਮ ਦਾ ਜਨਮ ਹੋਇਆ। ਲਿਤਾੜੇ, ਨਿਮਾਣੇ ਮਜ਼ਲੂਮਾਂ ਤੇ ਸਮਾਜ ਦੇ ਹੋਰ ਸੋਸ਼ਿਤ ਵਰਗਾਂ ਨੂੰ ਵੀ ਇਸ ਧਰਮ ਨੇ ਇਕ ਨਵੀਂ ਰਾਹ ਵਿਖਾਈ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਪ੍ਰਗਟ ਸਾਂਝ ਲੋੜਵੰਦਾਂ ਨਾਲ ਪਾਈ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਇਸ ਲਈ ਕਿਹਾ ਜਾ ਸਕਦਾ ਹੈ ਕਿ ਸਿੱਖ ਗੁਰੂ ਸਾਹਿਬ ਨੇ ਧਾਰਮਿਕ ਤੇ ਸਮਾਜਿਕ ਸਰੋਕਾਰਾਂ ਦੇ ਵਿਸ਼ਵਾਰਥੀ ਪ੍ਰਸੰਗ ਨੂੰ ਨਵੇਂ ਸਿਰਿਉਂ ਉਜਾਗਰ ਕੀਤਾ ਤੇ ਇਕ ਨਵਾਂ ਬਦਲ ਦਿੱਤਾ। ਇਹ ਬਦਲ ਇਸਸਾਨ ਨੂੰ ਮੁਕਤੀ ਦਾ ਲਾਰਾ ਲਾਉਣ ਦੀ ਥਾਂ ਜੀਵਨ ਮੁਕਤੀ ਦੇ ਮਾਰਗ ਤੇ ਚਲ ਸਕਣ ਦੇ ਸਮਰੱਥ ਬਣਾਉਂਦਾ ਹੈ। ਸਿੱਖ ਧਰਮ ਦੇ ਸਮਾਜਿਕ ਪ੍ਰਸੰਗ ਦੀ ਵਿਆਪਕਤਾ ਦਾ ਪ੍ਰਮਾਣ ਇਸ ਤੱਥ ਤੋਂ ਹੀ ਮਿਲ ਜਾਂਦਾ ਹੈ ਕਿ ਗੁਰੂ ਜੀ ਦੀ ਅਧਿਆਤਮਿਕਤਾ ਕਿਸੇ ਵਿਸ਼ੇਸ਼ ਵਰਗ, ਵਰਣ, ਸੰਪਰਦਾਇ ਜਾਂ ਗੁੱਟ ਨੂੰ ਸਾਹਮਣੇ ਰਖਕੇ ਤਿਆਰ ਨਹੀਂ ਕੀਤੀ ਗਈ, ਸਗੋਂ ਉਸ ਵਿਚੋਂ

ਸਰਬਸਾਂਝੇ ਭਾਈਚਾਰੇ ਲਈ ਲੋੜੀਂਦੇ ਸਰੋਕਾਰ ਪ੍ਰਾਪਤ ਹਨ। ਇਸ ਦ੍ਰਿਸ਼ਟੀ ਨੂੰ ਚਾਰ ਮੁੱਖ ਅੰਗਾਂ ਤੋਂ ਵੇਖਿਆ ਜਾ ਸਕਦਾ ਹੈ:

1. ਪ੍ਰਭੂ ਦੀ ਏਕਤਾ ਵਿਚ ਵਿਸ਼ਵਾਸ ਦੀ ਸੁਰ ਨੂੰ ਲੋਕ-ਮਨ ਉਤੇ ਅੰਕਿਤ ਕੀਤਾ।
2. ਦ੍ਰਿੜ ਕਾਰਵਾਇਆ ਕਿ ਸਮੂਹ ਸ੍ਰਿਸ਼ਟੀ ਪ੍ਰਭੂ ਦੀ ਪੈਦਾ ਕੀਤੀ ਹੋਈ ਹੈ।
3. ਜਾਤ-ਭੇਦ ਜਾਂ ਵਰਣ ਵੰਡ ਨੂੰ ਕੋਈ ਧਾਰਮਿਕ ਮਾਨਤਾ ਨਹੀਂ ਦਿੱਤੀ।
4. ਜਨ-ਸੇਵਾ ਦੇ ਮਹੱਤਵ ਨੂੰ ਉਜਾਗਰ ਕੀਤਾ।

### 3.3. ਸਿੱਖ ਧਰਮ ਦਾ ਵਿਕਾਸ

ਸਿੱਖ ਧਰਮ ਦਾ ਵਿਕਾਸ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਅਗਲੇ ਨੌਂ ਗੁਰੂ ਸਾਹਿਬਾਨ ਦੁਆਰਾ ਕੀਤੇ ਗਏ ਕਾਰਜਾਂ ਦੇ ਰੂਪ ਵਿਚ ਹੋਇਆ। ਇਹ ਲਗਪਗ ਦੋ ਸਦੀਆਂ ਤੋਂ ਵਧੇਰੇ ਸਮੇਂ ਦਾ ਇਤਿਹਾਸਕ ਸਫਰ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਗਟ ਕੀਤੇ ਸਿਧਾਂਤਾਂ ਨੂੰ ਉਨ੍ਹਾਂ ਤੋਂ ਅਗਲੇ ਗੁਰੂ ਸਾਹਿਬਾਨ ਨੇ ਸਮੇਂ ਅਤੇ ਹਾਲਾਤਾਂ ਅਨੁਸਾਰ ਵਿਵਹਾਰਕ ਰੂਪ ਦੇ ਕੇ ਵਿਕਸਿਤ ਕੀਤਾ। ਸਿੱਖ ਧਰਮ ਦੇ ਵਿਕਾਸ ਨੂੰ ਇਨ੍ਹਾਂ ਪੜਾਵਾਂ ਰਾਹੀਂ ਸਮਝਿਆ ਜਾ ਸਕਦਾ ਹੈ-

#### 3.3.1. ਸਿਧਾਂਤਕ ਅਤੇ ਸੰਸਥਾਗਤ ਵਿਕਾਸ

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਆਪਣੀ ਦੈਵੀ ਵਿਚਾਰਧਾਰਾ ਨੂੰ ਵਿਸ਼ਵ ਭਰ ਵਿਚ ਪ੍ਰਚਾਰ ਫੇਰੀਆਂ ਦੇ ਰਾਹੀ ਲੋਕਾਈ ਤੱਕ ਪਹੁੰਚਾਇਆ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਉਹ ਜਿਥੇ ਵੀ ਗਏ, ਉਥੇ ਸੰਗਤ ਅਤੇ ਪੰਗਤ ਦੀ ਸਥਾਪਨਾ ਵਿਸ਼ੇਸ਼ ਰੂਪ ਵਿਚ ਕੀਤੀ। ਵਿਭਿੰਨ ਸਥਾਨਾਂ ’ਤੇ ਧਰਮਸ਼ਾਲਾਵਾਂ ਸਥਾਪਿਤ ਕੀਤੀਆਂ ਅਤੇ ਉਥੇ ਪ੍ਰਚਾਰਕ ਥਾਪੇ ਗਏ। ਉਨ੍ਹਾਂ ਨੇ ਧਾਰਮਿਕ ਪਖੰਡਵਾਦ ਅਤੇ ਧਰਮ ਦੇ ਨਾਮ ’ਤੇ ਕੀਤੀ ਜਾ ਰਹੀ ਲੁੱਟ ਖਸੁੱਟ ਦਾ ਪੁਰਜ਼ੋਰ ਖੰਡਨ ਕੀਤਾ ਅਤੇ ਸਮਾਜਿਕ ਬਰਾਬਰਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੇ ਤਿੰਨ ਸੂਤਰੀ ਸਿਧਾਂਤ- ਕਿਰਤ ਕਰੋ, ਨਾਮ ਜਪੋ, ਵੰਡ ਛਕੋ ਨੇ ਸਮਾਜਿਕ, ਧਾਰਮਿਕ ਅਤੇ ਆਰਥਿਕ ਪੱਖ ਤੋਂ ਇਕ ਨਿਵੇਕਲਾ ਸਿਧਾਂਤ ਪ੍ਰਸਤੁਤ ਕੀਤਾ।

ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਨੂੰ ਵਿਦਿਅਕ ਪੱਖੋਂ ਪ੍ਰਫੁਲਿਤ ਕਰਨ ਲਈ ਗੁਰਮੁਖੀ ਲਿਪੀ ਨੂੰ ਵਿਵਸਥਿਤ ਰੂਪ ਪ੍ਰਦਾਨ ਕੀਤਾ ਅਤੇ ਸਿਖਾਂ ਨੂੰ ਸਰੀਰਕ ਤੌਰ ’ਤੇ ਰਿਸ਼ਟ-ਪੁਸ਼ਟ ਬਣਾਉਣ ਲਈ ਮੱਲ ਅਖਾੜਿਆਂ ਦੀ ਸਥਾਪਨਾ

ਕੀਤੀ। ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪਸਾਰ ਲਈ ਮੰਜੀਆਂ ਦੀ ਸਥਾਪਨਾ ਕੀਤੀ। ਗੁਰੂ ਅਮਰਦਾਸ ਜੀ ਦੇ ਸਮੇਂ ਤਕ ਸਿੱਖੀ ਦਾ ਕਾਫ਼ੀ ਵਿਸਤਾਰ ਹੋ ਚੁਕਾ ਸੀ, ਵੱਖ-ਵੱਖ ਇਲਾਕਿਆਂ ਦੇ ਸਿੱਖਾਂ ਵਿਚ ਪਰਸਪਰ ਸੰਬੰਧ ਬਣਾਏ ਰੱਖਣ ਅਤੇ ਪ੍ਰਚਾਰ ਦੇ ਸਿਲਸਿਲੇ ਨੂੰ ਜਾਰੀ ਰਖਣ ਲਈ ਗੁਰੂ ਅਮਰਦਾਸ ਜੀ ਨੇ ਆਪਣੇ ਉੱਚੇ ਸੁੱਚੇ ਜੀਵਨ ਵਾਲੇ ਪ੍ਰਮੁੱਖ ਪ੍ਰਚਾਰਕ ਸਿੱਖਾਂ ਨੂੰ ਵੱਖਰੇ-ਵੱਖਰੇ ਇਲਾਕਿਆਂ ਵਿੱਚ ਸਿੱਖੀ ਪ੍ਰਚਾਰ ਦੀ ਜ਼ਿੰਮੇਵਾਰੀ ਸੌਂਪੀ ਜੋ ਸੰਗਤਾਂ ਨੂੰ ਗੁਰ ਉਪਦੇਸ਼ ਨਾਲ ਜੋੜਦੇ ਸਨ। ਸੰਗਤਾਂ ਸਤਿਕਾਰ ਵਜੋਂ ਇਨ੍ਹਾਂ ਨੂੰ ਉੱਚੇ ਆਸਣ ਜਾਂ ਮੰਜੀ ਤੇ ਬਿਠਾਉਂਦੀ ਸਨ। ਇਸੇ ਕਾਰਨ ਹੀ ਸਿੱਖ ਧਰਮ ਦੇ ਇਨ੍ਹਾਂ ਪ੍ਰਚਾਰ ਕੇਂਦਰਾਂ ਦਾ ਨਾਮ ਮੰਜੀ ਅਤੇ ਇਨ੍ਹਾਂ ਦੇ ਪ੍ਰਚਾਰਕਾਂ ਨੂੰ ਮੰਜੀਦਾਰ ਦਾ ਨਾਮ ਦਿੱਤਾ ਗਿਆ। ਮੰਜੀਦਾਰਾਂ ਦੀ ਗਿਣਤੀ 22 ਪ੍ਰਾਪਤ ਹੁੰਦੀ ਹੈ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ-

1. ਅੱਲਾ ਯਾਰ 2.ਸਚਨ ਸੱਚ

3. ਸਾਧਾਰਨ 4. ਸਾਵਣ ਮੱਲ 5. ਸੁੱਖਣ 6. ਹੰਦਾਲ 7. ਕੇਦਾਰੀ 8. ਖੇਡਾ 9.ਗੰਗੂ ਸ਼ਾਹ 10.ਦਰਬਾਰੀ 11.ਪਾਰੋ 12.ਫੇਰਾ 13.ਬੂਆ 14.ਬੇਣੀ 15.ਮਹੇਸਾ16.ਮਾਈ ਦਾਸ 17.ਮਾਣਕ ਚੰਦ 18.ਮੁਰਾਰੀ 19.ਰਾਜਾ ਰਾਮ 20.ਰੰਗਸ਼ਾਹ 21.ਰੰਗ ਦਾਸ 22.ਲਾਲੋ। ਇਸ ਸੰਸਥਾ ਨੇ ਸਿੱਖ ਧਰਮ ਦੇ ਪ੍ਰਚਾਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਗੁਰੂ ਅਮਰਦਾਸ ਜੀ ਨੇ ਸਮਾਜਿਕ ਪੱਖ ਤੋਂ ਇਸਤਰੀਆਂ ਦੇ ਹਾਲਾਤਾਂ ਵਿਚ ਸੁਧਾਰ ਲਈ ਅਨੇਕਾਂ ਅਹਿਮ ਕਾਰਜ ਕੀਤੇ ਜਿਵੇਂ- ਸਤੀ ਪ੍ਰਥਾ, ਪਰਦਾ ਪ੍ਰਥਾ ਅਦਿ ਦਾ ਸਖਤ ਰੂਪ ਵਿਚ ਵਿਰੋਧ ਕਰਨਾ। ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਨੂੰ ਧਾਰਮਿਕ ਤੇ ਆਰਥਿਕ ਮਜਬੂਤੀ ਪ੍ਰਦਾਨ ਕਰਦੇ ਹੋਏ ਮਸੰਦ ਸੰਸਥਾ ਦਾ ਵਿਕਾਸ ਕੀਤਾ, ਰਾਮਦਾਸਪੁਰ (ਅੰਮ੍ਰਿਤਸਰ) ਵਰਗੇ ਅਹਿਮ ਨਗਰ ਦੀ ਸਥਾਪਨਾ ਕੀਤੀ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਕਰਵਾਈ।

ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਸਥਾਪਨਾ ਕਰ ਕੇ ਸਿੱਖ ਧਰਮ ਨੂੰ ਇੱਕ ਮਹੱਤਵਪੂਰਨ ਧਰਮ ਕੇਂਦਰ ਪ੍ਰਦਾਨ ਕੀਤਾ। ਆਦਿ ਗ੍ਰੰਥ ਸਾਹਿਬ ਦਾ ਸੰਕਲਨ, ਸਿਧਾਂਤਕ ਪੱਖ ਤੋਂ ਗੁਰੂ ਅਰਜਨ ਦੇਵ ਜੀ ਦੁਆਰਾ ਕੀਤਾ ਜਾਣ ਵਾਲਾ ਬਹੁਤ ਹੀ ਅਹਿਮ ਕਾਰਜ ਹੈ ਜਿਸ ਨੇ ਸਿੱਖ ਧਰਮ ਦੇ 'ਸਬਦ ਗੁਰੂ' ਵਾਲੇ ਨਿਵੇਕਲੇ ਸਿਧਾਂਤ ਨੂੰ ਆਧਾਰ ਪ੍ਰਦਾਨ ਕੀਤਾ। ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਸਿਧਾਂਤਕ ਪੱਖ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਸ਼ਾਂਤਮਈ ਢੰਗ ਨਾਲ ਆਪਣੀ ਲਾਸਾਨੀ ਸ਼ਹਾਦਤ ਦਿੱਤੀ। ਉਨ੍ਹਾਂ ਦੀ ਇਸ ਸ਼ਹਾਦਤ ਨੇ ਸਿੱਖ ਧਰਮ ਵਿਚ ਸ਼ਹੀਦੀਆਂ ਦੇ ਅਮੁੱਕ ਸਫ਼ਰ ਦਾ ਆਗਾਜ਼ ਕੀਤਾ।

### 3.3.2. ਜ਼ਾਲਮ ਸ਼ਕਤੀਆਂ ਦੇ ਹਥਿਆਰਬੰਦ ਵਿਰੋਧ ਦੀ ਸ਼ੁਰੂਆਤ

ਸਿਧਾਂਤਕ ਰੂਪ ਵਿਚ ਸਿੱਖ ਧਰਮ ਵਿਚ ਅਨਿਆਂ ਅਤੇ ਜ਼ੁਲਮਾਂ ਦਾ ਵਿਰੋਧ, ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਇਨ੍ਹਾਂ ਦੇ ਖਿਲਾਫ ਆਵਾਜ ਉਠਾਉਂਦੇ ਹੋਏ ਆਰੰਭ ਹੋ ਗਿਆ ਸੀ ਜੋ ਨਿਰੰਤਰ ਜਾਰੀ ਰਿਹਾ ਪਰੰਤੂ ਇਸ ਸਿਧਾਂਤ ਨੂੰ ਅਮਲੀ ਰੂਪ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਦਾਨ ਕੀਤਾ। ਜਿਹੜੀ ਜੰਗ ਗੁਰੂ ਨਾਨਕ ਦੇਵ ਜੀ ਜ਼ੁਲਮ ਅਤੇ ਅਨਿਆਂ ਖਿਲਾਫ਼ ਬਿਨਾਂ ਹਥਿਆਰਾਂ ਤੋਂ ਲੜੀ, ਉਹੀ ਜੰਗ ਉਨ੍ਹਾਂ ਨੇ ਛੇਵੇਂ ਰੂਪ ਵਿੱਚ ਹਾਲਾਤਾਂ ਦੇ ਮੁਤਾਬਿਕ ਹਥਿਆਰਬੰਦ ਹੋ ਕੇ ਲੜੀ। ਸਿਰਫ਼ ਲੜਨ ਦਾ ਢੰਗ ਹੀ ਬਾਹਰੀ ਤੌਰ 'ਤੇ ਤਬਦੀਲ ਹੋਇਆ ਸੀ, ਸਿਧਾਂਤ ਨਹੀਂ। ਛੇਵੇਂ ਗੁਰੂ ਸਾਹਿਬ ਦੁਆਰਾ ਜ਼ੁਲਮ ਦੇ ਖਿਲਾਫ ਬੁਲੰਦ ਕੀਤੀ ਗਈ ਹਥਿਆਰਬੰਦ ਆਵਾਜ਼ ਉਹੀ ਆਵਾਜ਼ ਸੀ ਜੋ ਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਜ਼ਾਲਮ ਹੁਕਮਰਾਨਾਂ ਖ਼ਿਲਾਫ਼ ਚੁੱਕੀ ਸੀ ਭਾਵੇਂ ਉਸ ਸਮੇਂ ਇਸ ਦਾ ਰੂਪ ਹਥਿਆਰਬੰਦ ਨਹੀਂ ਸੀ ਪਰ ਆਵਾਜ਼ ਦੀ ਸੁਰ ਉਹੀ ਸੀ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਨੇ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ, ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਅਤੇ ਸ਼ਾਹੀ ਠਾਠ ਬਾਠ ਵਾਲੇ ਵਸਤਰ ਧਾਰਨ ਕੀਤੇ। ਗੁਰੂ ਹਰਗੋਬਿੰਦ ਜੀ ਦਾ ਸ਼ਾਹੀ ਠਾਠ ਬਾਠ ਅਤੇ ਹਥਿਆਰਬੰਦ ਰੂਪ ਦੇਖ ਕੇ ਜਦੋਂ ਇੱਕ ਪੀਰ ਨੇ ਗੁਰੂ ਸਾਹਿਬ ਦੀ ਅਧਿਆਤਮਿਕਤਾ ਤੇ ਸ਼ੰਕਾ ਜ਼ਾਹਿਰ ਕੀਤਾ ਤਾਂ ਗੁਰੂ ਜੀ ਨੇ ਜਵਾਬ ਦਿੱਤਾ- 'ਜ਼ਾਹਿਰ ਅਮੀਰੀ, ਬਾਤਨ ਫ਼ਕੀਰੀ। ਸ਼ਸਤਰ ਜਰਵਾਣੇ ਦੀ ਭਖਿਆ, ਗਰੀਬ ਦੀ ਰੱਖਿਆ।' ਗੁਰੂ ਹਰਗੋਬਿੰਦ ਜੀ ਨੇ ਸਿੱਖਾਂ ਨੂੰ ਵੀ ਹਥਿਆਰਬੰਦ ਹੋਣ ਦਾ ਆਦੇਸ਼ ਦਿੱਤਾ। ਉਨ੍ਹਾਂ ਨੇ ਸਿੱਖ ਸੰਗਤਾਂ ਨੂੰ ਭੇਟਾ ਦੇ ਰੂਪ ਵਿਚ ਵਧੀਆ ਘੋੜੇ, ਵਧੀਆਂ ਹਥਿਆਰ ਅਤੇ ਗੱਭਰੂਆਂ ਨੂੰ ਆਪਣੀਆਂ ਜਵਾਨੀਆਂ ਅਰਪਿਤ ਕਰਨ ਦੇ ਹੁਕਮ ਜਾਰੀ ਕੀਤੇ। ਛੇਤੀ ਹੀ ਹਥਿਆਰਬੰਦ ਸਿੱਖ ਨੌਜਵਾਨਾਂ ਦੀ ਇਕ ਟੁਕੜੀ ਤਿਆਰ ਹੋ ਗਈ ਜੋ ਹਰ ਸਮੇਂ ਆਪਣਾ ਆਪਾ ਗੁਰੂ ਜੀ ਲਈ ਵਾਰਨ ਨੂੰ ਤਿਆਰ ਰਹਿੰਦੇ ਸਨ। ਗੁਰੂ ਘਰ ਦੇ ਢਾਡੀ ਨੱਥਾ ਅਤੇ ਅਬਦੁੱਲਾ ਜੋਸ਼ੀਲੀਆਂ ਵਾਰਾਂ ਗਾ ਕੇ ਸਿੱਖ ਨੌਜਵਾਨਾਂ ਜੋਸ਼ ਭਰਨ ਦਾ ਕਾਰਜ ਕਰਦੇ ਸਨ। ਇਸ ਪ੍ਰਕਾਰ ਸਿੱਖ ਧਰਮ ਨੇ ਸੰਤ ਦੇ ਨਾਲ-ਨਾਲ ਸਿਪਾਹੀ ਦਾ ਰੂਪ ਵੀ ਅਮਲੀ ਪੱਖ ਤੋਂ ਧਾਰਨ ਕਰਨਾ ਆਰੰਭ ਕਰ ਦਿੱਤਾ ਸੀ ਜੋ ਹਰ ਤਰ੍ਹਾਂ ਦੇ ਅਨਿਆਂ ਅਤੇ ਜ਼ੁਲਮ ਖਿਲਾਫ ਲੜਣ ਲਈ ਤਿਆਰ ਸੀ।

ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਿਆਈ ਕਾਲ ਦੌਰਾਨ ਮੁਗਲਾਂ ਨਾਲ ਸਿੱਖਾਂ ਦੇ ਚਾਰ ਯੁੱਧ ਹੋਏ ਜਿਨ੍ਹਾਂ ਵਿਚ ਹਮਲਾ ਕਰਨ ਦੀ ਪਹਿਲ ਮੁਗਲਾਂ ਦੁਆਰਾ ਕੀਤੀ ਗਈ ਸੀ ਅਤੇ ਸਿੱਖਾਂ ਇਨ੍ਹਾਂ ਹਮਲਿਆਂ ਦੇ ਮੋੜਵੇਂ ਜਵਾਬ ਵਜੋਂ

ਰੱਖਿਆਤਮਕ ਯੁੱਧ ਕੀਤੇ। ਪਹਿਲਾ ਯੁੱਧ ਅੰਮ੍ਰਿਤਸਰ ਦੀ ਧਰਤੀ ਤੇ 1628 ਈ. ਵਿੱਚ ਲੜਿਆ ਗਿਆ। ਦੂਜੀ ਜੰਗ ਹਰਿਗੋਬਿੰਦਪੁਰ, ਤੀਜੀ ਜੰਗ ਮਹਿਰਾਜ ਅਤੇ ਚੌਥੀ ਜੰਗ ਕਰਤਾਰਪੁਰ ਵਿਖੇ ਹੋਈ। ਇੰਨ੍ਹਾਂ ਸਾਰੀਆਂ ਜੰਗਾਂ ਵਿੱਚ ਗੁਰੂ ਸਾਹਿਬ ਨੂੰ ਜਿੱਤ ਪ੍ਰਾਪਤ ਹੋਈ। ਇਹ ਜਿੱਤ ਜ਼ੁਲਮ ਅਤੇ ਅਨਿਆਂ ਦੇ ਖਿਲਾਫ ਹਲੀਮੀ ਅਤੇ ਸੱਚ ਦੀ ਜਿੱਤ ਸੀ। ਇੰਨਾ ਜਿੱਤਾਂ ਤੋਂ ਬਾਅਦ ਜ਼ੁਲਮ ਦੇ ਖਿਲਾਫ ਅੱਗੇ ਹੋ ਕੇ ਲੜਨਾ ਸਿੱਖ ਧਰਮ ਦਾ ਸਦੀਵੀ ਅੰਗ ਬਣ ਗਿਆ।

### 3.3.3. ਪ੍ਰਚਾਰ ਅਤੇ ਪ੍ਰਸਾਰ ਦਾ ਪੜਾਅ

ਜੰਗਾਂ ਯੁੱਧਾਂ ਤੋਂ ਬਾਅਦ ਸ਼ਾਂਤੀ ਵਾਲੇ ਸਮੇਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦਾ ਕਾਰਜ ਵੀ ਕੀਤਾ। ਉਨ੍ਹਾਂ ਨੇ ਮਾਲਵੇ ਤੋਂ ਲੈ ਕੇ ਕਸ਼ਮੀਰ ਤੱਕ ਦੇ ਪ੍ਰਚਾਰਕ ਦੌਰੇ ਕੀਤੇ, ਗੁਰੂ ਨਾਨਕ ਸਾਹਿਬ ਦੇ ਚਰਨ ਛੋਹ ਪ੍ਰਾਪਤ ਅਸਥਾਨ ਨਾਨਕ ਮਤਾ ਨੂੰ ਨਾਥਾਂ ਜੋਗੀਆਂ ਤੋਂ ਆਜ਼ਾਦ ਕਰਵਾ ਕੇ ਦੁਬਾਰਾ ਸਿੱਖੀ ਦੇ ਕੇਂਦਰ ਵਜੋਂ ਸਥਾਪਿਤ ਕੀਤਾ। ਸੱਤਵੇਂ ਗੁਰੂ, ਗੁਰੂ ਹਰਿ ਰਾਇ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਚਾਰ ਧੂਣੇ ਸਥਾਪਿਤ ਕੀਤੇ ਜੋ ਉਦਾਸੀ ਮੱਤ ਦੇ ਰੂਪ ਵਿੱਚ ਦੂਰ ਦੁਰਾਡੇ ਖੇਤਰਾਂ ਵਿੱਚ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਇਨ੍ਹਾਂ ਚਾਰ ਧੂਣਿਆਂ ਦੇ ਨਾਮ ਹਨ- ਅਲਮਸਤ, ਫੂਲ, ਗੋਇੰਦਾ ਅਤੇ ਬਾਲੂ ਹਸਨਾ। ਅੱਠਵੇਂ ਗੁਰੂ, ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਤਕ ਦੇ ਖੇਤਰਾਂ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਲੋਕਾਈ ਨੂੰ ਸਿੱਖ ਧਰਮ ਨਾਲ ਜੋੜਿਆ। ਗੁਰੂ ਤੇਗ ਬਹਾਦਰ ਜੀ ਨੇ ਗੁਰਗੱਦੀ ਤੇ ਬੈਠਣ ਤੋਂ ਬਾਅਦ ਮਾਲਵਾ ਅਤੇ ਬਾਂਗਰ ਇਲਾਕੇ ਦੇ ਪ੍ਰਚਾਰ ਦੌਰੇ ਕੀਤੇ ਅਤੇ ਇਸ ਤੋਂ ਬਾਅਦ ਪੂਰਬੀ ਭਾਰਤ ਵੱਲ ਪ੍ਰਚਾਰ ਯਾਤਰਾਵਾਂ ਕੀਤੀਆਂ। ਆਪਣੀ ਸ਼ਹਾਦਤ ਤੋਂ ਪਹਿਲਾਂ ਵੀ ਉਨ੍ਹਾਂ ਨੇ ਗ੍ਰਿਫਤਾਰੀ ਦੇਣ ਲਈ ਜਾਣ ਸਮੇਂ ਇੱਕ ਵਾਰ ਫਿਰ ਮਾਲਵਾ ਅਤੇ ਬਾਂਗਰ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਲੋਕਾਈ ਨੂੰ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦਾ ਨਿਡਰਤਾ ਵਾਲਾ ਇਲਾਹੀ ਸੰਦੇਸ਼ ਦਿੱਤਾ। ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਖੇਤਰ ਵਿੱਚ ਅਹਿਮ ਕਾਰਜ ਕਰਦੇ ਹੋਏ ਮੌਜੂਦਾ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਬੰਗਲਾ ਦੇਸ਼, ਆਸਾਮ ਤੱਕ ਦੀਆਂ ਲੰਮੇਰੀਆਂ ਵਿਚਾਰ ਯਾਤਰਾਵਾਂ ਕੀਤੀਆਂ ਅਤੇ ਇਨ੍ਹਾਂ ਖੇਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਲਗਾਏ ਗਏ ਸਿੱਖੀ ਦੇ ਬੂਟੇ ਨੂੰ ਪਾਣੀ ਦੇਣ ਦਾ ਕਾਰਜ ਕੀਤਾ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਹੀ ਅਜਿਹੇ ਸਿੱਖ ਗੁਰੂ ਸਨ ਜਿਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਲੰਮੇਰੀਆਂ ਪ੍ਰਚਾਰ ਯਾਤਰਾਵਾਂ ਕੀਤੀਆਂ।

### 3.3.4. ਸਿੱਖ ਧਰਮ ਦੇ ਵੱਖਰੇ ਸਰੂਪ ਦਾ ਵਿਕਾਸ

ਗੁਰੂ ਨਾਨਕ ਦੇਵ ਜੀ ਦੀ ਨਿਵੇਕਲੀ ਵਿਚਾਰਧਾਰਾ ਰਾਹੀਂ ਸਿਧਾਂਤਕ ਤੌਰ ਤੇ ਸਿੱਖ ਧਰਮ ਦੇ ਵੱਖਰੇ ਸਰੂਪ ਦਾ ਰਸਤਾ ਨਿਸ਼ਚਿਤ ਹੋ ਗਿਆ ਸੀ ਜੋ ਬਾਕੀ ਧਰਮਾਂ ਦੇ ਸਿਧਾਂਤਾ ਤੋਂ ਵਖਰੇਵਾਂ ਰੱਖਦਾ ਸੀ। ਇਸੇ ਵਿਚਾਰਧਾਰਾ ਦੇ ਆਧਾਰ ਤੇ ਹੀ ਗੁਰੂ ਨਾਨਕ ਦੇਵ ਜੀ ਤੋਂ ਅਗਲੇ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੀ ਵੱਖਰਤਾ ਵਾਲੇ ਆਧਾਰ ਭੂਤ ਤੱਤਾ ਨੂੰ ਅਮਲੀ ਜਾਮਾ ਪਹਿਨਾਇਆ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਨੂੰ ਵਿਵਸਥਿਤ ਰੂਪ ਪ੍ਰਦਾਨ ਕਰ ਕੇ ਇਸ ਦੇ ਇਸ ਦਾ ਪ੍ਰਚਾਰ ਪ੍ਰਸਾਰ ਕਰਵਾਇਆ। ਇਹੀ ਲਿਪੀ ਭਵਿੱਖ ਵਿਚ ਪੰਜਾਬੀ ਭਾਸ਼ਾ ਦੇ ਲਿਖਤੀ ਰੂਪ ਦਾ ਆਧਾਰ ਬਣੀ। ਇਸ ਪ੍ਰਕਾਰ ਸਿੱਖ ਧਰਮ ਨੂੰ ਆਪਣੀ ਵੱਖਰੀ ਲਿਪੀ ਪ੍ਰਾਪਤ ਹੋਈ ਜਿਸ ਦੀ ਵਰਤੋਂ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਲਿਖਵਾਉਣ ਸਮੇਂ ਕੀਤੀ। ਬਾਅਦ ਵਿਚ ਸਿੱਖ ਧਰਮ ਦੇ ਇਤਿਹਾਸਕ ਸਰੋਤ ਗ੍ਰੰਥ ਵੀ ਇਸੇ ਲਿਪੀ ਵਿਚ ਲਿਖੇ ਗਏ।

ਧਰਮ ਸਥਾਨ ਜਾਂ ਧਰਮ ਕੇਂਦਰ ਕਿਸੇ ਵੀ ਧਰਮ ਦੇ ਵੱਖਰੇ ਸਰੂਪ ਨੂੰ ਨਿਰਧਾਰਤ ਕਰਨ ਦਾ ਇਕ ਅਹਿਮ ਅੰਗ ਹੈ ਜਿਸ ਤੋਂ ਬਿਨਾਂ ਧਰਮ ਦੇ ਵੱਖਰੇਪਣ ਦੀ ਕਲਪਨਾ ਕਰਨਾ ਵੀ ਨਿਰਮੂਲ ਹੈ। ਸਿੱਖ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੀ ਵਿਲੱਖਣਤਾ ਨੂੰ ਉਭਾਰਦੇ ਹੋਏ ਵਿਭਿੰਨ ਧਰਮ ਕੇਂਦਰਾਂ ਦੀ ਸਥਾਪਨਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਨੂੰ ਧਰਮ ਕੇਂਦਰ ਵਜੋਂ ਸਥਾਪਿਤ ਕੀਤਾ, ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ, ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਅਤੇ ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰ (ਅੰਮ੍ਰਿਤਸਰ) ਨੂੰ ਸਿੱਖੀ ਦਾ ਪ੍ਰਚਾਰ ਕੇਂਦਰ ਬਣਾਇਆ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾ ਕੇ ਸਿੱਖ ਧਰਮ ਨੂੰ ਮਹੱਤਵਪੂਰਨ ਧਰਮ ਅਸਥਾਨ ਪ੍ਰਦਾਨ ਕੀਤਾ।

ਵੱਖਰੀ ਲਿਪੀ ਅਤੇ ਵੱਖਰੇ ਧਰਮ ਅਸਥਾਨ ਵਾਂਗ ਵੱਖਰਾ ਧਰਮ ਗ੍ਰੰਥ ਵੀ ਕਿਸੇ ਧਰਮ ਦੀ ਵਿਲੱਖਣਤਾ ਲਈ ਮਹੱਤਵਪੂਰਨ ਤੱਤ ਹੈ। ਸਿੱਖ ਧਰਮ ਦੇ ਧਰਮ ਗ੍ਰੰਥ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਹੋ ਗਈ ਸੀ। ਉਹਨਾਂ ਨੇ ਸਿੱਖ ਧਰਮ ਦੀ ਵਿਚਾਰਧਾਰਾ ਨੂੰ ਗੁਰਬਾਣੀ ਦੇ ਰੂਪ ਵਿੱਚ ਪ੍ਰਸਤੁਤ ਕੀਤਾ। ਉਹਨਾਂ ਨੇ ਆਪਣੀ ਉਚਾਰਨ ਕੀਤੀ ਹੋਈ ਬਾਣੀ ਅਤੇ ਗੁਰਮਤਿ ਦੇ ਸਿਧਾਂਤਾਂ ਦੇ ਅਨੁਕੂਲ ਵਿਭਿੰਨ ਭਗਤਾਂ ਦੀ ਇਕੱਤਰ ਕੀਤੀ ਹੋਈ ਬਾਣੀ, ਪੋਥੀ ਦੇ ਰੂਪ ਵਿਚ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ। ਗੁਰਬਾਣੀ ਦੀ ਇਹ ਪੋਥੀ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਰਾਹੀਂ ਚਾਰ ਗੁਰੂ ਸਾਹਿਬਾਨ ਦੀ ਬਾਣੀ ਸਮੇਤ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ।

ਉਨ੍ਹਾਂ ਨੇ ਇਸ ਸਮੁੱਚੀ ਬਾਣੀ ਵਿਚ ਆਪਣੀ ਬਾਣੀ ਸ਼ਾਮਿਲ ਕਰਕੇ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ ਅਤੇ ਸਿੱਖ ਧਰਮ ਦੀ ਝੋਲੀ ਵਿਚ ਵੱਖਰਾ ਧਰਮ ਗ੍ਰੰਥ ਪਾਇਆ।

ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਦੀ ਸਥਾਪਨਾ ਕਰਕੇ ਮੀਰੀ ਪੀਰੀ ਦੇ ਸਿਧਾਂਤ ਰਾਹੀਂ ਸਿੱਖ ਧਰਮ ਦੇ ਨਿਆਰੇਪਣ ਅਤੇ ਵਿਲਖਣਤਾ ਨੂੰ ਹੋਰ ਵਧੇਰੇ ਪ੍ਰਪੱਕ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿਚ ਖਾਲਸਾ ਪੰਥ ਦੀ ਸਾਜਨਾ ਕਰਕੇ ਸਿੱਖ ਧਰਮ ਦੇ ਵੱਖਰੇ ਸਰੂਪ ਦੇ ਵਿਕਾਸ ਨੂੰ ਸੰਪੂਰਨ ਪ੍ਰਦਾਨ ਕੀਤੀ।

### 3.3.5. ਸਿੱਖੀ ਦੇ ਵਿਕਾਸ ਦਾ ਅਹਿਮ ਪੜਾਅ: ਖਾਲਸਾ ਪੰਥ ਦੀ ਸਾਜਨਾ

ਖਾਲਸਾ ਪੰਥ ਦੀ ਸਾਜਨਾ ਸਿੱਖ ਧਰਮ ਦੇ ਵਿਕਾਸ ਦਾ ਇੱਕ ਅਹਿਮ ਪੜਾਅ ਹੈ ਜਿਸ ਨੇ ਸਿੱਖ ਧਰਮ ਨੂੰ ਬਾਹਰੀ ਰਹਿਤ ਪੱਖੋਂ ਇੱਕ ਸੰਪੂਰਨ ਧਰਮ ਦਾ ਸਰੂਪ ਪ੍ਰਦਾਨ ਕੀਤਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਖਾਲਸਾ' ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਖ਼ਾਲਿਸਹ' ਤੋਂ ਬਣਿਆ ਹੈ ਜਿਸ ਦਾ ਅਰਥ ਹੈ- ਸ਼ੁੱਧ, ਬਿਨਾਂ ਮਿਲਾਵਟ ਤੋਂ। ਪੰਜਾਬੀ-ਫ਼ਾਰਸੀ ਕੋਸ਼ ਅਨੁਸਾਰ ਫ਼ਾਰਸੀ ਭਾਸ਼ਾ ਦਾ 'ਖ਼ਾਲਿਸਾ' ਸ਼ਬਦ ਵੀ ਇਸੇ ਪ੍ਰਕਾਰ ਦੇ ਅਰਥ ਰੱਖਦਾ ਹੈ। ਵੱਖ-ਵੱਖ ਕੋਸ਼ਾਂ ਵਿਚ ਵਿਦਵਾਨਾਂ ਦੁਆਰਾ ਕੀਤੇ ਗਏ ਅਰਥਾਂ ਅਨੁਸਾਰ ਉਸ ਜ਼ਮੀਨ ਨੂੰ ਵੀ ਖਾਲਸਾ ਕਿਹਾ ਜਾਂਦਾ ਸੀ ਜੋ ਕਿਸੇ ਜਗੀਰਦਾਰ ਜਾਂ ਜ਼ਿਮੀਦਾਰ ਦੀ ਨਾ ਹੋ ਕੇ ਸਿੱਧੀ ਬਾਦਸ਼ਾਹ ਦੇ ਅਧੀਨ ਹੁੰਦੀ ਸੀ ਭਾਵ ਬਾਦਸ਼ਾਹ ਦੀ ਆਪਣੀ ਮਲਕੀਅਤ। ਇਸ ਪ੍ਰਕਾਰ ਸਿੱਖੀ ਦੇ ਅਨੁਸਾਰ ਖਾਲਸਾ, ਸਬਦ ਗੁਰੂ ਅਤੇ ਸਿੱਖੀ ਸਿਧਾਂਤਾਂ ਨਾਲ ਜੁੜੇ ਹੋਏ ਆਤਮਕ ਤੌਰ 'ਤੇ ਸ਼ੁੱਧ ਅਤੇ ਵਿਸ਼ੇ ਵਿਕਾਰਾਂ ਦੀ ਮਿਲਾਵਟ ਤੋਂ ਰਹਿਤ ਉਸ ਪੂਰਨ ਮਨੁੱਖ ਦੇ ਅਰਥਾਂ ਦਾ ਧਾਰਨੀ ਹੈ ਜੋ ਸਿੱਧੇ ਤੌਰ 'ਤੇ ਅਕਾਲ ਪੁਰਖ ਰੂਪ ਬਾਦਸ਼ਾਹ ਨਾਲ ਜੁੜਿਆ ਹੋਵੇ।

ਖਾਲਸਾ ਪੰਥ ਦੀ ਸਾਜਨਾ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਵਾਲੇ ਦਿਨ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਦੇ ਸਥਾਨ 'ਤੇ ਕੀਤੀ। ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਹੋਏ ਸਿੱਖ ਸੰਗਤਾਂ ਦੇ ਭਾਰੀ ਇਕੱਠ ਵਿਚੋਂ ਗੁਰੂ ਸਾਹਿਬ ਜੀ ਨੇ ਨੰਗੀ ਕਿਰਪਾਨ ਲੈ ਕੇ ਇਕ ਸਿੱਖ ਦੇ ਸਿਰ ਦੀ ਮੰਗ ਕੀਤੀ। ਲਾਹੌਰ ਨਿਵਾਸੀ ਭਾਈ ਭਾਈ ਦਇਆ ਰਾਮ ਤੋਂ ਬਾਅਦ ਹਸਤਨਾਪੁਰ ਨਿਵਾਸੀ ਭਾਈ ਧਰਮ ਦਾਸ (ਜੱਟ), ਜਗਨਾਥ ਪੁਰੀ ਨਿਵਾਸੀ ਭਾਈ ਹਿੰਮਤ ਰਾਇ (ਝਿਉਰ), ਦਵਾਰਕਾ ਨਿਵਾਸੀ ਭਾਈ ਮੋਹਕਮ ਚੰਦ (ਛੀਂਬੇ) ਅਤੇ ਬਿਦਰ ਨਿਵਾਸੀ ਭਾਈ ਸਾਹਿਬ ਚੰਦ (ਨਾਈ) ਨੇ ਕ੍ਰਮਵਾਰ ਆਪਣੇ ਸੀਸ ਭੇਂਟ ਕੀਤੇ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਪੰਜਾਂ ਸਿੱਖਾਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ। ਇਨ੍ਹਾਂ ਪੰਜਾਂ ਸਿੱਖਾਂ ਦੇ ਨਾਮ ਦੇ ਨਾਲ ਸਿੰਘ ਸ਼ਬਦ (ਭਾਈ ਦਇਆ ਸਿੰਘ, ਭਾਈ ਧਰਮ ਸਿੰਘ,

ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ) ਜੋੜਣ ਤੋਂ ਬਾਅਦ 'ਪੰਜ ਪਿਆਰੇ' ਦੀ ਉਪਾਧੀ ਬਖਸ਼ ਕੇ ਸਭ ਜਾਤਾਂ-ਪਾਤਾਂ ਦੇ ਭੇਦ ਮਿਟਾ ਦਿੱਤੇ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਰਹਿਤ ਦ੍ਰਿੜ੍ਹ ਕਰਵਾ ਕੇ ਦੇਵੀ-ਦੇਵਤਿਆਂ ਅਤੇ ਜਾਤਾਂ-ਪਾਤਾਂ ਛੱਡ ਕੇ ਇਕ ਅਕਾਲ ਪੁਰਖ ਨਾਲ ਜੁੜਣ, ਪੰਜ ਕਕਾਰੀ ਰਹਿਤ ਰੱਖਣ, ਨਾਮ-ਬਾਣੀ ਦੇ ਧਾਰਨੀ ਹੋਣ ਦਾ ਉਪਦੇਸ਼ ਦਿੱਤਾ। ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਸਿਰਗੁੰਮ, ਨੜੀ ਮਾਰ, ਕੁੜੀ ਮਾਰ ਨਾਲ ਵਰਤਣ ਤੋਂ ਮਨਾਹੀ ਕੀਤੀ ਅਤੇ ਚਾਰ ਬਜਰ ਕੁਰਹਿਤਾਂ- ਕੇਸਾਂ ਦੀ ਬੇਅਦਬੀ, ਕੁੱਠਾ ਖਾਣ, ਪਰ ਇਸਤਰੀ ਜਾਂ ਪਰ ਪੁਰਸ਼ ਦਾ ਗਮਨ ਅਤੇ ਤੰਬਾਕੂ ਜਾਂ ਨਸ਼ੇ ਦੀ ਵਰਤੋਂ ਤੋਂ ਬਚਣ ਦੇ ਹੁਕਮ ਦਿੱਤੇ।

ਪੰਜ ਸਿੰਘਾ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਗੁਰੂ ਜੀ ਨੇ ਪੰਜਾਂ ਪਿਆਰਿਆਂ ਤੋਂ ਆਪਣੇ ਲਈ ਅੰਮ੍ਰਿਤ ਦੀ ਦਾਤ ਮੰਗ ਕੇ 'ਆਪੇ ਗੁਰ ਚੇਲਾ' ਦੀ ਇਕ ਅਨੋਖੀ ਮਿਸਾਲ ਪੇਸ਼ ਕੀਤੀ ਅਤੇ ਗੁਰੂ 'ਗੋਬਿੰਦ ਰਾਇ' ਤੋਂ ਗੁਰੂ 'ਗੋਬਿੰਦ ਸਿੰਘ' ਸਜ ਕੇ ਇਸ ਖਾਲਸਾ ਪੰਥ ਦਾ ਹਿੱਸਾ ਬਣੇ।

ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਪੂਰਾ ਕਰਦੇ ਹੋਏ ਇਲਾਹੀ ਕੌਤਕ ਰਚਾ ਕੇ ਖਾਲਸਾ ਪੰਥ ਪ੍ਰਗਟ ਕਰਨ ਦਾ ਕਾਰਜ ਕੀਤਾ।

### 3.4. ਸਿੱਖ ਧਰਮ ਸਿਧਾਂਤ ਅਤੇ ਵਿਚਾਰਧਾਰਾ

ਸਿੱਖ ਧਰਮ ਦੀ ਵਿਚਾਰਧਾਰਾ ਅਤੇ ਇਸ ਦੇ ਸਿਧਾਂਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਰਾਹੀਂ ਸਮਝਿਆ ਜਾ ਸਕਦਾ ਹੈ। ਗੁਰਬਾਣੀ, ਦਰਸ਼ਨ ਅਤੇ ਮਨੁੱਖਾ ਜੀਵਨ ਪਹਿਲੂਆਂ ਨੂੰ ਸੁੰਦਰ ਢੰਗ ਰਾਹੀਂ ਪ੍ਰਸਤੁਤ ਕਰਦੀ ਹੈ। ਗੁਰਬਾਣੀ ਵਿਚੋਂ ਪ੍ਰਗਟ ਹੋਣ ਵਾਲੇ ਸਿੱਖ ਧਰਮ ਦੇ ਪ੍ਰਮੁੱਖ ਸਿਧਾਂਤ ਅਤੇ ਵਿਚਾਰਧਾਰਾ ਦਾ ਵੇਰਵਾ ਇਸ ਪ੍ਰਕਾਰ ਹੈ-

#### 3.4.1 ਅਕਾਲ ਪੁਰਖ

ਅਕਾਲ ਪੁਰਖ ਇਕ ਹੈ, ਸਮੁੱਚੀ ਕਾਇਨਾਤ ਵਿਚ ਇਕ ਰਸ ਵਿਆਪਕ ਹੈ ਅਤੇ ਸ੍ਰਿਸ਼ਟੀ ਦਾ ਰਚਨਹਾਰ ਹੈ। ਉਸਦਾ ਨਾਮ ਸਤਿ ਹੈ। ਉਹ ਡਰ ਅਤੇ ਵੈਰ ਤੋਂ ਰਹਿਤ ਹੈ ਜਿਸਦਾ ਸਰੂਪ ਕਾਲ ਅਤੇ ਜੂਨਾਂ ਤੋਂ ਮੁਕਤ ਹੈ।

ਸਮੁੱਚੀ ਸ੍ਰਿਸ਼ਟੀ ਵਿਚ ਹਰ ਥਾਂ ਮੌਜੂਦ ਹੈ ਪ੍ਰੰਤੂ ਉਸ ਨਾਲ ਮਨੁੱਖ ਦਾ ਮਿਲਾਪ ਉਦੋਂ ਹੀ ਹੋ ਸਕਦਾ ਹੈ ਜੇਕਰ ਮਨੁੱਖ ਦੇ ਹਿਰਦੇ ਵਿਚ ਅਕਾਲ ਪੁਰਖ ਦਾ ਨਿਰਮਲ ਡਰ, ਪਿਆਰ ਅਤੇ ਯਾਦ ਹੋਵੇ।

ਇਸ ਸੰਸਾਰ ਦੇ ਸਾਰੇ ਜੀਵਾਂ ਦੀ ਨਕੇਲ ਪਰਮਾਤਮਾ ਦੇ ਹੱਥ ਵਿਚ ਹੈ ਅਤੇ ਸਾਰੇ ਮਨੁੱਖ ਉਸ ਦੇ ਹੁਕਮ ਅਨੁਸਾਰ ਹੀ ਆਪਣੀ ਕਿਰਤ ਅਤੇ ਕੰਮ-ਧੰਦੇ ਕਰਦੇ ਹਨ।

ਜਿਹੜਾ ਮਨੁੱਖ ਕਦੀ ਤਾਂ ਪਰਮਾਤਮਾ ਦੇ ਹੁਕਮ ਅੱਗੇ ਸਿਰ ਨਿਵਾਉਂਦਾ ਹੈ ਅਤੇ ਕਦੀ ਪਰਮਾਤਮਾ ਦੇ ਕੀਤੇ ’ਤੇ ਇਤਰਾਜ਼ ਕਰਦਾ ਹੈ, ਉਹ ਪਰਮਾਤਮਾ ਤੋਂ ਬਿਲਕੁਲ ਹੀ ਦੂਰ ਹੋ ਜਾਂਦਾ ਹੈ। ਸੁੱਖ ਅਤੇ ਦੁੱਖ ਵਾਲੀਆਂ ਦੋਵਾਂ ਅਵਸਥਾਵਾਂ ਵਿਚ ਹੀ ਪਰਮਾਤਮਾ ਨੂੰ ਯਾਦ ਕਰਨਾ, ਉਸ ਨੂੰ ਮਿਲਣ ਦਾ ਤਰੀਕਾ ਹੈ।

ਅਕਾਲ ਪੁਰਖ ਦੇ ਬਰਾਬਰ ਕਿਸੇ ਵੀ ਦੇਵੀ-ਦੇਵਤੇ ਦੀ ਹਸਤੀ ਨਹੀਂ। ਉਹ ਸਾਰੇ ਦੇਵੀ-ਦੇਵਤਿਆਂ ਤੋਂ ਉੱਪਰ ਹੈ।

ਆਪਣੀ ਰੋਜ਼ੀ ਰੋਟੀ ਲਈ ਮਨੁੱਖ ਨੂੰ ਵਿਅਰਥ ਚਿੰਤਾ ਨਹੀਂ ਕਰਨੀ ਚਾਹੀਦੀ ਹੈ ਕਿਉਂਕਿ ਪਰਮਾਤਮਾ ਸਾਰੇ ਜੀਵਾਂ ਨੂੰ ਰਿਜ਼ਕ ਦੇਣ ਵਾਲਾ ਹੈ। ਉਸ ਨੂੰ ਧਰਤੀ ਦੇ ਸਾਰੇ ਜੀਵਾਂ ਦੀ ਰੋਜ਼ੀ-ਰੋਟੀ ਦੀ ਚਿੰਤਾ ਹੈ।

ਜਿਸ ਮਨੁੱਖ ਦੀ ਪੱਤ-ਇੱਜ਼ਤ ਪਰਮਾਤਮਾ ਆਪ ਰੱਖ ਲੈਂਦਾ ਹੈ, ਉਸ ਦਾ ਕੋਈ ਵੀ ਕੁਝ ਨਹੀਂ ਵਿਗਾੜ ਸਕਦਾ।

ਅਕਾਲ ਪੁਰਖ ਦੀ ਪ੍ਰਾਪਤੀ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਪਰਾਏ ਧਨ, ਪਰਾਏ ਤਨ ਅਤੇ ਪਰਾਈ ਨਿੰਦਾ ਦਾ ਤਿਆਗ ਕਰੇ।

ਪਰਮਾਤਮਾ ਗੁਣੀ ਨਿਧਾਨ (ਗੁਣਾਂ ਦਾ ਖਜ਼ਾਨਾ) ਹੈ ਜਿਸ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਮਨੁੱਖ ਲਈ ਇਨ੍ਹਾਂ ਗੁਣਾਂ ਦਾ ਚਿੰਤਨ ਅਤੇ ਸਿਮਰਨ ਕਰਨਾ ਜ਼ਰੂਰੀ ਹੈ ਤਾਂ ਕਿ ਇਹਨਾਂ ਗੁਣਾਂ ਦਾ ਸੰਚਾਰ ਮਨੁੱਖੀ ਜੀਵਨ ਵਿਚ ਵੀ ਹੋ ਸਕੇ। ਉਸ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਕੇ ਹੀ ਉਸ ਵਿਚ ਸਮਾਇਆ ਜਾ ਸਕਦਾ ਹੈ।

ਅਕਾਲ ਪੁਰਖ ਆਕਾਰ ਤੋਂ ਰਹਿਤ ਅਤੇ ਬੁੱਧੀ ਤੋਂ ਪਰ੍ਹੇ ਹੈ। ਜਿਨ੍ਹਾਂ ਪਰਮ ਹਸਤੀਆਂ ਜਾਂ ਰਾਜਿਆਂ-ਮਹਾਰਾਜਿਆਂ ਨੂੰ ਪਰਮਾਤਮਾ ਦੇ ਅਵਤਾਰ ਸਮਝ ਕੇ ਪੂਜਿਆ ਜਾਂਦਾ ਹੈ ਉਹ ਤਾਂ ਰੱਬ ਨੂੰ ਸਮਝ ਵੀ ਨਹੀਂ ਸਕੇ, ਰੱਬ ਹੋਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਤੇਤੀ ਕਰੋੜ ਦੇਵੀ-ਦੇਵਤੇ ਸਵੈ-ਸਮਰੱਥ ਨਹੀਂ ਹਨ, ਉਹ ਵੀ ਪਰਮਾਤਮਾ ਦੇ ਆਗਿਆਕਾਰੀ ਦਾਸ ਹਨ।

ਜਿਸ ਨੂੰ ਅਕਾਲ ਪੁਰਖ ਵਡਿਆਈ ਦਿੰਦਾ ਹੈ, ਉਹੀ ਵੱਡਾ ਹੁੰਦਾ ਹੈ। ਪਰਮਾਤਮਾ ਦੀ ਰੀਸ ਕਰਨ ਵਾਲਾ ਮੂਰਖ ਅਤੇ ਅਣਜਾਣ ਹੈ ਕਿਉਂਕਿ ਉਸ ਦਾ ਕੋਈ ਵੀ ਸਰੀਕ ਨਹੀਂ। ਉਹ ਕਰਤਾ ਜੀਵਾਂ ਵਿਚ ਵਰਤ ਰਹੀ ਹਰ ਇਕ ਚੀਜ਼ ਨੂੰ ਜਾਣਦਾ ਹੈ ਅਤੇ ਉਸ ਤੋਂ ਕੁਝ ਵੀ ਗੁੱਝਾ ਨਹੀਂ।

ਮਨੁੱਖ ਲਈ ਪਰਮਾਤਮਾ ਦਾ ਅੰਤ ਪਾਉਣਾ ਸੰਭਵ ਨਹੀਂ ਕਿਉਕਿ ਉਹ ਮਨੁੱਖੀ ਬੁੱਧੀ ਦੀ ਪਹੁੰਚ ਤੋਂ ਪਰੇ ਹੈ। ਉਸ ਦੀ ਵਡਿਆਈਆਂ ਦੀ ਵਿਚਾਰ ਗੁਰੂ ਦੀ ਕਿਰਪਾ ਰਾਹੀਂ ਹੀ ਕੀਤੀ ਜਾ ਸਕਦੀ ਹੈ।

### 3.4.2. **ਸ੍ਰਿਸ਼ਟੀ**

ਇਹ ਸਮੁੱਚੀ ਸ੍ਰਿਸ਼ਟੀ ਪਰਮਾਤਮਾ ਦੁਆਰਾ ਆਪ ਹੀ ਸਾਜਿਆ ਹੋਇਆ ਖੇਡ ਤਮਾਸ਼ਾ ਹੈ। ਮਾਇਆ ਮੋਹ ਸਭ ਉਸ ਦੇ ਹੁਕਮ ਅਧੀਨ ਹੀ ਬਣਾਏ ਹੋਏ ਹਨ। ਪਰਮਾਤਮਾ ਤੋਂ ਬਿਨਾਂ ਕੋਈ ਵੀ ਹੋਰ ਦੂਜਾ ਅਜਿਹਾ ਕਰਨ ਦੀ ਸਮਰੱਥਾ ਨਹੀਂ ਰੱਖਦਾ।

ਸਮੁੱਚੀ ਕਾਇਨਾਤ ਇਕ ਬਾਗ ਦੀ ਤਰਾਂ ਹੈ ਅਤੇ ਅਕਾਲ ਪੁਰਖ ਇਕ ਮਾਲੀ ਵਾਂਗ ਇਸ ਬਾਗ਼ ਦੀ ਸੰਭਾਲ ਕਰ ਰਿਹਾ ਹੈ।

ਇਸ ਰਚਨਾ ਵਿਚ ਅਕਾਲ ਪੁਰਖ ਨੇ ਅਜਿਹਾ ਨਿਰਾਲਾ ਖੇਡ ਸਿਰਜਿਆ ਹੈ ਕਿ ਕੋਈ ਵੀ ਜੀਵ, ਕਿਸੇ ਵੀ ਪੱਖ ਤੋਂ ਦੂਸਰੇ ਜੀਵ ਵਰਗਾ ਨਹੀ ਪੈਦਾ ਕੀਤਾ।

ਚੰਗੀ ਮੰਦੀ ਜਾਂ ਖਰੀ-ਖੋਟੀ ਦੋਵੇਂ ਪ੍ਰਕਾਰ ਦੀ ਰਚਨਾ ਪਰਮਾਤਮਾ ਨੇ ਆਪ ਹੀ ਕੀਤੀ ਹੈ। ਜ਼ਹਿਰ ਅਤੇ ਅੰਮ੍ਰਿਤ ਦੋਵੇਂ ਉਸ ਪਰਮਾਤਮਾ ਦੇ ਹੀ ਪੈਦਾ ਕੀਤੇ ਹੋਏ ਹਨ। ਬਾਹਰੀ ਤੌਰ ’ਤੇ ਵਿਖਾਈ ਦੇਣ ਵਾਲੇ ਇਸ ਵਿਰੋਧ ਵਿਚ ਹੀ ਵਿਕਾਸ ਹੈ।

ਇਹ ਸੰਸਾਰ ਪਰਮਾਤਮਾ ਦੁਆਰਾ ਸਿਰਜੀ ਗਈ ‘ਸਚੇ ਕੀ ਕੋਠੜੀ' ਹੈ ਜਿਸ ਵਿਚ ਉਹ ਪਰਮਾਤਮਾ ਆਪ ਨਿਵਾਸ ਕਰਦਾ ਹੈ।

ਇਹ ਸੰਸਾਰ ਇਕ ਖੇਡ ਅਖਾੜੇ ਦੀ ਤਰ੍ਹਾਂ ਹੈ ਜਿਸ ਵਿਚ ਉਹੀ ਮਨੁੱਖ ਜਿੱਤ ਪ੍ਰਾਪਤ ਕਰਦਾ ਹੈ ਜੋ ਆਪਣੇ ਆਚਰਨ ਨੂੰ ਸ਼ੁੱਧ ਰੱਖ ਕੇ ਪਰਮਾਤਮਾ ਦਾ ਨਾਮ ਜਪਦਾ ਹੈ।

### 3.4.3. **ਮਨੁੱਖ**

ਮਨੁੱਖ ਇਸ ਧਰਤੀ ਦੀ ਸਭ ਤੋਂ ਸ੍ਰੇਸ਼ਟ ਜੂਨੀ ਹੈ ਜਿਸ ਦਾ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਕਰਨਾ ਹੈ।

ਮਨੁੱਖਾ ਸਰੀਰ ਵਿਚ ਅਕਾਲ ਪੁਰਖ ਨੇ ਅਣਗਿਣਤ ਵਸਤੂਆਂ ਪਾਈਆਂ ਹਨ। ਇਸ ਬ੍ਰਹਿਮੰਡ ਦੇ ਸਾਰੇ ਪਦਾਰਥ ਮਨੁੱਖਾ ਸਰੀਰ ਵਿਚ ਹੀ ਮੌਜੂਦ ਹਨ ਅਤੇ ਇਸ ਵਿਚ ਹੀ ਅਕਾਲ ਪੁਰਖ ਦਾ ਵਾਸਾ ਹੈ।

ਇਸ ਸਰੀਰ ਵਿਚ ਜਿੱਥੇ ਚੰਗੀਆਂ ਵਸਤੂਆਂ ਅਤੇ ਸ਼ਕਤੀਆਂ ਹਨ ਉਥੇ ਵਿਸ਼ੇ-ਵਿਕਾਰਾਂ ਦੇ ਰੂਪ ਵਿਚ ਪੰਜ ਚੋਰ ਵੀ ਮੌਜੂਦ ਹਨ। ਇਹ ਪੰਜ ਚੋਰ ਹਰ ਸਮੇਂ ਮਨੁੱਖਾ ਸਰੀਰ ਨੂੰ ਲੁੱਟਦੇ ਰਹਿੰਦੇ ਹਨ। ਇਸ ਲਈ ਇਨ੍ਹਾਂ ਪੰਜ ਵਿਕਾਰਾਂ ਤੋਂ ਸੁਚੇਤ ਰਹਿਣ ਦੀ ਜ਼ਰੂਰਤ ਹੈ।

ਮਨਮੁਖ ਬਿਰਤੀ ਵਾਲੇ ਮਨੁੱਖ ਉਸ ਪਰਮਾਤਮਾ ਨੂੰ ਬਾਹਰ ਲੱਭਦੇ ਫਿਰਦੇ ਹਨ ਜੋ ਮਨੁੱਖਾ ਸਰੀਰ ਵਿਚ ਹੀ ਮੌਜੂਦ ਹੈ। ਨਾਮ ਤੋਂ ਬਿਨਾਂ ਅਜਿਹੇ ਮਨੁੱਖ, ਅਗਿਆਨਤਾ ਅਧੀਨ ਅਨੇਕਾਂ ਤਰ੍ਹਾਂ ਦੇ ਦੁੱਖ ਪਾਉਂਦੇ ਹਨ।

ਮੰਦੇ ਕੰਮ ਕਰਕੇ ਮੋਹ ਅਧੀਨ ਇਸ ਮਨੁੱਖਾ ਸਰੀਰ ਨੂੰ ਪਾਲਣਾ ਨਿਰਾਰਥਕ ਹੈ ਕਿਉਂਕਿ ਅੰਤ ਸਮੇਂ ਇਹ ਸਰੀਰ ਨਾਲ ਨਹੀਂ ਜਾਂਦਾ।

ਮਨੁੱਖਾ ਸਰੀਰ ਦੀ ਹੋਂਦ ਸਦੀਵੀ ਨਹੀਂ, ਇਹ ਬਿਨਸਨਹਾਰ ਹੈ। ਜਿਸ ਪ੍ਰਕਾਰ ਪਾਣੀ ਦੀ ਬੂੰਦ ਨਾਲ ਕਾਗਜ ਗਲ ਜਾਂਦਾ ਹੈ ਉਸੇ ਪ੍ਰਕਾਰ ਕਾਲ ਰੂਪੀ ਪਾਣੀ ਨਾਲ ਕਾਗਜ ਰੂਪ ਸਰੀਰ ਖਤਮ ਹੋ ਜਾਂਦਾ ਹੈ।

ਆਸਾ ਅਤੇ ਤ੍ਰਿਸ਼ਨਾਵਾਂ ਤੋਂ ਉੱਪਰ ਉਠਣ ਵਾਲੇ ਸਰੀਰ ਨੂੰ ਹੀ ਸਫਲ ਸਰੀਰ ਕਿਹਾ ਜਾ ਸਕਦਾ ਹੈ। ਇਸ ਜੁਗਤੀ ਦੀ ਸਮਝ ਗੁਰੂ ਦੁਆਰਾ ਦੱਸੇ ਮਾਰਗ ਰਾਹੀਂ ਹੀ ਆਉਂਦੀ ਹੈ ਜਿਸ ਰਾਹੀਂ ਇਹ ਸਰੀਰ ਸੋਨੇ ਵਾਂਗ ਸ਼ੁੱਧ ਅਤੇ ਸਵੱਛ ਹੋ ਜਾਂਦਾ ਹੈ।

### 3.4.4. ਗੁਰੂ

ਗੁਰੂ, ਸੰਸਾਰ ਰੂਪ ਸਮੁੰਦਰ ਨੂੰ ਪਾਰ ਕਰਨ ਵਾਲੀ ਬੇੜੀ ਦੇ ਸਮਾਨ ਹੈ ਜਿਸ ਤੋਂ ਬਿਨਾਂ ਅਧਿਆਤਮਕ ਮਾਰਗ ਦੀ ਸਮਝ ਸੰਭਵ ਨਹੀਂ।

ਸਤਿਗੁਰੂ ਦੀ ਸ਼ਰਨ ਵਿਚ ਆਉਣ ਨਾਲ ਤ੍ਰਿਸ਼ਨਾਵਾਂ ਸਮਾਪਤ ਹੁੰਦੀਆਂ ਹਨ; ਵਿਕਾਰਾਂ ਦੀ ਤਪਤ ਖਤਮ ਹੁੰਦੀ ਹੈ ਤੇ ਮਨ ਸੀਤਲ ਹੋ ਜਾਂਦਾ ਹੈ; ਮਨ ਦੀ ਭਟਕਣ ਖਤਮ ਹੋ ਜਾਂਦੀ ਹੈ ਤੇ ਆਤਮਕ ਸੁਖ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਗੁਰੂ ਦੇ ਹਿਰਦੇ ਵਿਚ ਪਰਮਾਤਮਾ ਦੇ ਗੁਣਾਂ ਦਾ ਸੋਮਾ ਮੌਜੂਦ ਹੁੰਦਾ ਹੈ। ਉਹ ਗੁਰੂ ਧੰਨਤਾ ਦੇ ਯੋਗ ਹੈ ਜਿਸ ਨੇ ਸਿੱਖਿਆ ਦੇ ਕੇ ਸਮੁੱਚੀ ਸ੍ਰਿਸ਼ਟੀ ਨੂੰ ਸਵਾਰ ਦਿੱਤਾ ਹੈ।

ਆਪਣੇ ਮਨ ਵਿਚ ਗੁਰੂ ਲਈ ਮੰਦਾ ਕਰਨ ਬਾਰੇ ਸੋਚਣ ਵਾਲੇ ਨੂੰ ਅਕਾਲ ਪੁਰਖ ਆਪ ਹੀ ਖ਼ਤਮ ਕਰ ਦਿੰਦਾ ਹੈ।

ਅਕਾਲ ਪੁਰਖ ਅਤੇ ਗੁਰੂ ਵਿਚ ਕੋਈ ਵੀ ਅੰਤਰ ਨਹੀਂ ਹੈ। ਗੁਣਾਂ ਕਰਕੇ ਪਰਮਾਤਮਾ ਅਤੇ ਗੁਰੂ ਇਕ ਰੂਪ ਹੀ ਹਨ।

ਗੁਰੂ ਦੀ ਵਡਿਆਈ ਨਾ ਵੇਖ ਸਕਣ ਵਾਲੇ ਨਿੰਦਕਾਂ ਨੂੰ ਅੱਗੇ ਪਿਛੇ ਕਿਤੇ ਵੀ ਥਾਂ ਨਹੀਂ ਮਿਲਦੀ ਅਤੇ ਉਹ ਆਪਣੀ ਰਹਿੰਦੀ ਖੁਹੰਦੀ ਇੱਜ਼ਤ ਵੀ ਗਵਾ ਲੈਂਦੇ ਹਨ। ਸਤਿਗੁਰੂ ਤੋਂ ਫਿਟਕਾਰੇ ਹੋਏ ਨਿੰਦਕ ਸਾਰੇ ਜਗਤ ਤੋਂ ਫਿਟਕਾਰੇ ਜਾਂਦੇ ਹਨ ਅਤੇ ਭੰਬਲ ਭੂਸੇ ਵਿਚ ਰਹਿੰਦੇ ਹਨ।

ਸਤਿਗੁਰੂ ਸਮਦ੍ਰਿਸ਼ਟੀ ਦਾ ਮਾਲਕ ਹੁੰਦਾ ਹੈ ਜਿਸ ਲਈ ਸਾਰੇ ਜੀਵ ਇਕ ਸਮਾਨ ਹੁੰਦੇ ਹਨ। ਗੁਰੂ ਦਾ ਕਿਸੇ ਨਾਲ ਕੋਈ ਵੈਰ ਨਹੀਂ ਹੁੰਦਾ। ਭਾਵੇਂ ਕੋਈ ਗੁਰੁ ਦੀ ਨਿੰਦਾ ਕਰੇ ਜਾਂ ਉਸਤਤ ਕਰੇ, ਗੁਰੂ ਲਈ ਉਸਤਤ ਨਿੰਦਾ ਦੋਵੇਂ ਹੀ ਇਕ ਸਮਾਨ ਹੁੰਦੇ ਹਨ।

ਉਹ ਧਰਤੀ, ਮਾਤਾ-ਪਿਤਾ ਅਤੇ ਕੁਲ ਭਾਗਾਂ ਵਾਲੇ ਹੋ ਜਾਂਦੇ ਹਨ ਜਿਸ ਨਾਲ ਪੂਰਨ ਗੁਰੂ ਦਾ ਸੰਬੰਧ ਜੁੜਦਾ ਹੈ।

ਗੁਰਸਿੱਖਾਂ ਅੰਦਰ ਸਤਿਗੁਰੂ ਆਪ ਵਰਤ ਕੇ ਉਨ੍ਹਾਂ ਦੇ ਔਗੁਣ ਖਤਮ ਕਰ ਦਿੰਦਾ ਹੈ। ਜੋ ਸਤਿਗੁਰੂ ਦਾ ਪ੍ਰੇਮ ਨਾਲ ਦਰਸ਼ਨ ਕਰਦੇ ਹਨ ਉਸ ਦੇ ਸਾਰੇ ਪਾਪ ਨਾਸ਼ ਹੋ ਜਾਂਦੇ ਹਨ।

ਮਨ ਰੂਪ ਕੋਠੇ ਅਤੇ ਸਰੀਰ ਰੂਪੀ ਛੱਤ ਨੂੰ ਮਾਇਆ ਦਾ ਜਿੰਦਰਾ ਲੱਗਿਆ ਹੋਇਆ ਹੈ ਜਿਸਦੀ ਚਾਬੀ ਗੁਰੂ ਕੋਲ ਹੀ ਹੈ। ਗੁਰੂ ਤੋਂ ਬਿਨਾਂ ਇਸ ਮਾਇਆ ਦੇ ਜਿੰਦਰੇ ਨੂੰ ਖੋਲ੍ਹਣਾ ਸੰਭਵ ਨਹੀਂ।

ਬਾਹਰੀ ਚਾਨਣ ਕਰਨ ਵਾਲੇ ਭਾਵੇਂ ਅਨੇਕਾਂ ਹੀ ਸੂਰਜ ਅਤੇ ਚੰਦ੍ਰਮਾ ਚੜ੍ਹ ਜਾਣ ਪ੍ਰੰਤੂ ਗੁਰੂ ਤੋਂ ਬਿਨਾਂ ਮਨੁੱਖ ਦਾ ਅੰਦਰਲਾ ਅਗਿਆਨ ਦਾ ਹਨੇਰਾ ਦੂਰ ਨਹੀਂ ਹੋ ਸਕਦਾ।

ਇਸ ਸੰਸਾਰ ਦੀ ਮੋਹ-ਮਾਇਆ ਤੋਂ ਉਹੀ ਮਨੁੱਖ ਬਚ ਸਕਦਾ ਹੈ ਜਿਸ ਨੂੰ ਗੁਰੂ ਦੇ ਦੱਸੇ ਮਾਰਗ ਰਾਹੀਂ ਇਸ ਦੀ ਸਮਝ ਪੈ ਜਾਂਦੀ ਹੈ।

ਜਿਹੜੇ ਮਨੁੱਖ ਆਪਣੀ ਸਿਆਣਪ ਅਧੀਨ ਗੁਰੂ ਦੇ ਉਪਦੇਸ਼ਾਂ ਨੂੰ ਧਾਰਨ ਨਹੀਂ ਕਰਦੇ, ਉਹ ਅਨੇਕਾਂ ਤਰ੍ਹਾਂ ਦੇ ਵਿਸ਼ੇ ਵਿਕਾਰਾਂ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ ਅਤੇ ਉਨ੍ਹਾਂ ਦਾ ਜਨਮ ਵਿਅਰਥ ਚਲਿਆ ਜਾਂਦਾ ਹੈ।

ਹਉਮੈ ਵਾਲੇ ਲੰਮੇ ਰੋਗ ਤੋਂ ਮਨੁੱਖ ਤਾਂ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ ਜੇਕਰ ਪਰਮਾਤਮਾ ਆਪ ਹੀ ਕਿਰਪਾ ਕਰਕੇ ਗੁਰੂ ਰਾਹੀਂ ਇਸ ਦੀ ਸੋਝੀ ਪ੍ਰਦਾਨ ਕਰ ਦੇਵੇ।

ਗੁਰੂ ਜੀ ਦੀ ਸਿੱਖਿਆ, ਵੇਦਾਂ ਤੋਂ ਉੱਤਮ ਹੈ ਕਿਉਂਕਿ ਵੇਦ ਤਾਂ ਕੇਵਲ ਕਰਮਕਾਂਡ ਦੇ ਤਰੀਕੇ ਹੀ ਦੱਸਦੇ ਹਨ, ਜਦਕਿ ਗੁਰੂ ਦੀ ਕਿਰਪਾ ਨਾਲ, ਬਾਣੀ ਦੁਆਰਾ ਹਉਮੈ ਨਾਸ਼ ਹੁੰਦੀ ਹੈ ਤੇ ਰੱਬ ਦੇ ਹੁਕਮ ਵਿਚ ਰਹਿਣ ਦੀ ਜਾਚ ਆਉਂਦੀ ਹੈ।

ਗੁਰੂ ਮਨ ਦੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ ਤੀਰਥ ਹੈ ਜਿਸ ਦੀਆਂ ਸਿੱਖਿਆਵਾਂ ਤੇ ਚੱਲਣ ਵਾਲੇ ਮਨ ਇੱਛਤ ਫਲ ਪ੍ਰਾਪਤ ਕਰ ਲੈਂਦੇ ਹਨ।

ਛੇ ਸ਼ਾਸਤਰਾਂ ਨੂੰ ਪੜ੍ਹਨ ਨਾਲ ਵੀ ਉਹ ਪ੍ਰਾਪਤੀ ਨਹੀਂ ਹੁੰਦੀ ਜਿਹੜੀ ਗੁਰੂ ਦੇ ਦਰਸ਼ਨ ਕਰਨ ਨਾਲ ਹੋ ਜਾਂਦੀ ਹੈ।

ਜਿਹੜੇ ਮਨੁੱਖ ਗੁਰੂ ਦੀ ਸੇਵਾ ਕਰਦੇ ਹਨ ਉਨ੍ਹਾਂ ਨੂੰ ਨਾਮ ਰੂਪ ਖਜ਼ਾਨੇ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮਨ ਦਾ ਅਭਿਮਾਨ ਦੂਰ ਹੋ ਜਾਂਦਾ ਹੈ। ਸਤਿਗੁਰੂ, ਅੰਮ੍ਰਿਤ ਦੇ ਸਰੋਵਰ ਵਾਂਗ ਹੁੰਦਾ ਹੈ ਜਿਸ ਵਿਚ ਇਸ਼ਨਾਨ ਕਰਨ ਨਾਲ ਮਨ ਦੀ ਮੈਲ ਦੂਰ ਹੋ ਜਾਂਦੀ ਹੈ।

ਗੁਰੂ ਇਕ ਪਾਰਸ ਦੀ ਤਰ੍ਹਾਂ ਹੁੰਦਾ ਹੈ ਜਿਸ ਦੇ ਛੂਹਣ ਨਾਲ ਜੀਵ ਲੋਹੇ (ਅਵਗੁਣਾਂ ਨਾਲ ਭਰੇ ਹੋਏ ਵਿਕਾਰਾਂ) ਤੋਂ ਸੋਨਾ (ਅਧਿਆਤਮਕ ਗੁਣਾਂ ਨਾਲ ਭਰਪੂਰ) ਬਣ ਜਾਂਦਾ ਹੈ।

### 3.4.5. ਨਾਮ ਸਿਮਰਨ

ਨਾਮ ਸਿਮਰਨ, ਅਕਾਲ ਪੁਰਖ ਦੁਆਰਾ ਬਖ਼ਸ਼ਿਸ਼ ਕੀਤੀ ਜਾਣ ਵਾਲੀ ਇਕ ਦਾਤ ਹੈ ਜੋ ਮਨੁੱਖ ਆਪਣੇ ਉੱਦਮ ਨਾਲ ਨਹੀਂ ਪ੍ਰਾਪਤ ਕਰ ਸਕਦਾ। ਇਹ ਦਾਤ ਮਨੁੱਖ ਨੂੰ ਉਦੋਂ ਹੀ ਪ੍ਰਾਪਤ ਹੁੰਦੀ ਹੈ ਜਦੋਂ ਅਕਾਲ ਪੁਰਖ ਉਸ ਉੱਪਰ ਮਿਹਰਬਾਨ ਹੁੰਦਾ ਹੈ।

ਪਰਮਾਤਮਾ ਦਾ ਨਾਮ ਅੰਮ੍ਰਿਤ ਵਾਂਗ ਹੈ ਜੋ ਸਾਡੇ ਅੰਦਰ ਹੀ ਮੌਜੂਦ ਹੈ। ਇਸ ਨਾਮ ਰੂਪੀ ਅੰਮ੍ਰਿਤ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਨਾਲ ਹੀ ਹੋ ਸਕਦੀ ਹੈ।

ਮਨੁੱਖ ਨੂੰ ਦੁਨੀਆਂ ਦੀਆਂ ਝੂਠੀਆਂ ਵਡਿਆਈਆਂ ਦਾ ਤਿਆਗ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਹ ਨਾਮ ਸਿਮਰਨ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਹਨ।

ਅਕਾਲ ਪੁਰਖ ਨੂੰ ਉਸ ਦੇ ਸਿਮਰਨ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਨਾਮ ਸਿਮਰਨ ਕਰਨ ਲਈ ਸੰਸਾਰ ਦਾ ਤਿਆਗ ਜਰੂਰੀ ਨਹੀਂ ਸਗੋਂ ਸੰਸਾਰ ਵਿਚ ਰਹਿ ਕੇ ਹੀ ਇਸ ਨੂੰ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਸਾਰਾ ਸੰਸਾਰ ਉਸ ਸੱਚੇ ਅਕਾਲ ਪੁਰਖ ਦੀ ਕੋਠੜੀ ਹੈ ਤੇ ਉਸ ਸੱਚੇ ਅਕਾਲ ਪੁਰਖ ਦਾ ਇਸ ਵਿਚ ਨਿਵਾਸ ਹੈ।

ਨਾਮ ਸਿਮਰਨ, ਰਤਨਾਂ ਦੀ ਕੀਮਤੀ ਗੁਥਲੀ (ਪੋਟਲੀ) ਵਾਂਗ ਹੈ, ਜਿਸ ਦੀ ਕਦਰ ਜਾਂ ਤਾਂ ਗੁਰੂ ਜਾਣਦਾ ਹੈ ਜਾਂ ਗੁਰੂ ਦੇ ਦੱਸੇ ਮਾਰਗ ਤੇ ਤੁਰਨ ਵਾਲੇ ਗੁਰਮੁਖ।

ਜੀਵਨ ਨੂੰ ਸਫਲ ਕਰਨ ਦਾ ਢੰਗ ਇਹ ਹੈ ਕਿ ਅੰਮ੍ਰਿਤ ਵੇਲੇ ਜਾਗ ਕੇ ਸਤਿਸੰਗ ਵਿਚ ਪਰਮਾਤਮਾ ਦੀ ਸਿਫ਼ਤ-ਸਾਲਾਹ ਸੁਣੀ ਜਾਵੇ ਅਤੇ ਕੰਮ-ਕਾਰ ਕਰਦੇ ਹੋਏ ਵੀ ਪਰਮਾਤਮਾ ਦੀ ਉਸਤਤ ਕੀਤੀ ਜਾਵੇ।

ਪਰਮਾਤਮਾ ਦੀ ਬੰਦਗੀ ਕਰਨ ਵਾਲੇ ਮਨੁੱਖਾਂ ਦਾ ਜੀਵਨ ਹੀ ਕਾਮਯਾਬ ਹੈ। ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾਂ ਇਹ ਜੀਵਨ ਵਿਅਰਥ ਚਲਿਆ ਜਾਂਦਾ ਹੈ।

ਹਰ ਵਰਨ ਅਤੇ ਜਾਤ ਦੇ ਮਨੁੱਖ ਦਾ ਮੁੱਖ ਧਰਮ, ਅਕਾਲ ਪੁਰਖ ਦਾ ਨਾਮ ਸਿਮਰਨ ਹੈ। ਜੋ ਮਨੁੱਖ ਇਸ ਨੂੰ ਸਮਝ ਲੈਂਦਾ ਹੈ, ਉਹ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।

ਪਰਮਾਤਮਾ ਦਾ ਨਾਮ ਨਾ ਮੁੱਕਣ ਵਾਲਾ ਖਜ਼ਾਨਾ ਹੈਂ ਜੋ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਇਸ ਧਨ ਦੀ ਪ੍ਰਾਪਤੀ ਤੋਂ ਬਿਨਾਂ ਹੋਰ ਦੁਨਿਆਵੀ ਧਨ ਜ਼ਹਿਰ ਦੇ ਸਮਾਨ ਹਨ ਜੋ ਹੰਕਾਰ ਤੇ ਮਾਇਆ ਦਾ ਮੋਹ ਪੈਦਾ ਕਰਦੇ ਹਨ।

ਪਰਮਾਤਮਾ ਦਾ ਨਾਮ ਇਕ ਮੀਠੇ ਰਸ ਦੀ ਤਰ੍ਹਾਂ ਹੁੰਦਾ ਹੈ ਜਿਸਦੇ ਮੁਕਾਬਲੇ ਬਾਕੀ ਦੁਨਿਆਵੀ ਰਸ ਫਿੱਕੇ ਹੁੰਦੇ ਹਨ।

ਮਨੁੱਖ ਨੂੰ ਨਾਮ ਜਪਣ ਵਿਚ ਇਕ ਪਲ ਦੀ ਢਿਲ ਵੀ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਗੱਲ ਦਾ ਕਿਸੇ ਵੀ ਮਨੁੱਖ ਨੂੰ ਨਹੀਂ ਪਤਾ ਕਿ ਕਦੋਂ ਉਸ ਦੀ ਮੌਤ ਆ ਜਾਣੀ ਹੈ। ਮਨੁੱਖੀ ਜੀਵਨ ਦਾ ਉਹ ਸਮਾਂ ਸਫ਼ਲ ਹੈ ਜਦੋਂ ਉਹ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ।

ਨਾਮ ਸਿਮਰਨ ਦਾ ਯਤਨ ਤਾਂ ਹੀ ਸਫ਼ਲ ਹੋ ਸਕਦਾ ਹੈ ਜੇ ਮਨ ਨਿਰਮਲ ਅਤੇ ਕਪਟ-ਰਹਿਤ ਹੋਵੇ। ਕਈ ਕਪਟੀ ਮਨੁੱਖ ਕੇਵਲ ਵਿਖਾਵੇ ਲਈ ਨਾਮ ਸਿਮਰਨ ਅਥਵਾ ਭਗਤੀ ਕਰਦੇ ਹਨ। ਇਨ੍ਹਾਂ ਦਾ ਛਲ-ਫਰੇਬ ਇਕ ਦਿਨ ਉਘੜ ਜਾਂਦਾ ਹੈ ਤੇ ਜਗਤ ਵਿਚ ਨਿਰਾਦਰੀ ਹੁੰਦੀ ਹੈ।

ਗੁਰਸਿੱਖ ਲਈ ਨਾਮ ਤੋਂ ਬਿਨਾਂ ਦੂਸਰੀਆਂ ਦੁਨੀਆਵੀਂ ਗੱਲਾਂ ਨਿਰਾਰਥਕ ਹਨ। ਇਸ ਲਈ ਗੁਰਸਿੱਖ ਨੂੰ ਦਿਨ ਰਾਤ ਨਾਮ ਜਪਣ ਦਾ ਹੁਕਮ ਹੈ ਕਿਉਂਕਿ ਇਸ ਪਿੱਛੇ ਕਰਤੇ ਦੀ ਇੱਛਾ ਸ਼ਕਤੀ ਹੀ ਕਾਰਜ ਕਰਦੀ ਹੈ।

ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਸਿਮਰਨਾ ਹੁੰਦਾ ਹੈ ਉਸ ਵਿਚੋਂ ਸਾਰੇ ਝਗੜੇ ਖਤਮ ਹੋ ਜਾਂਦੇ ਹਨ। ਵੱਡੇ ਭਾਗਾਂ ਵਾਲੀ ਹੈ ਅਜਿਹੇ ਨਾਮ ਦਾ ਸਿਮਰਨ ਕਰਦੇ ਹਨ ਜਿਸ ਰਾਹੀਂ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ।

### 3.4.6. ਹਉਮੈ

ਹਉਮੈ ਦੇ ਬੰਧਨਾਂ ਕਰਕੇ ਇਹ ਮਨੁੱਖ ਜੂਨਾਂ ਵਿਚ ਪੈਂਦਾ ਹੈ। ਇਹ ਇਕ ਲੰਮਾ ਰੋਗ ਹੈ ਪ੍ਰੰਤੂ ਲਾ-ਇਲਾਜ ਨਹੀਂ ਹੈ, ਇਸ ਦੀ ਦਵਾਈ ਇਸ ਦੇ ਅੰਦਰ ਹੀ ਹੈ। ਜੇਕਰ ਮਨੁੱਖ ਤੇ ਪਰਮਾਤਮਾ ਦੀ ਕਿਰਪਾ ਹੋ ਜਾਵੇ ਤਾਂ ਉਹ ਗੁਰੂ ਦੇ ਦੱਸੇ ਸ਼ਬਦ ਰਾਹੀਂ ਹਉਮੈ ਤੋਂ ਮੁਕਤ ਹੋ ਜਾਂਦਾ ਹੈ।

ਹਉਮੈ ਮਾਇਆ ਦੀ ਜ਼ਹਿਰ ਹੈ ਜਿਸ ਨਾਲ ਸਾਰੇ ਸੰਸਾਰ ਨੂੰ ਘਾਟਾ ਪੈ ਰਿਹਾ ਹੈ। ਮਨਮੁਖ ਬਿਰਤੀ ਵਾਲੇ ਹੰਕਾਰ ਦੇ ਅਧੀਨ ਮੋਹ ਮਾਇਆ ਵਿਚ ਗ੍ਰਸੇ ਰਹਿੰਦੇ ਹਨ। ਇਸ ਹਉਮੈ ਅਧੀਨ ਸਾਰਾ ਜਗਤ ਵਿਸ਼ੇ ਵਿਕਾਰਾਂ ਵਿਚ ਲੱਗਿਆ ਹੋਇਆ ਹੈ।

ਹਉਮੈ ਵਰਗੇ ਰੋਗ ਨੂੰ ਸਤਿਗੁਰੂ ਰਾਹੀਂ ਹੀ ਦੂਰ ਕੀਤਾ ਜਾ ਸਕਦਾ ਹੈ। ਪੂਰੇ ਸਾਧੂ ਰੂਪ ਸਤਿਗੁਰੂ ਸੱਜਣ ਰਾਹੀਂ ਇਹ ਰੋਗ ਦੂਰ ਹੋ ਜਾਂਦਾ ਹੈ ਪ੍ਰੰਤੂ ਗੁਰੂ ਤੋਂ ਬਿਨਾ ਸੋਝੀ ਪ੍ਰਾਪਤ ਨਹੀਂ ਹੁੰਦੀ ਅਤੇ ਨਾ ਹੀ ਹੰਕਾਰ ਖਤਮ ਹੁੰਦਾ ਹੈ।

ਸਤਿਗੁਰੂ ਦੇ ਮਿਲਣ ਨਾਲ ਹੀ ਮੋਹ ਮਾਇਆ ਵਿਚ ਅੰਨ੍ਹੇ ਹੋਏ ਮਨਮੁਖਾਂ ’ਤੇ ਨਦਰਿ ਸੰਭਵ ਹੈ। ਪੂਰੇ ਸਤਿਗੁਰੂ ਦੁਆਰਾ ਦੱਸਿਆ ਮਾਰਗ ਹੀ ਹਉਮੈ ਤੋਂ ਛੁਟਕਾਰਾ ਦਿਵਾ ਸਕਦਾ ਹੈ।

### 3.4.7. ਸਦਾਚਾਰਕ ਪੱਖ

ਜੀਵ ਨੂੰ ਸਦਾਚਾਰਕ ਗੁਣ ਧਾਰਨ ਕਰ ਕੇ ਨੈਤਿਕ ਬੁਰਾਈਆਂ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਖੋਟੀ ਮਤ ਅਧੀਨ ਕੀਤੀਆਂ ਠੱਗੀਆਂ ਕਦੀ ਵੀ ਗੁੱਝੀਆਂ ਨਹੀਂ ਰਹਿੰਦੀਆਂ।

ਜਿਹੜੇ ਮਨੁੱਖ ਦੁਰਮਤਿ ਅਧੀਨ ਕਿਸੇ ਪ੍ਰਤੀ ਈਰਖਾ-ਦ੍ਰਿਸ਼ ਦਾ ਭਾਵ ਰੱਖਦੇ ਹਨ ਉਨ੍ਹਾਂ ਦਾ ਕਦੀ ਵੀ ਭਲਾ ਨਹੀਂ ਹੁੰਦਾ ਅਤੇ ਉਹ ਆਪਣੇ ਕਪਟੀ ਹਿਰਦੇ ਕਾਰਨ ਵੱਡੇ ਦੁੱਖ ਪਾਉਂਦੇ ਹਨ।

ਨਾਮ ਨੂੰ ਵਿਸਾਰ ਕੇ ਚੁਗਲੀ ਦੀ ਭਾਵਨਾ ਰੱਖਣ ਵਾਲੇ ਦਾ ਕੀਤਾ ਹੋਇਆ ਸਭ ਖਤਮ ਹੋ ਜਾਂਦਾ ਹੈ ਅਤੇ ਪਰਾਈ ਚੁਗਲੀ ਕਰਨ ਵਾਲੇ ਦਾ ਮੂੰਹ ਲੋਕ ਪ੍ਰਲੋਕ ਵਿਚ ਕਾਲਾ ਹੁੰਦਾ ਹੈ।

ਮਨੁੱਖਾ ਸਰੀਰ ਕਰਮ ਰੂਪ ਬੀਜ ਬੀਜਣ ਲਈ ਇਕ ਧਰਤੀ ਵਾਂਗ ਹੈ ਜਿਸ ਵਿਚ ਬੀਜੇ ਗਏ ਬੀਜ ਅਨੁਸਾਰ ਹੀ ਫਲ ਪ੍ਰਾਪਤ ਹੁੰਦਾ। ਇਸ ਲਈ ਜੀਵ ਨੂੰ ਸਦਾਚਾਰਕ ਭਾਵਨਾ ਵਾਲੇ ਨੈਤਿਕ ਕੰਮ ਹੀ ਕਰਨੇ ਚਾਹੀਦੇ ਹਨ ਕਿਉਂਕਿ ਕਰਤਾ ਜੀਵਾਂ ਨੂੰ ਉਨ੍ਹਾਂ ਦੀ ਭਾਵਨਾ ਦੇ ਅਨੁਸਾਰ ਹੀ ਫਲ ਦਿੰਦਾ ਹੈ।

ਜਿਹੜਾ ਸਵਾਰਥੀ ਮਨੁੱਖ ਆਪਣੀਆਂ ਚਤੁਰਾਈਆਂ ਦੁਆਰਾ ਭਲੇ ਮਨੁੱਖਾਂ ਨਾਲ ਧੱਕਾ ਕਰਦਾ ਹੈ, ਉਹ ਆਪਣੇ ਜੀਵਣ ਦੇ ਪੱਧਰ ਨੂੰ ਹੋਰ ਵੀ ਨੀਵਾਂ ਕਰ ਲੈਂਦਾ ਹੈ।

ਅਸਲ ਪਾਰਖੂ ਮਨੁੱਖ ਉਸ ਨੂੰ ਹੀ ਕਿਹਾ ਜਾ ਸਕਦਾ ਹੈ ਜਿਹੜਾ ਆਪਣੇ ਆਪ ਨੂੰ ਪਰਖ ਕੇ ਆਪਣੇ ਔਗੁਣਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ। ਆਪਣੇ ਔਗੁਣ ਛੱਡ ਕੇ ਦੂਸਰਿਆਂ ਦੇ ਔਗੁਣ ਪਰਖਣ ਦੀ ਪ੍ਰਵਿਰਤੀ ਮਨੁੱਖ ਦੇ ਜੀਵਨ ਪੱਧਰ ਨੂੰ ਹੇਠਾਂ ਲੈ ਜਾਂਦੀ ਹੈ।

ਆਪਣੀ ਜ਼ਰੂਰਤ ਤੋਂ ਵੱਧ ਧਨ ਇਕੱਠਾ ਕਰਨ ਦੀ ਪ੍ਰਵਿਰਤੀ ਮਨੁੱਖ ਲਈ ਠੀਕ ਨਹੀਂ ਕਿਉਂਕਿ ਲੋੜ ਤੋਂ ਵੱਧ ਇਕੱਠਾ ਕੀਤਾ ਹੋਇਆ ਧਨ, ਮਨੁੱਖ ਦੇ ਸੰਸਾਰ ਵਿੱਚੋਂ ਚਲੇ ਜਾਣ ਤੋਂ ਬਾਅਦ ਉਸਦੇ ਕਿਸੇ ਕੰਮ ਨਹੀਂ ਆਉਂਦਾ। ਧਨ ਇਕੱਠਾ ਕਰਨ ਦੇ ਲੋਭ ਅਧੀਨ ਮਨੁੱਖ ਦਾ ਮਨ ਸਵਾਰਥੀ ਹੋ ਜਾਂਦਾ ਹੈ ਅਤੇ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਜਿਹੜੇ ਸਿਆਣੇ ਮਨੁੱਖ ਇਸ ਗੱਲ ਨੂੰ ਸਮਝਦੇ ਹਨ ਕਿ ਉਨ੍ਹਾਂ ਨੇ ਇਕ ਦਿਨ ਸੰਸਾਰ ਤੋਂ ਚਲੇ ਜਾਣਾ ਹੈ, ਉਹ ਲੋੜ ਤੋਂ ਵੱਧ ਧਨ ਇਕੱਠਾ ਨਹੀਂ ਕਰਦੇ।

ਧਨ-ਦੌਲਤ ਦੀ ਖਾਤਰ ਪੈਸੇ ਵਾਲੇ ਅਮੀਰ ਵਿਅਕਤੀਆਂ ਦੀ ਖੁਸ਼ਾਮਦ ਕਰਦੇ ਰਹਿਣਾ ਕਿਸੇ ਵੀ ਪੱਖ ਤੋਂ ਉਚਿਤ ਨਹੀਂ ਕਿਉਂਕਿ ਇਕ ਪਰਮਾਤਮਾ ਤੋਂ ਬਿਨਾ ਸੰਸਾਰ ਵਿਚ ਹੋਰ ਕੋਈ ਦਾਤਾ ਨਹੀਂ। ਇਸ ਲਈ ਵਿਅਕਤੀਆਂ ਦੀ ਖੁਸ਼ਾਮਦ ਛੱਡ ਕੇ ਪਰਮਾਤਮਾ ਦੀ ਸਿਫਤ ਸਾਲਾਹ ਕਰਨੀ ਚਾਹੀਦੀ ਹੈ ਜੋ ਸਾਰਿਆਂ ਨੂੰ ਦਾਤਾਂ ਦੇਣ ਵਾਲਾ ਹੈਂ।

ਕਿਸੇ ਵੀ ਮਨੁੱਖ ਨੂੰ ਮੰਦਾ ਬੋਲਣਾ ਠੀਕ ਨਹੀਂ ਕਿਉਂਕਿ ਸਾਰਿਆਂ ਨੂੰ ਪੈਦਾ ਕਰਨ ਵਾਲਾ ਇਕ ਪਰਮਾਤਮਾ ਹੀ ਹੈ ਅਤੇ ਉਹ ਹੀ ਸਾਰਿਆਂ ਦਾ ਮਾਲਕ ਹੈ।

ਜੇਕਰ ਕੋਈ ਮਨੁੱਖ ਲੁਕ-ਛਿਪ ਕੇ ਵੀ ਮੰਦੇ ਕੰਮ ਕਰਦਾ ਹੈ ਤਾਂ ਉਹ ਹਰ ਥਾਂ ਤੇ ਪ੍ਰਗਟ ਹੋ ਜਾਂਦੇ ਹਨ। ਇਸ ਲਈ ਮਨੁੱਖ ਨੂੰ ਮੰਦੇ ਕੰਮਾਂ ਪ੍ਰਤੀ ਸੁਚੇਤ ਹੋ ਕੇ ਭਲੇ ਕੰਮ ਹੀ ਕਰਨੇ ਚਾਹੀਦੇ ਹਨ। ਭਲੇ ਕੰਮ ਕੀਤਿਆਂ ਮਨੁੱਖ ਧਰਮੀ ਵਜੋਂ ਜਾਣਿਆ ਜਾਂਦਾ ਹੈ ਅਤੇ ਮੰਦੇ ਕੰਮ ਕਰਨ ਵਾਲਾ ਮਨੁੱਖ ਮੰਦਾ ਹੀ ਸਮਝਿਆ ਜਾਂਦਾ ਹੈ।

ਮਨੁੱਖ ਦੇ ਅੰਦਰ ਜੋ ਕੁਝ ਹੁੰਦਾ ਹੈ, ਉਹ ਹੀ ਵਿਵਹਾਰ ਦੇ ਰੂਪ ਵਿਚ ਬਾਹਰ ਆਉਂਦਾ ਹੈ। ਇਸ ਤੋਂ ਬਿਨਾਂ ਮਨੁੱਖ ਦਾ ਮੂੰਹ ਤੋਂ ਬੋਲਿਆ ਹੋਇਆ ਕਿਸੇ ਅਰਥ ਨਹੀਂ ਰਹਿ ਜਾਂਦਾ। ਇਸ ਲਈ ਮਨੁੱਖ ਨੂੰ ਆਪਣੇ ਅੰਦਰ ਭਲੇ ਤੇ ਨੇਕ ਵਿਚਾਰ ਹੀ ਧਾਰਨ ਕਰਨੇ ਚਾਹੀਦੇ ਹਨ।

ਅਸਲ ਅਰਥਾਂ ਵਿਚ ਉਹੀ ਮਨੁੱਖ ਸੁੰਦਰ ਹੈ ਜਿਸ ਦੇ ਸ਼ੁਭ ਗੁਣਾਂ ਵਾਲੇ ਅੰਗ ਹੁੰਦੇ ਹਨ ਭਾਵ ਕਿ ਸ਼ੁਭ ਗੁਣ ਧਾਰਨ ਕਰਨ ਵਾਲੇ ਮਨੁੱਖ ਨੂੰ ਵੀ ਸੁੰਦਰ ਕਿਹਾ ਜਾ ਸਕਦਾ ਹੈ।

## 3.5. ਸਾਰ

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਸਿੱਖ ਧਰਮ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੋਂ ਆਰੰਭ ਹੋਣ ਵਾਲਾ ਧਰਮ ਹੈ ਜਿਸ ਦਾ ਵਿਕਾਸ ਗੁਰੂ ਨਾਨਕ ਦੇਵ ਜੀ ਤੋਂ ਅਗਲੇ ਨੌਂ ਗੁਰੂ ਸਾਹਿਬਾਨ ਨੇ ਉਨ੍ਹਾਂ ਦੇ ਸਿਧਾਂਤਾਂ ਨੂੰ ਵਿਵਹਾਰਕ ਰੂਪ ਪ੍ਰਦਾਨ ਕਰ ਕੇ ਕੀਤਾ। ਇਕ ਅਕਾਲ ਪੁਰਖ ਵਿਚ ਵਿਸ਼ਵਾਸ਼ ਰੱਖਣ ਵਾਲਾ ਸਿੱਖ ਧਰਮ ਮਨੁੱਖੀ ਸਾਂਝੀਵਾਲਤਾ ਦਾ ਹਾਮੀ ਹੈ ਜੋ ਨਾ ਹੀ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰ ਦਿੰਦਾ ਹੈ। ਸਰਬੱਤ ਦਾ ਭਲਾ ਮੰਗਣ ਵਾਲਾ ਇਹ ਧਰਮ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਸਿਧਾਂਤ ਦਾ ਅਨੁਸਰਣ ਕਰਦਾ ਹੋਇਆ ਸਮੁੱਚੀ ਮਾਨਵਤਾ ਦੀ ਸੇਵਾ ਲਈ ਬਿਨਾਂ ਕਿਸੇ ਭੇਦ ਭਾਵ ਦੇ ਸਦਾ ਹੀ ਤਤਪਰ ਰਹਿੰਦਾ ਹੈ।

## 3.6 ਪੜ੍ਹਣਯੋਗ ਪੁਸਤਕਾਂ


- ਸਰਬਜਿੰਦਰ ਸਿੰਘ )ਡਾ ,(.*ਵਿਸ਼ਵ ਧਰਮ ਬਾਨੀ ਗ੍ਰੰਥ ,ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ ,ਪਬਲੀਕੇਸ਼ਨ ਬਿਊਰੋ ,ਪੰਜਾਬੀ ਯੂਨੀਵਰਸਿਟੀ ,ਪਟਿਆਲਾ ,, 2011
  - ਸੁਰਿੰਦਰ ਸਿੰਘ )ਡਾ(., *ਗੁਰੂ ਨਾਨਕ ਬਾਣੀ ਵਿਚ ਲੋਕ -ਵਿਸ਼ਵਾਸ* , ਦੀਪਕ ਪਬਲਿਸ਼ਰਜ਼ , ਦਿੱਲੀ , 2003
  - ਜੱਗੀ, ਗੁਰਸ਼ਰਨ ਕੌਰ,) ਡਾ(., ਸੰਪਾ., *ਵਾਰਾਂ ਭਾਈ ਗੁਰਦਾਸ,* )ਸੰਪਾਦਨ ਤੇ ਪਾਠ ਨਿਰਧਾਰਣਾ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
  - ਗੋਪਾਲ ਸਿੰਘ, (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ*, ਵਰਲਡ ਬੁਕ ਸੈਂਟਰ , ਨਵੀਂ ਦਿੱਲੀ , 1987

- *ਸ੍ਰੀ ਗੁਰੂ ਗ੍ਰੰਥ ਸਾਹਿਤ ਮਨੁੱਖਤਾ ਨੂੰ ਦੇਣ*, ਵਿਸ਼ੇਸ਼ ਅੰਕ , ਵਿਸਮਾਦ ਨਾਦ , ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਗੁਰਮਤਿ ਸਟੱਡੀਜ਼ , ਲੁਧਿਆਣਾ , 1994
- ਜਗਬੀਰ ਸਿੰਘ,) ਡਾ(., *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ* , ਨਵਯੁਗ ਪਬਲਿਸ਼ਰਜ਼ , 1969
- ਤਾਰਨ ਸਿੰਘ )ਡਾ(., *ਸਿੱਖ , ਸਿੱਖੀ ਅਤੇ ਸਿਧਾਂਤ* , ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਸ੍ਰੀ ਅੰਮ੍ਰਿਤਸਰ , 1991
- ਸ਼ਮਸ਼ੇਰ ਸਿੰਘ, *ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ* , ਪੰਜਾਬੀ ਯੂਨੀਵਰਸਿਟੀ , ਪਟਿਆਲਾ , 1995


**ਅਭਿਆਸ ਲਈ ਪ੍ਰਸ਼ਨ**

**ਵੱਡੇ ਪ੍ਰਸ਼ਨ**

1. ਸਿੱਖ ਧਰਮ ਦੇ ਆਰੰਭ ਬਾਰੇ ਤੁਸੀਂ ਕੀ ਜਾਣਦੇ ਹੋ?
2. ਸਿੱਖ ਧਰਮ ਦੇ ਸੰਸਥਾਗਤ ਵਿਕਾਸ ਤੋਂ ਕੀ ਭਾਵ ਹੈ?
3. ਖਾਲਸਾ ਸਾਜਨਾ ਦਾ ਸਿੱਖੀ ਦੇ ਵਿਕਾਸ ਵਿਚ ਕਿਸ ਤਰ੍ਹਾਂ ਯੋਗਦਾਨ ਹੈ? ਵਰਣਨ ਕਰੋ।
4. ਸਿੱਖ ਵਿਚਾਰਧਾਰਾ ਦੇ ਪ੍ਰਮੁੱਖ ਤੱਤਾਂ ਬਾਰੇ ਵਿਚਾਰ ਪ੍ਰਗਟ ਕਰੋ।

**ਛੋਟੇ ਪ੍ਰਸ਼ਨ**

1. ਸਿੱਖ ਧਰਮ ਵਿਚ ਗੁਰੂ ਦਾ ਕੀ ਰੂਪ ਹੈ?
2. ਸਿੱਖ ਧਰਮ ਦੇ ਬਾਨੀ ਉੱਤੇ ਨੋਟ ਲਿਖੋ।
3. ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਵੱਖ-ਵੱਖ ਪੜਾਵਾਂ ਦਾ ਵਰਣਨ ਕਰੋ।
4. ਅਕਾਲ ਪੁਰਖ
5. ਸਿੱਖ ਧਰਮ ਵਿਚ ਨਾਮ ਸਿਮਰਨ ਦੀ ਕੀ ਮਹੱਤਤਾ ਹੈ?

**CORE COURSE (CC): RELIGIOUS STUDIES**

**SEMESTER 1 PAPER I: ਧਰਮਾਂ ਦੀ ਸੰਖੇਪ ਜਾਣ-ਪਛਾਣ SECTION A**

**(BRIEF INTRODUTION TO RELIGIONS)**

---

# UNIT 4: ਹਿੰਦੂ ਧਰਮ: ਭਾਰਤੀ ਧਰਮ ਪ੍ਰੰਪਰਾ ਦੇ ਮੁੱਖ ਅੰਗ ਵਜੋਂ

---

## Structure

**4.0. ਉਦੇਸ਼**

**4.1. ਭੂਮਿਕਾ**

**4.2. ਉਦਭਵ, ਅਰਥ ਅਤੇ ਪਰਿਭਾਸ਼ਾ**

**4.3. ਹਿੰਦੂ ਧਰਮ ਦੇ ਧਰਮ ਗ੍ਰੰਥ ਅਤੇ ਗ੍ਰੰਥ**

- **4.3.1 ਰਿਗਵੇਦ**
- **4.3.2 ਯਜੁਰਵੇਦ**
- **4.3.3 ਸਾਮਵੇਦ**
- **4.3.4 ਅਥਰਵਵੇਦ**
- **4.3.5. ਸ਼ਾਸਤਰ/ਦਰਸ਼ਨ**
  - **4.3.5.1 ਨਿਆਇ ਸ਼ਾਸਤਰ**
  - **4.3.5.2 ਸਾਂਖਯ ਸ਼ਾਸਤਰ**
  - **4.3.5.3 ਯੋਗ ਸ਼ਾਸਤਰ**
  - **4.3.5.4 ਵੈਸ਼ੇਸ਼ਿਕ ਸ਼ਾਸਤਰ**
  - **4.3.5.5 ਮੀਮਾਂਸਾ ਸ਼ਾਸਤਰ**
  - **4.3.5.6 ਵੇਦਾਂਤ ਸ਼ਾਸਤਰ**
- **4.3.6 ਸਿਮਰਤੀ**
- **4.3.7. ਪੁਰਾਣ**
- **4.3.8. ਉਪਨਿਸ਼ਦ**
- **4.3.9. ਨੈਤਿਕ ਮਹਾਂਕਾਵਿ/ਗ੍ਰੰਥ**
  - **4.3.9.1. ਰਾਮਾਇਣ**
  - **4.3.9.2. ਮਹਾਂਭਾਰਤ**

4.3.9.3. ਸ਼੍ਰੀਮਦਭਗਵਤ ਗੀਤਾ

4.4. ਹਿੰਦੂ ਧਰਮ ਦੇ ਇਸ਼ਟ: ਪ੍ਰਮੁੱਖ ਦੇਵੀ-ਦੇਵਤੇ

4.4.1. ਬ੍ਰਹਮਾ

4.4.2. ਵਿਸ਼ਨੂੰ

4.4.3. ਸ਼ਿਵ

4.4.4. ਭਗਵਾਨ ਗਣੇਸ਼

4.4.5. ਸਰਸਵਤੀ ਦੇਵੀ

4.4.6. ਲੱਛਮੀ ਦੇਵੀ

4.4.7. ਭਗਵਾਨ ਸ਼੍ਰੀ ਰਾਮ

4.4.8. ਭਗਵਾਨ ਸ਼੍ਰੀ ਕ੍ਰਿਸ਼ਨ

4.4.9. ਭਗਵਾਨ ਹਨੂਮਾਨ

4.4.10. ਦੁਰਗਾ ਦੇਵੀ

4.5. ਹਿੰਦੂ ਧਰਮ: ਪੂਜਾ ਦਾ ਸਥਾਨ ਅਤੇ ਪੂਜਾ ਵਿਧੀ

4.6. ਪ੍ਰਮੁੱਖ ਤਿਉਹਾਰ

4.6.1. ਹੋਲੀ

4.6.2. ਮਹਾਂ ਸ਼ਿਵਰਾਤਰੀ

4.6.3. ਜਨਮ ਅਸ਼ਟਮੀ

4.6.4. ਰੱਖੜੀ

4.6.5. ਨਵਰਾਤਰੇ

4.6.6. ਦੁਸਹਿਰਾ/ਵਿਜਯ ਦਸ਼ਮੀ

4.6.7. ਦੀਵਾਲੀ

4.7. ਅਵਤਾਰਵਾਦ ਦਾ ਸਿਧਾਂਤ

4.8. ਹਿੰਦੂ ਧਰਮ ਦੇ ਪ੍ਰਮੁੱਖ ਲੱਛਣ/ ਵਿਸ਼ੇਸ਼ਤਾਵਾਂ

4.9. ਸਾਰੰਸ਼

4.10. ਪੜ੍ਹਣਯੋਗ ਪੁਸਤਕਾਂ

4.11. ਅਭਿਆਸ ਲਈ ਪ੍ਰਸ਼ਨ

## 4.0. ਉਦੇਸ਼

ਪ੍ਰਸਤੁਤ ਯੂਨਿਟ ਵਿਚ ਹਿੰਦੂ ਧਰਮ ਦੇ ਵਿਭਿੰਨ ਪੱਖਾਂ, ਜਿਵੇਂ- ਹਿੰਦੂ ਧਰਮ ਦੇ ਉਦਭਵ, ਇਸ ਦੇ ਧਰਮ ਗ੍ਰੰਥ, ਦੇਵੀ-ਦੇਵਤਿਆਂ, ਤਿਉਹਾਰਾਂ, ਪ੍ਰਮੁੱਖ ਸਿਧਾਂਤਾਂ ਆਦਿ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਕਿ ਹਿੰਦੂ ਧਰਮ ਨੂੰ ਇਸ ਦੇ ਵਿਭਿੰਨ ਪੱਖਾਂ ਰਾਹੀਂ ਸਮਝਿਆ ਜਾ ਸਕੇ।

**4.1. ਭੂਮਿਕਾ**

ਹਿੰਦੂ ਧਰਮ ਵਿਸ਼ਵ ਦੇ ਪ੍ਰਮੁੱਖ ਧਰਮਾਂ ਵਿਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ ਜਿਸ ਦੀ ਗਿਣਤੀ ਸੰਸਾਰ ਦੇ ਮੁੱਢਲੇ ਧਰਮ ਵਜੋਂ ਕੀਤੀ ਜਾਂਦੀ ਹੈ। ਇਸ ਧਰਮ ਦੇ ਅਨੁਯਾਈਆਂ ਦੀ ਗਿਣਤੀ ਦੇ ਪੱਖ ਤੋਂ ਈਸਾਈ ਅਤੇ ਇਸਲਾਮ ਧਰਮ ਤੋਂ ਬਾਅਦ ਇਹ ਸੰਸਾਰ ਦਾ ਤੀਜਾ ਸਭ ਤੋਂ ਵੱਡਾ ਧਰਮ ਹੈ ਜੋ ਕੁਦਰਤ ਦੇ ਬਹੁਤ ਨੇੜੇ ਹੈ। ਇਸ ਧਰਮ ਵਿਚ ਕੁਦਰਤ ਦੇ ਵੱਖ-ਵੱਖ ਰੂਪਾਂ ਦੀ ਅਧਿਆਤਮਿਕ ਸ਼ਕਤੀਆਂ (ਦੇਵੀ- ਦੇਵਤਾਵਾਂ) ਦੇ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ। ਵਿਸ਼ਵ ਸ਼ਾਂਤੀ ਦੀ ਕਾਮਨਾ ਕਰਨ ਵਾਲਾ ਇਹ ਧਰਮ ਵਿਭਿੰਨ ਮਾਨਤਾਵਾਂ ਅਤੇ ਵਿਚਾਰਧਾਰਾਵਾਂ ਨੂੰ ਆਪਣੇ ਅੰਦਰ 'ਜੀ ਆਇਆਂ ਨੂੰ' ਕਹਿਣ ਦੀ ਅਦਭੁਤ ਵਿਸ਼ੇਸ਼ਤਾ ਰੱਖਦਾ ਹੈ।

**4.2. ਉਦਭਵ, ਅਰਥ ਅਤੇ ਪਰਿਭਾਸ਼ਾ**

ਹਿੰਦੂ ਧਰਮ ਨੂੰ ਮੁੱਢਲੇ ਰੂਪ ਵਿਚ ਸਨਾਤਨ ਧਰਮ ਜਾਂ ਵੈਦਿਕ ਧਰਮ ਦੇ ਰੂਪ ਵਿਚ ਜਾਣਿਆ ਜਾਂਦਾ ਰਿਹਾ ਹੈ। ਸਨਾਤਨ ਦਾ ਅਰਥ ਹੈ- ਜਿਸ ਦਾ ਆਦਿ ਜਾਂ ਅੰਤ ਨਾ ਹੋਵੇ, ਸਦਾ ਕਾਇਮ ਰਹਿਣ ਵਾਲਾ। 'ਵੈਦਿਕ' ਲਫ਼ਜ਼ ਵੇਦਾਂ ਨਾਲ ਜੁੜੇ ਹੋਣ ਦਾ ਸੰਕੇਤ ਪ੍ਰਮਾਣਿਤ ਕਰਦਾ ਹੈ। ਇਸ ਧਰਮ ਦਾ ਕੋਈ ਵੀ ਵਿਸ਼ੇਸ਼ ਜਾਂ ਇਕ ਵਿਅਕਤੀ ਸੰਸਥਾਪਕ ਨਹੀਂ ਹੈ ਜਿਸ ਕਾਰਨ ਇਸਦੀ ਉਤਪਤੀ ਬਾਰੇ ਇਕ ਖਾਸ ਸਮਾਂ ਅਤੇ ਖਾਸ ਮਤ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਇਸ ਧਰਮ ਦੀ ਉਤਪਤੀ 2300 ਈ. ਪੂ. ਤੋਂ 1500 ਈ. ਪੂ. ਦੇ ਵਿਚਕਾਰ ਸਿੰਧੂ ਨਦੀ ਦੀ ਘਾਟੀਆਂ ਵਿਚ ਹੋਈ ਪਰੰਤੂ ਹਿੰਦੂ ਵਿਸ਼ਵਾਸ਼ ਅਜਿਹੇ ਵਿਚਾਰਾਂ ਨੂੰ ਇਹ ਕਹਿ ਕੇ ਅਪ੍ਰਵਾਨ ਕਰਦਾ ਹੈ ਕਿ ਉਨ੍ਹਾਂ ਦਾ ਧਰਮ ਸਮੇਂ ਦੀ ਸੀਮਾ ਤੋਂ ਮੁਕਤ ਹੈ ਅਤੇ ਇਹ ਧਰਮ ਸ੍ਰਿਸ਼ਟੀ ਦੇ ਆਦਿ ਕਾਲ ਤੋਂ ਹੀ ਚਲਿਆ ਆ ਰਿਹਾ ਹੈ।

ਜੇਕਰ ਅਸੀਂ ਵਰਤਮਾਨ ਸਮੇਂ ਵਿਚ ਸਨਾਤਨ/ਵੈਦਿਕ ਧਰਮ ਲਈ ਪ੍ਰਯੋਗ ਹੋਣ ਵਾਲੇ ਹਿੰਦੂ ਸ਼ਬਦ ਦੇ ਅਰਥ ਦੀ ਗੱਲ ਕਰੀਏ ਤਾਂ ਇਸ ਦਾ ਸੰਬੰਧ ਫਾਰਸੀ ਭਾਸ਼ਾ ਨਾਲ ਮੰਨਿਆ ਜਾਂਦਾ ਹੈ। ਮੁਸਲਿਮ ਹਮਲਾਵਰਾਂ ਦੇ

ਭਾਰਤ ਆਗਮਨ ਦੌਰਾਨ ਇਨ੍ਹਾਂ ਹਮਲਾਵਰਾਂ ਨੇ ਆਪਣੀ ਖੇਤਰੀ ਭਾਸ਼ਾ ਦੇ ਲਹਿਜੇ ਅਨੁਸਾਰ ਸਿੰਧੂ ਨਦੀ ਨੂੰ ਹਿੰਦੂ ਦਾ ਨਾਮ ਦੇ ਕੇ ਇਸ ਤੋਂ ਪਾਰ ਰਹਿਣ ਵਾਲੇ ਵਸਨੀਕਾਂ ਨੂੰ ਵੀ ਹਿੰਦੂ ਨਾਮ ਨਾਲ ਸੰਬੋਧਨ ਕੀਤਾ ਅਤੇ ਇਸ ਧਰਤੀ ਨੂੰ ਹਿੰਦੁਸਤਾਨ ਦਾ ਨਾਮ ਦਿੱਤਾ। ਸਿੰਧੂ ਨਦੀ ਤੋਂ ਪ੍ਰਚਲਿਤ ਹੋਣ ਵਾਲਾ ਹਿੰਦੂ ਸ਼ਬਦ, ਜੋ ਕਿ ਇਕ ਵਿਸ਼ੇਸ ਖਿੱਤੇ ਦੇ ਵਸਨੀਕਾਂ ਲਈ ਪ੍ਰਯੋਗ ਹੁੰਦਾ ਸੀ, ਸਮੇਂ ਦੇ ਨਾਲ-ਨਾਲ ਸਨਾਤਨ/ਵੈਦਿਕ ਧਰਮ ਲਈ ਪ੍ਰਯੋਗ ਹੋਣ ਲੱਗ ਪਿਆ।

ਜੇਕਰ ਹਿੰਦੂ ਧਰਮ ਦੀ ਪਰਿਭਾਸ਼ਾ ਦੀ ਗੱਲ ਕਰੀਏ ਤਾਂ ਇਸ ਧਰਮ ਦੀ ਪ੍ਰਾਚੀਨਤਾ ਅਤੇ ਇਸ ਦੇ ਸਰੂਪ ਕਾਰਨ ਇਸ ਧਰਮ ਦੀ ਸੰਪੂਰਨ ਪਰਿਭਾਸ਼ਾ ਤੈਅ ਕਰਨਾ ਆਸਾਨ ਕਾਰਜ ਨਹੀਂ। ਮੁੱਖ ਰੂਪ ਵਿਚ ਹਿੰਦੂ ਧਰਮ ਦੇ ਪ੍ਰਮੁੱਖ ਲੱਛਣਾਂ ਨੂੰ ਹੀ ਇਸ ਦੀ ਪਰਿਭਾਸ਼ਾ ਵਜੋਂ ਚਿਤ੍ਰਿਤ ਕੀਤਾ ਜਾ ਸਕਦਾ ਹੈ। ਹਿੰਦੂ ਧਰਮ ਦੀ ਪਰਿਭਾਸ਼ਾ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ- ਵੈਦਿਕ ਧਰਮ ਧਾਰਨ ਕਰਨ ਵਾਲਾ, ਹਿੰਦੂ ਪਦ ਦੀ ਨਿਰਦੋਖ ਵਯਾਖਯਾ ਹੁਣ ਤਾਈਂ ਕੋਈ ਨਹੀਂ ਕਰ ਸਕਿਆ, ਇਸ ਲਈ ਸਾਡੀ ਸਮਰਥਾ ਤੋਂ ਭੀ ਬਾਹਰ ਹੈ ਪਰ ਵਿਸ਼ੇਸ਼ ਕਰ ਕੇ ਹਿੰਦੂ ਦਾ ਲੱਛਣ ਇਹ ਮੰਨਿਆ ਗਿਆ ਹੈ ਕਿ ਜੋ ਚਾਰ ਵਰਣ ਦੀ ਮ੍ਰਯਾਦਾ ਰਖਦਾ, ਵੇਦਾਂ ਨੂੰ ਧਰਮ ਪੁਸਤਕ ਮੰਨਦਾ ਅਤੇ ਗਊ ਦਾ ਮਾਸ ਨਹੀਂ ਖਾਂਦਾ ਉਹ ਹਿੰਦੂ ਹੈ।

ਪੰਜਾਬੀ ਵਿਸ਼ਵਕੋਸ਼ ਅਨੁਸਾਰ ਹਿੰਦੂ ਸ਼ਬਦ ਪਹਿਲੀ ਵਾਰ 'ਹਿੰਦੁਸ' ਦੇ ਰੂਪ ਵਿਚ, 486 ਈ. ਪੂ. ਦੇ ਲਗਭਗ ਇਕ ਯਾਦਗਾਰ ਉੱਤੇ ਉਕਰਿਆ ਮਿਲਦਾ ਹੈ ਜਿਸ ਦਾ ਮੂਲ ਫਾਰਸੀ ਭਾਸ਼ਾ ਨੂੰ ਮੰਨਿਆ ਜਾ ਸਕਦਾ ਹੈ।

### 4.3. ਹਿੰਦੂ ਧਰਮ ਦੇ ਧਰਮ ਗ੍ਰੰਥ ਅਤੇ ਗ੍ਰੰਥ

ਹਿੰਦੂ ਧਰਮ ਮੁੱਖ ਵਿਚ ਚਾਰ ਵੇਦਾਂ ਦੀ ਵਿਚਾਰਧਾਰਾ ’ਤੇ ਆਧਾਰਿਤ ਧਰਮ ਹੈ ਜਿਨ੍ਹਾਂ ਨੂੰ ਸੰਸਾਰ ਦੇ ਸਭ ਤੋਂ ਪੁਰਾਣੇ ਧਰਮ ਗ੍ਰੰਥ ਮੰਨਿਆ ਜਾਂਦਾ ਹੈ। ਵੇਦ ਸ਼ਬਦ ਦਾ ਅਰਥ ਹੈ-ਗਿਆਨ। ਚਾਰ ਵੇਦਾਂ ਦੇ ਨਾਮ ਇਸ ਪ੍ਰਕਾਰ ਹਨ- ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ, ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ-

**4.3.1 ਰਿਗਵੇਦ**- ਰਿਗਵੇਦ ਨੂੰ ਸੰਸਾਰ ਦਾ ਪਹਿਲਾ ਧਰਮ ਗ੍ਰੰਥ ਮੰਨਿਆ ਜਾਂਦਾ ਹੈ ਜੋ ਤਤਕਾਲੀਨ ਸਮੇਂ ਦੇ ਧਾਰਮਿਕ ਸਮਾਜਿਕ ਅਤੇ ਭੂਗੋਲਿਕ ਹਾਲਾਤਾਂ ਨੂੰ ਪੇਸ਼ ਕਰਦਾ ਹੈ। ਰਿਗਵੇਦ ਸ਼ਬਦ ਵਿਚ ਪ੍ਰਯੋਗ ਕੀਤਾ ਜਾਣ ਵਾਲਾ 'ਰਿਗ' ਲਫ਼ਜ਼ 'ਰਿਕ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ- ਰਿਚਾ ਭਾਵ ਪ੍ਰਾਰਥਨਾ ਜਾਂ ਅਰਦਾਸ। ਰਿਗਵੇਦ ਦੀ ਅਧਿਆਇ ਵੰਡ ਮੰਡਲਾਂ ਦੇ ਰੂਪ ਵਿਚ ਕੀਤੀ ਗਈ ਹੈ ਅਤੇ ਮੰਡਲਾਂ ਨੂੰ ਸੂਕਤਾਂ ਵਿਚ ਵੰਡਿਆ ਗਿਆ ਹੈ। ਇਸ ਵੇਦ ਦੇ

ਕੁੱਲ 10 ਮੰਡਲ, 1028 ਸੂਕਤ ਅਤੇ 10600 ਮੰਤਰ ਹਨ। ਇਸ ਦਾ ਪਹਿਲਾ ਸੂਕਤ, ਅਗਨੀ ਸੂਕਤ ਹੈ ਜਿਸ ਦੇ ਕੁੱਲ 9 ਮੰਤਰ ਹਨ। ਪੁਰਸ਼ ਸੂਕਤ, ਨਾਸਦੀਯ ਸੂਕਤ, ਹਿਰਨਿਯਗਰਭ ਸੂਕਤ ਆਦਿ ਇਸ ਦੇ ਪ੍ਰਸਿੱਧ ਸੂਕਤ ਹਨ। ਹਿੰਦੂ ਧਰਮ ਦਾ ਵਿਸ਼ਵ ਪ੍ਰਸਿੱਧ ਗਾਇਤ੍ਰੀ ਮੰਤਰ ਰਿਗਵੇਦ ਦੇ ਤੀਸਰੇ ਮੰਡਲ ਵਿਚ ਮੌਜੂਦ ਹੈ। ਇਸ ਵੇਦ ਵਿਚ ਮੁੱਖ ਰੂਪ ਵਿਚ ਇੰਦਰ, ਅਗਨੀ, ਵਾਯੂ, ਰੁਦਰ, ਵਰੁਣ ਆਦਿ ਦੇਵਤਿਆਂ ਦੀ ਉਸਤਤ ਕੀਤੀ ਗਈ ਹੈ ਜਿਨ੍ਹਾਂ ਵਿਚੋਂ ਇਕ ਚੌਥਾਈ ਹਿੱਸਾ ਇੰਦਰ ਦੇਵਤੇ ਦੀ ਉਸਤਤ ਵਿਚ ਹੈ।

**4.3.2 ਯਜੁਰਵੇਦ**- ਇਸ ਵੇਦ ਦਾ ਸੰਬੰਧ ਯੱਗ, ਹੋਮ, ਪੂਜਾ, ਦਾਨ ਆਦਿ ਧਾਰਮਿਕ ਕਰਮਾਂ ਨਾਲ ਹੈ। ਇਸ ਦੇ ਨਾਮ ਵਿਚ ਪ੍ਰਯੋਗ 'ਯਜੁਰ' ਲਫ਼ਜ਼ 'ਯਜੁ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ- ਪੂਜਾ ਕਰਨਾ ਜਾਂ ਦਾਨ ਦੇਣਾ। ਇਸ ਵੇਦ ਨੂੰ ਕੁੱਲ 40 ਅਧਿਆਇਆਂ ਵਿਚ ਵੰਡਿਆ ਗਿਆ ਹੈ ਜਿਨ੍ਹਾਂ ਵਿਚ 1975 ਮੰਤਰ ਹਨ। ਇਨ੍ਹਾਂ ਮੰਤਰਾਂ ਵਿੱਚੋਂ 663 ਮੰਤਰ ਰਿਗਵੇਦ ਵਿਚ ਪ੍ਰਾਪਤ ਹੋ ਜਾਂਦੇ ਹਨ। ਯਜੁਰਵੇਦ ਦੀਆਂ ਦੋ ਸੰਪਰਦਾਵਾਂ ਜਾਂ ਦੋ ਭੇਦ ਪ੍ਰਾਪਤ ਹੁੰਦੇ ਹਨ- ਕ੍ਰਿਸ਼ਨ ਯਜੁਰਵੇਦ ਅਤੇ ਸ਼ੁਕਲ ਯਜੁਰਵੇਦ। ਇਨ੍ਹਾਂ ਦੋਵਾਂ ਸੰਪਰਦਾਵਾਂ ਦੀਆਂ 100 ਤੋਂ ਵੀ ਵੱਧ ਸ਼ਾਖਾਵਾਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ ਪਰੰਤੂ ਮੁੱਖ ਰੂਪ ਵਿਚ ਇਨ੍ਹਾਂ ਦੀਆਂ ਛੇ ਸ਼ਾਖਾਵਾਂ ਹਨ ਜਿਨ੍ਹਾਂ ਵਿਚੋਂ ਚਾਰ ਸ਼ਾਖਾਵਾਂ- ਤੈਤਿਰੀਯ, ਮੈਤ੍ਰਾਯਣੀ, ਕਾਠਕ ਤੇ ਕਪਿਸ਼ਠਲ ਕ੍ਰਿਸ਼ਨ ਯਜੁਰਵੇਦ ਦੀਆਂ ਹਨ ਅਤੇ ਦੋ ਸ਼ਾਖਾਵਾਂ- ਕਾਣਵ ਅਤੇ ਮਾਧਯੰਦਿਨ, ਸ਼ੁਕਲ ਯਜੁਰਵੇਦ ਦੀਆਂ ਹਨ।

**4.3.3 ਸਾਮਵੇਦ**- ਸਾਮਵੇਦ, ਵੇਦਾਂ ਵਿਚ ਤੀਸਰਾ ਸਥਾਨ ਰੱਖਦਾ ਹੈ ਜਿਸ ਦਾ ਸੰਬੰਧ ਸੰਗੀਤਕ ਪੱਖ ਨਾਲ ਹੈ। ਸਾਮਵੇਦ ਸ਼ਬਦ ਵਿਚ ਪ੍ਰਯੋਗ ਕੀਤੇ ਗਏ ਲਫ਼ਜ਼ ਸ਼ਾਮ ਦੇ ਅਰਥ ਹਨ- ਸੰਗੀਤ ਜਾਂ ਗਾਣਾ, ਸੁਖ ਦੇਣ ਵਾਲਾ ਵਚਨ। ਸਾਮਵੇਦ ਦੇ ਸੰਗੀਤਕ ਮੰਤਰਾਂ ਨੂੰ ਗਾ ਕੇ ਦੇਵਤਿਆਂ ਨੂੰ ਖੁਸ਼ ਕੀਤਾ ਜਾਂਦਾ ਹੈ। ਰਿਗਵੇਦ ਅਤੇ ਯਜੁਰਵੇਦ ਦੇ ਗਾਏ ਜਾ ਸਕਣ ਵਾਲੇ ਮੰਤਰ ਸਾਮਵੇਦ ਵਿਚ ਸ਼ਾਮਲ ਹਨ। ਇਸ ਵੇਦ ਵਿਚ 1857 ਮੰਤਰ ਹਨ ਜਿਨ੍ਹਾਂ ਵਿਚੋਂ 99 ਮੰਤਰਾਂ ਨੂੰ ਛੱਡ ਕੇ ਬਾਕੀ ਸਾਰੇ ਮੰਤਰ ਰਿਗਵੇਦ ਵਿਚੋਂ ਪ੍ਰਾਪਤ ਹੋ ਜਾਂਦੇ ਹਨ। ਇਸ ਵੇਦ ਦੀ ਮਹੱਤਤਾ ਸੰਬੰਧੀ ਸ਼੍ਰੀਮਦਭਗਵਤ ਗੀਤਾ ਵਿਚ ਸ਼੍ਰੀ ਕ੍ਰਿਸ਼ਨ ਭਗਵਾਨ ਦੁਆਰਾ ਅਰਜੁਨ ਨੂੰ ਕਿਹਾ ਗਿਆ ਹੈ- ਮੈਂ ਵੇਦਾਂ ਵਿਚ ਸਾਮਵੇਦ ਹਾਂ।

**4.3.4 ਅਥਰਵਵੇਦ**- ਇਹ ਚਾਰ ਵੇਦਾਂ ਵਿਚ ਚੌਥਾ ਵੇਦ ਹੈ ਜਿਸ ਵਿਚ ਸ੍ਰਿਸ਼ਟੀ ਦੇ ਗੂੜ੍ਹ ਰਹੱਸਾਂ, ਦੇਵਤਿਆਂ ਨਾਲ ਸੰਬੰਧਿਤ ਪ੍ਰਾਰਥਨਾਵਾਂ, ਦਵਾਈਆਂ ਦੇ ਪ੍ਰਯੋਗ, ਲੰਮੇਰੀ ਉਮਰ ਲਈ ਮੰਤਰ, ਰੋਗਾਂ ਦੇ ਇਲਾਜ, ਵਿਆਹ ਦੀਆਂ

ਪ੍ਰਾਰਥਨਾਵਾਂ, ਅੰਤਿਮ ਸੰਸਕਾਰ ਸਮੇਂ ਦੇ ਮੰਤਰ, ਭੂਤਾਂ ਪ੍ਰੇਤਾਂ ਨਾਲ ਸੰਬੰਧਿਤ ਮੰਤਰ, ਜਾਦੂ ਟੂਣੇ ਦੇ ਮੰਤਰ ਆਦਿ ਬਾਰੇ ਜ਼ਿਕਰ ਪ੍ਰਾਪਤ ਹੁੰਦਾ ਹੈ। 'ਅਥਰਵ' ਲਫ਼ਜ਼ 'ਅਥਰਵਨ' ਤੋਂ ਬਣਿਆ ਹੈ ਜਿਸ ਦਾ ਅਰਥ ਹੈ- ਹਵਨ ਕਰਨ ਵਾਲਾ ਪਰੋਹਿਤ। ਇਸ ਵੇਦ ਦੇ ਕਈ ਹੋਰ ਨਾਮ ਵੀ ਪ੍ਰਾਪਤ ਹੁੰਦੇ ਹਨ, ਜਿਵੇਂ- ਬ੍ਰਹਮਵੇਦ, ਅਥਰਵਾਗਿਰਸ ਵੇਦ, ਭੈਸ਼ਜਯ ਵੇਦ, ਛੰਦੋਵੇਦ, ਮਹੀਵੇਦ ਆਦਿ। ਅਥਰਵਵੇਦ ਦੇ ਰਚਨਾਕਾਰ ਰਿਸ਼ੀ ਅਥਰਵਾ ਅਤੇ ਰਿਸ਼ੀ ਆਂਗਿਰਸ ਨੂੰ ਮੰਨਿਆ ਗਿਆ ਹੈ। ਇਸ ਵੇਦ ਦੇ ਕੁੱਲ 20 ਕਾਂਡ, 730 ਸੂਕਤ ਅਤੇ 5987 ਮੰਤਰ ਮੰਨੇ ਜਾਂਦੇ ਹਨ।

ਇਨ੍ਹਾਂ ਧਰਮ ਗ੍ਰੰਥਾਂ/ਚਾਰ ਵੇਦਾਂ ਤੋਂ ਇਲਾਵਾ ਹੇਠ ਲਿਖੇ ਗ੍ਰੰਥ ਵੀ ਹਿੰਦੂ ਧਰਮ ਦੇ ਦਰਸ਼ਨ ਅਤੇ ਵਿਵਹਾਰ ਦਾ ਆਧਾਰ ਹਨ-

**4.3.5. ਸ਼ਾਸਤਰ/ਦਰਸ਼ਨ**-

ਸ਼ਾਸਤਰ/ ਦਰਸ਼ਨ ਹਿੰਦੂ ਧਰਮ ਵਿਚ ਅਹਿਮ ਸਥਾਨ ਰੱਖਦੇ ਹਨ ਜਿਨ੍ਹਾਂ ਦੀ ਰਚਨਾ ਵੱਖ-ਵੱਖ ਮਹਾਂਰਿਸ਼ੀਆਂ ਦੁਆਰਾ ਕੀਤੀ ਗਈ ਹੈ। ਇਹ ਸ਼ਾਸਤਰ ਬ੍ਰਹਮ, ਜੀਵ, ਸ੍ਰਿਸ਼ਟੀ, ਮਨ, ਆਤਮਾ ਅਦਿ ਸੰਬੰਧੀ ਵਿਭਿੰਨ ਗੂੜ੍ਹ ਦਾਰਸ਼ਨਿਕ ਪੱਖਾਂ ਨੂੰ ਪ੍ਰਸਤੁਤ ਕਰਦੇ। ਇਨ੍ਹਾਂ ਸ਼ਾਸਤਰਾਂ ਦੀ ਗਿਣਤੀ ਛੇ ਹੈ ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ-

**4.3.5.1 ਨਿਆਇ ਸ਼ਾਸਤਰ**- ਨਿਆਇ ਸ਼ਬਦ ਦਾ ਦਾਰਸ਼ਨਿਕ ਸੰਬੰਧ ਕਿਸੇ ਵਿਸ਼ੇ ਦੇ ਨਿਰਣੇ ਨਾਲ ਨਾਲ ਹੈ। ਇਸ ਸ਼ਾਸਤਰ ਦੀ ਰਚਨਾ ਮਹਾਂਰਿਸ਼ੀ ਗੌਤਮ ਦੁਅਰਾ ਕੀਤੀ ਗਈ ਹੈ ਜਿਸ ਦਾ ਉਦੇਸ਼ ਆਮ ਦੁਨਿਆਵੀਂ ਗਿਆਨ, ਦਾਰਸ਼ਨਿਕ ਗਿਆਨ ਅਤੇ ਅਧਿਆਤਮ ਗਿਆਨ ਸੰਬੰਧੀ ਤਾਰਕਿਕ ਨਿਰਣੇ ਦੁਆਰਾ ਨਿਸ਼ਚਿਤ ਸਿਧਾਂਤ ’ਤੇ ਪਹੁੰਚਣਾ ਹੈ। ਨਿਆਇ ਸ਼ਾਸਤਰ ਦੇ ਕੁੱਲ ਪੰਜ ਅਧਿਆਇ ਅਤੇ 538 ਸੂਤਰ ਹਨ।

**4.3.5.2 ਸਾਂਖਯ ਸ਼ਾਸਤਰ**- ਸਾਂਖਯ ਦਾ ਅਰਥ ਹੈ- ਸਪਸ਼ਟ ਵਿਚਾਰ, ਵਿਸ਼ਲੇਸ਼ਣ। ਇਸ ਸ਼ਾਸਤਰ ਦੇ ਰਚਨਾਕਾਰ ਮਹਾਂਰਿਸ਼ੀ ਕਪਿਲ ਹਨ ਜਿਸ ਵਿਚ 527 ਸੂਤਰ ਹਨ। ਇਹ ਸ਼ਾਸਤਰ ਮੁੱਖ ਰੂਪ ਵਿਚ ‘ਸਤਕਾਰਯਵਾਦ’ ਦੇ ਸਿਧਾਂਤ ਨੂੰ ਪ੍ਰਗਟ ਕਰਦਾ ਹੈ ਜਿਸ ਦਾ ਭਾਵ ਹੈ ਕਿ ਕਾਰਜ, ਆਪਣੀ ਉਤਪਤੀ ਤੋਂ ਪਹਿਲਾਂ ਕਾਰਣ ਵਿਚ ਮੌਜੂਦ ਰਹਿੰਦਾ ਹੈ। ਅਸਲ ਵਿਚ ਕਾਰਜ, ਆਪਣੇ ਕਾਰਨ ਦਾ ਹੀ ਸਾਰ ਹੈ। ‘ਸਤਕਾਰਯਵਾਦ’ ਦੇ ਦੋ ਭੇਦ ਮੰਨੇ ਗਏ ਹਨ- ਪਹਿਲਾ ਭੇਦ ਪਰਿਣਾਮਵਾਦ, ਭਾਵ ਕਿ ਕਾਰਣ ਦਾ ਅਸਲ ਅਰਥਾਂ ਵਿਚ ਕਾਰਜ ਵਿਚ ਪਰਿਵਰਤਨ ਹੋ ਜਾਂਦਾ ਹੈ, ਜਿਵੇਂ ਦੁੱਧ ਤੋਂ

ਦਹੀਂ। ਦੂਜਾ ਭੇਦ ਹੈ ਵਿਵਰਤਵਾਦ, ਜਿਸ ਅਨੁਸਾਰ ਪਰਿਵਰਤਨ ਅਸਲ ਨਹੀਂ ਹੁੰਦਾ ਕੇਵਲ ਮਹਿਸੂਸ ਹੁੰਦਾ ਹੈ, ਜਿਵੇਂ- ਰੱਸੀ ਦਾ ਸੱਪ ਦੇ ਰੂਪ ਵਿਚ ਮਹਿਸੂਸ ਹੋਣਾ।

**4.3.5.3 ਯੋਗ ਸ਼ਾਸਤਰ**- ਯੋਗ ਸ਼ਾਸਤਰ ਦੇ ਰਚਨਾਕਾਰ ਮਹਾਂਰਿਸ਼ੀ ਪਤੰਜਲੀ ਅਨੁਸਾਰ 'ਯੋਗ' ਸ਼ਬਦ ਦਾ ਅਰਥ ਹੈ- ਆਪਣੀਆਂ ਮਨ ਬਿਰਤੀਆਂ ਨੂੰ ਕਾਬੂ ਰੱਖਣਾ ਅਰਥਾਤ ਮਨ ਦੀ ਬਿਰਤੀਆਂ ਦੇ ਸੰਜਮ ਨੂੰ ਯੋਗ ਕਿਹਾ ਜਾਂਦਾ ਹੈ। ਇਸ ਸ਼ਾਸਤਰ ਦੇ ਕੁਲ ਚਾਰ ਪਦ ਅਤੇ 194 ਸੂਤਰ ਹਨ।

**4.3.5.4 ਵੈਸ਼ੇਸ਼ਿਕ ਸ਼ਾਸਤਰ**- ਇਸ ਸ਼ਾਸਤਰ ਵਿਚ ਸ੍ਰਿਸ਼ਟੀ ਦੀਆਂ ਭੌਤਿਕ ਘਟਨਾਵਾਂ ਦੇ ਕਾਰਨ ਬਣਨ ਵਾਲੇ ਸੱਤ ਪਦਾਰਥਾਂ- ਦ੍ਰਵ, ਗੁਣ, ਕਰਮ, ਸਾਮਾਨਯ, ਵਿਸ਼ੇਸ਼, ਸਮਵਾਯ ਅਤੇ ਅਭਾਵ ਦੀ ਵਿਸ਼ੇਸ਼ ਰੂਪ ਵਿਚ ਚਰਚਾ ਕੀਤੀ ਹੈ ਜਿਨ੍ਹਾਂ ਵਿਚੋਂ ਦ੍ਰਵ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਪਰਮਾਣੂ, ਅਨੇਕਾਤਮਵਾਦ, ਅਸੱਤਕਾਰਯਵਾਦ ਅਤੇ ਮੋਕਸ਼ਵਾਦ ਇਸ ਸ਼ਾਸਤਰ ਦੇ ਮੂਲ ਸਿਧਾਂਤ ਹਨ। ਇਸ ਸ਼ਾਸਤਰ ਦੇ ਰਚਨਹਾਰੇ ਮਹਾਂਰਿਸ਼ੀ ਕਣਾਦ ਹਨ ਜਿਸ ਦੇ ਕੁੱਲ 10 ਅਧਿਆਇ ਅਤੇ 370 ਸੂਤਰ/ਸਲੋਕ ਹਨ।

**4.3.5.5 ਮੀਮਾਂਸਾ ਸ਼ਾਸਤਰ**- ਮੀਮਾਂਸਾ ਦਾ ਅਰਥ ਹੈ- ਪ੍ਰਮਾਣਿਕ ਖੋਜਪੂਰਨ ਵਿਵੇਚਨ। ਬ੍ਰਾਹਮਣੀ ਕਰਮਕਾਂਡਾਂ ਅਤੇ ਯੱਗ ਸੰਬੰਧੀ ਪ੍ਰਣਾਲੀਆਂ ਦਾ ਵਿਵੇਚਨ ਹੀ ਮੀਮਾਂਸਾ ਸ਼ਾਸਤਰ ਦਾ ਉਦੇਸ਼ ਹੈ। ਇਸ ਸ਼ਾਸਤਰ ਦੇ ਰਚਨਾਕਾਰ ਰਿਸ਼ੀ ਜੈਮਿਨੀ ਹਨ ਜਿਸ ਵਿਚ 12 ਅਧਿਆਇ ਅਤੇ 2732 ਸੂਤਰ/ਸਲੋਕ ਹਨ।

**4.3.5.6 ਵੇਦਾਂਤ ਸ਼ਾਸਤਰ**- ਇਹ ਹਿੰਦੂ ਧਰਮ ਦਾ ਸਭ ਤੋਂ ਮਹੱਤਵਪੂਰਨ ਸ਼ਾਸਤਰ ਮੰਨਿਆ ਜਾਂਦਾ ਹੈ ਜਿਸ ਦੀ ਰਚਨਾ ਮਹਾਂਰਿਸ਼ੀ ਵਿਆਸ ਨੇ ਬ੍ਰਹਮ ਸੂਤਰ ਨੂੰ ਆਧਾਰ ਬਣਾ ਕੇ ਕੀਤੀ। ਇਸ ਸ਼ਾਸਤਰ ਦੇ ਕੁੱਲ 555 ਸੂਤਰ ਜਨ ਜਿਨ੍ਹਾਂ ਦਾ ਮੁੱਖ ਵਿਸ਼ਾ ਬ੍ਰਹਮ ਦੇ ਸੱਚੇ ਗਿਆਨ ਦੀ ਪ੍ਰਾਪਤੀ ਰਾਹੀਂ ਮੁਕਤੀ ਪ੍ਰਾਪਤ ਕਰ ਕੇ ਅਨੰਦ ਦੀ ਅਵਸਥਾ ਦਾ ਧਾਰਣੀ ਬਣਨਾ ਹੈ।

### 4.3.6 ਸਿਮਰਤੀ

ਸਿਮਰਤੀ ਦਾ ਅੱਖਰੀ ਅਰਥ ਹੈ- ਯਾਦ ਕੀਤਾ ਹੋਇਆ। ਇਸ ਸਾਹਿਤ ਵਿਚ ਆਪਣੀ ਯਾਦ ਸ਼ਕਤੀ ਅਤੇ ਸਵੈ ਅਨੁਭਵ ਰਾਹੀਂ ਪ੍ਰਾਪਤ ਹੋਇਆ ਵੇਦਾਂ ਦਾ ਉਹ ਸਾਰਾ ਗਿਆਨ ਸ਼ਾਮਿਲ ਹੈ ਜੋ ਵੇਦਾਂ ਦੇ ਜਾਣਕਾਰ ਰਿਸ਼ੀਆਂ ਨੇ ਸੁਖੈਨ ਢੰਗ ਰਾਹੀਂ ਵਿਵਸਥਿਤ ਅਤੇ ਵਿਸ਼ੇਬੱਧ ਕਰ ਕੇ ਆਮ ਲੋਕਾਂ ਤੱਕ ਪਹੁੰਚਾਇਆ। ਇਨ੍ਹਾਂ ਸਿਮਰਤੀਆਂ ਵਿਚ ਮੁੱਖ ਰੂਪ ਵਿਚ ਧਰਮ ਦੇ ਵਿਧੀ ਵਿਧਾਨ, ਸਮਾਜਕਿ ਨਿਯਮਾਵਲੀ, ਰਾਜ ਧਰਮ, ਦੰਡਾਵਲੀ ,ਅਨੇਕਾਂ ਕਰਨਯੋਗ ਜਾਂ ਨਾ

ਕਰਨਯੋਗ ਕਾਰਜ, ਚਾਰ ਪੁਰਸ਼ਾਰਥ, ਵਰਣ ਆਸ਼ਰਮ, ਯੱਗ, ਸ਼ਰਾਪ ਆਦਿ ਪੱਖਾਂ ਬਾਰੇ ਦੱਸਿਆ ਗਿਆ ਹੈ। ਬਹੁਤਾਤ ਰੂਪ ਵਿਚ ਵਿਦਵਾਨਾਂ ਨੇ ਇਨ੍ਹਾਂ ਸਿਮਰਤੀਆਂ ਦੀ ਗਿਣਤੀ 27 ਮੰਨੀ ਹੈ ਜਿਨ੍ਹਾਂ ਵਿਚੋਂ ਪ੍ਰਮੁੱਖ ਸਿਮਰਤੀਆਂ ਦੇ ਨਾਮ ਇਸ ਪ੍ਰਕਾਰ ਹਨ- ਮਨੂ ਸਿਮਰਤੀ, ਯਾਗਵਲਕਯ ਸਿਮਰਤੀ, ਨਾਰਦ ਸਿਮਰਤੀ, ਅਤਰੀ ਸਿਮਰਤੀ, ਵਿਸ਼ਨੂੰ ਸਿਮਰਤੀ, ਅੰਗਿਰਾ ਸਿਮਰਤੀ, ਉਮਬ੍ਰਤ ਸਿਮਰਤੀ, ਬ੍ਰਿਹਸਪਤੀ ਸਿਮਰਤੀ, ਪਰਾਸ਼ਰ ਸਿਮਰਤੀ, ਵਿਆਸ ਸਿਮਰਤੀ ਆਦਿ।

### 4.3.7. ਪੁਰਾਣ

ਪੁਰਾਣ ਦਾ ਅੱਖਰੀ ਅਰਥ ਹੈ- ਪ੍ਰਾਚੀਨ, ਪੁਰਾਣਾ ਭਾਵ ਕਿ ਅਜਿਹੇ ਗ੍ਰੰਥ ਜਿਨ੍ਹਾਂ ਵਿਚ ਪੁਰਾਤਨ ਸਮੇਂ ਦੇ ਬਿਰਤਾਂਤ ਪ੍ਰਾਪਤ ਹੁੰਦੇ ਹਨ। ਹਿੰਦੂ ਧਰਮ ਦੇ ਜਿਨ੍ਹਾਂ ਗ੍ਰੰਥਾਂ ਵਿਚ ਸ੍ਰਿਸ਼ਟੀ ਦੇ ਆਰੰਭ ਤੋਂ ਲੈ ਕੇ ਸ੍ਰਿਸ਼ਟੀ ਦੇ ਪ੍ਰਲਯ ਤੱਕ ਦਾ ਵਿਵਰਣ ਸ਼ਬਦਾਂ ਰਾਹੀਂ ਦੱਸਿਆ ਹੁੰਦਾ ਹੈ, ਉਨ੍ਹਾਂ ਨੂੰ ਅਸੀ ਪੁਰਾਣ ਕਹਿ ਸਕਦੇ ਹਾਂ। ਮੁੱਖ ਤੌਰ ’ਤੇ ਪੁਰਾਣਾਂ ਦਾ ਨਾਮਕਰਨ ਕਿਸੇ ਇਕ ਵਿਸ਼ੇਸ਼ ਦੇਵਤੇ ਜਾਂ ਦੇਵੀ ਦੇ ਨਾਮ ਨਾਲ ਜੋੜ ਕੇ ਕੀਤਾ ਗਿਆ ਹੈ, ਜਿਵੇਂ ਸ਼ਿਵ ਪੁਰਾਣ, ਵਿਸ਼ਨੂੰ ਪੁਰਾਣ। ਪੁਰਾਣਾਂ ਵਿਚ ਸ੍ਰਿਸ਼ਟੀ ਦੇ ਆਰੰਭ ਤੋਂ ਲੈ ਕੇ ਵੱਖ-ਵੱਖ ਰਿਸ਼ੀਆਂ ਅਤੇ ਰਾਜਿਆਂ ਦੇ ਬਿਰਤਾਂਤ, ਇਨ੍ਹਾਂ ਦੀ ਵੰਸ਼ ਪਰੰਪਰਾ, ਤਤਕਾਲੀਨ ਸਮੇਂ ਦੇ ਹਾਲਾਤਾਂ, ਚਿਕਿਤਸਾ, ਪ੍ਰੇਮ ਕਥਾਵਾਂ, ਦਰਸ਼ਨ, ਧਰਮ ਸਾਸ਼ਤਰ ਆਦਿ ਵਿਸ਼ਿਆਂ ਦਾ ਵਰਣਨ ਹੁੰਦਾ ਹੈ। ਪੁਰਾਣਾਂ ਵਿਚ ਵਿਅਕਤੀ ਦੇ ਜਨਮ ਤੋਂ ਲੈ ਕੇ ਉਸ ਦੀ ਮੌਤ ਤੋਂ ਬਾਅਦ ਸਵਰਗ ਜਾਂ ਨਰਕ ਤੱਕ ਦੀ ਯਾਤਰਾ ਦਾ ਵੀ ਵਿਵਰਣ ਹੈ। ਇਹ ਪੌਰਾਣਿਕ ਕਥਾਵਾਂ, ਇਤਿਹਾਸ, ਬ੍ਰਹਮੰਡੀ ਗਿਆਨ, ਭੂਗੋਲ, ਸਭਿਆਚਾਰ ਅਤੇ ਦਰਸ਼ਨ ਸਹਿਤ ਅਨੇਕਾਂ ਵਿਸ਼ਿਆਂ ਦਾ ਵੱਡਾ ਸਰੋਤ ਹਨ। ਪੁਰਾਣਾਂ ਦੀ ਪੇਸ਼ਕਾਰੀ ਸੈਲੀ ਦਿਲਚਸਪ ਕਥਾ ਕਹਾਣੀਆਂ ਵਾਲੀ ਹੁੰਦੀ ਹੈ ਜੋ ਸਾਧਾਰਨ ਬੁੱਧੀ ਦੇ ਪੱਧਰ ਵਾਲਿਆਂ ਵਿਚ ਵੀ ਧਰਮ ਪ੍ਰਤੀ ਦਿਲਚਸਪੀ ਪੈਦਾ ਕਰਦੀ ਹੈ।

ਅਵਤਾਰਵਾਦ ਪੁਰਾਣਾਂ ਦਾ ਮੁੱਖ ਅੰਗ ਹੈ ਜਿਸ ਦਾ ਉਦੇਸ਼ ਆਪਣੇ ਇਸ਼ਟ ਦੇਵ ਦੀ ਉਪਾਸਨਾ ਨੂੰ ਉਤਸ਼ਾਹਿਤ ਕਰਨਾ ਹੈ। ਲਗਪਗ ਹਰੇਕ ਪੁਰਾਣ ਵਿਚ ਆਪਣੀ ਇਸ਼ਟ ਭਾਵਨਾ ਦੇ ਅਨੁਸਾਰ ਅਵਤਾਰਾਂ ਦਾ ਵਰਣਨ ਮਿਲਦਾ ਹੈ, ਜਿਵੇਂ- ਵਿਸ਼ਨੂੰ ਮਤ ਵਾਲੇ ਪੁਰਾਣਾਂ ਵਿਚ ਵਿਸ਼ਨੂੰ ਦੇ ਅਵਤਾਰਾਂ ਦਾ ਵੇਰਵਾ ਪ੍ਰਾਪਤ ਹੁੰਦਾ ਹੈ ਅਤੇ ਸ਼ੈਵ ਮਤ ਨਾਲ ਸੰਬੰਧਿਤ ਪੁਰਾਣਾਂ ਵਿਚ ਸ਼ਿਵ ਦੇ ਅਵਤਾਰਾਂ ਦਾ ਵਿਵਰਣ ਮਿਲਦਾ ਹੈ।

ਪੁਰਾਣਾਂ ਦੀ ਗਿਣਤੀ ਪੱਖੋਂ 18 ਪੁਰਾਣਾਂ ਦਾ ਵੇਰਵਾ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ- ਵਿਸ਼ਨੂੰ ਪੁਰਾਣ, ਪਦਮ ਪੁਰਾਣ, ਅਗਨਿ ਪੁਰਾਣ, ਭਾਗਵਤ ਪੁਰਾਣ, ਬ੍ਰਹਮ ਪੁਰਾਣ, ਬ੍ਰਹਿਮਾਂਡ ਪੁਰਾਣ, ਬ੍ਰਹਮਵੈਵਰਤ ਪੁਰਾਣ, ਗਰੁੜ ਪੁਰਾਣ, ਕੂਰਮ ਪੁਰਾਣ, ਲਿੰਗ ਪੁਰਾਣ, ਮਾਰਕੰਡੇਯ ਪੁਰਾਣ, ਮਤਸਯ ਪੁਰਾਣ, ਨਾਰਦ ਪੁਰਾਣ, ਸ਼ਿਵ ਪੁਰਾਣ/ਵਾਯੂ ਪੁਰਾਣ, ਸਕੰਧ ਪੁਰਾਣ, ਵਾਮਨ ਪੁਰਾਣ, ਵਰਾਹ ਪੁਰਾਣ, ਭਵਿਸ਼ਯ ਪੁਰਾਣ।

ਇਨ੍ਹਾਂ 18 ਪੁਰਾਣਾਂ ਤੋਂ ਇਲਾਵਾ 18 ਉਪ ਪੁਰਾਣ ਵੀ ਪ੍ਰਾਪਤ ਹੁੰਦੇ ਹਨ ਜੋ ਇਸ ਪ੍ਰਕਾਰ ਹਨ- ਸਨਤਕੁਮਾਰ ਪੁਰਾਣ, ਨਰਸਿੰਹ ਪੁਰਾਣ, ਨਾਰਦੀਯ ਪੁਰਾਣ, ਦੇਵੀ ਭਾਗਵਤ ਪੁਰਾਣ, ਦੁਰਵਾਸ਼ਾ ਪੁਰਾਣ, ਕਪਿਲ ਪੁਰਾਣ, ਮਾਨਵ ਪੁਰਾਣ, ਔਸ਼ਨਸ ਪੁਰਾਣ, ਵਰੁਣ ਪੁਰਾਣ, ਕਾਲਿਕਾ ਪੁਰਾਣ, ਸ਼ਾਂਬ ਪੁਰਾਣ, ਨੰਦੀ ਪੁਰਾਣ, ਸੌਰ ਪੁਰਾਣ, ਪਰਾਸ਼ਰ ਪੁਰਾਣ, ਆਦਿਤਯ ਪੁਰਾਣ, ਮਹੇਸ੍ਵਰ ਪੁਰਾਣ, ਭਾਗਵ ਪੁਰਾਣ, ਵੈਸ਼ਿਸ਼ਠ ਪੁਰਾਣ।

### 4.3.8. ਉਪਨਿਸ਼ਦ

ਉਪਨਿਸ਼ਦ ਹਿੰਦੂ ਗਿਆਨ ਪ੍ਰੰਪਰਾ ਦਾ ਇਕ ਅਹਿਮ ਅੰਗ ਹਨ ਜੋ ਆਪਣੇ ਆਪ ਵਿਚ ਵੇਦਾਂ ਦੇ ਰਹੱਸਮਈ ਅਤੇ ਦਾਰਸ਼ਨਿਕ ਗਿਆਨ ਨੂੰ ਸਮੋਈ ਬੈਠੇ ਹਨ। ਉਪਨਿਸ਼ਦ ਸ਼ਬਦ ਦਾ ਸ਼ਾਬਦਿਕ ਅਰਥ ਹੈ- ਨੇੜੇ ਬੈਠਣਾ, ਜੋ ਪ੍ਰਾਚੀਨ ਕਾਲ ਵਿਚ ਸ਼ਿਸ਼ ਦੁਆਰਾ ਆਪਣੇ ਗੁਰੂ ਦੇ ਕੋਲ ਬੈਠ ਕੇ ਸ਼ਰਧਾਪੂਰਵਕ ਢੰਗ ਨਾਲ ਤੱਤ ਗਿਆਨ ਪ੍ਰਾਪਤ ਕਰਨ ਵਾਲੇ ਭਾਵ ਨੂੰ ਪ੍ਰਗਟ ਕਰਦਾ ਹੈ। ਇਸ ਪ੍ਰਕਾਰ ਉਪਨਿਸ਼ਦ ਸ਼ਰੁਤੀ ਪ੍ਰੰਪਰਾ 'ਤੇ ਆਧਾਰਿਤ ਹਨ ਭਾਵ ਕਿ ਸੁਣ ਕੇ ਪ੍ਰਾਪਤ ਕੀਤਾ ਗਿਆਨ। ਇਨ੍ਹਾਂ ਵਿਚ ਗਿਆਨ ਵਾਲੇ ਪੱਖ ਦੀ ਪ੍ਰਧਾਨਤਾ ਹੈ। ਇਸ ਲਈ ਇਨ੍ਹਾਂ ਨੂੰ ਵੇਦਾਂ ਦਾ ਗਿਆਨ-ਕਾਂਡ ਵੀ ਕਿਹਾ ਜਾਂਦਾ ਹੈ।

ਇਨ੍ਹਾਂ ਵਿਚ ਕਰਮ ਕਾਂਡ ਨਾਲੋਂ ਗਿਆਨ ਨੂੰ ਜਿਆਦਾ ਮਹੱਤਵ ਪ੍ਰਦਾਨ ਕੀਤਾ ਗਿਆ ਹੈ ਕਿਉਂਕਿ ਗਿਆਨ ਸਥੂਲ (ਜਗਤ ਅਤੇ ਪਦਾਰਥ) ਤੋਂ ਸੂਖਮ (ਮਨ ਅਤੇ ਆਤਮਾ) ਵੱਲ ਲੈ ਜਾਂਦਾ ਹੈ। ਬ੍ਰਹਮ, ਜੀਵ ਅਤੇ ਜਗਤ ਦਾ ਗਿਆਨ ਪ੍ਰਾਪਤ ਕਰਨਾ ਉਪਨਿਸ਼ਦਾਂ ਦਾ ਮੂਲ ਵਿਸ਼ਾ ਹੈ। ਬਹੁਤ ਸਾਰੇ ਸੁੰਦਰ ਅਖਾਣ ਅਤੇ ਰੂਪਕ ਵੀ ਉਪਨਿਸ਼ਦਾਂ ਵਿਚ ਮਿਲਦੇ ਹਨ ਜਿਸ ਕਾਰਨ ਇਹ ਆਪਣੀ ਰੋਚਕ ਸ਼ੈਲੀ ਕਾਰਨ ਵੀ ਵਿਸ਼ੇਸ਼ ਮਹੱਤਵ ਰੱਖਦੇ ਹਨ। ਇਨ੍ਹਾਂ ਵਿਚ ਰਿਸ਼ੀ-ਮੁਨੀ, ਦੇਵਤਾ-ਦਾਨਵ, ਪਸ਼ੂ-ਪੰਛੀਆਂ, ਨਦੀ, ਸਮੁੰਦਰ, ਰੁੱਖ, ਪਹਾੜ, ਦੁੱਧ-ਮੱਖਣ, ਅੱਗ-ਚੰਗਿਆੜੀ ਆਦਿ

ਸਾਰਿਆਂ ਨੂੰ ਮਾਧਿਅਮ ਬਣਾ ਕੇ ਵੇਦਾਂ ਦੀ ਵਿਆਖਿਆ ਦੇ ਉਦੇਸ਼ ਨਾਲ ਪ੍ਰੇਰਨਾਦਾਇਕ ਕਥਾਵਾਂ ਦੀ ਰਚਨਾ ਕੀਤੀ ਗਈ ਹੈ। ਵੇਦਾਂ ਦੇ ਜਟਿਲ ਜਾਪਣ ਵਾਲੇ ਵਿਚਾਰਾਂ ਨੂੰ ਉਪਨਿਸ਼ਦਾਂ ਵਿਚ ਸੁਖੈਨ ਢੰਗ ਰਾਹੀਂ ਸਮਝਾਇਆ ਗਿਆ ਹੈ।

ਬਹੁਤਾਤ ਵਿਦਵਾਨ ਉਪਨਿਸ਼ਦਾਂ ਦੀ ਗਿਣਤੀ 108 ਹੋਣ ਨਾਲ ਸਹਿਮਤੀ ਪ੍ਰਗਟ ਕਰਦੇ ਹਨ। ਇਨ੍ਹਾਂ ਵਿਚੋਂ ਹਰੇਕ ਉਪਨਿਸ਼ਦ ਕਿਸੇ ਨਾ ਕਿਸੇ ਵੇਦ ਨਾਲ ਜੁੜਿਆ ਹੋਇਆ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ-

(ੳ) ਰਿਗਵੇਦ- 10 ਉਪਨਿਸ਼ਦ

(ਅ) ਯਜੁਰਵੇਦ- 51 ਉਪਨਿਸ਼ਦ (19 ਸ਼ੁਕਲ ਯਜੁਰਵੇਦ ਅਤੇ 32 ਕ੍ਰਿਸ਼ਨ ਯਜੁਰਵੇਦ)

(ੲ) ਸਾਮਵੇਦ- 16 ਉਪਨਿਸ਼ਦ

(ਸ) ਅਥਰਵਵੇਦ- 31 ਉਪਨਿਸ਼ਦ

ਇਨ੍ਹਾਂ ਸਮੂਹ ਉਪਨਿਸ਼ਦਾਂ ਵਿਚੋਂ 11 ਉਪਨਿਸ਼ਦ ਪ੍ਰਮੁੱਖ ਮੰਨੇ ਜਾਂਦੇ ਹਨ ਜਿਨ੍ਹਾਂ ਉੱਤੇ ਸ਼ੰਕਰਾਚਾਰਯ ਨੇ ਭਾਸ਼ਯ ਲਿਖੇ ਜਾਂ ਜੋ ਮਹਾਤਮਾ ਬੁੱਧ ਦੇ ਜਨਮ ਤੋਂ ਪਹਿਲਾਂ ਲਿਖੇ ਜਾ ਚੁੱਕੇ ਸਨ। ਇਨ੍ਹਾਂ ਉਪਨਿਸ਼ਦਾਂ ਦੇ ਨਾਮ ਇਸ ਪ੍ਰਕਾਰ ਹਨ- ਈਸ਼ਾਵਾਸ਼ਯ ਉਪਨਿਸ਼ਦ, ਕੇਨ ਉਪਨਿਸ਼ਦ, ਕਠ ਉਪਨਿਸ਼ਦ, ਪ੍ਰਸ਼ਨ ਉਪਨਿਸ਼ਦ, ਮੁੰਡਕ ਉਪਨਿਸ਼ਦ, ਮਾਂਡੂਕਯ ਉਪਨਿਸ਼ਦ, ਤੈਤਿੱਰੀਯ ਉਪਨਿਸ਼ਦ, ਏਤਰੇਯ ਉਪਨਿਸ਼ਦ, ਛਾਂਦੋਗਯ ਉਪਨਿਸ਼ਦ, ਬ੍ਰਹਦਾਰਣਯਕ ਉਪਨਿਸ਼ਦ ਅਤੇ ਸ਼੍ਵੇਤਾਸ਼੍ਵਤਰ ਉਪਨਿਸ਼ਦ।

### 4.3.9. ਨੈਤਿਕ ਮਹਾਂਕਾਵਿ/ਗ੍ਰੰਥ

**4.3.9.1. ਰਾਮਾਇਣ-** ਇਹ ਮਹਾਂਕਾਵਿ ਵਿਸ਼ਨੂੰ ਭਗਵਾਨ ਦੇ ਅਵਤਾਰ, ਭਗਵਾਨ ਸ਼੍ਰੀ ਰਾਮ ਚੰਦਰ ਦੀ ਜੀਵਨ ਗਾਥਾ ਨਾਲ ਸੰਬੰਧਿਤ ਹੈ ਜਿਸ ਦੀ ਰਚਨਾ ਮਹਾਂਰਿਸ਼ੀ ਬਾਲਮੀਕਿ ਨੇ ਸੰਸਕ੍ਰਿਤ ਭਾਸ਼ਾ ਵਿਚ ਕੀਤੀ। ਬਾਅਦ ਵਿਚ ਗੋਸੁਆਮੀ ਤੁਲਸੀ ਦਾਸ ਨੇ 1576 ਈ. ਵਿਚ ਇਸ ਰਚਨਾ ਦਾ 'ਰਾਮਚਰਿਤ ਮਾਨਸ' ਦੇ ਨਾਮ ਨਾਲ ਬ੍ਰਿਜ ਭਾਸ਼ਾ ਵਿਚ ਅਨੁਵਾਦ ਕੀਤਾ ਜੋ ਮੌਜੂਦਾ ਸਮੇਂ ਵਿਚ ਬਹੁਤਾਤ ਰੂਪ ਵਿਚ ਪ੍ਰਚਲਿਤ ਅਤੇ ਹਰਮਨ ਪਿਆਰਾ ਗ੍ਰੰਥ ਹੈ। ਇਸ ਗ੍ਰੰਥ ਦੇ 7 ਕਾਂਡ/ਅਧਿਆਇ ਹਨ- ਬਾਲਕਾਂਡ, ਅਯੋਧਿਆ ਕਾਂਡ, ਅਰਨਯਕਾਂਡ, ਕਿਸ਼ਕਿੰਦਾਕਾਂਡ, ਸੁੰਦਰਕਾਂਡ, ਲੰਕਾਕਾਂਡ ਅਤੇ ਉੱਤਰਕਾਂਡ। ਇਸ ਗ੍ਰੰਥ ਵਿਚ ਭਗਵਾਨ ਸ਼੍ਰੀ ਰਾਮ ਨੂੰ, ਬੁਰਾਈ ਦੇ ਪ੍ਰਤੀਕ ਰਾਵਣ ਦੇ ਮੁਕਾਬਲੇ, ਮਰਿਆਦਾ ਪੁਰਸ਼ੋਤਮ ਦੇ ਰੂਪ ਵਿਚ ਦਰਸਾਇਆ ਗਿਆ ਹੈ ਜੋ ਰਾਵਣ ਨੂੰ ਮਾਰ ਕੇ ਬੁਰਾਈ ਉੱਪਰ ਚੰਗਿਆਈ ਦੀ

ਜਿੱਤ ਨੂੰ ਸਥਾਪਿਤ ਕਰਦੇ ਹਨ। ਹਿੰਦੂ ਧਰਮ ਦੇ ਅਨੁਯਾਈਆਂ ਵਿਚ ਇਹ ਗ੍ਰੰਥ ਬਹੁਤ ਹੀ ਲੋਕਪ੍ਰਿਯ ਹੈ। ਇਸ ਗ੍ਰੰਥ ਦੀ ਲੋਕਪ੍ਰਿਯਤਾ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਨਵਰਾਤਰਿਆਂ ਦੌਰਾਨ ਇਸ ਦੇ ਸੁੰਦਰਕਾਂਡ ਦਾ ਪਾਠ ਪੂਰੇ ਨੌਂ ਦਿਨ ਕੀਤਾ ਜਾਂਦਾ ਹੈ ਅਤੇ ਰਾਮਾਇਣ ਮੰਡਲੀਆਂ ਦੁਆਰਾ ਮੰਗਲਵਾਰ ਅਤੇ ਸ਼ਨੀਵਾਰ ਨੂੰ ਵੀ ਇਸ ਦੇ ਸੁੰਦਰਕਾਂਡ ਦਾ ਪਾਠ ਕੀਤਾ ਜਾਂਦਾ ਹੈ। ਇਹ ਹਿੰਦੂ ਧਰਮ ਤੋਂ ਇਲਾਵਾ ਗੈਰ ਹਿੰਦੂਆਂ ਵਿਚ ਵੀ ਹਰਮਨ ਪਿਆਰਾ ਗ੍ਰੰਥ ਹੈ ਜਿਸਦੇ ਹੁਣ ਤੱਕ ਅਨੇਕਾਂ ਖੇਤਰਾਂ ਅਤੇ ਅਨੇਕਾਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੇ ਹਨ।

**4.3.9.2. ਮਹਾਂਭਾਰਤ**- ਰਮਾਇਣ ਵਾਂਗ ਮਹਾਂਭਾਰਤ ਨਾਮਕ ਗ੍ਰੰਥ ਵਿਚ ਵੀ ਪਾਂਡਵਾਂ ਅਤੇ ਕੌਰਵਾਂ ਦੇ ਰੂਪ ਵਿਚ, ਧਰਮ ਅਤੇ ਅਧਰਮ ਦੀ ਲੜਾਈ ਵਿਚ ਧਰਮ ਦੀ ਜਿੱਤ ਨੂੰ ਦਰਸਾਇਆ ਗਿਆ ਹੈ ਜਿਸ ਦਾ ਕੇਂਦਰੀ ਧੁਰਾ ਵਿਸ਼ਨੂੰ ਭਗਵਾਨ ਦੇ ਅਵਤਾਰ ਸ੍ਰੀ ਕ੍ਰਿਸ਼ਨ ਭਗਵਾਨ ਦੇ ਦੁਆਲੇ ਕੇਂਦ੍ਰਿਤ ਹੈ। ਵਿਸ਼ਵ ਸਾਹਿਤ ਦੇ ਸਭ ਤੋਂ ਵੱਡੇ ਇਸ ਗ੍ਰੰਥ ਵਿਚ 18 ਅਧਿਆਇ ਅਤੇ ਲਗਪਗ 1,10,000 ਸਲੋਕ ਹਨ ਜਿਸ ਦੇ ਰਚਨਾਕਾਰ ਮਹਾਂਰਿਸ਼ੀ ਵੇਦ ਵਿਆਸ ਹਨ। ਸ੍ਰੀ ਕ੍ਰਿਸ਼ਨ, ਭੀਸ਼ਮ ਪਿਤਾਮਾ, ਪਾਂਡੂ, ਕੁੰਤੀ, ਧ੍ਰਿਤਰਾਸ਼ਟਰ, ਸ਼ਕੁਨੀ, ਦਰੋਣਾਚਾਰਯ, ਪੰਜ ਪਾਂਡਵ (ਯੁਧਿਸ਼ਟਰ, ਭੀਮ, ਅਰਜੁਨ, ਨਕੁਲ, ਸਾਹਿਦੇਵ), ਦ੍ਰੋਪਦੀ, ਕਰਣ, ਜਰਾਸੰਧ, ਅਸ਼ਵਥਾਮਾ ਆਦਿ ਇਸ ਗ੍ਰੰਥ ਦੇ ਮੁੱਖ ਪਾਤਰ ਹਨ। ਮਹਾਂਭਾਰਤ ਗ੍ਰੰਥ ਵਿਚ ਪਾਂਡਵਾਂ ਅਤੇ ਕੌਰਵਾਂ ਵਿਚਕਾਰ ਕੁਰੂਕਸ਼ੇਤਰ ਦੀ ਧਰਤੀ ’ਤੇ ਹੋਏ ਯੁੱਧ ਦਾ ਪਿਛੋਕੜ, ਕਾਰਨ ਅਤੇ ਘਟਨਾਵਾਂ ਦਾ ਵੇਰਵਾ ਪ੍ਰਾਪਤ ਹੁੰਦਾ ਹੈ ਜਿਸ ਵਿਚੋਂ ਉਸ ਸਮੇਂ ਦੀ ਸੰਸਕ੍ਰਿਤੀ, ਸਭਿਆਚਾਰ, ਰਾਜਨੀਤੀ ਅਤੇ ਸਮਾਜਿਕ ਹਾਲਾਤਾਂ ਦੇ ਵਿਭਿੰਨ ਪੱਖਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਮਹਾਂਭਾਰਤ ਵਿਚੋਂ ਨਿਆਇ, ਚਿਕਿਤਸਾ, ਜੋਤਿਸ਼, ਯੁੱਧਨੀਤੀ, ਯੋਗਸ਼ਾਸਤਰ, ਅਰਥਸ਼ਾਸਤਰ, ਵਾਸਤੂਸ਼ਾਸਤਰ, ਧਰਮਸ਼ਾਸਤਰ ਆਦਿ ਦਾ ਵੀ ਵਿਸਤਾਰਤ ਵਰਣਨ ਮਿਲਦਾ ਹੈ। ਇਸ ਗ੍ਰੰਥ ਦੇ ਪ੍ਰੇਰਨਾਮਈ ਪ੍ਰਸੰਗ, ਆਪਣੀ ਰਚਨਾ ਦੇ ਸਮੇਂ ਤੋਂ ਹੀ ਹਿੰਦੂ ਧਰਮ ਦੇ ਅਨੁਯਾਈਆਂ ਨੂੰ ਪ੍ਰੇਰਨਾ ਦੇਣ ਦਾ ਕਾਰਜ ਕਰਦੇ ਰਹੇ ਹਨ।

**4.3.9.2. ਸ੍ਰੀਮਦਭਗਵਤਗੀਤਾ**- ਸ਼੍ਰੀਮਦਭਗਵਤਗੀਤਾ ਹਿੰਦੂ ਧਰਮ ਦਾ ਇਕ ਪ੍ਰਮੁੱਖ ਗ੍ਰੰਥ ਹੈ ਜਿਸ ਦੇ ਨਾਮ ਦਾ ਅੱਖਰੀ ਅਰਥ ਹੈ- ਭਗਵਾਨ ਦੇ ਗੀਤ। ਇਹ ਗ੍ਰੰਥ, ਮਹਾਂਭਾਰਤ ਮਹਾਂਕਾਵਿ ਦਾ ਹਿੱਸਾ ਹੈ ਜੋ ਮਹਾਂਭਾਰਤ ਦੇ ਭੀਸ਼ਮਪਰਵ ਵਿਚ ਅਧਿਆਇ 23 ਤੋਂ ਅਧਿਆਇ 40 ਵਿਚ ਸ਼ਾਮਿਲ ਹੈ। ਇਸ ਗ੍ਰੰਥ ਦੇ 18 ਅਧਿਆਇ ਅਤੇ 700 ਸਲੋਕ ਹਨ। ਇਹ ਸ੍ਰੀ ਕ੍ਰਿਸ਼ਨ ਭਗਵਾਨ ਦੁਆਰਾ ਅਰਜੁਨ ਨੂੰ ਕੁਰੂਕਸ਼ੇਤਰ ਦੇ ਯੁੱਧ ਦੇ ਮੈਦਾਨ ਵਿਚ ਦਿੱਤਾ ਗਿਆ

ਉਪਦੇਸ਼ ਹੈ ਜਿਸ ਵਿਚ ਮਨੁੱਖ ਦੇ ਅਧਿਆਤਮਿਕ ਜੀਵਨ ਦੇ ਅਨੇਕਾਂ ਪੱਖਾਂ ਨੂੰ ਦਾਰਸ਼ਨਿਕ ਢੰਗ ਰਾਹੀਂ ਸੁੰਦਰ ਰੂਪ ਵਿਚ ਵਿਅਕਤ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਮੁੱਖ ਤੌਰ ’ਤੇ ਕਰਮ ਯੋਗ, ਗਿਆਨ ਯੋਗ ਅਤੇ ਭਗਤੀ ਯੋਗ ਦੀ ਵਿਆਖਿਆ ਰਾਹੀਂ ਮਨੁੱਖਾ ਸਰੀਰ ਦੇ ਜਨਮ-ਮਰਣ, ਇਸ ਦਾ ਪਰਮਾਤਮਾ ਅਤੇ ਸੰਸਾਰ ਨਾਲ ਸੰਬੰਧ, ਮਨੁੱਖਾ ਆਤਮਾ ਦੀ ਅਮਰਤਾ ਅਤੇ ਸਥਿਰਤਾ, ਵਿਸ਼ੇ ਵਿਕਾਰਾਂ ਤੋਂ ਮੁਕਤ ਹੋਣ ਵਾਲੇ ਪਰਮਾਤਮਾ ਦੇ ਭਗਤ ਦਾ ਸਰੂਪ ਆਦਿ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ। ਇਹ ਰਚਨਾ ਹਿੰਦੂ ਧਰਮ ਵਿਚ ਬਹੁਤ ਹੀ ਹਰਮਨ ਪਿਆਰੀ ਹੈ ਜਿਸ ਦਾ ਪਾਠ ਬਹੁਤਾਤ ਹਿੰਦੂਆਂ ਦੇ ਰੋਜ਼ਾਨਾ ਜੀਵਨ ਦਾ ਹਿੱਸਾ ਹੈ। ਇਸ ਦੀ ਕਥਾ ਕਰਨਾ ਅਤੇ ਕਰਵਾਉਣਾ ਹਿੰਦੂ ਧਰਮ ਵਿਚ ਧਰਮ ਵਾਲੇ ਵੱਡੇ ਅਤੇ ਮਹਾਨ ਕਾਰਜ ਸਮਝੇ ਜਾਂਦੇ ਹਨ। ਸ਼੍ਰੀਮਦਭਗਵਤਗੀਤਾ ਦੇ ਮਨੁੱਖਾ ਜੀਵਨ ਵਿਚ ਅਧਿਆਤਮਿਕ ਮਹੱਤਵ ਕਾਰਨ ਮੌਜੂਦਾ ਸਮੇਂ ਵਿਚ ਇਸ ਗ੍ਰੰਥ ਦੇ ਅਨੇਕਾਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੇ ਹਨ।

### 4.4. ਹਿੰਦੂ ਧਰਮ ਦੇ ਇਸ਼ਟ: ਪ੍ਰਮੁੱਖ ਦੇਵੀ-ਦੇਵਤੇ

ਹਿੰਦੂ ਧਰਮ ਵਿਚ ਵੱਖ-ਵੱਖ ਸ਼ਕਤੀਆਂ ਦੀ ਦੇਵੀ-ਦੇਵਤਿਆਂ ਦੇ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ। ਪ੍ਰਚਲਿਤ ਵਿਸ਼ਵਾਸ ਅਨੁਸਾਰ ਇਨ੍ਹਾਂ ਦੇਵਤਿਆਂ ਦੀ ਗਿਣਤੀ 33 ਕਰੋੜ ਵੀ ਮੰਨੀ ਜਾਂਦੀ ਹੈ। ਸ੍ਰਿਸ਼ਟੀ ਵਿਵਸਥਾ ਵਜੋਂ ਹਿੰਦੂ ਧਰਮ ਵਿਚ ਤ੍ਰਿਮੂਰਤੀ ਜਾਂ ਤ੍ਰਿਦੇਵ ਦਾ ਸਿਧਾਂਤ ਪ੍ਰਚਲਿਤ ਹੈ ਜਿਸ ਅਨੁਸਾਰ ਤਿੰਨ ਪ੍ਰਮੁੱਖ ਦੇਵਤੇ ਸ੍ਰਿਸ਼ਟੀ ਦੀ ਵਿਵਸਥਾ ਵਿਚ ਅਹਿਮ ਭੂਮਿਕਾ ਅਦਾ ਕਰ ਰਹੇ ਹਨ-

**4.4.1. ਬ੍ਰਹਮਾ**- ਹਿੰਦੂ ਧਰਮ ਅਨੁਸਾਰ ਬ੍ਰਹਮਾ ਸ੍ਰਿਸ਼ਟੀ ਦੀ ਸਾਜਨਾ ਕਰਨ ਵਾਲਾ ਦੇਵਤਾ ਹੈ ਜਿਨ੍ਹਾਂ ਦੀ ਉਤਪਤੀ ਵਿਸ਼ਨੂੰ ਭਗਵਾਨ ਦੀ ਨਾਭੀ ਤੋਂ ਕਮਲ ਦੇ ਫੁੱਲ ਰਾਹੀਂ ਹੋਈ ਮੰਨੀ ਜਾਂਦੀ ਹੈ। ਬ੍ਰਹਮਾ ਦਾ ਨਿਵਾਸ ਸਥਾਨ ਬ੍ਰਹਮ ਲੋਕ ਹੈ। ਇਨ੍ਹਾਂ ਦੇ ਚਾਰ ਸਿਰ ਅਤੇ ਚਾਰ ਹੱਥ ਹਨ। ਇਨ੍ਹਾਂ ਹੱਥਾਂ ਵਿਚ ਬ੍ਰਹਮਾ ਨੇ ਕਮਲ ਦਾ ਫੁੱਲ, ਵੇਦ, ਜਪਮਾਲਾ ਅਤੇ ਕਮੰਡਲ ਧਾਰਨ ਕੀਤੇ ਹੋਏ ਹਨ। ਵਿਦਿਆ ਦੀ ਦੇਵੀ ਸਰਸਵਤੀ ਇਨ੍ਹਾਂ ਦੀ ਧਰਮ ਪਤਨੀ ਅਤੇ ਹੰਸ ਇਨ੍ਹਾਂ ਦਾ ਵਾਹਨ ਹੈ। ਹਿੰਦੂ ਵਿਸ਼ਵਾਸ਼ ਅਨੁਸਾਰ ਚਾਰ ਵੇਦ ਬ੍ਰਹਮਾ ਦੇ ਮੁੱਖ ਤੋਂ ਨਿਕਲੇ ਹੋਏ ਮੰਨੇ ਜਾਂਦੇ ਹਨ ਭਾਵ ਕਿ ਚਾਰ ਵੇਦਾਂ ਦਾ ਰਚਨਹਾਰਾ ਬ੍ਰਹਮਾ ਦੇਵਤਾ ਨੂੰ ਮੰਨਿਆ ਜਾਂਦਾ ਹੈ। ਬ੍ਰਹਮਵੈਵਰਤ ਪੁਰਾਣ ਵਿਚ ਬ੍ਰਹਮਾ ਦੇ ਸੱਤ ਅਵਤਾਰਾਂ ਦਾ ਵੇਰਵਾ ਪ੍ਰਾਪਤ ਹੁੰਦਾ ਹੈ- ਮਹਾਂਰਿਸ਼ੀ ਬਾਲਮੀਕਿ, ਮਹਾਂਰਿਸ਼ੀ ਕਸ਼ਯਪ, ਮਹਾਂਰਿਸ਼ੀ ਬਛੇਸ, ਚੰਦ੍ਰਦੇਵ, ਬ੍ਰਹਸਪਤਿ, ਕਾਲਿਦਾਸ, ਮਹਾਂਰਿਸ਼ੀ ਖਟ ਅਤੇ ਜਾਮਵੰਤ। ਬ੍ਰਹਮਾ ਨੂੰ ਰਜੋ ਗੁਣ ਪ੍ਰਧਾਨ ਦੇਵਤਾ ਕਿਹਾ ਜਾਂਦਾ ਹੈ। ਪੁਰਾਣਾਂ ਦੇ

ਵੇਰਵਿਆਂ ਅਨੁਸਾਰ ਇਹ ਬਹੁਤ ਜਲਦੀ ਪ੍ਰਸੰਨ ਹੋ ਜਾਣ ਵਾਲੇ ਨਰਮ ਸੁਭਾਅ ਵਾਲੇ ਦੇਵਤਾ ਹਨ ਜੋ ਭਗਤੀ ਕਰਨ ਵਾਲੇ ਮਨੁੱਖ ਦੀ ਤਪੱਸਿਆ ਤੋਂ ਖੁਸ਼ ਹੋ ਕੇ ਉਸ ਨੂੰ ਮਨ ਇੱਛਤ ਵਰ ਪ੍ਰਦਾਨ ਕਰ ਦਿੰਦੇ ਹਨ। ਭਾਗਵਤ ਪੁਰਾਣ ਅਨੁਸਾਰ ਬ੍ਰਹਮਾ ਦੇ ਦਸ ਮਾਨਸ ਪੁੱਤਰ ਮੰਨੇ ਗਏ ਹਨ- ਅਤਰੀ, ਅੰਗਰਿਸ, ਪੁਲਸਤਯ, ਮਰੀਚਿ, ਪੁਲਹ, ਕਰਤੁ, ਭ੍ਰਿਗੂ, ਵਸ਼ਿਸ਼ਠ, ਦਕਸ਼ ਅਤੇ ਨਾਰਦ। ਰਾਜਸਥਾਨ ਦੇ ਪੁਸ਼ਕਰ ਵਿਚ ਬ੍ਰਹਮਾ ਦੇਵਤਾ ਦਾ ਪ੍ਰਸਿੱਧ ਮੰਦਰ ਹੈ।

**4.4.2. ਵਿਸ਼ਨੂੰ**- ਵਿਸ਼ਨੂੰ ਨੂੰ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ ਦੇਵਤਾ ਮੰਨਿਆ ਜਾਂਦਾ ਹੈ ਜੋ ਬੈਕੁੰਠ ਲੋਕ ਵਿਚ ਨਿਵਾਸ ਕਰਦੇ ਹਨ ਅਤੇ ਸ਼ੀਰ ਸਮੁੰਦਰ (ਦੁੱਧ ਦੇ ਸਮੁੰਦਰ) ਵਿਚ ਸ਼ੇਸ਼ਨਾਗ ਦੇ ਆਸਣ 'ਤੇ ਬਿਰਾਜਮਾਨ ਹੁੰਦੇ ਹਨ। ਇਨ੍ਹਾਂ ਨੂੰ ਨਾਰਾਯਣ ਅਤੇ ਹਰਿ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਜਿਨ੍ਹਾਂ ਦੇ ਚਾਰ ਹੱਥਾਂ ਵਿਚ ਸੁਦ੍ਰਸ਼ਨ ਚੱਕ੍ਰ, ਗਦਾ, ਸੰਖ ਤੇ ਕਮਲ ਦਾ ਫੁੱਲ ਧਾਰਨ ਕੀਤੇ ਹੋਏ ਹਨ। ਧਨ ਦੀ ਦੇਵੀ ਲਛਮੀ ਇਨ੍ਹਾਂ ਦੀ ਧਰਮ ਪਤਨੀ ਅਤੇ ਗਰੁੜ ਇਨ੍ਹਾਂ ਦਾ ਵਾਹਨ ਹੈ। ਵਿਸ਼ਨੂੰ ਦੇਵਤਾ ਨੂੰ ਸਤੋ ਗੁਣ ਪ੍ਰਧਾਨ ਦੇਵਤਾ ਮੰਨਿਆ ਜਾਂਦਾ ਹੈ ਜੋ ਹਿੰਦੂ ਗ੍ਰੰਥਾਂ ਵਿਚ ਅਸੁਰਾਂ ਦੇ ਵਿਰੁੱਧ ਦੇਵਤਿਆਂ ਦੇ ਰੱਖਿਅਕ ਵਜੋਂ ਉੱਭਰ ਕੇ ਸਾਹਮਣੇ ਆਉਂਦੇ ਹਨ। ਸਮੁੰਦਰ ਮੰਥਨ ਸਮੇਂ ਦੇਵਤਿਆਂ ਨੂੰ ਅਸੁਰਾਂ ਨਾਲ ਛਲ ਕਰਨ ਦਾ ਸੁਝਾਅ ਦੇਣਾ ਅਤੇ ਮੋਹਿਨੀ ਅਵਤਾਰ ਦੇ ਰੂਪ ਵਿਚ ਅਸੁਰਾਂ ਤੋਂ ਅੰਮ੍ਰਿਤ ਲੈ ਕੇ ਦੇਵਤਿਆਂ ਨੂੰ ਪਿਲਾਉਣਾ, ਅਸੁਰ ਰਾਜਾ ਬਲਿ ਤੋਂ ਤਿੰਨ ਕਦਮ ਜ਼ਮੀਨ ਦਾਨ ਵਿਚ ਲੈਣ ਦੇ ਬਦਲੇ ਉਸ ਤੋਂ ਸਾਰਾ ਰਾਜ ਲੈ ਕੇ ਦੇਵਤਿਆਂ ਨੂੰ ਦੇਣਾ, ਇੰਦਰ ਦੇਵਤੇ ਦੀ ਮਦਦ ਹਿਤ ਜਲੰਧਰ (ਸ਼ੰਖਚੂੜ੍ਹ) ਦੈਂਤ ਨੂੰ ਮਾਰਨ ਲਈ ਉਸ ਦੀ ਪਤਨੀ ਬ੍ਰਿੰਦਾ (ਤੁਲਸੀ) ਦਾ ਸੱਤ ਭੰਗ ਕਰਨਾ ਆਦਿ ਘਟਨਾਵਾਂ ਉਨ੍ਹਾਂ ਨੂੰ ਦੇਵਤਿਆਂ ਦੇ ਰੱਖਿਅਕ ਵਜੋਂ ਸਥਾਪਿਤ ਕਰਦੀਆਂ ਹਨ। ਹਿੰਦੂ ਵਿਸ਼ਵਾਸ਼ ਅਨੁਸਾਰ ਇਹ ਸਮੇਂ-ਸਮੇਂ ’ਤੇ ਸੰਸਾਰ ਵਿਚ ਅਧਰਮੀਆਂ ਦਾ ਨਾਸ਼ ਕਰਨ ਲਈ ਧਰਤੀ ’ਤੇ ਅਵਤਾਰ ਲੈਂਦੇ ਹਨ ਜਿਨ੍ਹਾਂ ਦੀ ਬਹੁ ਪ੍ਰਵਾਣਿਤ ਗਿਣਤੀ ਇਨ੍ਹਾਂ ਨਾਵਾਂ ਅਨੁਸਾਰ 24 ਮੰਨੀ ਜਾਂਦੀ ਹੈ- ਸਨਕ-ਸਨੰਦਨ, ਵਰਾਹ, ਨਾਰਦ, ਨਰ-ਨਰਾਯਣ, ਕਪਿਲ ਮੁਨੀ, ਦਤਾਤ੍ਰੇਯ, ਯਜੁ, ਅਦਿ ਰਾਜ ਪ੍ਰਿਥੁ, ਮੱਛ (ਮਾਤਸਯ), ਕੱਛ (ਕੁਰਮ), ਧਨਵੰਤਰਿ, ਮੋਹਿਨੀ, ਨਰ ਸਿੰਘ, ਵਾਮਨ, ਹਯਗ੍ਰਿਵਿ, ਰਿਸ਼ਭਦੇਵ, ਹਰਿ, ਪਰਸ਼ੂ ਰਾਮ, ਵਿਆਸ, ਹੰਸ, ਰਾਮ, ਕ੍ਰਿਸ਼ਨ, ਬੁੱਧ, ਕਲਕੀ (ਭਵਿੱਖ ਵਿਚ ਹੋਣ ਆਉਣ ਵਾਲਾ ਅਵਤਾਰ)। ਵਿਸ਼ਨੂੰ ਭਗਵਾਨ ਦੇ ਨਾਮ ਤੇ ਹਿੰਦੂ ਧਰਮ ਵਿਚ ਵੈਸ਼ਨਵ ਸੰਪ੍ਰਦਾਇ ਵੀ ਮੌਜੂਦ ਹੈ ਜਿਸ ਦੇ ਅਨੇਕਾਂ ਹੀ ਅਨੁਯਾਈ ਹਨ।

**4.4.3. ਸ਼ਿਵ**- ਇਹ ਸ੍ਰਿਸ਼ਟੀ ਦਾ ਸੰਘਾਰ ਕਰਨ ਵਾਲਾ ਦੇਵਤਾ ਹੈ ਜਿਨ੍ਹਾਂ ਨੂੰ ਮਹਾਂਦੇਵ, ਭੋਲੇਨਾਥ, ਸ਼ੰਕਰ, ਮਹੇਸ਼, ਰੁਦਰ, ਨੀਲਕੰਠ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਸ਼ਿਵ ਦੇਵਤਾ ਦਾ ਨਿਵਾਸ ਕੈਲਾਸ ਪਰਬਤ ਹੈ ਜਿਥੇ ਇਹ ਇਕ ਯੋਗੀ ਵਾਂਗ ਸਾਧਨਾ ਵਿਚ ਲੀਨ ਰਹਿੰਦੇ ਹਨ। ਇਨ੍ਹਾਂ ਦੇ ਸਿਰ ’ਤੇ ਜਟਾਵਾਂ ਉੱਪਰ ਜੂੜੇ ਦੇ ਨਾਲ ਚੰਦਰਮਾ ਹੈ ਅਤੇ ਜੂੜੇ ਵਿਚੋਂ ਗੰਗਾ ਨਿਕਲਦੀ ਹੈ। ਭਗਵਾਨ ਸ਼ਿਵ ਦੇ ਇਕ ਹੱਥ ਵਿਚ ਡਮਰੂ, ਦੂਜੇ ਹੱਥ ਵਿਚ ਤ੍ਰਿਸ਼ੂਲ ਅਤੇ ਗਲੇ ਵਿਚ ਸੱਪ ਦੇ ਨਾਲ-ਨਾਲ ਰੁਦਰਾਕਸ਼ ਦੀ ਮਾਲਾ ਧਾਰਨ ਕੀਤੀ ਹੁੰਦੀ ਹੈ। ਨੰਦੀ ਬਲਦ ਇਨ੍ਹਾਂ ਦਾ ਵਾਹਨ ਹੈ। ਸ਼ਿਵ ਨੂੰ ਤਮੋ ਗੁਣੀ ਦੇਵਤਾ ਮੰਨਿਆ ਜਾਂਦਾ ਹੈ। ਆਦਿ ਸ਼ਕਤੀ ਪਾਰਵਤੀ ਇਨ੍ਹਾਂ ਦੀ ਧਰਮ ਪਤਨੀ ਹੈ, ਪੁੱਤਰ- ਕਾਰਤਿਕੇਯ, ਅਯੱਪਾ, ਗਣੇਸ਼ ਅਤੇ ਪੁੱਤਰੀਆਂ- ਅਸ਼ੋਕ ਸੁੰਦਰੀ, ਜਯੋਤਿ ਅਤੇ ਮਨਸਾ ਦੇਵੀ ਹਨ।

ਸ਼ਿਵ ਦੇਵਤੇ ਦੀ ਅਰਾਧਾਨਾ ਇਨ੍ਹਾਂ ਦੇ ਸਰੂਪ ਦੀ ਮੂਰਤੀ ਦੇ ਰੂਪ ਵਿਚ ਵੀ ਹੁੰਦੀ ਹੈ ਅਤੇ ਸ਼ਿਵ ਲਿੰਗ ਦੇ ਰੂਪ ਵਿਚ ਵੀ, ਜਿਸ ਉੱਪਰ ਪੰਚਾਮ੍ਰਿਤ (ਦੁੱਧ, ਦਹੀਂ, ਘਿਉ, ਖੰਡ ਅਤੇ ਸ਼ਹਿਦ) ਆਦਿ ਚੜ੍ਹਾ ਕੇ ਸ਼ਿਵ ਦੇਵਤੇ ਦੀ ਪੂਜਾ ਕੀਤੀ ਜਾਂਦੀ ਹੈ। ਸ਼ਿਵ ਦੇਵਤੇ ਦੀ ਆਰਾਧਨਾ ਦਾ ਮੰਤਰ ਮਹਾਮ੍ਰਿਤਯੁੰਜਯ ਮੰਤਰ ਹੈ। ਸੋਮਵਾਰ ਵਾਲੇ ਦਿਨ ਇਨ੍ਹਾਂ ਦੀ ਪੂਜਾ ਕਰਨ ਦਾ ਮਹੱਤਵ ਬਹੁਤ ਜ਼ਿਆਦਾ ਮੰਨਿਆ ਜਾਂਦਾ ਹੈ। ਆਮ ਰੂਪ ਵਿਚ ਸ਼ਿਵ ਦੇਵਤੇ ਦਾ ਰੂਪ ਕਲਿਆਣਕਾਰੀ ਮੰਨਿਆ ਜਾਂਦਾ ਹੈ ਪਰੰਤੂ ਜਦੋਂ ਇਹ ਕਿਸੇ ਕਾਰਨ ਕਰਕੇ ਕ੍ਰੋਧਵਾਨ ਹੋਣ ਤੋਂ ਬਾਅਦ ਹੱਥ ਵਿਚ ਡਮਰੂ ਲੈ ਕੇ ਤਾਂਡਵ ਕਰਦੇ ਹਨ ਤਾਂ ਕ੍ਰੋਧ ਵਿਚ ਇਨ੍ਹਾਂ ਦਾ ਤੀਜਾ ਨੇਤਰ ਖੁਲ੍ਹਣ ਨਾਲ ਸੰਸਾਰ ਵਿਚ ਪ੍ਰਲਯ (ਤਬਾਹੀ) ਆ ਜਾਂਦੀ ਹੈ। ਵਿਸ਼ੇਸ਼ ਰੂਪ ਵਿਚ ਸ਼ਿਵ ਦੇਵਤੇ ਦੀ ਆਰਾਧਨਾ ਮੌਤ ਦੇ ਡਰ ਤੋਂ ਬਚਣ ਲਈ ਮਹਾਂਕਾਲ ਦੇ ਰੂਪ ਵਿਚ ਕੀਤੀ ਜਾਂਦੀ ਹੈ। ਮੱਧ ਪ੍ਰਦੇਸ਼ ਦੇ ਉਜੈਨ ਵਿਚ ਮਹਾਂਕਾਲ ਦਾ ਪ੍ਰਸਿੱਧ ਮੰਦਰ ਹੈ। ਭਗਵਾਨ ਸ਼ਿਵ ਦੇ ਨਾਮ ’ਤੇ ਵੀ ਹਿੰਦੂ ਧਰਮ ਵਿਚ ਸ਼ੈਵ ਮੱਤ ਵੀ ਪ੍ਰਚਲਤ ਹੈ ਅਤੇ ਸੰਸਾਰ ਵਿਚ ਸਭ ਤੋਂ ਵੱਧ ਮੰਦਰ ਸ਼ਿਵ ਦੇਵਤੇ ਦੇ ਹੀ ਹਨ। ਵੱਖ-ਵੱਖ ਥਾਵਾਂ ’ਤੇ ਇਨ੍ਹਾਂ ਨਾਲ ਸੰਬੰਧਿਤ 12 ਜਯੋਤਿਰਲਿੰਗ ਸਥਾਪਿਤ ਹਨ ਜੋ ਹਿੰਦੂ ਧਰਮ ਦੇ ਅਨੁਯਾਈਆਂ ਦੀ ਆਸਥਾ ਦਾ ਵਿਸ਼ੇਸ਼ ਕੇਂਦਰ ਹਨ।

ਇਨ੍ਹਾਂ ਦੇਵਤਿਆਂ ਤੋਂ ਇਲਾਵਾ ਕੁਝ ਹੋਰ ਪ੍ਰਮੁੱਖ ਦੇਵੀ-ਦੇਵਤੇ ਵੀ ਹਨ ਜਿਨ੍ਹਾਂ ਦੀ ਹਿੰਦੂ ਧਰਮ ਵਿਚ ਵਿਸ਼ੇਸ਼ ਰੂਪ ਵਿਚ ਪੂਜਾ ਹੁੰਦੀ ਹੈ-

**4.4.4. ਭਗਵਾਨ ਗਣੇਸ਼**- ਭਗਵਾਨ ਗਣੇਸ਼ ਨੂੰ ਬਿਘਨਹਰਤਾ ਦੇਵ ਕਿਹਾ ਜਾਂਦਾ ਹੈ ਜੋ ਭਗਵਾਨ ਸ਼ਿਵ ਦੇ ਪੁੱਤਰ ਹਨ। ਹਿੰਦੂ ਵਿਸ਼ਵਾਸ਼ ਅਨੁਸਾਰ ਮਹਾਂਰਿਸ਼ੀ ਵੇਦ ਬਿਆਸ ਦੁਆਰਾ ਰਚਿਤ ਮਹਾਂਭਾਰਤ ਨਾਮਕ ਮਹਾਂਕਾਵਿ ਨੂੰ ਲਿਖਣ

ਦਾ ਕਾਰਜ, ਲਿਖਾਰੀ ਦੇ ਰੂਪ ਵਿਚ ਗਣੇਸ਼ ਭਗਵਾਨ ਨੇ ਹੀ ਕੀਤਾ ਸੀ। ਇਨ੍ਹਾਂ ਦਾ ਸਿਰ ਹਾਥੀ ਵਾਲਾ ਹੈ ਅਤੇ ਇਨ੍ਹਾਂ ਦੀ ਸਵਾਰੀ ਚੂਹਾ ਹੈ। ਹਿੰਦੂ ਆਸਥਾ ਅਨੁਸਾਰ ਕਿਸੇ ਕਾਰਜ ਦੀ ਅਰੰਭਤਾ ਸਮੇਂ ਉਸ ਕਾਰਜ ਦੀ ਨਿਰਵਿਘਨ ਸੰਪੂਰਨਤਾ ਲਈ ਇਨ੍ਹਾਂ ਦੀ ਆਰਾਧਨਾ ਕੀਤੀ ਜਾਂਦੀ ਹੈ। ਹਿੰਦੂ ਧਰਮ ਵਿਚ ਇਨ੍ਹਾਂ ਨਾਲ ਸੰਬੰਧਿਤ 'ਗਣੇਸ਼ ਚਤੁਰਥੀ' ਦਾ ਤਿਉਹਾਰ ਬਹੁਤ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਅਤੇ ਦੀਵਾਲੀ ਦੇ ਤਿਉਹਾਰ ਸਮੇਂ ਵੀ ਇਨ੍ਹਾਂ ਦੀ ਵਿਸ਼ੇਸ਼ ਪੂਜਾ ਕੀਤੀ ਜਾਂਦੀ ਹੈ।

**4.4.5. ਸਰਸਵਤੀ ਦੇਵੀ**- ਬ੍ਰਹਮਾ ਦੀ ਧਰਮ ਪਤਨੀ ਸਰਸਵਤੀ ਦੇਵੀ ਨੂੰ ਕੋਮਲ ਕਲਾਵਾਂ ਪ੍ਰਦਾਨ ਕਰਨ ਵਾਲੀ ਵਿਦਿਆ ਅਤੇ ਗਿਆਨ ਦੀ ਦੇਵੀ ਕਿਹਾ ਜਾਂਦਾ ਹੈ ਜਿਨ੍ਹਾਂ ਨੂੰ ਸ਼ਾਰਦਾ ਦੇਵੀ, ਵੀਣਾਵਾਦਿਨੀ, ਵੀਣਾਪਾਣਿ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਹਿੰਦੂ ਧਰਮ ਦੇ ਅਨੁਯਾਈਆਂ ਵੱਲੋਂ ਆਪਣੀ ਵਿਦਿਆ ਨੂੰ ਨਿਖਾਰਨ ਲਈ ਇਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਕਿਸੇ ਸਾਹਿਤਿਕ ਕਾਰਜ ਦੀ ਆਰੰਭਤਾ ਤੋਂ ਪਹਿਲਾਂ ਇਨ੍ਹਾਂ ਦਾ ਮੰਗਲਾਚਰਣ ਕਰ ਕੇ ਨਮਸ਼ਕਾਰ ਕੀਤੀ ਜਾਂਦੀ ਹੈ। ਸਰਸਵਤੀ ਦੇਵੀ ਦਾ ਨਿਵਾਸ ਸਤਯਲੋਕ ਅਤੇ ਬ੍ਰਹਮਲੋਕ ਵਿਚ ਮੰਨਿਆ ਜਾਂਦਾ ਹੈ ਅਤੇ ਇਨ੍ਹਾਂ ਦਾ ਵਾਹਨ ਰਾਜਹੰਸ ਹੈ। ਸਰਸਵਤੀ ਦੇਵੀ ਦੇ ਚਾਰ ਹੱਥ ਹਨ ਜਿਨ੍ਹਾਂ ਵਿਚੋਂ ਦੋ ਹੱਥਾਂ ਵਿਚ ਵੀਣਾ ਨਾਮਕ ਸੰਗੀਤਕ ਸਾਜ ਅਤੇ ਬਾਕੀ ਦੋ ਹੱਥਾਂ ਵਿਚ ਜਪਮਾਲਾ ਅਤੇ ਵੇਦ ਧਾਰਨ ਕੀਤੇ ਹੁੰਦੇ ਹਨ। ਬਸੰਤ ਪੰਚਮੀ, ਨਵਰਾਤਰੇ (ਵਿਸ਼ੇਸ਼ ਰੂਪ ਵਿਚ ਸੱਤਵਾਂ ਦਿਨ) ਅਤੇ ਸਾਵਣ ਮਹੀਨੇ ਦੇ ਬੁੱਧਵਾਰ ਨੂੰ ਇਨ੍ਹਾਂ ਦੀ ਵਿਸ਼ੇਸ਼ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ।

**4.4.6. ਲੱਛਮੀ ਦੇਵੀ**- ਭਗਵਾਨ ਵਿਸ਼ਨੂੰ ਦੀ ਧਰਮ ਪਤਨੀ ਲੱਛਮੀ ਦੇਵੀ ਨੂੰ ਧਨ, ਸੰਪਦਾ, ਖੁਸ਼ਹਾਲੀ ਅਤੇ ਸੁੱਖ ਦੀ ਦੇਵੀ ਮੰਨਿਆ ਜਾਂਦਾ ਹੈ ਜਿਨ੍ਹਾਂ ਨੂੰ ਭਾਰਗਵੀ, ਸ੍ਰੀ, ਵਿਸ਼ਨੂੰਪ੍ਰਿਯਾ, ਭਗਵਤੀ, ਵੈਸ਼ਨਵੀ, ਮਾਧਵੀ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਨ੍ਹਾਂ ਦਾ ਨਿਵਾਸ ਬੈਕੁੰਠ ਲੋਕ ਦੇ ਸ਼ੀਰ ਸਾਗਰ ਵਿਚ ਹੈ ਅਤੇ ਇਨ੍ਹਾਂ ਦੀ ਸਵਾਰੀ ਉੱਲੂ ਹੈ। ਲੱਛਮੀ ਦੇਵੀ ਦੇ ਚਾਰ ਹੱਥ ਹਨ ਜਿਨ੍ਹਾਂ ਵਿਚੋਂ ਦੋ ਹੱਥਾਂ ਵਿਚ ਕਮਲ ਦੇ ਫੁੱਲ ਅਤੇ ਦੋ ਹੱਥ ਅਸ਼ੀਰਵਾਦ ਅਤੇ ਦਾਨ ਦੀ ਮੁਦਰਾ ਵਿਚ ਹਨ। ਕਮਲ ਦੇ ਫੁੱਲ 'ਤੇ ਬਿਰਾਜਮਾਨ ਲੱਛਮੀ ਦੇਵੀ ਦਾ ਦੋ ਹਾਥੀ ਅਭਿਸ਼ੇਕ ਕਰਦੇ ਹਨ। ਦੀਵਾਲੀ ਵਾਲੇ ਦਿਨ ਘਰ ਵਿਚ ਧਨ-ਸੰਪਦਾ ਅਤੇ ਸੁੱਖ ਦੀ ਪ੍ਰਾਪਤੀ ਲਈ ਹਿੰਦੂ ਧਰਮ ਦੇ ਅਨੁਯਾਈਆਂ ਵੱਲੋਂ ਲੱਛਮੀ ਦੇਵੀ ਦੀ ਵਿਸ਼ੇਸ਼ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ।

**4.4.7. ਭਗਵਾਨ ਸ਼੍ਰੀ ਰਾਮ**- ਵਿਸ਼ਨੂੰ ਭਗਵਾਨ ਦੇ ਅਵਤਾਰ ਸ਼੍ਰੀ ਰਾਮ ਦਾ ਹਿੰਦੂ ਧਰਮ ਵਿਚ ਇਕ ਵਿਸ਼ੇਸ਼ ਸਥਾਨ ਹੈ ਜਿਨ੍ਹਾਂ ਦੀ ਪੂਜਾ ਮਰਯਾਦਾ ਪੁਰਸ਼ੋਤਮ ਦੇ ਰੂਪ ਵਿਚ ਅਧਰਮ ਦਾ ਨਾਸ਼ ਕਰ ਕੇ ਧਰਮ ਦੀ ਸਥਾਪਨਾ ਕਰਨ ਵਾਲੇ ਅਵਤਾਰ ਦੇ ਰੂਪ ਵਿਚ ਕੀਤੀ ਜਾਂਦੀ ਹੈ। ਰਘੂ ਕੁਲ ਦੇ ਸੂਰਜਵੰਸ਼ੀ ਰਾਜਾ ਦਸ਼ਰਥ ਅਤੇ ਮਾਤਾ ਕੁਸ਼ਲਯਾ ਦੇ ਘਰ ਤ੍ਰੇਤਾ ਯੁੱਗ ਵਿਚ ਅਯੁਧਿਆ ਦੀ ਧਰਤੀ ’ਤੇ ਜਨਮ ਲੈਣ ਵਾਲੇ ਭਗਵਾਨ ਰਾਮ ਨੇ ਆਪਣੇ ਪਿਤਾ ਦੇ ਹੁਕਮ ਦੀ ਪਾਲਣਾ ਅਤੇ ਉਨ੍ਹਾਂ ਦੇ ਦਿੱਤੇ ਵਚਨ ਨੂੰ ਪੂਰਾ ਕਰਨ ਹਿਤ, ਆਪਣੀ ਪਤਨੀ ਸੀਤਾ ਅਤੇ ਛੋਟੇ ਭਰਾ ਲੱਛਮਣ ਸਮੇਤ 14 ਸਾਲਾਂ ਦਾ ਵਣਵਾਸ ਖਿੜ੍ਹੇ ਮੱਥੇ ਕਬੂਲ ਕੀਤਾ। ਧਰਮ ਦੀ ਸਥਾਪਨਾ ਲਈ ਉਨ੍ਹਾਂ ਨੇ ਆਪਣੀ ਪਤਨੀ ਸੀਤਾ ਦਾ ਅਪਹਰਣ ਕਰਨ ਵਾਲੇ ਲੰਕਾਪਤਿ ਰਾਵਣ ਨੂੰ ਮਾਰ ਕੇ ਅਧਰਮ ਦਾ ਨਾਸ਼ ਕੀਤਾ। ਸ਼੍ਰੀ ਰਾਮ ਚੰਦਰ ਦੀ ਗੌਰਵ ਗਾਥਾ ਨੂੰ ਮਹਾਂਰਿਸ਼ੀ ਬਾਲਮੀਕਿ ਨੇ ਸੰਸਕ੍ਰਿਤ ਭਾਸ਼ਾ ਦਾ ‘ਬਾਲਮੀਕਿ ਰਾਮਾਇਣ’ ਨਾਮਕ ਗ੍ਰੰਥ ਲਿਖ ਕੇ ਪ੍ਰਸਤੁਤ ਕੀਤਾ ਜਿਸ ਨੂੰ ਬਾਅਦ ਵਿਚ ਅਨੇਕਾਂ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਪਰੰਤੂ ਬਹੁਤਾਤ ਰੂਪ ਵਿਚ ਪ੍ਰਚਲਨ ਅਤੇ ਹਰਮਨ ਪ੍ਰਿਯਤਾ ਗੋਸੁਆਮੀ ਤੁਲਸੀ ਦੀ ‘ਰਾਮਚਰਿਤ ਮਾਨਸ’ ਨੂੰ ਪ੍ਰਾਪਤ ਹੋਈ। ਭਗਵਾਨ ਰਾਮ ਚੰਦਰ ਦੀਆਂ ਜੀਵਨ ਕਥਾਵਾਂ ਹਮੇਸ਼ਾ ਤੋਂ ਹੀ ਹਿੰਦੂ ਧਰਮ ਲਈ ਪ੍ਰੇਰਨਾਸਰੋਤ ਰਹੀਆਂ ਹਨ। ਹਿੰਦੂ ਧਰਮ ਵਿਚ ਆਸਥਾ ਰੱਖਣ ਵਾਲਿਆਂ ਵੱਲੋਂ ਚੇਤ ਸੁਦੀ ਨੌਂ ਨੂੰ ਰਾਮ ਨੌਵੀਂ, ਅੱਸੂ ਸੁਦੀ 10 ਨੂੰ ਦੁਸਹਿਰਾ (ਜਿਸ ਦਿਨ ਸ਼੍ਰੀ ਰਾਮ ਵੱਲੋਂ ਰਾਵਣ ਨੂੰ ਮਾਰਿਆ ਗਿਆ) ਅਤੇ ਕਤੱਕ ਮਹੀਨੇ ਦੀ ਮੱਸਿਆ ਨੂੰ ਦੀਵਾਲੀ (ਸ਼੍ਰੀ ਰਾਮ ਚੰਦਰ ਦੇ ਵਣਵਾਸ ਤੋਂ ਅਯੁਧਿਆ ਵਾਪਸ ਆਉਣ ਵਾਲਾ ਦਿਨ) ਦੇ ਤਿਉਹਾਰ ਬਹੁਤ ਧੂਮ-ਧਾਮ ਨਾਲ ਮਨਾਏ ਜਾਂਦੇ ਹਨ।

**4.4.8. ਭਗਵਾਨ ਸ਼੍ਰੀ ਕ੍ਰਿਸ਼ਨ**- ਦੁਆਪਰ ਯੁੱਗ ਵਿਚ ਯਦੂਵੰਸ਼ੀ ਪਿਤਾ ਵਾਸੁਦੇਵ ਦੇ ਘਰ ਅਤੇ ਮਾਤਾ ਦੇਵਕੀ ਦੀ ਕੁੱਖੋਂ ਮਥੁਰਾ ਦੀ ਜੇਲ੍ਹ ਵਿਚ ਪੈਦਾ ਹੋਣ ਵਾਲੇ ਸ਼੍ਰੀ ਕ੍ਰਿਸ਼ਨ ਦਾ ਹਿੰਦੂ ਧਰਮ ਵਿਚ ਇਕ ਵਿਸ਼ੇਸ਼ ਸਥਾਨ ਹੈ ਜਿਨ੍ਹਾਂ ਨੂੰ ਵਿਸ਼ਨੂੰ ਭਗਵਾਨ ਦੇ ਅੱਠਵੇਂ ਅਵਤਾਰ ਮੰਨਿਆ ਜਾਂਦਾ ਹੈ। ਇਨ੍ਹਾਂ ਨੂੰ ਕਨ੍ਹਈਆ, ਸ਼ਿਆਮ, ਗੋਪਾਲ, ਗੋਵਰਧਨ, ਮੁਰਾਰੀ, ਮਾਧਵ, ਕੇਸ਼ਵ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਮਹਾਂਭਾਰਤ ਗ੍ਰੰਥ ਵਿਚ ਇਨ੍ਹਾਂ ਦਾ ਜ਼ਿਕਰ ਕਰਮਯੋਗੀ, ਆਦਰਸ਼ ਦਾਰਸ਼ਨਿਕ, ਨੀਤੀਵਾਨ ਆਦਿ ਵਜੋਂ ਵਿਸ਼ੇਸ਼ ਰੂਪ ਵਿਚ ਪ੍ਰਾਪਤ ਹੁੰਦਾ ਹੈ। ਸ਼੍ਰੀ ਕ੍ਰਿਸ਼ਨ ਨੂੰ ਲੀਲਾਵਾਂ ਕਰਨ ਵਾਲੇ ਅਵਤਾਰ ਦੇ ਰੂਪ ਜਾਣਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਬਾਲ ਰੂਪ ਦੀ ਲੱਡੂ ਗੋਪਾਲ ਦੇ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ।

ਮਹਾਂਭਾਰਤ ਦੇ ਯੁੱਧ ਵਿਚ ਪਾਂਡਵਾਂ ਅਤੇ ਕੌਰਵਾਂ ਦੀ ਲੜਾਈ ਵਿਚ ਸ੍ਰੀ ਕ੍ਰਿਸ਼ਨ ਨੇ ਕਿਸੇ ਵੀ ਧਿਰ ਵਲੋਂ ਯੁੱਧ ਨਹੀਂ ਲੜੇ ਪਰੰਤੂ ਅਰਜੁਨ ਦੀ ਨਿਜੀ ਚੋਣ ਦੇ ਆਧਾਰ ’ਤੇ ਉਸ ਦੀ ਬੇਨਤੀ ਮੰਨਦੇ ਹੋਏ ਉਨ੍ਹਾਂ ਨੇ ਯੁੱਧ ਵਿਚ ਅਰਜੁਨ ਦੇ ਸਾਰਥੀ ਬਣ ਕੇ ਧਰਮ ਦਾ ਸਾਥ ਦਿੱਤਾ। ਇਸ ਯੁੱਧ ਵਿਚ ਉਨ੍ਹਾਂ ਨੇ ਅਰਜੁਨ ਨੂੰ ਅਧਿਆਤਮਿਕ ਅਤੇ ਦਾਰਸ਼ਨਿਕ ਪੱਖ ਤੋਂ ਸ਼੍ਰੀਮਦਭਗਵਤਗੀਤਾ ਦਾ ਉੱਚ ਪੱਧਰੀ ਉਪਦੇਸ਼ ਦਿੱਤਾ।

ਹਿੰਦੂ ਧਰਮ ਵਿਚ ਸ੍ਰੀ ਕ੍ਰਿਸ਼ਨ ਦੇ ਨਾਲ ‘ਰਾਧਾ’ (ਸ੍ਰੀ ਕ੍ਰਿਸ਼ਨ ਦੀ ਪ੍ਰੇਮਿਕਾ ਅਤੇ ਭਗਤ) ਦੀ ‘ਰਾਧੇ ਕ੍ਰਿਸ਼ਨਾ’ ਦੇ ਸਾਂਝੇ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ ਅਤੇ ਸ੍ਰੀ ਕ੍ਰਿਸ਼ਨ ਦੇ ਜਨਮ ਦਿਨ ਭਾਦੋਂ ਵਦੀ ਅੱਠ ਨੂੰ ‘ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਰੂਪ ਵਿਚ ਵੱਡੇ ਪੱਧਰ ’ਤੇ ਮਨਾਇਆ ਜਾਂਦਾ ਹੈ।

**4.4.9. ਭਗਵਾਨ ਹਨੂਮਾਨ**- ਹਿੰਦੂ ਧਰਮ ਵਿਚ ਭਗਤੀ, ਸਰੀਰਕ ਬਲ ਅਤੇ ਬ੍ਰਹਮਚਰਯ ਦੇ ਪ੍ਰਤੀਕ, ਭਗਵਾਨ ਸ੍ਰੀ ਰਾਮ ਦੇ ਪਰਮ ਭਗਤ ਭਗਵਾਨ ਹਨੂਮਾਨ ਜੀ ਧਾਰਮਿਕ ਆਸਥਾ ਪੱਖੋਂ ਵਿਸ਼ੇਸ਼ ਰੁਤਬਾ ਰੱਖਦੇ ਹਨ ਜਿਨ੍ਹਾਂ ਨੂੰ ਮਹਾਂਬਲੀ, ਮਹਾਂਵੀਰ, ਪਵਨਪੁੱਤਰ, ਅੰਜਨੀਸੁਤ, ਕੇਸਰੀਨੰਦਨ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਨੂੰ ਭਗਵਾਨ ਸ਼ਿਵ ਦੇ ਸਮੂਹ ਅਵਤਾਰਾਂ ਵਿਚੋਂ ਬੁੱਧੀਮਾਨ ਅਤੇ ਬਲਸ਼ਾਲੀ ਮੰਨਿਆ ਜਾਂਦਾ ਹੈ। ਸਰੀਰਕ ਪੱਖ ਤੋਂ ਭਗਵਾਨ ਹਨੂਮਾਨ ਦਾ ਸਰੂਪ ਬਾਂਦਰ ਵਾਂਗ ਹੈ ਪਰੰਤੂ ਬੁੱਧੀ ਅਤੇ ਬਲ ਪੱਖੋਂ ਉਹ ਸ੍ਰੇਸ਼ਠ ਦੈਵੀ ਮਨੁੱਖ ਵਾਂਗ ਮੰਨੇ ਜਾਂਦੇ ਹਨ ਜਿਨ੍ਹਾਂ ਦਾ ਮੁੱਖ ਹਥਿਆਰ ਗਦਾ ਹੈ। ਉਹ ਰਾਮਾਇਣ ਦੇ ਮਹੱਤਵਪੂਰਨ ਪਾਤਰਾਂ ਵਿਚੋਂ ਇਕ ਹਨ ਜੋ ਅਨੇਕਾਂ ਥਾਵਾਂ ’ਤੇ ਸ੍ਰੀ ਰਾਮ ਦੀ ਸਹਾਇਤਾ ਕਰਦੇ ਹਨ, ਜਿਵੇਂ- ਸ੍ਰੀ ਰਾਮ ਦੀ ਸੁਗਰੀਵ ਨਾਲ ਦੋਸਤੀ ਕਰਵਾਉਣੀ, ਲੰਕਾ ਵਿਚ ਕੈਦ ਸੀਤਾ ਨੂੰ ਮਿਲ ਕੇ ਆਉਣਾ ਤੇ ਉਨ੍ਹਾਂ ਦੀ ਖਬਰ ਰਾਮ ਨੂੰ ਦੇਣੀ, ਲੰਕਾ ਵਿਚ ਰਾਵਣ ਕੋਲ ਸ੍ਰੀ ਰਾਮ ਦੇ ਦੂਤ ਵਜੋਂ ਅਹਿਮ ਕਾਰਜ ਕਰਨੇ, ਯੁੱਧ ਵਿਚ ਲੱਛਮਣ ਦੇ ਮੁਰਛਿਤ ਹੋਣ ’ਤੇ ਸੰਜੀਵਨੀ ਬੂਟੀ ਲੈ ਕੇ ਆਉਣੀ ਆਦਿ।

ਮੰਗਲਵਾਰ ਦੇ ਦਿਨ ਹਨੂਮਾਨ ਦੀ ਪੂਜਾ ਕਰਨ ਦਾ ਵਿਸ਼ੇਸ਼ ਮਹੱਤਵ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਸੰਧੂਰ ਆਦਿ ਚੜ੍ਹਾ ਕੇ ਪੂਜਾ ਕੀਤੀ ਜਾਂਦੀ ਹੈ। ਹਿੰਦੂ ਵਿਸ਼ਵਾਸ਼ ਅਨੁਸਾਰ ਭਗਵਾਨ ਹਨੂਮਾਨ ਦੀ ‘ਹਨੂਮਾਨ ਚਾਲੀਸਾ’ ਦਾ ਪਾਠ ਕਰਨ ਨਾਲ ਨਕਾਰਾਤਮਕ ਸ਼ਕਤੀਆਂ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ।

**4.4.10. ਦੁਰਗਾ ਦੇਵੀ-** ਹਿੰਦੂ ਵਿਸ਼ਵਾਸ਼ ਅਨੁਸਾਰ ਸੁੱਖ, ਸ਼ਾਂਤੀ ਅਤੇ ਧਰਮ ’ਤੇ ਹਮਲਾ ਕਰਨ ਵਾਲੀਆਂ ਅਸੁਰੀ ਸ਼ਕਤੀਆਂ ਦਾ ਨਾਸ਼ ਕਰਨ ਵਾਲੀ ਦੁਰਗਾ ਦੇਵੀ ਨੂੰ ਸ਼ਕਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਜਿਨ੍ਹਾਂ ਨੂੰ ਭਗਵਤੀ,

ਜਗਦੰਬੇ, ਸ਼ੈਲਪੁੱਤਰੀ, ਭਵਾਨੀ, ਵੈਸ਼ਨਵੀ, ਮਹਿਸ਼ਾਸੁਰਮਰਦਨੀ, ਚੰਡਮੁੰਡਬਿਨਾਸ਼ਨੀ, ਵੈਸ਼ਨੋ ਦੇਵੀ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਨ੍ਹਾਂ ਦਾ ਸਰੂਪ ਅੱਠ ਬਾਹਵਾਂ ਵਾਲੀ ਸ਼ੇਰ ਦੀ ਸਵਾਰੀ ਕਰਨ ਵਾਲੀ ਦੇਵੀ ਦੇ ਰੂਪ ਵਿਚ ਹੈ ਜਿਨ੍ਹਾਂ ਨੇ ਆਪਣੇ ਹੱਥਾਂ ਵਿਚ ਤ੍ਰਿਸ਼ੂਲ, ਤਲਵਾਰ, ਭਾਲਾ ਜਾਂ ਨੇਜਾ, ਬਜ੍ਰ, ਕੁਲ੍ਹਾੜੀ, ਸੁਦਰਸ਼ਨ ਚੱਕਰ, ਧਨੁੱਖ-ਤੀਰ ਅਤੇ ਸ਼ੰਖ ਧਾਰਨ ਕੀਤੇ ਹੋਏ ਹਨ।

ਪੁਰਾਣਾਂ ਵਿਚ ਦੁਰਗਾ ਨੂੰ ਆਦਿ ਸ਼ਕਤੀ ਕਿਹਾ ਗਿਆ ਹੈ ਜਿਸ ਨੇ ਮਹਿਸ਼ਾਸੁਰ, ਸ਼ੁੰਭ, ਨਿਸ਼ੁੰਭ, ਚੰਡ, ਮੁੰਡ, ਮਧੁ, ਕੈਟਭ ਆਦਿ ਦੈਤਾਂ ਦਾ ਸੰਘਾਰ ਕੀਤਾ। ਦੁਰਗਾ ਦੇਵੀ ਦੇ ਵਿਭਿੰਨ ਰੂਪਾਂ ਜਿਵੇਂ- ਮਹਾਂਕਾਲੀ, ਵੈਸ਼ਨੋ ਦੇਵੀ, ਪਾਰਵਤੀ, ਸਤੀ, ਚੰਦ੍ਰਘੰਟਾ, ਗੌਰੀ ਆਦਿ ਦੀ ਵੀ ਹਿੰਦੂ ਧਰਮ ਵਿਚ ਪੂਜਾ ਕੀਤੀ ਜਾਂਦੀ ਹੈ ਅਤੇ ਸ਼ਾਕਤ ਮਤ ਦਾ ਸੰਬੰਧ ਦੁਰਗਾ ਦੇਵੀ ਦੀ ਆਰਾਧਨਾ ਨਾਲ ਹੀ ਹੈ। ਦੁਰਗਾ ਦੇਵੀ ਦੇ ਭਗਤਾਂ ਵਲੋਂ ਨਵਰਾਤਰੇ, ਦੁਰਗਾ ਪੂਜਾ, ਨਵਰਾਤਰੇ, ਦੁਰਗਾ ਅਸ਼ਟਮੀ, ਮਹਾਂਨਵਮੀ, ਕੰਨਿਆਪੂਜਨ ਆਦਿ ਤਿਉਹਾਰ ਦੁਰਗਾ ਦੇਵੀ ਦੀ ਵਿਸ਼ੇਸ਼ ਆਰਾਧਨਾ ਕਰ ਕੇ ਮਨਾਏ ਜਾਂਦੇ ਹਨ।

### 4.5. ਹਿੰਦੂ ਧਰਮ: ਪੂਜਾ ਦਾ ਸਥਾਨ ਅਤੇ ਪੂਜਾ ਵਿਧੀ

ਹਿੰਦੂ ਧਰਮ ਵਿਚ ਪੂਜਾ ਦੇ ਸਥਾਨ ਨੂੰ ਮੰਦਿਰ ਕਿਹਾ ਜਾਂਦਾ ਹੈ ਜਿਸ ਦਾ ਅਰਥ ਹੈ- ਘਰ, ਭਾਵ ਕਿ ਦੇਵੀ-ਦੇਵਤਿਆਂ ਦਾ ਘਰ। ਮੁੱਖ ਰੂਪ ਵਿਚ ਮੰਦਿਰ ਦਾ ਮੁੱਖ ਦਰਵਾਜਾ ਪੂਰਵ ਦਿਸ਼ਾ ਵੱਲ ਹੁੰਦਾ ਹੈ। ਮੰਦਿਰ ਵਿਚ ਹਿੰਦੂ ਧਰਮ ਦੇ ਅਨੁਯਾਈਆਂ ਦੇ ਪੂਜਾ ਕਰਨ ਲਈ ਇਸ਼ਟ ਦੇਵਤੇ ਦੀ ਪੱਥਰ ਦੀ ਮੂਰਤੀ ਸਥਾਪਿਤ ਕੀਤੀ ਜਾਂਦੀ ਹੈ। ਮੰਦਿਰ ਦੇ ਮੁੱਖ  ਅਸਥਾਨ ਨੂੰ ਗਰਭ ਗ੍ਰਹਿ ਕਿਹਾ ਜਾਂਦਾ ਹੈ ਜਿੱਥੇ ਇਸ਼ਟ ਦੇਵਤਾ ਦੀ ਮੂਰਤੀ ਦੀ ਫੁੱਲ, ਫਲ, ਧੂਪ, ਅਗਰਵਤੀ ਆਦਿ ਨਾਲ ਪੂਜਾ ਕੀਤੀ ਜਾਂਦੀ ਹੈ। ਇਸ ਦੇ ਆਲੇ ਦੁਆਲੇ ਪਰਿਕਰਮਾ ਸਥਾਨ ਵੀ ਹੁੰਦਾ ਹੈ। ਇਸ਼ਟ ਦੇਵਤਾ ਦੀ ਮੂਰਤੀ ਦੀ ਸਵੇਰੇ ਸ਼ਾਮ ਬ੍ਰਾਹਮਣਾਂ ਦੁਆਰਾ ਵਿਧੀ ਅਨੁਸਾਰ ਆਰਤੀ ਕਰਕੇ ਭੋਜਨ ਪਦਾਰਥਾਂ ਦਾ ਭੋਗ ਵੀ ਲਗਵਾਇਆ ਜਾਂਦਾ ਹੈ। ਪ੍ਰਵੇਸ਼ ਦੁਆਰ ’ਤੇ ਇਕ ਧਾਤੂ ਦਾ ਘੰਟਾ ਵੀ ਲਗਾਇਆ ਹੁੰਦਾ ਹੈ ਜੋ ਮੰਦਿਰ ਵਿਚ ਪ੍ਰਵੇਸ਼ ਕਰਨ ਸਮੇਂ ਵਜਾਇਆ ਜਾਂਦਾ ਹੈ। ਮੰਦਿਰ ਵਿਚ ਯੱਗ-ਹਵਨ ਆਦਿ ਧਾਰਮਿਕ ਕਾਰਜਾਂ ਕਈ ਹਵਨ ਕੁੰਡ ਵੀ ਮੌਜੂਦ ਹੁੰਦਾ ਹੈ ਜਿਥੇ ਸਮੇਂ- ਸਮੇਂ ’ਤੇ ਯੱਗ-ਹਵਨ ਕੀਤੇ ਜਾਂਦੇ ਹਨ।

### 4.6. ਪ੍ਰਮੁੱਖ ਤਿਉਹਾਰ

**4.6.1. ਹੋਲੀ-** ਪੌਰਾਣਿਕ ਕਥਾ ਅਨੁਸਾਰ ਨਰਸਿੰਘ ਅਵਤਾਰ ਦੁਆਰਾ ਹਰਣਾਖਸ਼ ਨੂੰ ਮਾਰ ਕੇ ਪ੍ਰਹਿਲਾਦ ਦੀ ਰੱਖਿਆ ਕਰਨ ਵਾਲੀ ਘਟਨਾ ਨੂੰ ਯਾਦ ਕਰਦੇ ਹੋਏ ਫੱਗਣ ਮਹੀਨੇ ਦੀ ਪੂਰਨਮਾਸ਼ੀ ਨੂੰ ਪੌਰਾਣਿਕ ਪਾਤਰ ਹੋਲਿਕਾ ਦਾ ਦਹਿਣ ਕਰ ਕੇ ਰੰਗਾਂ ਨਾਲ ਖੇਡਦੇ ਹੋਏ ਇਹ ਤਿਉਹਾਰ ਮਨਾਇਆ ਜਾਂਦਾ ਹੈ। ਸ਼੍ਰੀ ਕ੍ਰਿਸ਼ਨ ਅਤੇ ਗੋਪੀਆਂ ਦਾ ਸੰਬੰਧ ਹੋਲੀ ਨਾਲ ਜੁੜੇ ਹੋਣ ਕਾਰਨ ਮਥੁਰਾ ਅਤੇ ਬ੍ਰਜ ਇਲਾਕੇ ਦੀ ਹੋਲੀ ਬਹੁਤ ਪ੍ਰਸਿੱਧ ਹੈ।

**4.6.2. ਮਹਾਂ ਸ਼ਿਵਰਾਤਰੀ**- ਭਗਵਾਨ ਸ਼ਿਵ ਨਾਲ ਸੰਬੰਧਿਤ ਪ੍ਰਮੁੱਖ ਤਿਉਹਾਰ ਜੋ ਫੱਗਣ ਵਦੀ 4 ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਭਗਵਾਨ ਸ਼ਿਵ ਦਾ ਪਰਵਤੀ ਨਾਲ ਵਿਆਹ ਹੋਇਆ ਅਤੇ ਪੌਰਾਣਿਕ ਕਥਾਵਾਂ ਅਨੁਸਾਰ ਇਸ ਦਿਨ ਸ੍ਰਿਸ਼ਟੀ ਦਾ ਆਰੰਭ ਵੀ ਮੰਨਿਆ ਜਾਂਦਾ ਹੈ।

**4.6.3. ਜਨਮ ਅਸ਼ਟਮੀ**- ਭਗਵਾਨ ਸ਼੍ਰੀ ਕ੍ਰਿਸ਼ਨ ਦੁਆਰਾ ਮਥੁਰਾ ਵਿਚ ਅਵਤਾਰ ਧਾਰਨ ਕਰਨ ਦਾ ਦਿਨ ਜੋ ਭਾਦੋਂ ਵਦੀ 8 ਨੂੰ ਮਨਾਇਆ ਜਾਂਦਾ ਹੈ।

**4.6.4. ਰੱਖੜੀ**- ਸਾਵਣ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਣ ਵਾਲਾ ਤਿਉਹਾਰ ਜੋ ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਹੈ। ਇਸ ਦਿਨ ਇਕ ਭੈਣ ਆਪਣੇ ਭਰਾ ਦੇ ਗੁੱਟ ’ਤੇ ਇਕ ਧਾਗਾ (ਜਿਸ ਨੂੰ ਰੱਖੜੀ ਕਿਹਾ ਜਾਂਦਾ ਹੈ) ਬੰਨ੍ਹ ਕੇ ਉਸ ਤੋਂ ਆਪਣੀ ਰੱਖਿਆ ਦਾ ਪ੍ਰਣ ਲੈਂਦੀ ਹੈ।

**4.6.5. ਨਵਰਾਤਰੇ**- ਨਵਰਾਤਰੇ ਦਾ ਅੱਖਰੀ ਅਰਥ ਹੈ- ਨੌਂ ਰਾਤਾਂ। ਹਿੰਦੂ ਵਿਸ਼ਵਾਸ਼ ਅਨੁਸਾਰ ਸਾਲ ਵਿਚ ਚਾਰ ਵਾਰ- ਚੇਤ, ਹਾੜ, ਅੱਸੂ ਅਤੇ ਮਾਘ ਦੇ ਮਹੀਨੇ ਦੀ ਪ੍ਰਤਿਪਦਾ (ਮਹੀਨੇ ਦਾ ਪਹਿਲਾ ਦਿਨ) ਤੋਂ ਨੌਵੀਂ (ਨੌਵਾਂ ਦਿਨ) ਤੱਕ, ਨੌਂ ਰਾਤਾਂ ਨੂੰ ਦੁਰਗਾ ਦੇਵੀ ਅਤੇ ਇਸ ਦੇ ਵੱਖ-ਵੱਖ ਰੂਪਾਂ ਦੀ ਪੂਜਾ ਕੀਤੀ ਜਾਂਦੀ ਹੈ। ਪੂਜਾ ਦੇ ਨੌਵੇਂ ਅਤੇ ਅਖੀਰਲੇ ਦਿਨ ਮਹਾਂਨਵਮੀ ਨੂੰ ਨੌਂ ਕੰਨਿਆਵਾਂ (ਜੋ ਜਵਾਨੀ ਦੀ ਅਵਸਥਾ ਤੱਕ ਨਾ ਪਹੁੰਚੀਆਂ ਹੋਣ) ਨੂੰ ਨੌਂ ਦੇਵੀਆਂ ਦਾ ਰੂਪ ਮੰਨਦੇ ਹੋਏ ਉਨ੍ਹਾਂ ਦੇ ਪੈਰ ਧੋਣ ਤੋਂ ਬਾਅਦ ਭੋਜਨ ਪਦਾਰਥ ਖਵਾ ਕੇ ਉਨ੍ਹਾਂ ਨੂੰ ਕੱਪੜੇ ਆਦਿ ਪ੍ਰਦਾਨ ਕੀਤੇ ਜਾਂਦੇ ਹਨ।

**4.6.6. ਦੁਸਹਿਰਾ/ਵਿਜਯ ਦਸ਼ਮੀ**- ਭਗਵਾਨ ਸ਼੍ਰੀ ਰਾਮ ਦੀ ਯਾਦ ਵਿਚ ਅੱਸੂ ਸੁਦੀ 10 ਨੂੰ ਮਨਾਇਆ ਜਾਣ ਵਾਲਾ ਤਿਉਹਾਰ ਜੋ ਬੁਰਾਈ ਉੱਪਰ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ। ਇਸ ਦਿਨ ਸ਼੍ਰੀ ਰਾਮ ਚੰਦਰ ਨੇ ਲੰਕਾਪਤਿ ਰਾਵਣ

ਨੂੰ ਮਾਰ ਕੇ ਉੱਪਰ ਜਿੱਤ ਪ੍ਰਾਪਤ ਕੀਤੀ ਸੀ। ਇਸ ਦਿਨ ਅਨੇਕਾਂ ਥਾਵਾਂ 'ਤੇ ਰਾਵਣ, ਮੇਘਨਾਥ ਅਤੇ ਕੁੰਭਕਰਨ ਦੇ ਵਡ ਅਕਾਰੀ ਪੁਤਲੇ ਫੂਕੇ ਜਾਂਦੇ ਹਨ।

**4.6.7. ਦੀਵਾਲੀ-** ਭਗਵਾਨ ਸ਼੍ਰੀ ਰਾਮ ਦੀ ਯਾਦ ਵਿਚ ਕਤੱਕ ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਣ ਵਾਲਾ ਤਿਉਹਾਰ। ਇਸ ਦਿਨ ਸ਼੍ਰੀ ਰਾਮ ਚੰਦਰ ਲੰਕਾਪਤਿ ਰਾਵਣ ਨੂੰ ਮਾਰ ਕੇ 14 ਸਾਲਾਂ ਦਾ ਵਣਵਾਸ ਕੱਟਣ ਤੋਂ ਬਾਅਦ ਅਯੁਧਿਆ ਵਾਪਸ ਆਏ ਸਨ। ਇਸ ਦਿਨ ਹਿੰਦੂ ਧਰਮ ਦੇ ਅਨੁਯਾਈਆਂ ਵੱਲੋਂ ਘਰਾਂ ਵਿਚ ਦੀਵੇ, ਮੋਮਬੱਤੀਆਂ, ਲਾਇਟਾਂ ਦੀਆਂ ਲੜੀਆਂ ਆਦਿ ਲਗਾ ਕੇ ਰੌਸ਼ਨੀ ਕਰਦੇ ਹੋਏ ਭਗਵਾਨ ਗਣੇਸ਼ ਅਤੇ ਦੇਵੀ ਲੱਛਮੀ ਦੀ ਪੂਜਾ ਕੀਤੀ ਜਾਂਦੀ ਹੈ।

### 4.7. ਅਵਤਾਰਵਾਦ ਦਾ ਸਿਧਾਂਤ

ਅਵਤਾਰ ਦਾ ਅੱਖਰੀ ਅਰਥ ਹੈ- ਉੱਚੇ ਸਥਾਨ ਤੋਂ ਨੀਵੇਂ ਸਥਾਨ 'ਤੇ ਉਤਰਨਾ। ਹਿੰਦੂ ਧਰਮ ਦੇ ਵਿਸ਼ੇਸ਼ ਅਰਥਾਂ ਵਿਚ ਅਵਤਾਰ ਸ਼ਬਦ ਭਗਵਾਨ ਦੁਆਰਾ ਕਿਸੇ ਵਿਸ਼ੇਸ਼ ਕਾਰਜ ਲਈ ਬੈਕੁੰਠ ਲੋਕ ਤੋਂ ਧਰਤੀ 'ਤੇ ਪ੍ਰਗਟ ਹੋਣ ਨੂੰ ਦਰਸਾਉਂਦਾ ਹੈ। ਅਵਤਾਰਵਾਦ ਦਾ ਸਿਧਾਂਤ ਹਿੰਦੂ ਧਰਮ ਦਾ ਮੁੱਖ ਸਿਧਾਂਤ ਹੈ ਜਿਸ ਅਨੁਸਾਰ ਜਦੋਂ ਵੀ ਧਰਤੀ 'ਤੇ ਪਾਪ ਵਧਦਾ ਹੈ ਤਾਂ ਪਾਪ ਕਰਨ ਵਾਲੇ ਅਧਰਮੀਆਂ ਦੇ ਖਾਤਮੇ ਲਈ ਪਰਮਾਤਮਾ ਇਨਸਾਨੀ ਰੂਪ ਵਿਚ ਧਰਤੀ 'ਤੇ (ਅਵਤਾਰ) ਜਨਮ ਲੈਂਦਾ ਹੈ ਅਤੇ ਆਪਣੀਆਂ ਦੈਵੀ ਸ਼ਕਤੀਆਂ ਰਾਹੀਂ ਅਧਰਮੀਆਂ ਦਾ ਨਾਸ਼ ਕਰਦਾ ਹੈ। ਅਵਤਾਰ ਨੂੰ ਇਸ ਦੀ ਪ੍ਰਾਕ੍ਰਿਤੀ ਅਨੁਸਾਰ ਦੋ ਰੂਪਾਂ ਵਿਚ ਵੰਡਿਆ ਗਿਆ ਹੈ- ਪਹਿਲਾ, ਪਰਮਾਤਮਾ ਦੁਆਰਾ ਆਪਣੇ ਰੂਪ ਦਾ ਤਿਆਗ ਕਰ ਕੇ ਕਿਸੇ ਕਾਰਜ ਦੀ ਪੂਰਤੀ ਲਈ ਨਵਾਂ ਰੂਪ ਧਾਰਣ ਕਰਨਾ ਅਤੇ ਦੂਜਾ, ਮਾਤਾ ਦੇ ਗਰਭ ਰਾਹੀਂ ਨਵਾਂ ਜਨਮ ਗ੍ਰਹਿਣ ਕਰਨਾ। ਸ਼੍ਰੀਮਦਭਗਵਤ ਗੀਤਾ ਦੇ ਚੌਥੇ ਅਧਿਆਇ ਦੇ ਅੱਠਵੇਂ ਸਲੋਕ ਵਿਚ ਪਰਮਾਤਮਾ ਦੁਆਰਾ ਅਵਤਾਰ ਧਾਰਣ ਕਰਨ ਦੇ ਉਦੇਸ਼ ਸੰਬੰਧੀ ਲਿਖਿਆ ਗਿਆ ਹੈ ਕਿ ਜਦੋਂ-ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦਾ ਵਾਧਾ ਹੁੰਦਾ ਹੈ ਤਾਂ ਉਦੋਂ-ਉਦੋਂ ਆਪਣੇ ਸਾਧੂ ਪੁਰਸ਼ਾਂ ਦੇ ਉੱਧਾਰ, ਦੁਸ਼ਟਾਂ ਦੇ ਵਿਨਾਸ਼ ਅਤੇ ਧਰਮ ਦੀ ਸਥਾਪਨਾ ਲਈ ਪਰਮਾਤਮਾ ਵਿਭਿੰਨ ਯੁੱਗਾਂ ਵਿਚ ਅਵਤਾਰ ਲੈਂਦਾ ਹੈ।

ਹਿੰਦੂ ਧਰਮ ਦੇ ਪੁਰਾਣਾਂ ਵਿਚ ਵੱਖ-ਵੱਖ ਦੇਵਤਿਆਂ ਦੇ ਨਾਮ ਹੇਠ ਅਵਤਾਰਾਂ ਦਾ ਜ਼ਿਕਰ ਪ੍ਰਾਪਤ ਹੋ ਜਾਂਦਾ ਹੈ, ਜਿਵੇਂ- ਸ਼ਿਵ ਪੁਰਾਣ ਵਿਚ ਸ਼ਿਵ ਭਗਵਾਨ ਦੇ 10 ਅਵਤਾਰ, ਬ੍ਰਹਮਵੈਵਰਤ ਪੁਰਾਣ ਵਿਚ ਬ੍ਰਹਮਾ ਦੇ 7 ਅਵਤਾਰ,

ਭਾਗਵਤ ਪੁਰਾਣ ਵਿਚ ਭਗਵਾਨ ਵਿਸ਼ਨੂੰ ਦੇ 24 ਅਵਤਾਰ, ਮਾਰਕੰਡੇਅ ਪੁਰਾਣ ਵਿਚ ਦੇਵੀ ਦੇ ਅਨੇਕਾਂ ਅਵਤਾਰ। ਇਨ੍ਹਾਂ ਤੋਂ ਇਲਾਵਾ ਸੂਰਜ ਅਤੇ ਗਣੇਸ਼ ਦੇ ਅਵਤਾਰਾਂ ਦਾ ਵੀ ਵੇਰਵਾ ਪ੍ਰਾਪਤ ਹੁੰਦਾ ਹੈ ਪਰੰਤੂ ਵਧੇਰੇ ਪ੍ਰਚਲਿਤ ਭਗਵਾਨ ਵਿਸ਼ਨੂੰ ਦੇ ਅਵਤਾਰ ਹੀ ਹਨ ਜਿਨ੍ਹਾਂ ਨੂੰ ਹਿੰਦੂ ਧਰਮ ਦੇ ਅਨੁਯਾਈ ਆਪਣੀ ਭਾਵਨਾ ਅਨੁਸਾਰ ਪੂਜਦੇ ਹਨ।

**4.8. ਹਿੰਦੂ ਧਰਮ ਦੇ ਪ੍ਰਮੁੱਖ ਲੱਛਣ/ ਵਿਸ਼ੇਸ਼ਤਾਵਾਂ**

(ੳ) ਤਿਲਕ ਜਨੇਊ ਧਾਰਨ ਕਰਨੇ ਅਤੇ ਗਾਇਤ੍ਰੀ ਮੰਤਰ ਦਾ ਪਾਠ ਕਰਨਾ।

(ਅ) ਵੇਦਾਂ ਦੇ ਪਾਠ ਅਤੇ ਸੰਸਕ੍ਰਿਤ ਭਾਸ਼ਾ ਨੂੰ ਪਵਿੱਤਰ ਮੰਨ ਕੇ ਇਨ੍ਹਾਂ ਦੇ ਅਨੁਸਾਰ ਹਵਨ ਯੱਗ ਆਦਿ ਕਰਵਾਉਣੇ।

(ੲ) ਗੰਗਾ, ਜਮੁਨਾ, ਗੋਦਾਵਰੀ ਆਦਿ ਨਦੀਆਂ ਨੂੰ ਪਵਿੱਤਰ ਮੰਨ ਕੇ ਇਨ੍ਹਾਂ ਵਿਚ ਇਸ਼ਨਾਨ ਕਰਨਾ ਅਤੇ 68 ਤੀਰਥਾਂ ਦੀ
ਯਾਤਰਾ ਕਰਨੀ।

(ਸ) ਤੁਲਸੀ ਪੂਜਾ ਕਰਨੀ, ਵਰਤ ਰੱਖਣੇ, ਪੁੰਨ-ਦਾਨ ਕਰਨਾ, ਸਰਾਧ ਕਰਵਾਉਣੇ ਅਤੇ ਪਿੱਤਰਾਂ ਦੇ ਨਮਿਤ ਪਿੰਡ ਦਾਨ
ਕਰਨਾ ਆਦਿ।

(ਹ) ਗਊ ਨੂੰ ਪਵਿੱਤਰ ਪਸ਼ੂ ਮੰਨਦੇ ਹੋਏ ਇਸ ਨੂੰ ਗਊ ਮਾਤਾ ਦਾ ਦਰਜਾ ਦੇਣਾ।

(ਕ) ਆਪਣੇ ਸਮਾਜਿਕ ਜੀਵਨ ਵਿਚ ਵਰਨ ਆਸ਼ਰਮ/ਜਾਤ-ਪਾਤ ਪ੍ਰਬੰਧ ਦਾ ਅਨੁਸਰਣ ਕਰਨਾ।

(ਖ) 84 ਲੱਖ ਜੂਨਾਂ, ਨਰਕ-ਸੁਰਗ, ਪੁੰਨ-ਪਾਪ, ਧਰਮ ਰਾਜ ਦਾ ਲੇਖਾ, ਜਮਦੂਤ ਆਦਿ ਵਿਚ ਵਿਸ਼ਵਾਸ਼।

(ਗ) ਵੇਦ ਰੀਤੀ ਦੇ ਵਿਰੁੱਧ ਕੋਈ ਵੀ ਕਾਰਜ ਨਾ ਕਰਨਾ।

(ਘ) ਆਪਣੇ ਜੀਵਨ ਵਿਚ ਧਾਰਮਿਕ ਕਰਮ, ਜਿਵੇਂ- ਕਥਾ, ਕੀਰਤਨ, ਸਤਿਸੰਗ ਆਦਿ ਲਈ ਸਮਾਂ ਕੱਢਣਾ ਤਾਂ ਕਿ ਲੋਕ
ਅਤੇ ਪਰਲੋਕ ਸਵਾਰਿਆ ਜਾ ਸਕੇ।

ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਜਿਹੇ ਲੱਛਣ/ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਦਾ ਵੇਰਵਾ ਪ੍ਰਦਾਨ ਕਰਨਾ ਯੂਨਿਟ ਦੀ ਆਕਾਰ ਸੀਮਾ ਕਾਰਣ ਸੰਭਵ ਨਹੀਂ।

**4.9. ਸਾਰੰਸ਼**

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਪੁਰਾਤਨ ਧਰਮ ਦਾ ਦਰਜਾ ਰੱਖਣ ਵਾਲਾ ਹਿੰਦੂ ਧਰਮ ਪ੍ਰਕ੍ਰਿਤੀ ਦੀ ਨਜ਼ਦੀਕੀ ਵਾਲਾ ਧਰਮ ਹੈ ਜਿਸ ਵਿਚ ਸਮੁੱਚੀ ਕੁਦਰਤ ਨੂੰ ਸਤਿਕਾਰ ਪ੍ਰਦਾਨ ਕੀਤਾ ਜਾਂਦਾ ਹੈ। ਅਧਿਆਤਮਿਕ ਅਤੇ ਦਾਰਸ਼ਨਿਕ ਰੂਪ ਵਿਚ ਇਸ ਧਰਮ ਕੋਲ ਆਪਣੇ ਧਰਮ ਗ੍ਰੰਥਾਂ ਦੀ ਇਕ ਅਮੀਰ ਵਿਰਾਸਤ ਹੈ ਜਿਨ੍ਹਾਂ ਦਾ ਅਨੁਸਰਣ ਕਰਦੇ ਹੋਏ ਆਪਣੇ ਜੀਵਨ ਨੂੰ ਉਚੇਰੀ ਮੰਜਿਲਾਂ ਵੱਲ ਲਿਜਾਇਆ ਜਾ ਸਕਦਾ ਹੈ। ਆਪਣੀ ਪ੍ਰਾਚੀਨਤਾ ਅਤੇ ਅਨੇਕਾਂ ਵਿਸ਼ੇਸ਼ਤਾਈਆਂ ਕਾਰਨ ਇਹ ਗਿਣਤੀ ਪੱਖੋਂ ਭਾਰਤ ਦਾ ਸਭ ਤੋਂ ਵੱਡਾ ਧਰਮ ਹੈ ਜੋ ਆਪਣੀ ਵਿਰਾਸਤ ਰਾਹੀਂ ਮਨੁੱਖਤਾ ਨੂੰ ਸਦੀਵੀ ਸ਼ਾਂਤੀ ਦਾ ਸੰਦੇਸ਼ ਪ੍ਰਦਾਨ ਕਰ ਰਿਹਾ ਹੈ।

**4.10. ਪੜ੍ਹਣਯੋਗ ਪੁਸਤਕਾਂ**


- ਐਲ. ਐਮ. ਜੋਸ਼ੀ (ਡਾ.) ਅਤੇ ਹਰਬੰਸ ਸਿੰਘ (ਪ੍ਰੋ.), *ਸੰਸਾਰ ਦੇ ਧਰਮ* (ਭਾਗ ਪਹਿਲਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਸਵਾਮੀ ਮੁਖਯਾਨੰਦ, *ਹਿੰਦੂ ਧਰਮ ਕੇ ਦਸ ਪ੍ਰਮੁੱਖ ਸਿਧਾਂਤ* (ਹਿੰਦੀ), ਰਾਮਕ੍ਰਿਸ਼ਣ ਮੱਠ, ਨਾਗਪੁਰ, 2018.
- ਸਵਾਮੀ ਵਿਵੇਕਾਨੰਦ, *ਹਿੰਦੂ ਧਰਮ* (ਹਿੰਦੀ), ਰਾਮਕ੍ਰਿਸ਼ਣ ਮੱਠ, ਨਾਗਪੁਰ, 2019.
- ਦੀਨਦਯਾਲ ਉਪਾਧਯਾਯ, *ਹਿੰਦੂ ਸੰਸਕ੍ਰਿਤੀ ਕੀ ਵਿਸ਼ੇਸ਼ਤਾ*, ਜਾਗ੍ਰਿਤੀ ਪ੍ਰਕਾਸ਼ਨ, ਨੋਇਡਾ, 2015.
- ਪਰਮਵੀਰ ਸਿੰਘ (ਡਾ.) ਅਤੇ ਪ੍ਰਦੁਮਣ ਸ਼ਾਹ (ਡਾ.), *ਭਾਰਤ ਦੇ ਪ੍ਰਮੁਖ ਧਰਮ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
- ਪ੍ਰਤਾਪ ਸਿੰਘ, ਗਿਆਨੀ, *ਸੰਸਾਰ ਦਾ ਧਾਰਮਿਕ ਇਤਿਹਾਸ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਈ 2023.
- ਪੰਨੂ, ਹਰਪਾਲ ਸਿੰਘ (ਡਾ.), *ਭਾਰਤ ਦੇ ਪੁਰਾਤਨ ਧਰਮ: ਇਕ ਸੰਖੇਪ ਸਰਵੇਖਣ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015
- *ਵਿਸ਼੍ਵ ਧਰਮ ਸੰਗ੍ਰਹਿ,* ਐਲ. ਐਮ. ਜੋਸ਼ੀ ਅਤੇ ਜੋਧ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,

ਪਟਿਆਲਾ, 2000.

• *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ*, ਸਰਬਜਿੰਦਰ ਸਿੰਘ, ਡਾ. (ਸੰਪਾ.), ਭਾਗ ਪਹਿਲਾ, ਦੂਜਾ, ਤੀਜਾ

ਅਤੇ ਚੌਥਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

• Dharam Vir Singh, *Hinduism: an introductioin,* Rupa publication Pvt. Ltd., New delhi, 2003.

## 4.11. ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਹਿੰਦੂ ਧਰਮ ਦੇ ਵੇਦਾਂ ਬਾਰੇ ਤੁਸੀਂ ਕੀ ਜਾਣਦੇ ਹੋ?

2, ਹਿੰਦੂ ਧਰਮ ਦੇ ਪ੍ਰਮੁੱਖ ਦੇਵੀ-ਦੇਵਤਿਆਂ ਬਾਰੇ ਵਿਸਥਾਰਤ ਨੋਟ ਲਿਖੋ?

3. ਹਿੰਦੂ ਧਰਮ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ/ਲੱਛਣਾਂ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ?

### ਛੋਟੇ ਪ੍ਰਸ਼ਨ

1. ਹਿੰਦੂ ਧਰਮ ਦੇ ਉਦਭਵ ਬਾਰੇ ਸੰਖੇਪ ਵਿਚ ਜਾਣਕਾਰੀ ਦਿਓ?

2. ਰਿਗਵੇਦ ਵਿਚ ਮੰਡਲ, ਸੂਕਤ ਅਤੇ ਸਲੋਕਾਂ ਦੀ ਗਿਣਤੀ ਕਿੰਨੀ ਹੈ?

3. ਯਜੁਰਵੇਦ ਦੀਆਂ ਕਿੰਨੀਆਂ ਅਤੇ ਕਿਹੜੀਆਂ ਸੰਪਰਦਾਵਾਂ ਹਨ?

4. ਅਥਰਵਵੇਦ ਕਿਹੜੇ ਵਿਸ਼ੇ ਨਾਲ ਸੰਬੰਧਿਤ ਹੈ?

5. ਵਿਸ਼ਨੂੰ ਭਗਵਾਨ ਦੇ 24 ਅਵਤਾਰ ਕਿਹੜੇ-ਕਿਹੜੇ ਹਨ?

6. ਉਪਨਿਸ਼ਦ ਸ਼ਬਦ ਤੋਂ ਕੀ ਭਾਵ ਹੈ? ਕਿਸੇ ਪੰਜ ਉਪਨਿਸ਼ਦਾਂ ਦੇ ਨਾਮ ਲਿਖੋ?

7. ਰਾਮਚਰਿਤ ਮਾਨਸ ਵਿਚ ਕਿੰਨੇ ਅਧਿਆਇ ਜਾਂ ਕਾਂਡ ਹਨ?

**CORE COURSE (CC): RELIGIOUS STUDIES**

**SEMESTER -I** **PAPER I: ਧਰਮਾਂ ਦੀ ਸੰਖੇਪ ਜਾਣ-ਪਛਾਣ** **Section- A**

**(BRIEF INTRODUTION TO RELIGIONS)**

## ਜੈਨ ਧਰਮ : ਸੰਖੇਪ ਇਤਿਹਾਸ ਅਤੇ ਸਿੱਖਿਆਵਾਂ

**5.0 ਵਿਸ਼ਾ ਪ੍ਰਵੇਸ਼**

**5.1 ਜਾਣ-ਪਛਾਣ**

**5.2 ਜੈਨ ਧਰਮ ਦਾ ਆਰੰਭ**

**5.3 ਜੈਨ ਧਰਮ: ਰਿਸ਼ਭਨਾਥ ਜੀ ਤੋਂ ਮਹਾਂਵੀਰ ਜੈਨ ਤੱਕ**

**5.4 ਮਹਾਂਵੀਰ ਜੈਨ ਦਾ ਸੰਖੇਪ ਜੀਵਨ**

**5.5 ਜੈਨ ਧਰਮ ਦੀਆਂ ਪ੍ਰਮੁੱਖ ਸਿੱਖਾਆਵਾਂ ਅਤੇ ਸਿਧਾਂਤ**

**5.5.1 ਪੰਜ ਮਹਾਂਵਰਤ**

**5.5.5.1 ਅਹਿੰਸਾ**

**5.5.1.2 ਸੱਚ**

**5.5.1.3 ਅਸਤੇਯ**

**5.5.1.4 ਅਪਰਿਗ੍ਰਹਿ**

**5.5.1.5 ਬ੍ਰਹਮਚਰਜ**

**5.5.2 ਸ਼੍ਰਾਵਕਾਂ (ਗ੍ਰਹਿਸਤੀਆਂ) ਦੇ 12 ਵਰਤ**

**5.5.3 ਜੈਨ ਧਰਮ ਦੇ ਨੌਂ ਤੱਤ ਜਾਂ ਸੱਚਾਈਆਂ**

**5.5.4 ਜੈਨ ਧਰਮ ਅਤੇ ਈਸ਼ਵਰ**

**5.5.5 ਜੈਨ ਧਰਮ ਦੇ ਸੰਸਾਰ ਪ੍ਰਤੀ ਵਿਚਾਰ**

**5.5.6 ਮੁਕਤੀ (ਕੈਵਲਯ)**

**5.7. ਸਾਰ**

**5.8 ਪੜ੍ਹਣਯੋਗ ਪੁਸਤਕਾਂ**

**5.9 ਅਭਿਆਸ ਲਈ ਪ੍ਰਸ਼ਨ**

**5.0 ਵਿਸ਼ਾ ਪ੍ਰਵੇਸ਼-**

ਜੈਨ ਧਰਮ ਭਾਰਤੀ ਧਰਮ ਪ੍ਰੰਪਰਾ ਦੇ ਪ੍ਰਮੁੱਖ ਧਰਮਾਂ ਵਿਚੋਂ ਹੈ ਜਿਸ ਨੂੰ ਅਸੀਂ ਸੰਸਾਰ ਦੇ ਪੂਰਬੀ ਧਰਮਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਕਰ ਸਕਦੇ ਹਾਂ। ਪ੍ਰਸਤੁਤ ਯੂਨਿਟ ਜੈਨ ਧਰਮ ਦੇ ਇਤਿਹਾਸਕ ਪੱਖ ਅਤੇ ਇਸ ਧਰਮ ਦੀਆਂ ਸਿਖਿਆਵਾਂ ਨਾਲ ਸੰਬੰਧਿਤ ਹੈ ਜਿਸ ਦਾ ਉਦੇਸ਼ ਜੈਨ ਧਰਮ ਦੇ ਵਿਭਿੰਨ ਪੱਖਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ।

**5.1 ਜਾਣ-ਪਛਾਣ-**

ਜੈਨ ਧਰਮ ਮੁੱਖ ਰੂਪ ਵਿਚ ਅਹਿੰਸਾ ਦੇ ਸਿਧਾਂਤ 'ਤੇ ਆਧਾਰਿਤ ਧਰਮ ਹੈ ਜਿਸ ਦਾ ਉਦੇਸ਼ ਇਸ ਧਰਮ ਦੇ ਦਰਸਾਏ ਮਾਰਗ ਰਾਹੀਂ ਮਨੁੱਖ ਨੂੰ ਕੈਵਲਯ (ਮੁਕਤੀ) ਦੀ ਪ੍ਰਾਪਤੀ ਕਰਵਾਉਣਾ ਹੈ। ਇਹ ਧਰਮ ਮਨੁੱਖ ਨੂੰ ਵੱਧ ਤੋਂ ਵੱਧ ਅਹਿੰਸਾ ਦੇ ਧਾਰਣੀ ਹੋਣ 'ਤੇ ਜ਼ੋਰ ਦਿੰਦਾ ਹੈ। ਜੈਨ ਧਰਮ ਨੂੰ ਵਿਭਿੰਨ ਧਰਮ ਚਿੰਤਕ ਨਾਸਤਿਕ ਧਰਮਾਂ ਦੀ ਸ਼੍ਰੇਣੀ ਵਿਚ ਵੀ ਸ਼ਾਮਿਲ ਕਰਦੇ ਹਨ ਕਿਉਂਕਿ ਇਹ ਧਰਮ ਪਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੈ ਅਤੇ ਵੈਦਿਕ ਪ੍ਰੰਪਰਾ ਨੂੰ ਨਹੀਂ ਮੰਨਦਾ।

'ਜੈਨ' ਸ਼ਬਦ ਦੀ ਉਤਪਤੀ 'ਜਿਨ' ਸ਼ਬਦ ਤੋਂ ਹੋਈ ਹੈ ਜਿਸ ਦਾ ਅਰਥ ਹੈ ਅਜਿਹਾ ਵਿਅਕਤੀ ਜਿਸ ਨੇ ਆਪਣੀਆਂ ਇਛਾਵਾਂ ਅਤੇ ਮਨੋਵੇਗਾਂ ਉੱਤੇ ਕਾਬੂ ਪਾ ਲਿਆ ਹੋਵੇ। ਅਜਿਹਾ ਮਨ ਦੇ ਵਿਜੇਤਾ ਇਕ ਸਿੱਧ ਪੁਰਸ਼ ਹੁੰਦਾ ਹੈ। ਜੈਨ ਧਰਮ ਦੇ ਅਨੁਯਾਈ, ਮਹਾਂਵੀਰ ਜੈਨ ਨੂੰ ਅਜਿਹੇ ਸਿੱਧ ਪੁਰਖ ਵਜੋਂ ਚਿਤ੍ਰਿਤ ਕਰਦੇ ਹਨ।

**5.2 ਜੈਨ ਧਰਮ ਦਾ ਆਰੰਭ-**

ਜੈਨ ਧਰਮ ਬਾਰੇ ਆਮ ਪ੍ਰਚਲਿਤ ਧਾਰਨਾ ਅਨੁਸਾਰ ਇਸ ਧਰਮ ਦਾ ਆਰੰਭ ਮਹਾਂਵੀਰ ਜੈਨ ਤੋਂ ਮੰਨਿਆ ਜਾਂਦਾ ਹੈ ਪ੍ਰੰਤੂ ਜੈਨ ਪਰੰਪਰਾ ਅਨੁਸਾਰ ਇਸ ਧਰਮ ਦਾ ਇਤਿਹਾਸ ਵੈਦਿਕ ਧਰਮ ਵਾਂਗ ਬਹੁਤ ਪੁਰਾਤਨ ਹੈ ਜਿਸ ਦਾ ਸੰਬੰਧ ਹਿੰਦੂ ਮਿਥਿਹਾਸ ਦੇ ਚਾਰ ਯੁੱਗਾਂ ਵਿਚੋਂ ਪਹਿਲੇ ਯੁੱਗ ਸਤਯੁਗ ਨਾਲ ਜੁੜਦਾ ਹੈ। ਜੈਨ ਧਰਮ ਅਨੁਸਾਰ ਇਸ ਧਰਮ ਦੇ ਸੰਸਥਾਪਕ ਰਿਸ਼ਭਨਾਥ ਜੀ ਸਨ ਜਿਨ੍ਹਾਂ ਦਾ ਜ਼ਿਕਰ ਵੈਦਿਕ ਸਾਹਿਤ ਵਿਚ ਵੀ ਪ੍ਰਾਪਤ ਹੋ ਜਾਂਦਾ ਹੈ। ਉਨ੍ਹਾਂ ਨੂੰ ਇਸ ਧਰਮ ਦੇ ਪਹਿਲੇ ਤੀਰਥੰਕਰ ਅਤੇ ਸੰਸਥਾਪਕ ਕਿਹਾ ਜਾਂਦਾ ਹੈ। ਤੀਰਥੰਕਰ ਦਾ ਸ਼ਾਬਦਿਕ ਅਰਥ ਹੈ- ਪੁਲ ਬਣਾਉਣ ਵਾਲਾ ਭਾਵ ਕਿ ਸੰਸਾਰ ਦੇ ਜਨਮ ਮਰਣ ਰੂਪ ਸਮੁੰਦਰ ਤੋਂ ਪਾਰ ਲੰਘਾਉਣ ਵਾਲਾ ਸਿੱਧ ਪੁਰਖ ਜੋ ਇਸ ਸੰਸਾਰ ਸਮੁੰਦਰ ਨੂੰ ਪਾਰ ਕਰਨ ਲਈ ਪੁਲ ਦਾ ਕਾਰਜ ਕਰਦਾ ਹੈ। ਜੈਨ ਧਰਮ ਵਿਚ ਤੀਰਥੰਕਰਾਂ ਦੀ ਗਿਣਤੀ 24

ਪ੍ਰਾਪਤ ਹੁੰਦੀ ਹੈ। ਰਿਸ਼ਭਨਾਥ ਜੀ ਇਸ ਧਰਮ ਦੇ ਪਹਿਲੇ ਤੀਰਥੰਕਰ ਸਨ। ਮਹਾਂਵੀਰ ਜੈਨ ਇਸ ਧਰਮ ਦੇ 24ਵੇਂ ਤੀਰਥੰਕਰ ਸਨ ਜਿਨ੍ਹਾਂ ਨੇ ਇਸ ਧਰਮ ਨੂੰ ਵਿਵਸਥਿਤ ਸਰੂਪ ਪ੍ਰਦਾਨ ਕੀਤਾ। ਇਸ ਕਾਰਨ ਹੀ ਪ੍ਰਚਲਿਤ ਧਾਰਣਾ ਅਨੁਸਾਰ ਮਹਾਂਵੀਰ ਜੈਨ ਨੂੰ ਜੈਨ ਧਰਮ ਦਾ ਸੰਸਥਾਪਕ ਵੀ ਮੰਨ ਲਿਆ ਜਾਂਦਾ ਹੈ।

**5.3 ਜੈਨ ਧਰਮ: ਰਿਸ਼ਭਨਾਥ ਜੀ ਤੋਂ ਮਹਾਂਵੀਰ ਜੈਨ ਤੱਕ-**

ਜੈਨ ਧਰਮ ਦੇ ਸੰਸਥਾਪਕ ਅਤੇ ਪਹਿਲੇ ਤੀਰਥੰਕਰ ਰਿਸ਼ਭਨਾਥ ਜੀ ਤੋਂ ਬਾਅਦ ਜੈਨ ਧਰਮ ਸਮੇਂ ਦੀ ਗਤੀ ਨਾਲ ਨਿਰੰਤਰ ਗਤੀਸ਼ੀਲ ਹੁੰਦਾ ਰਿਹਾ। ਉਨ੍ਹਾਂ ਤੋਂ ਬਾਅਦ ਜੈਨ ਧਰਮ ਦੇ ਅਗਲੇ 23 ਹੋਰ ਤੀਰਥੰਕਰ ਹੋਏ ਜਿਨ੍ਹਾਂ ਨੇ ਜੈਨ ਧਰਮ ਨੂੰ ਨਿਰੰਤਰਤਾ ਪ੍ਰਦਾਨ ਕੀਤੀ। ਰਿਸ਼ਭਨਾਥ ਜੀ ਤੋਂ ਅਗਲੇਰੇ ਬਹੁਤਾਤ ਤੀਰਥੰਕਰਾਂ ਬਾਰੇ ਭਾਵੇਂ ਬਹੁਤ ਘੱਟ ਇਤਿਹਾਸਕ ਤੱਥ ਪ੍ਰਾਪਤ ਹੁੰਦੇ ਹਨ ਜਾਂ ਪ੍ਰਾਪਤ ਨਹੀਂ ਹੁੰਦੇ ਪ੍ਰੰਤੂ ਇਨ੍ਹਾਂ ਦੀ ਇਤਿਹਾਸਿਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜੈਨ ਧਰਮ ਦੀ ਰਵਾਇਤ ਅਨੁਸਾਰ ਇਨ੍ਹਾਂ 24 ਤੀਰਥੰਕਰਾਂ ਦੇ ਨਾਮ ਇਸ ਪ੍ਰਕਾਰ ਪ੍ਰਾਪਤ ਹੁੰਦੇ ਹਨ-

1. ਰਿਸ਼ਭਨਾਥ 2. ਅਜਿਤ 3. ਸੰਭਵ 4. ਅਭਿਨੰਦਨ 5. ਸੁਮਿਤ 6. ਪਦਮਪ੍ਰਭਾ 7. ਸੁਪਾਰਸ੍ਰ 8. ਚੰਦ੍ਰਪ੍ਰਭਾ 9. ਪੁਸ਼ਪੰਤ 10. ਸ਼ੀਤਲ 11. ਸ੍ਰੇਯਾਂਸੰਸ 12. ਵਸ਼ਪਜਯ 13. ਵਿਮਲ 14. ਅਨੰਤ 15. ਧਰਮ 16. ਸ਼ਾਂਤੀ 17. ਕੁੰਠੁ 18. ਅਰਰ 19.ਮੱਲੀ 20. ਮੁਨੀਸਵ੍ਰਤ 21. ਨਾਮੀ 22. ਨੇਮੀ 23. ਪਾਰਸ਼ਵਨਾਥ 24. ਮਹਾਂਵੀਰ ਜੈਨ।

ਜੈਨ ਧਰਮ ਦੇ 23ਵੇਂ ਤੀਰਥੰਕਰ ਪਾਰਸ਼ਵਨਾਥ ਜੀ ਦਾ ਜਨਮ ਰਾਜਾ ਅਸ੍ਵਨੇਨ ਦੇ ਘਰ ਵਾਰਾਨਸੀ ਵਿਖੇ ਹੋਇਆ। ਤੀਹ ਸਾਲਾਂ ਦੀ ਉਮਰ ਵਿਚ ਉਨ੍ਹਾਂ ਨੇ ਆਪਣਾ ਗ੍ਰਹਿ ਤਿਆਗ ਕਰ ਕੇ ਗਿਆਨ ਪ੍ਰਾਪਤੀ ਲਈ ਤਪ ਸਾਧਨਾ ਕੀਤੀ। ਗਿਆਨ ਪ੍ਰਾਪਤੀ ਤੋਂ ਬਾਅਦ ਉਨ੍ਹਾਂ ਨੇ ਆਪਣੇ ਦੇਹਾਂਤ ਤਕ ਜੈਨ ਧਰਮ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀਆਂ ਸਿਖਿਆਵਾਂ ਨੂੰ ਚਾਤੁਰਯਾਮ ਕਿਹਾ ਜਾਂਦਾ ਹੈ। ਜੈਨ ਰਵਾਇਤਾਂ ਅਨੁਸਾਰ ਇਨ੍ਹਾਂ ਦਾ ਦੇਹਾਂਤ 777ਈ. ਪੂ. ਵਿਚ ਹੋਇਆ।

ਉਨ੍ਹਾਂ ਤੋਂ ਬਾਅਦ ਮਹਾਂਵੀਰ ਜੈਨ ਇਸ ਧਰਮ ਦੇ 24ਵੇਂ ਤੀਰਥੰਕਰ ਹੋਏ। ਜਿਨ੍ਹਾਂ ਨੇ ਜੈਨ ਧਰਮ ਨੂੰ ਇਕ ਵਿਵਸਥਿਤ ਸਰੂਪ ਪ੍ਰਦਾਨ ਕੀਤਾ।

**5.4 ਮਹਾਂਵੀਰ ਜੈਨ ਦਾ ਸੰਖੇਪ ਜੀਵਨ-**

ਮਹਾਂਵੀਰ ਜੈਨ ਦਾ ਜਨਮ 599 ਈ. ਪੂ. ਵੈਸ਼ਾਲੀ ਦੇ ਕੁੰਡ ਗ੍ਰਾਮ ਵਿਖੇ ਪਿਤਾ ਰਾਜਾ ਸਿਧਾਰਥ ਦੇ ਘਰ ਹੋਇਆ। ਇਨ੍ਹਾਂ ਦੇ ਮਾਤਾ ਦਾ ਨਾਮ ਤ੍ਰਿਸ਼ਲਾ ਸੀ ਜੋ ਵੈਸ਼ਾਲੀ ਦੇ ਰਾਜੇ ਲਿੱਛਵੀ ਦੇ ਪੁੱਤਰੀ ਸਨ। ਜੈਨੀ ਰਵਾਇਤ ਅਨੁਸਾਰ ਮਹਾਂਵੀਰ ਜੈਨ ਦੀ ਮਾਤਾ ਤ੍ਰਿਸ਼ਲਾ ਨੂੰ ਇਕ ਰਾਤ ਵਿਚ ਹੀ 14 ਸੁਪਨੇ ਦਿਖਾਈ ਦਿੱਤੇ ਜਿਸ ਵਿਚ ਉਨ੍ਹਾਂ ਨੂੰ ਵੱਖ-ਵੱਖ ਸਕਾਰਾਤਮਕ ਵਸਤੂਆਂ ਅਤੇ ਦ੍ਰਿਸ਼ਾਂ ਦੇ ਦਰਸ਼ਨ ਹੋਏ। ਫਲਾਦੇਸ਼ ਦੱਸਣ ਵਾਲੇ ਜੋਤਸ਼ੀਆਂ ਨੇ ਇਨ੍ਹਾਂ ਵਸਤੂਆਂ ਨੂੰ ਇਕ ਅਧਿਆਤਮਕ ਜੇਤੂ (ਜਿਨ) ਦੇ ਪੈਦਾ ਹੋਣ ਦੀ ਸੂਚਨਾ ਦਾ ਪ੍ਰਤੀਕ ਦੱਸਿਆ ਜੋ ਹਰ ਥਾਂ ਧਰਮ ਦਾ ਸ਼ਕਤੀਸ਼ਾਲੀ ਸਮਰਾਟ ਹੋਵੇਗਾ।

ਮਹਾਂਵਰੀ ਜੈਨ ਦਾ ਵਿਆਹ ਯਸੋਧਾ ਨਾਮਕ ਕੰਨਿਆ ਨਾਲ ਹੋਇਆ। ਉਨ੍ਹਾਂ ਦੀ ਪੁੱਤਰੀ ਦਾ ਨਾਮ ਪ੍ਰਿਯਾਦਰਸ਼ਨੀ ਸੀ। ਮਹਾਂਵੀਰ ਬਚਪਨ ਤੋਂ ਤਿਆਗੀ ਬਿਰਤੀ ਦੇ ਮਾਲਕ ਸਨ ਪ੍ਰੰਤੂ ਸੰਸਾਰ ਦਾ ਤਿਆਗ ਕਰ ਕੇ ਉਹ ਆਪਣੇ ਮਾਤਾ ਪਿਤਾ ਨੂੰ ਦੁੱਖ ਨਹੀਂ ਪਹੁੰਚਾਉਣਾ ਚਾਹੁੰਦੇ ਸਨ। ਮਾਤਾ-ਪਿਤਾ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਨੇ ਆਪਣੇ ਵੱਡੇ ਭਰਾ ਦੀ ਆਗਿਆ ਪ੍ਰਾਪਤ ਕਰ ਕੇ ਲਗਭਗ 30 ਸਾਲ ਦੀ ਉਮਰ ਵਿਚ ਆਪਣੇ ਗ੍ਰਹਿਸਤੀ ਜੀਵਨ ਦਾ ਤਿਆਗ ਕਰ ਦਿੱਤਾ ਅਤੇ ਪਰ ਗਿਆਨ ਤੇ ਸ਼ਾਂਤੀ ਦੀ ਤਲਾ ਵਿਚ ਤਪੱਸਵੀ ਜੀਵਨ ਦੀ ਸ਼ੁਰੂਆਤ ਕੀਤੀ।

ਲਗਭਗ 12 ਸਾਲਾਂ ਤੱਕ ਉਨ੍ਹਾਂ ਨੇ ਸਰੀਰਕ ਕਸ਼ਟ ਸਹਿੰਦੇ ਹੋਏ ਕਠਿਨ ਸਾਧਨਾ ਕੀਤੀ। 12 ਸਾਲਾਂ ਤੋਂ ਬਾਅਦ ਵੈਸਾਖ ਸੁਦੀ ਦਸ ਨੂੰ ਉਨ੍ਹਾਂ ਨੂੰ ਜਿੰਭਿਕਗ੍ਰਾਮ ਨਾਮਕ ਸਥਾਨ ਤੇ ਕੈਵਲਯ (ਪਰਮ ਗਿਆਨ ਅਤੇ ਪਰ ਦ੍ਰਿਸ਼ਟੀ ਵਾਲੀ ਅਵਸਥਾ) ਦੀ ਪ੍ਰਾਪਤੀ ਹੋਈ।

ਇਸ ਪ੍ਰਾਪਤੀ ਤੋਂ ਅਗਲੇ ਲਗਭਗ 30 ਸਾਲਾਂ ਤੱਕ ਮਹਾਂਵੀਰ ਜੈਨ ਨੇ ਜੈਨ ਧਰਮ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਅਤੇ ਅਨੇਕਾਂ ਲੋਕਾਂ ਨੂੰ ਆਪਣੇ ਧਰਮ ਨਾਲ ਜੋੜਿਆ।

527 ਈ. ਪੂ. ਵਿਚ ਲਗਭਗ 72 ਸਾਲਾਂ ਦੀ ਉਮਰ ਵਿਚ ਮਹਾਵੀਰ ਜੈਨ ਬਿਹਾਰ ਦੇ ਪਾਵਾ ਨਾਮਕ ਸਥਾਨ ਤੇ ਆਪਣੇ ਨਾਸ਼ਵਾਨ ਸਰੀਰ ਦਾ ਤਿਆਗ ਕਰ ਕੇ ਪਰਲੋਕ ਸਿਧਾਰ ਗਏ ਅਤੇ ਆਪਣੇ ਅਨੁਯਾਈਆਂ ਵਿਚ ਇਕ ਅਧਿਆਤਮਕ ਜਿਨ (ਜੇਤੂ) ਦੇ ਰੂਪ ਵਿਚ ਸਦੀਵ ਸਮੇਂ ਲਈ ਅਮਰ ਹੋ ਗਏ।

### 5.5 ਜੈਨ ਧਰਮ ਦੀਆਂ ਪ੍ਰਮੁੱਖ ਸਿੱਖਆਵਾਂ ਅਤੇ ਸਿਧਾਂਤ-

ਜੈਨ ਧਰਮ ਦੀਆਂ ਪ੍ਰਮੁੱਖ ਸਿੱਖਿਆਵਾਂ ਅਤੇ ਸਿਧਾਂਤ ਜੈਨ ਸਾਹਿਤ ਵਿਚੋਂ ਪ੍ਰਾਪਤ ਹੁੰਦੇ ਹਨ ਜੋ ਇਸ ਪ੍ਰਕਾਰ ਹਨ-

### 5.5.1 ਪੰਜ ਮਹਾਂਵਰਤ-

ਪੰਜ ਮਹਾਂਵਰਤ ਜੈਨ ਧਰਮ ਦਾ ਅਹਿਮ ਅੰਗ ਹਨ ਇਸ ਦੀ ਪਾਲਣਾ ਹਰੇਕ ਜੈਨੀ ਲਈ ਬਹੁਤ ਜ਼ਰੂਰੀ ਹੈ ਭਾਵੇਂ ਉਹ ਸਾਧੂ ਹੋਵੇ ਭਾਵੇਂ ਸ਼੍ਰਾਵਕ (ਗ੍ਰਹਿਸਤੀ)। ਫ਼ਰਕ ਸਿਰਫ ਇੰਨਾਂ ਹੈ ਕਿ ਗ੍ਰਹਿਸਤੀਆਂ ਦੇ ਅਨੁਸਾਰ ਇਨ੍ਹਾਂ ਵਿਚੋਂ ਕੁਝ ਮਹਾਂਵਰਤਾਂ ਦੀ ਪਾਲਣਾ ਦਾ ਸਰੂਪ ਥੋੜ੍ਹਾ ਜਿਹਾ ਬਦਲ ਜਾਂਦਾ ਹੈ। ਇਨ੍ਹਾਂ ਪੰਜ ਮਹਾਂਵਰਤਾਂ ਵਿਚੋਂ ਪਹਿਲੇ ਚਾਰ ਮਹਾਂਵਰਤ ਜੈਨ ਧਰਮ ਦੇ 24ਵੇਂ ਤੀਰਥੰਕਰ ਪਾਰਸ਼ਵਨਾਥ ਦੀ ਦੇਣ ਹਨ ਅਤੇ ਪੰਜਵਾਂ ਮਹਾਂਵਰਤ ਮਹਾਂਵੀਰ ਜੈਨ ਦੁਆਰਾ ਪ੍ਰਤੀਪਾਦਨ ਕੀਤਾ ਗਿਆ ਹੈ । ਇਨ੍ਹਾਂ ਪੰਜ ਮਹਾਂਵਰਤਾਂ ਦਾ ਵੇਰਵਾ ਇਸ ਪ੍ਰਕਾਰ ਹੈ-

#### 5.5.1.1. ਅਹਿੰਸਾ-

ਅਹਿੰਸਾ ਨੂੰ ਅਸੀਂ ਜੈਨ ਧਰਮ ਦਾ ਆਧਾਰਭੂਤ ਸਿਧਾਂਤ ਵੀ ਕਹਿ ਸਕਦੇ ਹਾਂ। ਅਹਿੰਸਾ ਦੀ ਪਾਲਣਾ ਕਰਨਾ ਅਤੇ ਹਿੰਸਾ ਤੋਂ ਦੂਰ ਰਹਿਣਾ ਜੈਨ ਧਰਮ ਦਾ ਇਕ ਮਹੱਤਵਪੂਰਣ ਅੰਗ ਹੈ। ਜੀਵਾਂ ਉੱਪਰ ਦਇਆ ਕਰਨੀ ਇਕ ਜੈਨੀ ਲਈ ਬਹੁਤ ਜ਼ਰੂਰੀ ਹੈ ਤਾਂ ਕਿ ਜੀਵਾਂ ਦੇ ਨੁਕਸਾਨ ਰਾਹੀਂ ਕਿਸੇ ਕਿਸਮ ਦੀ ਹਿੰਸਾ ਨਾ ਹੋਵੇ। ਜੈਨ ਧਰਮ ਵਿਚ ਅਹਿੰਸਾ ਦੇ ਸਿਧਾਂਤ ਦੀ ਪਾਲਣਾ ਇੰਨੇ ਸੂਖਮ ਰੂਪ ਵਿਚ ਕੀਤੀ ਗਈ ਹੈ ਕਿ ਜੈਨੀ ਸਾਧੂ ਪੈਦਲ ਯਾਤਰਾ ਨੂੰ ਤਰਜ਼ੀਹ ਦਿੰਦੇ ਹਨ ਤਾਂ ਕਿ ਵਾਹਨ ਹੇਠਾਂ ਕਿਸੇ ਜੀਵ ਦੀ ਹਿੰਸਾ ਨਾ ਹੋਵੇ, ਪੈਰਾਂ ਵਿਚ ਜੋੜੇ ਨਾ ਪਾ ਕੇ ਨੰਗੇ ਪੈਰ ਤੁਰਿਆ ਜਾਂਦਾ ਹੈ ਅਤੇ ਤੁਰਨ ਤੋਂ ਪਹਿਲਾਂ ਸੰਬੰਧਿਤ ਸਥਾਨ ਨੂੰ ਨਰਮ ਕੱਪੜੇ ਨਾਲ ਸਾਫ ਵੀ ਕੀਤਾ ਜਾਂਦਾ ਹੈ ਤਾਂ ਕਿ ਜਾਣੇ-ਅਣਜਾਣੇ ਵਿਚ ਵਾਪਰਨ ਵਾਲੀ ਹਿੰਸਾ ਤੋਂ ਵੀ ਬਚਿਆ ਜਾ ਸਕੇ। ਜੈਨੀ ਸਾਧੂਆਂ ਦੁਆਰਾ ਅਹਿੰਸਾ ਦੇ ਨਿਯਮਾਂ ਦੀ ਪਾਲਣਾ ਹਿਤ ਆਪਣੇ ਮੂੰਹ ’ਤੇ ਹਮੇਸ਼ਾ ਪਤਲਾ ਕੱਪੜਾ ਬੰਨ ਕੇ ਰੱਖਿਆ ਜਾਂਦਾ ਹੈ, ਪਾਣੀ ਛਾਣ ਕੇ ਪੀਤਾ ਜਾਂਦਾ ਹੈ ਅਤੇ ਸ਼ਾਮ ਦਾ ਭੋਜਨ ਸੂਰਜ ਛਿਪਣ ਤੋਂ ਪਹਿਲਾਂ ਹੀ ਕਰ ਲਿਆ ਜਾਂਦਾ ਹੈ ਤਾਂ ਕਿ ਹਨੇਰੇ ਵਿਚ ਜੀਵ ਹਿੰਸਾ ਤੋਂ ਬਚਿਆ ਜਾ ਸਕੇ। ਇਸ ਪ੍ਰਕਾਰ ਦੀ ਸਖਤ ਨਿਯਮਵਾਲੀ ਵਾਲਾ ਜੀਵਨ ਅਹਿੰਸਾ ਦੀ ਪੂਰਣ ਪਾਲਣਾ ਹਿਤ ਹੀ ਅਪਣਾਇਆ ਜਾਂਦਾ ਹੈ। ਜੈਨ ਧਰਮ ਕੇਵਲ ਬਾਹਰੀ ਅਹਿੰਸਾ ਤੇ ਹੀ ਨਹੀਂ ਸਗੋਂ ਹਰ ਪ੍ਰਕਾਰ ਦੀ ਅਹਿੰਸਾ ਦਾ ਪਾਲਣ ’ਤੇ ਜ਼ੋਰ ਦਿੰਦਾ ਹੈ। ਇਸ ਵਿਚ ਤਿੰਨ ਪ੍ਰਕਾਰ ਦੀ ਹਿੰਸਾ ਸ਼ਾਮਿਲ ਹੈ-

**1. ਮਨ ਦੀ ਹਿੰਸਾ-** ਕਿਸ ਪ੍ਰਤੀ ਮਨ ਵਿਚ ਪੈਦਾ ਹੋਣ ਵਾਲਾ ਹਿੰਸਕ ਖਿਆਲ ਵੀ ਹਿੰਸਾ ਦੇ ਰੂਪ ਵਿਚ ਆਉਂਦਾ ਹੈ ਜੋ ਹਰ ਪ੍ਰਕਾਰ ਦੀ ਹਿੰਸਾ ਦਾ ਆਧਾਰ ਹੈ। ਮਨ ਵਿਚ ਪੈਦਾ ਹੋਣ ਵਾਲਾ ਗਲਤ ਖਿਆਲ ਹੀ ਕਰਮ ਵਾਲੀ ਹਿੰਸਾ ਨੂੰ

ਜਨਮ ਦਿੰਦਾ ਹੈ ਕਿਉਂਕਿ ਜੋ ਮਨ ਵਿਚ ਪੈਦਾ ਹੋ ਜਾਵੇ ਉਹ ਕਦੀ ਨਾ ਕਦੀ ਕਰਮ ਦੇ ਰੂਪ ਜ਼ਰੂਰ ਪ੍ਰਗਟ ਹੋ ਜਾਂਦਾ ਹੈ। ਇਸ ਲਈ ਮਨ ਵਿਚ ਪੈਦਾ ਹੋਣ ਵਾਲੀ ਹਿੰਸਾ ਤੋਂ ਮੁਕਤ ਰਹਿਣਾ ਚਾਹੀਦਾ ਹੈ।

**2. ਬਚਨ ਦੀ ਹਿੰਸਾ**- ਕਿਸੇ ਦਾ ਦਿਲ ਦੁਖਾਉਣ ਵਾਲੇ ਕੌੜੇ ਬੋਲ ਵੀ ਹਿੰਸਾ ਦਾ ਦੂਜਾ ਰੂਪ ਹਨ ਜੋ ਮਨੁੱਖ ਨੂੰ ਅਹਿੰਸਾ ਦੇ ਸਿਧਾਂਤ ਤੋਂ ਦੂਰ ਲੈ ਜਾਂਦੇ ਹਨ। ਮਾੜੇ ਬੋਲ ਬੋਲਣਾ, ਮਨ ਦੀ ਹਿੰਸਾ ਤੋਂ ਅਗਲਾ ਪੜਾਅ ਹੈ ਅਤੇ ਕਰਮਾਂ ਦੀ ਹਿੰਸਾ ਤੋਂ ਪਹਿਲਾਂ ਰੂਪ ਹੈ। ਬਚਨਾਂ ਵਾਲੀ ਹਿੰਸਾ ਦਾ ਨਤੀਜਾ ਵੀ ਕਰਮਾਂ ਵਾਲੀ ਹਿੰਸਾ ਦੇ ਰੂਪ ਵਿਚ ਨਿਕਲਦਾ ਹੈ। ਇਸ ਲਈ ਬਚਨਾਂ ਵਾਲੀ ਹਿੰਸਾ ਤੋਂ ਦੂਰ ਰਹਿਣ ਦੀ ਜ਼ਰੂਰਤ ਹੈ।

**3. ਕਰਮਾਂ ਦੀ ਹਿੰਸਾ**- ਕਰਮਾਂ ਦੀ ਹਿੰਸਾ, ਹਿੰਸਾ ਦਾ ਵਿਵਹਾਰਿਕ ਰੂਪ ਹੈ। ਮਨੁੱਖ ਦੁਆਰਾ ਕੀਤੇ ਜਾਣ ਵਾਲੇ ਅਜਿਹੇ ਕੰਮ ਜੋ ਕਿਸੇ ਮਨੁੱਖ ਜਾਂ ਜੀਵ ਦਾ ਸਰੀਰਕ ਨੁਕਸਾਨ ਕਰਦੇ ਹਨ, ਕਰਮਾਂ ਦੀ ਹਿੰਸਾ ਵਿਚ ਆਉਂਦੇ ਹਨ। ਮਨੁੱਖ ਦੁਆਰਾ ਆਪਣੇ ਸਵਾਦ ਜਾਂ ਭੋਜਨ ਲਈ ਜੀਵਾਂ ਨੂੰ ਮਾਰ ਕੇ ਖਾਣਾ, ਪਸ਼ੂਆਂ-ਡੰਗਰਾਂ ਤੋਂ ਉਨ੍ਹਾਂ ਦੀ ਸਮਰੱਥਾ ਤੋਂ ਵੱਧ ਕੰਮ ਲੈਣਾ, ਪਸ਼ੂ ਪੰਛੀਆਂ ਨੂੰ ਪਿੰਜਰੇ ਵਿਚ ਜਾਂ ਬੰਨ੍ਹ ਕੇ ਰੱਖਣਾ ਆਦਿ ਕੰਮ ਹਿੰਸਾ ਦੀ ਸ਼੍ਰੇਣੀ ਵਿਚ ਆਉਂਦੇ ਹਨ ਜਿਸ ਤੋਂ ਮਨੁੱਖ ਨੂੰ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ। ਆਪ ਹਿੰਸਾ ਨਾ ਕਰ ਕੇ ਕਿਸੇ ਦੂਸਰੇ ਨੂੰ ਕਹਿ ਕੇ ਹਿੰਸਕ ਕੰਮ ਕਰਵਾਉਣੇ ਵੀ ਅਹਿੰਸਾ ਦੇ ਸਿਧਾਂਤਾਂ ਦੀ ਉਲੰਘਣਾ ਹੈ।

**5.5.1.2 ਸੱਚ-**

ਇਹ ਜੈਨ ਧਰਮ ਦਾ ਦੂਜਾ ਮਹਾਂਵਰਤ ਹੈ ਜੋ ਸੱਚ ਦੀ ਪਾਲਣਾ ਨੂੰ ਯਕੀਨੀ ਬਣਾਉਂਦਾ ਹੈ। ਝੂਠ ਬੋਲ ਕੇ ਕੋਈ ਕਾਰਜ ਕਰਨਾ ਜਾਂ ਕਰਵਾਉਣਾ ਮਨੁੱਖ ਨੂੰ ਧਰਮ ਦੇ ਮਾਰਗ ਤੋਂ ਕੋਹਾਂ ਦੂਰ ਲੈ ਜਾਂਦਾ ਹੈ। ਇਸ ਲਈ ਸੱਚ ਬੋਲਣ ਅਤੇ ਸੱਚ ਦੇ ਨਾਲ ਤੁਰਨ ਵਾਲਾ ਮਾਰਗ ਹੀ ਧਰਮ ਦਾ ਮਾਰਗ ਹੈ। ਜੈਨ ਧਰਮ ਸੱਚ ਬੋਲਣ ਅਤੇ ਝੂਠ ਦੇ ਤਿਆਗ ਲਈ ਦ੍ਰਿੜਤਾ ਦਾ ਧਾਰਨੀ ਹੈ ਕਿਉਂਕਿ ਝੂਠ ਕ੍ਰੋਧ ਨੂੰ ਜਨਮ ਦਿੰਦਾ ਹੈ ਅਤੇ ਕ੍ਰੋਧ ਹਿੰਸਾ ਨੂੰ। ਇਸ ਲਈ ਹਿੰਸਾ ਦੀ ਜੜ੍ਹ ਤੋਂ ਸੁਚੇਤ ਰਹਿਣ ਦੀ ਜ਼ਰੂਰਤ ਹੈ। ਸੱਚ ਦੀ ਪਾਲਣਾ ਲਈ ਇਨਾਂ ਪੰਜ ਗੱਲਾਂ ਦਾ ਧਾਰਣੀ ਹੋਣਾ ਜ਼ਰੂਰੀ ਹੈ-

1. ਕਿਸੇ ਉੱਪਰ ਝੂਠਾ ਇਲਜ਼ਾਮ ਨਾ ਲਗਾਉਣਾ।

2. ਕਿਸੇ ਦੇ ਭੇਦਾਂ ਨੂੰ ਦੂਸਰਿਆਂ ਸਾਹਮਣੇ ਪ੍ਰਗਟ ਨਾ ਕਰਨਾ।

3. ਕਿਸੇ ਦੇ ਭਰੋਸੇ ਨੂੰ ਨਾ ਤੋੜਣਾ।

4. ਗਲਤ ਸਲਾਹ ਦੇ ਕੇ ਗੁੰਮਰਾਹ ਨਾ ਕਰਨਾ।

5. ਜਾਲਸਾਜ਼ੀ ਨਾ ਕਰਨੀ ਭਾਵ ਗਲਤ ਢੰਗ ਨਾਲ ਕਾਗਜ਼-ਪੱਤਰ ਨਾ ਬਣਾਉਣੇ।

**5.5.1.3 ਅਸਤੇਯ-**

ਅਸਤੇਯ ਸ਼ਬਦ ਸਤੇਯ ਸ਼ਬਦ ਦਾ ਵਿਰੋਧਾਭਾਸ ਰੱਖਦਾ ਹੈ। ਸਤੇਯ ਦਾ ਅਰਥ ਹੈ- ਚੋਰੀ। ਇਸ ਪ੍ਰਕਾਰ ਅਸਤੇਯ ਸ਼ਬਦ ਦਾ ਅਰਥ ਹੈ- ਚੋਰੀ ਨਾ ਕਰਨਾ। ਸਤੇਯ ਭਾਵ ਚੋਰੀ ਕਰਨਾ ਸਿੱਧੇ ਰੂਪ ਵਿਚ ਹੀ ਹਿੰਸਕ ਕਾਰਜ ਹੈ। ਇਹ ਕਿਸੇ ਨੂੰ ਮਾਰ ਦੇਣ ਨਾਲੋਂ ਜਾਂ ਸੱਟ ਪਹੁੰਚਾਉਣ ਨਾਲੋਂ ਵੀ ਡੂੰਘੀ ਹਿੰਸਾ ਹੈ ਕਿਉਂਕਿ ਇਹ ਲੰਮੇ ਸਮੇਂ ਤੱਕ ਇਕ ਤੋਂ ਵਧੇਰੇ ਮਨੁੱਖਾਂ ਨੂੰ ਕਸ਼ਟ ਦਿੰਦੀ ਹੈ। ਕਿਸੇ ਮਨੁੱਖ ਦੀ ਵਸਤੂ ਚੋਰੀ ਕਰਨਾ, ਧਰਮ ਤੋਂ ਡਿੱਗਿਆ ਹੋਇਆ ਘ੍ਰਿਣਿਤ ਕਾਰਜ ਹੈ। ਦੂਸਰੇ ਮਨੁੱਖ ਦੀ ਵਸਤੂ ਨੂੰ, ਉਸ ਦੀ ਜਾਣਕਾਰੀ ਤੋਂ ਬਿਨਾਂ ਜਾਂ ਉਸ ਨੂੰ ਧੋਖੇ ਵਿਚ ਰੱਖ ਕੇ, ਵਰਤੋਂ ਵਿਚ ਲਿਆਉਣਆ ਵੀ ਚੋਰੀ ਦੀ ਕਿਸਮ ਵਿਚ ਆਉਂਦਾ ਹੈ। ਚੋਰੀ ਕਰਨਾ ਨੈਤਿਕ ਤੌਰ ’ਤੇ ਵੀ ਗਲਤ ਹੈ ਜਿਸ ਨੂੰ ਸਮਾਜ ਗਲਤ ਮੰਨਦਾ ਹੈ ਅਤੇ ਇਹ ਧਾਰਮਿਕ ਤੌਰ ਤੇ ਵੀ ਗਲਤ ਹੈ ਜੋ ਮਨੁੱਖ ਨੂੰ ਧਰਮ ਤੋਂ ਦੂਰ ਲੈ ਜਾਂਦੀ ਹੈ।

ਮਨ ਅਤੇ ਧਰਮ ਦੀ ਹਿੰਸਾ ਦੀ ਤਰ੍ਹਾਂ ਮਨ ਅਤੇ ਬਚਨ ਦੀ ਚੋਰੀ ਵੀ ਅਸਤੇਯ ਦੇ ਨਿਯਮ ਦੀ ਉਲੰਘਣਾ ਅਧੀਨ ਆਉਂਦਾ ਹੈ। ਮਨ ਵਿਚ ਕਿਸੇ ਦੂਸਰੇ ਦੀ ਵਸਤੂ ਦੀ ਚੋਰੀ ਦਾ ਖਿਆਲ ਲੈ ਕੇ ਆਉਣਾ ਵੀ ਚੋਰੀ ਹੀ ਹੈ। ਜਿਸ ਵਸਤੂ ਤੇ ਸਾਡਾ ਅਧਿਕਾਰ ਨਾ ਹੋਵੇ ਉਸ ਨੂੰ ਪਾਉਣ ਦੀ ਇੱਛਾ ਵੀ ਬੀਜ ਰੂਪ ਵਿਚ ਚੋਰੀ ਮੰਨੀ ਜਾਂਦੀ ਹੈ। ਇਸ ਲਈ ਮਨ ਨੂੰ ਕਾਬੂ ਕਰਨਾ, ਅਸਤੇਯ ਦੀ ਪਾਲਣਾ ਲਈ ਜ਼ਰੂਰੀ ਹੈ।

ਕਿਸੇ ਵਸਤੂ ਦਾ ਮੁੱਲ ਅਦਾ ਕੀਤੇ ਬਿਨਾਂ ਜਾਂ ਬਗੈਰ ਮਿਹਨਤ ਕੀਤੇ ਉਸ ਵਸਤੂ ਨੂੰ ਪ੍ਰਾਪਤ ਕਰਨਾ ਵੀ ਚੋਰੀ ਦੀ ਸ਼੍ਰੇਣੀ ਵਿਚ ਆਉਂਦਾ ਹੈ।

ਦੂਸਰੀਆਂ ਵਸਤੂਆਂ ਦੇਖ ਕੇ ਉਸ ਨੂੰ ਪ੍ਰਾਪਤ ਕਰਨ ਦੀ ਇੱਛਾ, ਈਰਖਾ ਜਨਮ ਦਿੰਦੀ ਹੈ। ਜੇਕਰ ਮਨੁੱਖ ਸਹੀ ਰੂਪ ਵਿਚ ਅਸਤੇਯ ਮਹਾਂਵਰਤ ਦੀ ਪਾਲਣਾ ਕਰੇ ਤਾਂ ਉਹ ਈਰਖਾ ਤੋਂ ਮੁਕਤ ਹੋ ਕੇ ਸੁਖੀ ਜੀਵਨ ਬਤੀਤ ਕਰ ਸਕਦਾ ਹੈ।

**5.5.1.4 ਅਪਰਿਗ੍ਰਹਿ-**

ਅਪਰਿਗ੍ਰਹਿ ਦਾ ਅਰਥ ਹੈ- ਪਰਿਗ੍ਰਹਿ ਦਾ ਅਭਾਵ ਭਾਵ ਜਿਸ ਵਿਚ ਪਰਿਗ੍ਰਹਿ ਨਾ ਹੋਵੇ। ਪਰਿਗ੍ਰਹਿ ਦਾ ਅਰਥ ਹੈ- ਕਿਸੇ ਵਸਤੂ ਜਾਂ ਵਿਚਾਰ ਨੂੰ ਜਕੜ ਕੇ ਫੜਣਾ। ਕਿਸੇ ਪ੍ਰਤਿ ਬੇਕਾਬੂ ਹੋਣ ਵਾਲੇ ਲਗਾਵ ਜਾਂ ਸੋਚ ਦਾ ਅਤਿਅੰਤ ਭਾਵ ਹੀ ਪਰਿਗ੍ਰਹਿ ਅਖਵਾਉਂਦਾ ਹੈ। ਪਰਿਗ੍ਰਹਿ ਸ਼ਬਦ ਦਾ ਸਧਾਰਨ ਅਰਥ ਹੈ- ਵਸਤੂਆਂ ਪ੍ਰਤੀ ਮੋਹ ਜਾਂ ਉਨ੍ਹਾਂ ਨੂੰ ਇਕੱਠੇ ਕਰਨ ਦੀ ਪ੍ਰਕਿਰਤੀ।

ਵਸਤੂਆਂ ਪ੍ਰਤੀ ਇਹ ਮੋਹ ਹੀ ਹਿੰਸਾ ਦਾ ਕਾਰਣ ਬਣਦਾ ਹੈ ਕਿਉਂਕਿ ਇਹ ਮੋਹ ਵਸਤੂਆਂ ਇਕੱਠੀਆਂ ਕਰਨ ਲਈ ਹਿੰਸਾ ਕਰਵਾਉਂਦਾ ਹੈ, ਵਸਤੂਆਂ ਇਕੱਠੀਆਂ ਕੀਤੇ ਜਾਣ ਵਿਚ ਰੁਕਾਵਟ ਪੈਦਾ ਹੋਣ ਤੇ ਹਿੰਸਾ ਕਰਵਾਉਂਦਾ ਹੈ ਅਤੇ ਇਹੀ ਮੋਹ ਵਸਤੂਆਂ ਤੋਂ ਦੂਰ ਕੀਤੇ ਜਾਣ ਤੇ ਵੀ ਹਿੰਸਾ ਦਾ ਕਾਰਣ ਬਣਦਾ ਹੈ। ਇਸ ਲਈ ਜੈਨ ਧਰਮ ਵਿਚ ਪਰਿਗ੍ਰਹਿ ਦਾ ਤਿਆਗ ਕਰ ਕੇ ਅਪਰਿਗ੍ਰਹਿ ਦਾ ਪਾਲਣ ਕਰਨਾ ਮਹਾਂਵਰਤ ਵਿਚ ਸ਼ਾਮਿਲ ਕੀਤਾ ਗਿਆ ਹੈ ਤਾਂ ਕਿ ਮਨੁੱਖ ਹਿੰਸਾ ਤੋਂ ਮੁਕਤ ਹੋ ਕੇ ਅਹਿੰਸਾ ਦੀ ਸੰਪੂਰਣ ਰੂਪ ਵਿਚ ਪਾਲਣਾ ਕਰ ਸਕੇ।

ਜੈਨ ਧਰਮ ਅਪਰਿਗ੍ਰਹਿ ਮਹਾਂਵਰਤ ਵਿਚ ਇਨ੍ਹਾਂ ਜ਼ਿਆਦਾ ਸੁਚੇਤ ਹੈ ਕਿ ਇਸ ਸੰਬੰਧ ਵਿਚ ਜੈਨੀ ਸਾਧੂਆਂ ਲਈ ਨਿਯਮ ਹੈ ਕਿ ਉਹ ਆਪਣੇ ਵਸਤਰ ਅਤੇ ਭਿਖਿਆ ਪਾਤਰ ਤੋਂ ਇਲਾਵਾ ਕਿਸੇ ਵੀ ਵਸਤੂ ਦਾ ਸੰਗ੍ਰਹਿ ਨਾ ਕਰਨ ਅਤੇ ਨਾ ਹੀ ਕਿਸੇ ਵਸਤੂ ਦੀ ਪ੍ਰਾਪਤੀ ਦਾ ਖਿਆਲ ਆਪਣੇ ਮਨ ਵਿਚ ਲੈ ਕੇ ਆਉਣ। ਇੱਥੋਂ ਤੱਕ ਕਿ ਉਹ ਆਪਣੇ ਤਨ ਦੇ ਕੱਪੜਿਆਂ ਅਤੇ ਆਪਣੇ ਭਿਖਿਆ ਪਾਤਰ ਨੂੰ ਵੀ ਆਪਣਾ ਨਾ ਸਮਝਣ।

ਆਪਣੀਆਂ ਇੱਛਾਵਾਂ ਅਤੇ ਲਾਲਚ ਅਧੀਨ ਬੇਲੋੜੀਆਂ ਵਸਤੂਆਂ ਦਾ ਸੰਗ੍ਰਹਿ ਹਿੰਸਾ ਨੂੰ ਜਨਮ ਦਿੰਦਾ ਹੈ ਅਤੇ ਮਨੁੱਖ ਨੂੰ ਧਰਮ ਦੇ ਰਸਤੇ ਤੋਂ ਦੂਰ ਲੈ ਜਾਂਦਾ ਹੈ। ਇਸ ਲਈ ਜੈਨ ਧਰਮ ਵਿਚ ਕਿਸੇ ਵੀ ਤਰ੍ਹਾਂ ਦੀ ਵਸਤੂਆਂ ਦਾ ਸੰਗ੍ਰਹਿ ਕਰਨ ਜਾਂ ਉਨ੍ਹਾਂ ਨੂੰ ਆਪਣਾ ਕਹਿਣ ਦੀ ਮਨਾਹੀ ਹੈ ਪ੍ਰੰਤੂ ਜੈਨ ਧਰਮ ਦੇ ਸ਼੍ਰਾਵਕ (ਗ੍ਰਹਿਸਤੀ) ਅਨੁਯਾਈਆਂ ਲਈ ਅਪਰਿਗ੍ਰਹਿ ਵਾਲੇ ਮਹਾਂਵਰਤ ਵਿਚ ਇਸ ਪੱਖ ਤੋਂ ਛੋਟ ਹੈ ਕਿ ਉਹ ਲੋੜ ਅਨੁਸਾਰ ਵਸਤੂਆਂ, ਜਿਨ੍ਹਾਂ ਦੀ ਉਨ੍ਹਾਂ ਦੇ ਗ੍ਰਹਿਸਤੀ ਜੀਵਨ ਲਈ ਜ਼ਰੂਰਤ ਹੈ, ਉਨ੍ਹਾਂ ਨੂੰ ਆਪਣੇ ਕੋਲ ਰੱਖ ਸਕਦੇ ਹਨ ਪ੍ਰੰਤੂ ਜੈਨੀ ਸਾਧੂਆਂ ਲਈ ਅਪਰਿਗ੍ਰਹਿ ਦਾ ਸਖਤ ਨਿਯਮ ਹੈ ਕਿ ਉਹ ਕਿਸੇ ਵੀ ਰੂਪ ਵਿਚ ਵਸਤੂਆਂ ਦਾ ਸੰਗ੍ਰਹਿ ਕਰ ਕੇ ਇਸ ਮਹਾਂਵਰਤ ਦੀ ਉਲੰਘਣਾ ਨਾ ਕਰਨ।

**5.5.1.5 ਬ੍ਰਹਮਚਰਜ-**

ਬ੍ਰਹਮਚਰਜ ਤੋਂ ਭਾਵ ਹੈ ਆਪਣੀਆਂ ਇੰਦਰੀਆਂ ਨੂੰ ਕਾਬੂ ਵਿਚ ਰੱਖ ਕੇ ਅਤੇ ਕਾਮ ਵਿਕਾਰ ਤੋਂ ਦੂਰ ਰਹਿ ਕੇ ਆਪਣਾ ਜਤ ਕਾਇਮ ਰੱਖਣਾ। ਕਾਮ ਦਾ ਵਿਕਾਰ, ਵਿਸ਼ੇ-ਵਿਕਾਰਾਂ ਵਿਚੋਂ ਸਭ ਤੋਂ ਵੱਡਾ ਵਿਕਾਰ ਮੰਨਿਆ ਜਾਂਦਾ ਹੈ ਜਿਸ ਦੇ ਅਧੀਨ ਵੱਡੇ ਵੱਡੇ ਸਾਧੂ, ਮਹਾਤਮਾ ਵੀ ਆਪਣੀ ਸੁੱਧ-ਬੁੱਧ ਖੋ ਬੈਠਦੇ ਹਨ। ਇਸ ਦੇ ਵਸ ਵਿਚ ਪੈ ਕੇ ਮਨੁੱਖ ਆਪਣੀ ਅਧਿਆਤਮਕ ਉੱਨਤੀ ਵਿਚ ਰੁਕਾਵਟ ਪਾ ਲੈਂਦਾ ਹੈ ਅਤੇ ਸਮਾਜਿਕ ਤੌਰ ’ਤੇ ਵੀ ਹੀਣਤਾ ਦਾ ਸ਼ਿਕਾਰ ਹੁੰਦਾ ਹੈ। ਇਸ ਲਈ ਜੈਨ ਧਰਮ ਵਿਚ ਕਾਮੁਕ ਸੰਬੰਧਾਂ ਦੀ ਮਨਾਹੀ ਨੂੰ ਪੰਜ ਮਹਾਂਵਰਤਾਂ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਮਹਾਂਵਰਤ ਅਧੀਨ ਜੈਨ ਧਰਮ ਦੇ ਅਨੁਯਾਈ ਸਾਧੂਆਂ ਨੂੰ ਕਿਸੇ ਵੀ ਰੂਪ ਵਿਚ ਕਾਮੁਕ ਸੰਬੰਧਾਂ ਦੀ ਮਨਾਹੀ ਹੈ। ਕੇਵਲ ਵਿਵਹਾਰਕ ਪੱਖ ਤੋਂ ਹੀ ਨਹੀਂ, ਮਨ ਅਤੇ ਬਚਨ ਦੁਆਰਾ ਵੀ ਕਾਮ ਬਾਰੇ ਖਿਆਲ ਲੈ ਕੇ ਆਉਣਾ ਜੈਨ ਧਰਮ ਅਨੁਸਾਰ ਅਯੋਗ ਅਤੇ ਅਧਾਰਮਿਕ ਹੈ। ਆਪਣੇ ਮਨ ਵਿਚ ਕਿਸੇ ਔਰਤ ਬਾਰੇ ਗਲਤ ਸੋਚਣਾ ਜਾਂ ਆਪਣੀ ਬੋਲ-ਬਾਣੀ ਰਾਹੀਂ ਕਾਮ ਸੰਬੰਧੀ ਗੱਲਾਂ ਕਰਨੀਆਂ ਵੀ ਬ੍ਰਹਮਚਰਜ ਦੇ ਮਹਾਂਵਰਤ ਦੀ ਉਲੰਘਣਾ ਵਿਚ ਸ਼ਾਮਿਲ ਹਨ।

ਜੈਨੀ ਸਾਧੂਆਂ ਨੂੰ ਇਸ ਸੰਬੰਧ ਵਿਚ ਹਦਾਇਤਾਂ ਹਨ ਕਿ ਉਹ ਇਸਤਰੀਆਂ ਤੋਂ ਦੂਰੀ ਬਣਾ ਕੇ ਰੱਖਣ ਅਤੇ ਬਿਨਾਂ ਕਿਸੇ ਖਾਸ ਕਾਰਜ ਤੋਂ ਇਸਤਰੀਆਂ ਦੇ ਨੇੜੇ ਨਾ ਜਾਣ ਕਿਉਂਕਿ ਇਸ ਤਰ੍ਹਾਂ ਮਨੁੱਖ ਦੇ ਮਨ ਵਿਚ ਕਾਮੁਕ ਖਿਆਲ ਉਤਪੰਨ ਹੋ ਸਕਦੇ ਹਨ। ਆਪਣੇ ਮਨ, ਬਚਨ ਅਤੇ ਕਰਮ ਦੁਆਰਾ ਸੰਪੂਰਨ ਰੂਪ ਵਿਚ ਕਾਮ ਤੋਂ ਦੂਰੀ ਹੀ ਬ੍ਰਹਮਚਰਜ ਮਹਾਂਵਰਤ ਹੈ।

ਇਸ ਮਹਾਂਵਰਤ ਵਿਚ ਜੈਨੀ ਸ੍ਰਾਵਕਾਂ ਲਈ ਜੈਨੀ ਸਾਧੂਆਂ ਵਾਂਗ ਸਖਤਾਈ ਨਹੀਂ ਹੈ। ਜੈਨੀ ਸ੍ਰਾਵਕ ਆਪਣੇ ਗ੍ਰਹਿਸਤ ਵਿਚ ਰਹਿ ਕੇ ਆਪਣੇ ਜੀਵਨ ਸਾਥੀ ਨਾਲ ਸੰਬੰਧਾਂ ਵਿਚ ਰਹਿ ਕੇ ਇਸ ਮਹਾਂਵਰਤ ਦੀ ਪਾਲਣਾ ਕਰ ਸਕਦੇ ਹਨ ਪ੍ਰੰਤੂ ਗ੍ਰਹਿਸਤੀਆਂ ਲਈ ਆਪਣੇ ਜੀਵਨ ਸਾਥੀ ਤੋਂ ਇਲਾਵਾ ਦੂਸਰੇ ਨਾਲ ਕਾਮੁਕ ਸੰਬੰਧ ਜਾਂ ਇਸ ਬਾਰੇ ਸੋਚਣ ਦੀ ਸਖਤ ਮਨਾਹੀ ਹੈ ਅਤੇ ਅਜਿਹਾ ਕਰਨਾ ਬ੍ਰਹਮਚਰਜ ਵਾਲੇ ਮਹਾਂਵਰਤ ਦੀ ਉਲੰਘਣਆ ਕਰਨਾ ਮੰਨਿਆ ਜਾਂਦਾ ਹੈ।

**ਪੰਜ ਮਹਾਂਵਰਤਾਂ ਦੀਆਂ ਭਾਵਨਾਵਾਂ-**

ਉਪਰੋਕਤ ਪੰਜ ਮਹਾਂਵਰਤਾਂ ਦੀ ਪਾਲਣਾ ਨੂੰ ਸਥਿਰਤਾ ਬਣਾਈ ਰੱਖਣ ਲਈ ਹਰ ਇਕ ਮਹਾਂਵਰਤ ਨਾਲ ਪੰਜ-ਪੰਜ ਭਾਵਨਾਵਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ ਜੋ ਇਸ ਪ੍ਰਕਾਰ ਹਨ-

**ਅਹਿੰਸਾ ਮਹਾਂਵਰਤ ਦੀਆਂ ਭਾਵਨਾਵਾਂ**

1. ਇਰਿਆਸਮਿਤੀ- ਅਜਿਹੇ ਵਿਵੇਕਪੂਰਣ ਢੰਗ ਨਾਲ ਆਪਣੀਆਂ ਸਾਰੀਆਂ ਕਿਰਿਆਵਾਂ ਦਾ ਚਿੰਤਨ ਕਰਨਾ ਜਿਸ ਨਾਲ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਕਸ਼ਟ ਨਾ ਹੋਵੇ।
2. ਮਨੋਗੁਪਤਿ – ਮਨ ਨੂੰ ਅਸ਼ੁੱਭ ਧਿਆਨ ਤੋਂ ਹਟਾ ਕੇ ਸ਼ੁੱਭ ਧਿਆਨ ਵਿਚ ਲਗਾਉਣਾ।
3. ਏਸ਼ਣਾ ਸਮਿਤੀ- ਵਸਤੂ ਦੀ ਜ਼ਰੂਰਤ ਅਨੁਸਾਰ ਖੋਜ ਗ੍ਰਹਿਣ ਅਤੇ ਉਪਯੋਗ ਕਰਨ ਵਿਚ ਸਾਵਧਾਨੀ ਰੱਖਣਾ।
4. ਆਦਾਨ ਨਿਕਸ਼ਪਣ ਸਮਿਤੀ- ਕਿਸੇ ਵਸਤੂ ਪ੍ਰਾਪਤ ਕਰਨ, ਤਿਆਗਣ, ਉਠਾਉਣ ਅਤੇ ਰੱਖਣ ਵਿਚ ਸਾਵਧਾਨੀ ਵਰਤਣਾ।
5. ਅਲੌਕਿਕ ਪਾਨ ਭੋਜਨ- ਦਿਨ ਛਿਪਣ ਤੋਂ ਪਹਿਲਾਂ ਹੀ ਭੋਜਨ ਪ੍ਰਾਪਤ ਕਰਨਾ ਅਤੇ ਖਾਣਾ।

**ਸੱਚ ਮਹਾਂਵਰਤ ਦੀਆਂ ਪੰਜ ਭਾਵਨਾਵਾਂ**

1. ਅਨਵੀਚਿ ਭਾਸ਼ਣ- ਵਿਚਰਾਪੂਰਵਕ ਬੋਲਚਾਲ

2-5. ਕ੍ਰੋਧ ਲੋਭ ਡਰ ਹਾਸੇ ਦਾ ਤਿਆਗ- ਕ੍ਰੋਧ, ਲੋਭ , ਡਰ ਅਤੇ ਹਾਸਾ ਇਨ੍ਹਾਂ ਚਾਰਾਂ ਦੇ ਪ੍ਰਭਾਵ ਤੋਂ ਦੂਰ ਹੋ ਕੇ ਬੋਲਣਾ।

**ਅਸਤੇਯ ਮਹਾਂਵਰਤ ਦੀਆਂ ਪੰਜ ਭਾਵਨਾਵਾਂ-**

1. ਅਨੁਵੀਚਿ ਅਵਗ੍ਰਹਿ ਯਾਚਨਾ- ਉਪਯੋਗ ਲਈ ਸਥਾਨ ਦੀ ਵਿਚਾਰਪੂਰਵਕ ਯਾਚਨਾ ਕਰਨਾ।
2. ਅਭਿਸ਼ਣਾਵਗ੍ਰਹਿ ਯਾਚਨਾ- ਇਸ ਗੱਲ਼ ਨੂੰ ਧਿਆਨ ਵਿਚ ਰੱਖਣਾ ਕਿ ਆਪਣੇ ਮੰਗਣ ਨਾਲ ਸਥਾਨ ਜਾਂ ਵਸਤੂ ਦੇ ਸੁਆਮੀ ਨੂੰ ਥੋੜ੍ਹਾ ਜਿਹਾ ਵੀ ਕਸ਼ਟ ਨਾ ਹੋਵੇ।
3. ਅਵਗ੍ਰਹਿਵਾਯਚਨ- ਆਪਣੇ ਮੰਗਣ ਦੇ ਸਮੇਂ ਨੂੰ ਨਿਸ਼ਚਿਤ ਕਰਨਾ।
4. ਸਾਧਾਰਮਿਕ ਅਵਗ੍ਰਹਿ ਯਾਚਨ- ਜਿਸ ਸਥਾਨ ਦਾ ਪ੍ਰਯੋਗ ਸਾਧਾਰਮਿਕ ਪਹਿਲਾਂ ਹੀ ਕਰ ਰਿਹਾ ਹੋਵੇ ਉਸ ਸਥਾਨ ਦੇ ਪ੍ਰਯੋਗ ਲਈ ਉਸ ਤੋਂ ਆਗਿਆ ਲੈਣੀ।
5. ਅਨੁਗਿਆਪਿਤ ਭੋਜਨ-ਪਾਨ- ਵਿਧੀਪੂਰਵਕ ਲਿਆਂਦੇ ਗਏ ਭੋਜਨ ਪਦਾਰਥ ਗੁਰੂ ਨੂੰ ਦਿਖਾ ਕੇ ਉਸ ਦੀ ਆਗਿਆ ਲੈ ਕੇ ਭੋਜਨ ਗ੍ਰਹਿਣ ਕਰਨਾ।

**ਬ੍ਰਹਮਚਰਜ ਮਹਾਂਵਰਤ ਦੀਆਂ ਪੰਜ ਭਾਵਨਾਵਾਂ-**

1. ਅਸੰਸਤਕਾਵਾਸ ਸਮਿਤੀ- ਆਪਣੇ ਤੋਂ ਵਿਜਾਤੀ ਵਿਅਕਤੀ (ਪੁਰਸ਼, ਇਸਤਰੀ, ਪਸ਼ੂ ਜਾਂ ਨਪੁੰਸਕ) ਨੇ ਜਿਸ ਬਿਸਤਰੇ ਦਾ ਪ੍ਰਯੋਗ ਕੀਤਾ ਹੋਵੇ, ਉਸ ਦਾ ਤਿਆਗ ਕਰਨਾ।
2. ਇਸਤਰੀਕਥੀਵਿਰਤੀ- ਇਸਤਰੀਆਂ ਦੇ ਕਾਮ, ਮੋਹ, ਸ਼ਿੰਗਾਰ, ਸੁੰਦਰਤਾ ਆਦਿ ਸੰਬੰਧੀ ਗੱਲ੍ਹਾ ਨਾ ਕਰਨੀਆਂ।
3. ਇਸਤਰੀਰੂਪ ਦਰਸ਼ਨਵਿਰਤੀ- ਵਿਜਾਤੀ ਵਿਅਕਤੀ ਦੇ ਮਨੋਹਰ ਅਤੇ ਕਾਮ ਉਤੇਜਨ ਅੰਗਾਂ ਨੂੰ ਨਾ ਦੇਖਣਾ।
4. ਪੂਰਵਕ੍ਰਿਤ੍ਰਤਵਿਰਤਿ- ਪਹਿਲਾਂ ਕੀਤੀਆਂ ਹੋਈਆਂ ਕਾਮ ਕਿਰਿਆਵਾਂ ਨੂੰ ਯਾਦ ਨਾ ਕਰਨਾ।
5. ਪ੍ਰਣੀਤ ਆਰਾਰ ਤਿਆਗ- ਕਾਮ ਉਤੇਜਕ ਭੋਜਨ ਨਾ ਕਰਨਾ।

**ਅਪਰਰਿਗ੍ਰਹਿ ਦੀਆਂ ਪੰਜ ਭਾਵਨਾਵਾਂ-**

1-5. ਸਪਰਸ਼-ਰਸਨਾ-ਘ੍ਰਾਣ-ਚਕਸ਼ੂ-ਸ਼ਰੋਤ੍ਰ- ਇਨ੍ਹਾਂ ਪੰਜ ਇੰਦ੍ਰੀਆਂ- ਸਪਰਸ਼, ਸੁਆਦ, ਗੰਧ, ਅੱਖਾਂ ਅਤੇ ਕੰਨ ਦੇ ਮਨ ਨੂੰ ਚੰਗੇ ਲਗਣ ਵਾਲੇ ਵਿਸ਼ਿਆਂ ਪ੍ਰਤੀ ਪਿਆਰ ਅਤੇ ਨਾ ਚੰਗੇ ਲੱਗਣ ਵਾਲੇ ਵਿਸ਼ਿਆਂ ਪ੍ਰਤੀ ਨਫ਼ਰਤ ਦੀ ਭਾਵਨਾ ਨਾ ਰੱਖਣਾ।

**5.5.2. ਸ਼੍ਰਾਵਕਾਂ (ਗ੍ਰਹਿਸਤੀਆਂ) ਦੇ 12 ਵਰਤ-**

ਜੈਨ ਧਰਮ ਵਿਚ ਸ਼੍ਰਾਵਕਾਂ (ਗ੍ਰਹਿਸਤੀਆਂ) ਦੇ ਗ੍ਰਹਿਸਤੀ ਜੀਵਨ ਅਨੁਸਾਰ ਪੰਜ ਮਹਾਂਵਰਤਾਂ ਨੂੰ ਆਸਾਨ ਕਰਦੇ ਹੋਏ ਬਾਰ੍ਹਾਂ ਵਰਤ ਨਿਰਧਾਰਿਤ ਕੀਤੇ ਗਏ ਹਨ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ- ਪੰਜ ਅਨੁਵਰਤ, ਤਿੰਨ ਗੁਣਵਰਤ ਅਤੇ ਚਾਰ ਸਿੱਖਿਆ ਵਰਤ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

**ਪੰਜ ਅਨੁਵਰਤ-**

(1) ਅਹਿੰਸਾ ਅਨੁਵਰਤ: ਸੰਖੇਪ ਵਿਚ, ਇਸਦਾ ਅਰਥ ਹੈ ਹਾਸੇ, ਲੋਭ, ਧਰਮ, ਦੌਲਤ, ਕਾਮ, ਮੂਰਖਤਾ, ਲੋਭ, ਕ੍ਰੋਧ, ਮੋਹ, ਅਗਿਆਨਤਾ ਵਰਗੇ ਕਾਰਨਾਂ ਕਰਕੇ ਨਿਰਦੋਸ਼ ਜੀਵਾਂ ਦੀ ਹਿੰਸਾ ਨਾ ਕਰਨਾ।

(2) ਸਤਯ ਅਨੁਵਰਤ: ਹਾਲਾਤਾਂ ਅਨੁਸਾਰ ਜਿੰਨਾ ਸੰਭਵ ਹੋ ਸਕੇ ਝੂਠ ਦਾ ਤਿਆਗ।

(3) ਅਸਤੇਯ ਅਨੁਵਰਤ: ਜਿਸ ਵਸਤੂ ਉੱਤੇ ਭੌਤਿਕ ਜਾਂ ਨੈਤਿਕ ਅਧਿਕਾਰ ਨਹੀਂ ਹਨ, ਉਸ ਵਸਤੂ ਨੂੰ ਲੈਣ ਦੀ ਮਨਾਹੀ।

(4) ਬ੍ਰਹਮਚਰਜ ਅਨੁਵਰਤ: ਸਮਾਜਿਕ ਨਿਯਮਾਂ ਅਨੁਸਾਰ ਆਪਣੀ ਵਿਆਹੀ ਪਤਨੀ ਨਾਲ ਸੰਬੰਧਾਂ ਦੀ ਸੰਤੁਸ਼ਟੀ।

(5) ਅਪਰਿਗ੍ਰਹਿ ਅਨੁਵਰਤ: ਦੌਲਤ, ਵਸਤੂਆਂ, ਸਹੂਲਤਾਂ, ਸਾਧਨਾਂ ਆਦਿ ਦੇ ਸੰਗ੍ਰਹਿ ਨੂੰ ਸੀਮਤ ਕਰਨਾ।

**ਤਿੰਨ ਗੁਣਵਰਤ-**

(6) ਅਨਰਥਦੰਡਵਿਰਮਨ: ਬੇਲੋੜੀ ਹਿੰਸਾ ਦਾ ਤਿਆਗ।

(7) ਦਿਗਵਰਤ: ਸਾਰੀਆਂ ਦਿਸ਼ਾਵਾਂ ਵਿਚ ਆਪਣੇ ਕਾਰਜ ਲਈ ਆਉਣ ਜਾਣ ਦੀ ਸੀਮਾ ਨੂੰ ਨਿਰਧਾਰਤ ਕਰਨਾ।

(8) ਉਪਭੋਗ-ਪਰਿਭੋਗ-ਪਰਿਮਾਣ ਵਰਤ: ਆਪਣੀ ਖਪਤ ਅਤੇ ਲੋੜ ਵਾਲੀਆਂ ਸਾਰੀਆਂ ਵਸਤੂਆਂ ਦੀ ਜ਼ਰੂਰਤ ਅਨੁਸਾਰ ਸੀਮਾ ਦਾ ਨਿਰਧਾਰਨ।

**ਚਾਰ ਸਿੱਖਿਆ ਵਰਤ**-

(9) ਸਾਮਾਯਕ ਵਰਤ: ਸਮੁੱਚੀ ਦੁਨਿਆਵੀ ਗਤੀਵਿਧੀਆਂ ਤੋਂ ਦੂਰ ਰਹਿ ਕੇ ਘੱਟੋ-ਘੱਟ ਇਕ ਮੁਹੂਰਤ (48 ਮਿੰਟ) ਧਰਮ ਦਾ ਧਿਆਨ ਕਰਨਾ।

(10) ਦੇਸ਼ਾਵਕਾਸ਼ਿਕ ਵਰਤ: ਦਿਗਵ੍ਰਤ ਵਿਚ ਗ੍ਰਹਿਣ ਕੀਤੀਆਂ ਗਈਆਂ ਦਿਸ਼ਾਵਾਂ ਦੀਆਂ ਸੀਮਾਵਾਂ ਅਤੇ ਦੂਸਰੇ ਵਰਤਾਂ ਵਿਚ ਲਈਆਂ ਗਈਆਂ ਮਰਯਾਦਾਵਾਂ ਨੂੰ ਹੋਰ ਘੱਟ ਕਰਨਾ।

(11) ਪ੍ਰੋਸ਼ਧੋਪਵਾਸ ਵਰਤ: ਭੋਜਨ, ਸਰੀਰ-ਸ਼ਿੰਗਾਰ, ਵਪਾਰ ਆਦਿ ਸਾਰੇ ਕੰਮਾਂ ਨੂੰ ਤਿਆਗ ਕੇ ਇਕ ਦਿਨ-ਰਾਤ ਜਾਂ ਇਸ ਤੋਂ ਵੱਧ ਸਮੇਂ ਲਈ ਸ਼ਾਂਤ ਸਥਾਨ ਵਿਚ ਰਹਿ ਕੇ ਧਰਮ ਦਾ ਚਿੰਤਨ ਕਰਨਾ।

(12)ਅਤਿਥੀ ਸੰਵਿਭਾਗ ਵਰਤ: ਦਰਵਾਜ਼ੇ 'ਤੇ ਆਉਣ ਵਾਲੇ ਮਹਿਮਾਨ ਨੂੰ ਆਪਣੀ ਨੇਕ ਕਮਾਈ ਵਿਚੋਂ ਸਹੀ ਢੰਗ ਨਾਲ ਭੋਜਨ ਆਦਿ ਦੇਣਾ।

**5.5.3.ਜੈਨ ਧਰਮ ਦੇ ਨੌਂ ਤੱਤ ਜਾਂ ਸੱਚਾਈਆਂ**

**1.ਜੀਵ-**

ਜੈਨ ਧਰਮ ਅਨੁਸਾਰ ਜੀਵ ਚੇਤੰਨ ਤੱਤ ਹੈ ਜਿਸਨੂੰ ਇਸ ਧਰਮ ਦੀ ਪਹਿਲੀ ਸੱਚਾਈ ਕਿਹਾ ਜਾਂਦਾ ਹੈ। ਇਸ ਵਿਚ ਸਾਰੀਆਂ ਜਾਨਦਾਰ ਚੀਜ਼ਾਂ ਆ ਜਾਂਦੀਆਂ ਹਨ ਜੋ ਆਪਣੀਆਂ ਇੰਦਰੀਆਂ ਨਾਲ ਕਰਮ ਕਰਦੀਆਂ ਹਨ। ਜੈਨ ਦਾਰਸ਼ਨਿਕਾਂ ਨੇ ਗਿਆਨ ਇੰਦਰੀਆਂ ਦੇ ਹਿਸਾਬ ਨਾਲ ਜੀਵ ਨੂੰ ਪੰਜ ਸ਼੍ਰੇਣੀਆਂ ਵਿਚ ਵੰਡਿਆ ਹੈ। ਹਰੇਕ ਜੀਵ ਵਿਚ ਕੁਦਰਤੀ ਤੌਰ ਤੇ ਅੰਤ ਗਿਆਨ, ਅਨੰਤ ਦਰਸ਼ਨ ਅਤੇ ਅਨੰਤ ਸਮਰੱਥਾ ਆਦਿ ਗੁਣ ਪਾਏ ਜਾਂਦੇ ਹਨ। ਇਨ੍ਹਾਂ ਅਨੁਸਾਰ ਜੀਵਾਂ ਦੀਆਂ ਪੰਜ ਕਿਸਮਾਂ ਹਨ-

1. ਵਿਕੇਂਦਰੀ ਜੀਵ- ਇਹ ਇਕ ਇੰਦਰੀ ਵਾਲੇ ਜੀਵ ਹੰਦੇ ਹਨ। ਜੈਨ ਧਰਮ ਇਨ੍ਹਾਂ ਨੂੰ ਨਖਿੱਧ ਮੰਨਦਾ ਹੈ। ਜੈਨ ਧਰਮ ਪਾਣੀ ਨੂੰ ਵੀ ਜੀਵ ਮੰਨਦਾ ਹੈ ਜਿਸ ਐਪਕਾਇਆ ਵੀ ਕਿਹਾ ਜਾਂਦਾ ਹੈ। ਧਰਤੀ, ਵਾਯੂ, ਅਗਨੀ ਅਤੇ ਬਨਸਪਤੀ ਵਿਕੇਂਦਰੀ ਜੀਵ ਹਨ।

2. ਬੇਂਦਰੀ ਜੀਵ- ਉਹ ਦੋ ਇੰਦਰੀਆਂ ਵਾਲੇ ਜੀਵ ਜੋ ਸਪਰਸ਼ ਅਤੇ ਸੁਆਦ ਨੂੰ ਮਹਿਸੂਸ ਕਰ ਸਕਦੇ ਹਨ। ਜਿਵੇਂ ਘੋਗਾ, ਸੰਖ, ਸਿੱਪੀਆਂ ਅਤੇ ਜੋਕਾਂ ਆਦਿ।

3. ਤ੍ਰੀ ਇੰਦਰੀ ਜੀਵ- ਇਹ ਉਹ ਜੀਵ ਹੁੰਦੇ ਹਨ ਜੋ ਸਪਰਸ਼ ਅਤੇ ਸੁਆਦ ਤੋਂ ਇਲਾਵਾ ਸੁੰਘਣ ਦੀ ਸ਼ਕਤੀ ਹੁੰਦੀ ਹੈ ਜਿਵੇਂ- ਕੀੜੀਆਂ, ਜੂੰਆਂ, ਖਟਮਲ ਆਦਿ।

4. ਚਾਰ ਇੰਦਰੀ ਜੀਵ- ਇਨ੍ਹਾਂ ਵਿਚ ਉਪਰੋਕਤ ਤਿੰਨ ਸ਼ਕਤੀਆਂ ਤੋਂ ਇਲਾਵਾ ਦ੍ਰਿਸ਼ਟੀ ਦੀ ਸ਼ਕਤੀ ਹੁੰਦੀ ਹੈ ਜਿਵੇਂ- ਮੱਛਰ, ਬਿੱਛੂ ਅਤੇ ਤਿਤਲੀ ਆਦਿ।

5. ਪੰਜ ਇੰਦਰੀ ਜੀਵ- ਉਪਰੋਕਤ ਚਾਰ ਸ਼ਕਤੀਆਂ ਤੋਂ ਇਲਾਵਾ ਇਨ੍ਹਾਂ ਵਿਚ ਸੁਣਨ ਦੀ ਸ਼ਕਤੀ ਹੁੰਦੀ ਹੈ। ਜਿਵੇਂ- ਮਨੁੱਖ, ਮੱਝ, ਗਾਂ, ਬੱਕਰੀ ਆਦਿਕ।

ਮਨੁੱਖ ਆਪਣੇ ਗੁਣਾਂ ਕਰਕੇ ਸਭ ਤੋਂ ਉਤਕ੍ਰਿਸ਼ਟ ਹੈ ਉਸਨੂੰ ਹਰ ਸਮੇਂ ਚੰਗੇ ਕੰਮਾਂ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਤਾਂ ਜੋ ਅਗਿਆਨਤਾ ਦਾ ਪਰਦਾ ਹਟ ਸਕੇ। ਜੀਵ ਆਪਣੇ ਅਵਗੁਣਾਂ ਕਰਕੇ ਹੀ ਆਵਾਗਵਨ ਵਿਚ ਪੈਂਦਾ ਹੈ।

**2.ਅਜੀਵ-**

ਜੀਵ ਦਾ ਵਿਰੋਧੀ ਤੱਤ ਹੈ ਅਜੀਵ। ਇਹ ਚੇਤਨ ਤੋਂ ਰਹਿਤ ਹੈ। ਭਾਵ ਕਿ ਨਿਰਜੀਵ ਹੁੰਦਾ ਹੈ। ਜੀਵ ਜਦੋਂ ਅਜੀਵ ਵਿਚ ਮਿਲ ਜਾਵੇ ਤਾਂ ਉਹ ਜੜ੍ਹ ਹੋ ਜਾਂਦਾ ਹੈ ਅਤੇ ਉਸਦਾ ਵਿਕਾਸ ਰੁਕ ਜਾਂਦਾ ਹੈ। ਇਹ ਕਦੀ ਆਪਸ ਵਿਚ ਇਨੇ ਅਭੇਦ ਨਹੀਂ ਹੁੰਦੇ ਕਿ ਵੱਖ ਹੀ ਨਾ ਹੋ ਸਕਣ। ਇਸ ਦੇ ਅੱਗੇ ਪੰਜ ਭਾਗ ਹਨ-

(ੳ) ਪੁਦਗਲ- ਇਸ ਨੂੰ ਅਸੀਂ ਪਦਾਰਥ ਵੀ ਕਹਿ ਸਕਦੇ ਹਾਂ। ਪੁਰਤਾਨ ਜੈਨੀਆਂ ਨੂੰ ਪ੍ਰਮਾਣੂਆਂ ਦੀ ਹੋਂਦ ਦਾ ਪਤਾ ਸੀ। ਉਹ ਪ੍ਰਮਾਣੂ ਨੂੰ ਪਦਾਰਥ ਦਾ ਸ਼ੁੱਧ ਰੂਪ ਮੰਨਦੇ ਸਨ। ਪ੍ਰਮਾਣੂ ਅਖੰਡ ਹੈ। ਮਿਲਣਾ ਵਿਛੜਣਾ ਇਸਦਾ ਸੁਭਾਅ ਹੈ। ਇਹ ਵੱਖਰੇ-ਵੱਖਰੇ ਰੂਪ ਬਣਾਉਂਦਾ ਹੈ।

(ਅ)ਧਰਮ- ਧਰਮ ਤੋਂ ਭਾਵ ਹੈ ਗਤੀ। ਇਹ ਤੱਤ ਪਦਾਰਥ ਨੂੰ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ। ਜੈਨ ਧਰਮ ਅਨੁਸਾਰ ਮੱਛੀ ਅੱਗੇ ਵਧਣਾ ਚਾਹੁੰਦੀ ਹੈ। ਪਾਣੀ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ ਇਥੇ ਪਾਣੀ ਧਰਮ ਹੈ।

(ੲ) ਅਧਰਮ- ਇਹ ਗਤੀਸ਼ੀਲ ਹੋਣ ਤੋਂ ਰੋਕਦਾ ਹੈ। ਜਿਵੇਂ ਯਾਤਰੀ ਧੁੱਪ ਵਿਚ ਅੱਗੇ ਵਧਣਾ ਚਾਹੁੰਦਾ ਹੈ। ਰਸਤੇ ਵਿਚ ਦਰੱਖਤ ਦੀ ਛਾਂ ਹੇਠ ਰੁਕ ਗਿਆ। ਇਥੇ ਛਾਂ ਅਧਰਮ ਹੈ।

(ਸ) ਅਕਾਸ਼- ਪੁਲਾੜ ਨੂੰ ਆਕਾਸ਼ ਦ੍ਰਵ ਕਿਹਾ ਜਾਂਦਾ ਹੈ ਜੋ ਰੌਸ਼ਨੀ ਫੈਲਾਉਣ ਵਿਚ ਸਹਾਇਤਾ ਕਰਦਾ ਹੈ। ਅਜੀਵਾਂ ਨੂੰ ਟਿਕਾਉਣ ਵਿਚ ਸਹਾਇਤਾ ਕਰਦਾ ਹੈ। ਲੱਕੜ ਵਿਚ ਕਿੱਲ ਖੁੱਭਣਾ, ਜ਼ਮੀਨ ਵਿਚ ਕਿੱਲ੍ਹਾ ਗੱਡਣਾ ਅਕਾਸ਼ ਤੱਤ ਹੈ।

(ਹ) ਕਾਲ- ਕਾਲ ਤੋਂ ਭਾਵ ਹੈ ਸਮਾਂ ਵੰਡ। ਪਰ ਜੈਨ ਧਰਮ ਅਨੁਸਾਰ ਕਾਲ ਦੀ ਸਮਝ ਉਸੇ ਮਨੁੱਖ ਨੂੰ ਆ ਸਕਦੀ ਹੈ ਜਿਸਨੇ ਦੀਖਿਆ ਲਈ ਹੋਵੇ। ਕਾਲ ਨਵੇਂ ਨੂੰ ਪੁਰਾਣਾ ਅਤੇ ਪੁਰਾਣੇ ਨੂੰ ਨਵਾਂ ਬਣਾਉਂਦੀ ਹੈ। ਮੌਤ ਸਰੀਰ ਦੀ ਹੁੰਦੀ ਹੈ ਆਤਮਾ ਦੀ ਨਹੀਂ। ਇਕ ਆਤਮਾ ਸਰੀਰ ਵਿਚੋਂ ਨਿਕਲ ਕੇ ਦੂਜੇ ਸਰੀਰ ਵਿਚ ਪ੍ਰਵੇਸ਼ ਕਰਦੀ ਹੈ। ਅਖੰਡ ਆਤਮਾ ਖੰਡਿਤ ਮਾਰਗ ਵਿਚੋਂ ਦੀ ਵਿਚਰਦੀ ਹੈ।

**3. ਪੁੰਨ-**

ਪੁੰਨ ਤੋਂ ਭਾਵ ਹੈ ਅਜਿਹੇ ਕਰਮ ਆਤਮਾ ਨੂੰ ਪਵਿੱਤਰ ਕਰਦੇ ਹਨ ਇਹ ਮੁਕਤੀ ਦੇ ਮਾਰਗ ਵਿਚ ਰੁਕਾਵਟ ਨਹੀਂ ਹੁੰਦੇ ਸਹਾਈ ਹੁੰਦੇ ਹਨ। ਕਈ ਵਾਰ ਪਾਪ ਅਤੇ ਪੁੰਨ ਸੰਸਾਰ ਦੀ ਉਤਪਤੀ ਦਾ ਕਾਰਨ ਮੰਨ ਕੇ ਇਸ ਨੂੰ ਇਕ ਸਮਾਨ ਕਿਹਾ ਜਾਂਦਾ ਹੈ । ਪਰ ਜੈਨ ਧਰਮ ਇਸ ਮਤ ਨੂੰ ਸਵੀਕਾਰ ਨਹੀਂ ਕਰਦਾ । ਜੈਨ ਧਰਮ ਅਨੁਸਾਰ ਪਾਪ ਅਤੇ ਪੁੰਨ ਦਾ ਅੰਤਰ ਇਨ੍ਹਾਂ ਦੀ ਭਾਵਨਾ ਅਤੇ ਇਨ੍ਹਾਂ ਦੇ ਨਤੀਜਿਆਂ ਨਾਲ ਹੈ। ਪੁੰਨ ਦੀ ਭਾਵਨਾ ਸ਼ੁੱਭ ਨਾਲ ਜੁੜੀ ਹੈ ਅਤੇ

ਪਾਪ ਦੀ ਭਾਵਨਾ ਅਸ਼ੁੱਭ ਨਾਲ  ਜੁੜੀ ਹੈ। ਪੁੰਨ ਜੀਵਨ ਨੂੰ ਉਸ ਪ੍ਰਕਾਰ ਦੀ ਗਤੀ ਪ੍ਰਦਨ ਕਰਦੇ ਹੈ ਜਿਵੇਂ ਹਵਾ, ਪਾਣੀ ਵਿਚ ਖੜ੍ਹੀ ਕਿਸ਼ਤੀ ਨੂੰ ਗਤੀ ਪ੍ਰਦਾਨ ਕਰਦੀ ਹੈ।

**4.ਪਾਪ-**

ਪਾਪ ਇਕ ਅਜਿਹਾ ਤੱਤ ਹੈ ਜੋ ਜੀਵ ਦੇ ਕਰਮਾਂ ਦੇ ਵਿਕਾਸ ਨੂੰ ਰੋਕਦਾ ਹੈ ਅਤੇ ਮੋਕਸ਼ ਵਿਚ ਰੁਕਾਵਟ ਬਣਦਾ ਹੈ। ਜੈਨ ਧਰਮ ਵਿਚ ਹਿੰਸਾ ਨੂੰ ਸਭ ਤੋਂ ਵੱਡਾ ਪਾਪ ਮੰਨਿਆ ਗਿਆ ਹੈ। ਝੂਠ ਬੋਲਣਾ ਦੂਜਾ ਪਾਪ ਹੈ, ਤੀਜਾ ਪਾਪ ਬੇਈਮਾਨੀ, ਚੌਥਾ ਪਾਪ ਚਰਿਤ੍ਰਹੀਣਤਾ ਅਤੇ ਲੋਭ ਪੰਜਵਾਂ ਪਾਪ ਹੈ। ਇਸ ਤੋਂ ਇਲਾਵਾ ਨੈਤਿਕ ਬੁਰਾਈਆਂ ਵੀ ਪਾਪਾਂ ਵਿਚ ਸ਼ਾਮਿਲ ਹਨ। ਮੋਕਸ਼ ਦੀ ਪ੍ਰਾਪਤੀ ਲਈ ਇਨ੍ਹਾਂ ਪਾਪਾਂ ਤੋਂ ਸੁਚੇਤ ਰਹਿਣ ਦੀ ਜਰੂਰਤ ਹੈ।

**5.ਆਸ਼ਰਵ**-

ਕਰਮ ਦੇ ਆਤਮਾ ਵੱਲ ਆਉਣ ਨੂੰ ਆਸ਼ਰਵ ਕਿਹਾ ਜਾਂਦਾ ਹੈ। ਜਿਸ ਤੋਂ ਭਾਵ ਕਿ ਕਰਮਾਂ ਦਾ ਆਤਮਾ ਵੱਲ ਪ੍ਰਵੇਸ਼। ਇਹ ਉਸ ਸਮੇਂ ਹੁੰਦਾ ਹੈ, ਜਦੋਂ ਸਾਡੇ ਮਨ, ਬਚਨ ਅਤੇ ਸਰੀਰ ਦੀ ਗਤੀਵਿਧੀ ਦੁਆਰਾ ਉਤਪੰਨ ਹੋਏ ਕਰਮਾਂ ਕਾਰਣ ਆਤਮਾ ਇਨ੍ਹਾਂ ਵੱਲ ਆਕਰਸ਼ਿਤ ਹੁੰਦੀ ਹੈ। ਇਨ੍ਹਾਂ ਕਰਮਾਂ ਰਾਹੀਂ ਹੋਲੀ ਹੋਲੀ ਸਾਡੀ ਅਤਮਾ ਮੈਲੀ ਹੁੰਦੀ ਰਹਿੰਦੀ ਹੈ ਜਿਨ੍ਹਾਂ ਨੂੰ ਰੋਕਣਾ ਜਰੂਰੀ ਹੈ। ਜੈਨ ਧਰਮ ਅਨੁਸਾਰ 42 ਪ੍ਰਕਾਰ ਦੇ ਕਰਮ ਆਸ਼ਰਵ ਵਿਚ ਸ਼ਾਮਿਲ ਕੀਤੇ ਗਏ ਹਨ।

**6.ਬੰਧ-**

ਕਰਮਾਂ ਦਾ ਅਸਰ ਉਸ ਸਮੇਂ ਹੀ ਹੁੰਦਾ ਹੈ ਜਦੋਂ ਸਾਡੀ ਚੇਤਨਾ ਇਨ੍ਹਾਂ ਨਾਲ ਜੁੜਦੀ ਹੈ। ਚੇਤਨਾ ਦੇ ਨਾਲ ਕਰਮਾਂ ਦੇ ਇਸ ਬੰਧਨ ਨੂੰ ਬੰਧ ਕਹਿੰਦੇ ਹਨ। ਸਾਡੀ ਚੇਤਨਾ ਰਾਹੀਂ ਸਾਡੇ ਕਰਮ ਵਾਰ-ਵਾਰ ਸਾਡੀ ਆਤਮਾ ਨੂੰ ਮੈਲਾ ਕਰਦੇ ਰਹਿੰਦੇ ਹਨ ਜੋ ਇਸ ਸੰਸਾਰ ਵਿਚ ਜੀਵ ਦੇ ਵਾਰ-ਵਾਰ ਜਨਮ ਲੈਣ ਦਾ ਕਾਰਨ ਬਣਦੇ ਹਨ।

**7.ਸੰਵਰ-**

ਆਤਮਾ ਵੱਲ ਕਰਮਾਂ ਦੀ ਰੋਕ ਨੂੰ ਸੰਵਰ ਕਿਹਾ ਜਾਂਦਾ ਹੈ। ਇਹ ਰੋਕ ਚੰਗੇ ਅਤੇ ਮਾੜੇ, ਦੋਵੇਂ ਪ੍ਰਕਾਰ ਦੇ ਕਰਮਾਂ ਦੀ ਰੋਕ ਹੈ। ਜੈਨ ਧਰਮ ਅਨੁਸਾਰ ਮੋਕਸ਼ ਦੀ ਪ੍ਰਾਪਤੀ ਲਈ ਇਹ ਜ਼ਰੂਰੀ ਹੈ ਕਿ ਜਿਨ੍ਹਾਂ ਰਸਤਿਆਂ ਰਾਹੀਂ

ਕਰਮ ਆਤਮਾ ਵਿਚ ਪ੍ਰਵੇਸ਼ ਕਰ ਰਹੇ ਹਨ ਉਨ੍ਹਾਂ ਨੂੰ ਰੋਕਿਆ ਜਾਵੇ ਤਾਂ ਕਿ ਨਵੇਂ ਕਰਮ ਇਕਠੇ ਨਾ ਹੋਣ। ਇਸਨੂੰ ਸੰਵਰ ਕਿਹਾ ਜਾਂਦਾ ਹੈ।

**8.ਨਿਰਜਰਾ-**

ਆਤਮਾ ਵਿਚ ਪਹਿਲਾਂ ਤੋਂ ਇਕੱਠੇ ਹੋਏ ਕਰਮਾਂ ਦਾ ਨਾਸ਼ ਕਰਨਾ ਜਾਂ ਝਾੜਨਾ ਨਿਰਜਰਾ ਅਖਵਾਉਂਦਾ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਸੰਜਮ ਭਰਪੂਰ ਜੀਵਨ ਰਾਹੀਂ ਮਨ ਅਤੇ ਇੰਦ੍ਰੀਆਂ 'ਤੇ ਕਾਬੂ ਪਾ ਕੇ ਸੰਵਰ ਵਾਲੀ ਅਵਸਥਾ ਦੀ ਪੂਰਨ ਪਾਲਣਾ ਕੀਤੀ ਜਾਵੇ। ਆਪਣੇ ਵਿਵਹਾਰ ਨੂੰ ਨੈਤਿਕਤਾ ਅਨੁਸਾਰ ਢਾਲਣਾ ਅਤੇ ਅਪਣੇ ਖਾਣ ਪੀਣ ਵਿਚ ਸੰਜਮ ਵਰਤ ਕੇ ਸਰੀਰ ਰਾਹੀਂ ਕਠਿਨ ਤਪ ਸਾਧਨਾ ਆਦਿ ਕਰਮ ਨਿਰਜਰਾ ਵਿਚ ਸ਼ਾਮਿਲ ਹਨ।

**9.ਮੋਕਸ਼-**

ਮੋਕਸ਼ ਦੀ ਪ੍ਰਾਪਤੀ ਮਨੁੱਖਾ ਜੀਵਨ ਦਾ ਅੰਤਿਮ ਉਦੇਸ਼ ਹੈ ਜਿਸ ਨੂੰ ਜੈਨ ਧਰਮ ਵਿਚ 'ਕੈਵਲਯ' ਕਿਹਾ ਗਿਆ ਹੈ। ਆਤਮਾ ਦੀ ਮੁਕਤੀ ਲਈ ਕਰਮਾਂ ਦਾ ਛੁਟਕਾਰਾ ਮੋਕਸ਼ ਕਹਿਲਾਉਂਦਾ ਹੈ। ਇਹ ਆਤਮਾ ਦੀ ਇਕ ਆਨੰਦਿਤ ਅਵਸਥਾ ਹੈ ਜਿਸ ਵਿਚ ਆਤਮਾ ਕਰਮਾਂ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦੀ ਹੈ। ਮੋਕਸ਼ ਦੀ ਪ੍ਰਾਪਤੀ ਕਰਨ ਵਾਲਾ ਜਨਮ ਮਰਣ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ।

**5.5.4. ਜੈਨ ਧਰਮ ਅਤੇ ਈਸ਼ਵਰ-**

ਜੈਨ ਧਰਮ ਈਸ਼ਵਰ ਦੀ ਹੋਂਦ ਤੋਂ ਬਿਲਕੁਲ ਇਨਕਾਰੀ ਹੈ। ਉਨ੍ਹਾਂ ਦੀ ਸਿੱਖਿਆ ਅਨੁਸਾਰ ਆਤਮਾ ਜਾਂ ਜੀਵ, ਪਵਿੱਤਰ ਜੀਵਨ ਅਪਨਾ ਕੇ ਲਗਾਤਾਰ ਜਨਮ ਧਾਰ ਕੇ ਆਪਣੇ ਕੁਕਰਮਾਂ ਤੋਂ ਛੁਟਕਾਰਾ ਪ੍ਰਾਪਤ ਕਰ ਸਕਦਾ ਹੈ। ਮਨੁੱਖ ਅੰਦਰ ਵਸਦਾ ਜੀਵ ਹੀ ਬ੍ਰਹਮ ਅਰਥਾਤ ਮਹਾਨ ਉੱਚ ਸ਼ਕਤੀ ਹੈ। ਇਸ ਤੋਂ ਬਿਨਾਂ ਮਨੁੱਖ ਦੀ ਕੋਈ ਹੋਂਦ ਨਹੀਂ ਹੈ। ਡਾ. ਸ਼ਾਂਤੀ ਨਾਥ ਗੁਪਤਾ ਨੇ ਇਸ ਸੰਬੰਧੀ ਵਿਸਥਾਰ ਸਹਿਤ ਚਰਚਾ ਕੀਤੀ ਹੋਈ ਹੈ । ਉਹ ਲਿਖਦੇ ਹਨ ਕਿ ਜੈਨ ਮੱਤ ਵਾਲੇ ਦੇਵਤੇ ਜਾਂ ਈਸ਼ਵਰੀ ਸੱਤਾ ਨੂੰ ਪਰਵਾਨ ਨਹੀਂ ਕਰਦੇ। ਵਿਦਵਾਨਾਂ ਅਤੇ ਧਰਮ ਆਚਾਰੀਆਂ ਵਲੋਂ ਈਸ਼ਵਰੀ ਸੱਤਾ ਦੀ ਹੋਂਦ ਨੂੰ ਸਿੱਧ ਕਰਨ ਲਈ ਦੋ ਪ੍ਰਕਾਰ ਦੇ ਆਧਾਰ ਪਰਵਾਨੇ ਗਏ ਹਨ । ਪਹਿਲਾਂ ਕਾਰਨਤਾ ਅਤੇ ਦੂਸਰਾ ਅਨੁਭਵ। ਕਾਰਨਤਾਵਾਦ ਦੇ ਆਧਾਰ ਤੇ ਨਿਆਇ-ਦਰਸ਼ਨ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਦਾ ਯਤਨ ਕਰਦਾ ਹੈ। ਕੋਈ ਘਟਨਾ ਕਾਰਨ ਨਹੀਂ ਹੁੰਦੀ। ਕਾਰਨ ਕਾਰਜ ਦੇ ਸੰਬੰਧ ਵਿਚ ਅਸੀਂ ਇਸ ਵਿਸ਼ਵਾਸ ਤੇ ਚਲਦੇ ਹਾਂ ਕਿ ਹਰ

ਕਾਰਜ ਦਾ ਕੋਈ ਕਾਰਨ ਹੁੰਦਾ ਹੈ ਅਤੇ ਕਾਰਨ ਕਾਰਜ ਸੰਬੰਧ ਸਥਾਈ ਹੈ। ਘੁਮਿਆਰ ਅਤੇ ਘੜੇ ਦੀ ਮਿਸਾਲ ਦਿੰਦਿਆਂ ਲਿਖਿਆ ਹੋਇਆ ਹੈ ਕਿ ਜਿਵੇਂ ਘੁਮਿਆਰ ਘੜੇ ਦਾ ਨਮਿਤ ਕਾਰਨ ਹੈ ਇਵੇਂ ਇਸ ਬ੍ਰਹਿਮੰਡ ਦੀ ਸਿਰਜਨਾ ਕਰਨ ਵਾਲੀ ਕੋਈ ਸ਼ਕਤੀ ਜ਼ਰੂਰ ਹੈ। ਜੇਕਰ ਅਣੂ ਅਨਾਦਿ ਅਤੇ ਨਿੱਤ ਹਨ, ਤਾਂ ਇਹ ਉਸ ਦਾ ਵਸਤੂਗਤ ਕਾਰਨ ਹਨ ਅਤੇ ਈਸ਼ਵਰ ਇਨ੍ਹਾਂ ਅਣੂਆਂ ਤੋਂ ਬ੍ਰਹਿਮੰਡ ਦੀ ਸਿਰਜਨਾ ਕਰਦਾ ਹੈ। ਇਨ੍ਹਾਂ ਦਲੀਲਾਂ ਦੇ ਵਿਰੁੱਧ ਜੈਨੀ ਹੇਠ ਲਿਖੇ ਤਰਕ ਪੇਸ਼ ਕਰਦੇ ਹਨ :

1. ਜੇਕਰ ਪਰਿਣਾਮ ਭਾਗਾਂ ਤੋਂ ਬਣਦਾ ਹੈ ਤਾਂ ਉਨ੍ਹਾਂ ਦਾ ਵਰਗ ਵਿਚਾਰ, ਪਰਿਣਾਮ ਹੋਵੇਗਾ । ਇਸ ਲਈ ਉਹ ਨਾਸ਼ਵਾਨ ਹੋਣਾ ਚਾਹੀਦਾ ਹੈ ਪਰ ਆਕਾਸ਼ ਨੂੰ ਨਿਆਇ ਸ਼ਾਸਤਰ ਭਾਗਹੀਣ ਅਤੇ ਅਵਿਨਾਸ਼ੀ ਮੰਨਦੇ ਹਨ ।

2. ਜਗਤ ਨੂੰ ਪਰਿਣਾਮ ਕਿਵੇਂ ਮੰਨਿਆ ਜਾ ਸਕਦਾ ਹੈ ਕਿਉਂਕਿ ਅਣੂ ਨਾ ਹੋਣ ਵਾਲੀ ਵਸਤੂ ਦੇ ਵੀ ਕਾਰਨ ਹਨ । ਇਸ ਲਈ ਅਣੂ ਹੀ ਕਾਰਨ ਹਨ ਅਤੇ ਅਣੂ ਹੀ ਪਰਿਣਾਮ ਹਨ ।

3. ਆਕਾਸ਼ ਨੂੰ ਕਿਵੇਂ ਬਣਾਇਆ ਜਾ ਸਕਦਾ ਹੈ ਕਿਉਂਕਿ ਇਕ ਵਿਅਕਤੀ ਜ਼ਮੀਨ ਖੋਦ ਕੇ ਸੋਚਦਾ ਹੈ ਕਿ ਉਸਨੇ ਆਕਾਸ਼ ਦੀ ਉਤਪਤੀ ਕੀਤੀ ਹੈ ਜਿਹੜੀ ਗੱਲ ਗ਼ਲਤ ਹੈ । ਆਕਾਸ਼ ਪਰਿਣਾਮ ਨਹੀਂ ਹੈ ।

4. ਜੇਕਰ ਈਸ਼ਵਰ ਨੇ ਹਿਮੰਡ ਦੀ ਰਚਨਾ ਕੀਤੀ ਹੈ ਤਾਂ ਉਹ ਪਰਿਵਰਤਨਸ਼ੀਲ ਹੈ ਅਤੇ ਫਿਰ ਉਸਦਾ ਕਾਰਨ ਵੀ ਹੋਵੇਗਾ। ਇਵੇਂ ਇਸ ਦਲੀਲ ਵਿਚ ਅਨ-ਅਵਸਥਾ ਦਾ ਦੋਸ਼ ਹੈ ।

5. ਜੈਨੀ ਕਰਦੇ ਹਨ ਕਿ ਜੇਕਰ ਬੁੱਧੀਮਾਨ ਮਨੁੱਖ ਦੀ ਅਨੁਰੂਪਤਾ ਦੇ ਆਧਾਰ ਤੇ ਈਸ਼ਵਰ ਨੂੰ ਬੁੱਧੀਮਾਨ ਸਿੱਧ ਕੀਤਾ ਜਾਂਦਾ ਹੈ ਤਾਂ ਈਸ਼ਵਰ ਮਨੁੱਖ ਦੀਆਂ ਸਾਰੀਆਂ ਅਪੂਰਣਤਾਵਾਂ ਦਾ ਸ਼ਿਕਾਰ ਵੀ ਹੋਵੇਗਾ ।

ਈਸ਼ਵਰੀ ਹੋਂਦ ਦਾ ਦੂਜਾ ਆਧਾਰ ਅਨੁਭਵ ਹੈ। ਇਸ ਸੰਬੰਧੀ ਜੈਨ ਮੱਤ ਦੀ ਧਾਰਨਾ ਹੈ ਕਿ ਈਸ਼ਵਰੀ ਹੋਂਦ ਅਨੁਭਵ ਦਾ ਪਰਿਣਾਮ ਨਹੀਂ, ਸਗੋਂ ਈਸ਼ਵਰ ਸੰਬੰਧੀ ਸੋਚ ਹੀ ਅਜਿਹੇ ਵਿਸ਼ਵਾਸ ਦੀ ਉਪਜ ਹੈ। ਇਸ ਸੰਬੰਧ ਵਿਚ ਜੈਨੀ ਹੇਠ ਲਿਖੇ ਅਨੁਸਾਰ ਤਰਕ ਕਰਦੇ ਹਨ :

1. ਈਸ਼ਵਰ ਸਰੀਰ ਤੋਂ ਬਿਨਾਂ ਜਗਤ ਦੀ ਸਿਰਜਨਾ ਨਹੀਂ ਕਰ ਸਕਦਾ ਕਿਉਂਕਿ ਰਚਨਾ ਇਕ ਕਾਰਵਾਈ ਹੈ ਇਸ ਲਈ ਗਤੀ ਦੀ ਲੋੜ ਹੈ ਅਤੇ ਗਤੀ ਸਰੀਰ ਤੋਂ ਬਿਨਾਂ ਸੰਭਵ ਨਹੀਂ। ਇਹ ਸਰੀਰ ਦ੍ਰਿਸ਼ਟਮਾਨ ਹੋਣਾ ਚਾਹੀਦਾ ਹੈ ਪਰ ਅਸੀਂ ਇਸ ਦੇ ਵਿਰੁੱਧ ਹਾਂ ਕਿ ਘਾਹ, ਬੇਲ ਅਤੇ ਬੂਟੇ ਬਿਨਾਂ ਸਰੀਰ ਤੋਂ ਪੈਦਾ ਹੋ ਰਹੇ ਹਨ। ਜੇਕਰ ਇਹ ਈਸ਼ਵਰੀ ਸੱਤਾ ਨੇ ਰਚੇ ਹਨ ਤਾਂ ਇਹ ਦਲੀਲ ਗੋਲਮੋਲ ਹੈ।

2. ਜੇਕਰ ਈਸ਼ਵਰ ਦਾ ਸਰੀਰ ਅਦ੍ਰਿਸ਼ਟਮਾਨ ਹੈ ਤਾਂ ਅਦ੍ਰਿਸ਼ਟਮਾਨ ਘੁਮਿਆਰ ਘੜੇ ਕਿਵੇਂ ਨਹੀਂ ਬਣਾ ਸਕਦਾ? ਰਚਨਾ ਲਈ ਗਿਆਨ ਅਤੇ ਸੰਕਲਪ ਦੀ ਲੋੜ ਹੈ ਪਰ ਇਹ ਸਰੀਰ ਤੋਂ ਬਿਨਾਂ ਕਿਵੇਂ ਅਸਤਿਤਵ ਹਿਣ ਕਰ ਸਕਦੇ ਹਨ?

3. ਜੇਕਰ ਈਸ਼ਵਰ ਜਗਤ ਦੀ ਰਚਨਾ ਆਪਣੀ ਹੀ ਮਰਜ਼ੀ ਨਾਲ ਕਰਦਾ ਹੈ ਤਾਂ ਸ੍ਰਿਸ਼ਟੀ ਅੰਦਰ ਕਿਰਤਿਕ ਨਿਯਮ ਕਿਵੇਂ ਹੋ ਸਕਦੇ ਹਨ? ਜੇਕਰ ਉਹ ਨਿਯਮਾਂ ਅਨੁਸਾਰ ਕਰਦਾ ਹੈ ਤਾਂ ਫਿਰ ਉਹ ਸੁਤੰਤਰ ਕਿਵੇਂ ਹੋਇਆ ? ਜੇਕਰ ਉਹ ਦਇਆ ਭਾਵ ਨਾਲ ਸ੍ਰਿਸ਼ਟੀ ਸਿਰਜਦਾ ਹੈ । ਤਾਂ ਜੀਵਨ ਵਿਚ ਪ੍ਰਸੰਨਤਾ ਹੀ ਪ੍ਰਸੰਨਤਾ ਹੁੰਦੀ ਪਰ ਅਜਿਹਾ ਨਹੀਂ ਹੈ।

4. ਜੇਕਰ ਈਸ਼ਵਰ ਬ੍ਰਹਿਮੰਡ ਦਾ ਸਿਰਜਕ ਹੈ ਤਾਂ ਉਸਨੂੰ ਪਦਾਰਥ ਜਾਂ ਸੰਦ ਦੀ ਆਵਸ਼ਕਤਾ ਹੁੰਦੀ ਹੋਏਗੀ, ਪਰ ਜੇਕਰ ਬਿਨਾਂ ਸੰਦ ਤੋਂ ਸਿਰਜਨਾ ਕਰਦਾ ਹੈ ਤਾਂ ਇਹ ਸਾਡੇ ਅਨੁਭਵ ਦੇ ਵਿਰੁੱਧ ਹੈ ।

5. ਅਸਤਿਤਵ ਨੂੰ ਕਦੀ ਵੀ ਸਿੱਧ ਨਹੀਂ ਕੀਤਾ ਜਾ ਸਕਦਾ। ਇਸ ਲਈ ਦਲੀਲ ਅੰਦਰ ਅੰਤਰਵਿਰੋਧ ਪੈਦਾ ਹੋ ਜਾਂਦੇ ਹਨ। ਜੇਕਰ ਈਸ਼ਵਰ ਇਕ ਹੈ ਤਾਂ ਉਹ ਅਨੇਕ ਵੀ ਹੋ ਸਕਦਾ ਹੈ। ਜੇ ਉਹ ਗੁਣਾਂ ਵਾਲਾ ਹੈ ਤਾਂ ਗੁਣਾਂ ਤੋਂ ਰਹਿਤ ਵੀ ਹੋ ਸਕਦਾ ਹੈ। ਇਸ ਲਈ ਜੈਨੀ ਵਿਸ਼ਵਾਸ ਹੈ ਕਿ ਅਜਿਹੇ ਵਿਚਾਰ ਨੂੰ ਛੱਡ ਦੇਣਾ ਚਾਹੀਦਾ ਹੈ। ਇਸ ਨਾਲ ਧਰਮ ਸ਼ਾਸਤਰੀ ਦ੍ਰਿਸ਼ਟੀ ਤੋਂ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਜੈਨੀ ਉਸੇ ਸੱਚਾਈ ਵਿਚ ਵਿਸ਼ਵਾਸ ਕਰਦੇ ਹਨ ਜਿਹੜੀ ਤਰਕ ਦੇ ਘੇਰੇ ਵਿਚ ਗ੍ਰਹਿਣ ਕੀਤੀ ਜਾ ਸਕਦੀ ਹੈ। ਇਸ ਨਾਲ ਜੈਨੀ ਆਮ ਲੋਕਾਂ ਵਿਚ ਹਿੰਦੂ ਧਰਮ ਦੇ ਬਦਲ ਵਜੋਂ ਪਰਵਾਨ ਹੋ ਗਏ।

ਜੈਨ ਧਰਮ ਦਾ ਨਿਸ਼ਚਾ ਪਰਮਾਤਮਾ ਪ੍ਰਤਿ ਨਾਸਤਿਕਤਾ ਵਾਲਾ ਹੈ।ਉਹ ਅਹਿੰਸਾ ਅਤੇ ਸੱਚ ਤੇ ਜ਼ੋਰ ਦਿੰਦੇ ਹਨ, ਪਰ ਸਮਾਂ ਪਾ ਕੇ ਹਿੰਦੂ ਧਰਮ ਨੇ ਜੈਨ ਧਰਮ ਨੂੰ ਆਪਣੇ ਪੇਟੇ ਪਾ ਲਿਆ। ਮੂਲ ਪਰਿਵਰਤਕ ਰਿਸ਼ਭ ਦੇਵ ਨੂੰ ਚੌਵੀ ਅਵਤਾਰਾਂ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਇਸ ਨੂੰ ਹਿੰਦੂ ਧਰਮ ਦਾ ਪੱਕਾ ਸਾਥੀ ਬਣਾ ਦਿੱਤਾ।

### 5.5.5. ਜੈਨ ਧਰਮ ਦੇ ਸੰਸਾਰ ਪ੍ਰਤੀ ਵਿਚਾਰ-

ਜੈਨ ਮਤ ਅਨੁਸਾਰ ਇਸ ਸੰਸਾਰ ਵਿਚ ਜਿੰਨੀ ਵੀ ਰਚਨਾ ਹੋਈ ਹੈ ਜਾਂ ਹੋ ਰਹੀ ਹੈ, ਉਸ ਸਾਰੇ ਦੇ ਪੰਜ ਨਮਿਤ ਕਾਰਨ ਹਨ- ਕਾਲ, ਸੁਭਾਵ, ਨੀਯਤ, ਪੂਰਵ ਕਰਮ ਅਤੇ ਉਦਮ। ਇਨ੍ਹਾਂ ਦੇ ਸਿਵਾ ਹੋਰ ਕੋਈ ਸੰਸਾਰ ਦਾ

ਕਰਤਾ ਨਹੀਂ ਹੈ। ਉਦਾਹਰਣ ਵਜੋਂ- ਬੀਜ ਵਿਖੇ ਬ੍ਰਿਛ ਦਾ ਸਮਾਇਆ ਹੋਇਆ ਹੋਣਾ। ਉਸ ਦੀ ਸ਼ਕਤੀ ਅਤੇ ਉਸ ਦੇ ਸੁਭਾ ਸਮੇਤ ਹਾਜ਼ਰ ਹੋਣਾ। ਬਰਸਾਤ ਵਿਖੇ ਬੀਜ ਫੁੱਟਦਾ ਹੈ, ਬੀਜ ਦੀ ਲੰਬਾਈ, ਚੌੜਾਈ ਅਤੇ ਉਚਾਈ ਪਹਿਲਾਂ ਹੀ ਉਸ ਵਿਚ ਉਪਸਥਿਤ ਹੋਈ ਹੁੰਦੀ ਹੈ ਅਤੇ ਇਹ ਉਸ ਦੀ ਨੀਯਤ ਹੈ। ਪੂਰਵ ਕਰਮ ਦੇ ਬਗ਼ੈਰ ਬੀਜ ਦਾ ਬੀਜ-ਜਾਤੀ ਵਿਕੇ ਪਰਵ੍ਰਿਤ ਹੋਣਾ ਅਸੰਭਵ ਹੈ। ਬਿਨਾਂ ਬੀਜ ਬੀਜਣ ਵਾਲੇ ਦੇ ਜ਼ਮੀਨ ਵਿਚ ਦਬਾਏ ਜਾਣ ਤੋਂ ਬਗ਼ੈਰ ਬੀਜ ਅੰਕੁਰ ਚੋਂ ਨਿਕਲ ਕੇ ਬ੍ਰਿਛ ਨਹੀਂ ਬਣ ਸਕਦਾ।

### 5.5.6. **ਕੈਵਲਯ (ਮੁਕਤੀ)**

ਜੈਨ ਧਰਮ  ਅਨੁਸਾਰ ਮੁਕਤੀ (ਕੈਵਲਯ) ਪ੍ਰਾਪਤੀ ਹੀ ਮਨੁੱਖੀ ਜੀਵਨ ਦਾ ਪਰਮ ਉਦੇਸ਼ ਹੈ । ਇਸਦੇ ਲਈ ਤਪ , ਅਹਿੰਸਾ , ਸਦਾਚਾਰ , ਵਿਸ਼ਵਾਸ ਅਤੇ ਕਰਮ ਨੂੰ ਪਰਮੁੱਖਤਾ ਪਰਦਾਨ ਕੀਤੀ ਗਈ ਹੈ । ਆਤਮਾ ਨੂੰ ਕਰਮਾਂ ਦੇ ਬੰਧਨ ਤੋਂ ਛੁਟਕਾਰਾ ਦੁਆਉਣਾ ਹੀ ਮੋਕਸ਼ ਹੈ। ਕਰਮ ਚੱਕਰ ਖਤਮ ਹੁੰਦੇ ਹੀ ਜੀਵ ਨੂੰ ਮੁਕਤੀ ਮਿਲ ਜਾਂਦੀ ਹੈ। ਜੀਵ ਨੂੰ ਪਰਮ ਆਨੰਦ ਤੇ ਖੁਸ਼ੀ ਮਹਿਸੂਸ ਹੁੰਦੀ ਹੈ। ਆਤਮਾ ਸੁੰਤਤਰ ਹੋ ਕੇ ਸਿੱਧੀ ਕਸ਼ੇਤਰ ਗ੍ਰਹਿ ਤੇ ਪਹੁੰਚ ਜਾਂਦੀ ਹੈ ਜੋ ਸੰਸਾਰ ਦੀ ਚੋਈ ਉੱਪਰ ਸਥਿਤ ਹੈ। ਜੈਨ ਧਰਮ ਅਨੁਸਾਰ ਕੇਵਲ ਮਨੁੱਖੀ ਜਨਮ ਵਿਚ ਹੀ ਮੋਕਸ਼ ਸੰਭਵ ਹੈ ਅਤੇ ਉਹ ਵੀ ਤਿੰਨ ਰਤਨਾਂ ਦੇ ਸਿਧਾਂਤ ਦੀ ਪਾਲਣਾ ਕਰਨ ਤੇ। ਸਾਧਾਰਨ ਮਨੁੱਖ ਅਤੇ ਤਪੱਸਵੀਆਂ ਲਈ ਵਖੋ ਵੱਖਰਾ ਵਿਧਾਨ ਹੈ। ਜੈਨ ਧਰਮ ਦਾ ਮੂਲ ਆਧਾਰ ਇਸਦੇ ਤਿੰਨ ਰਤਨਾਂ (ਕ੍ਰਿਤਨ ) ਦੇ ਸਿਧਾਂਤ ਨੂੰ ਪਰਵਾਨਿਆ ਜਾ ਸਕਦਾ ਹੈ । ਇਹੋ ਕੈਵਲਯ ਪ੍ਰਾਪਤੀ ਵਿਚ ਪੂਰੀ ਤਰ੍ਹਾਂ ਸਹਾਇਕ ਹੋ ਸਕਦਾ ਹਨ। ਤਿੰਨ ਰਤਨ ਇਹ ਹਨ : (ੳ) ਸਹੀ ਵਿਸ਼ਵਾਸ  (ਅ) ਸਹੀ ਗਿਆਨ  (ੲ) ਸਹੀ ਚਰਿੱਤਰ ਅਥਵਾ ਸੱਚਾ ਆਚਾਰ।

### 5.6.**ਸਾਰ**-

ਇਸ ਤਰ੍ਹਾਂ ਅਸੀਂ ਕਿਹ ਸਕਦੇ ਹਾਂ ਕਿ ਜੈਨ ਧਰਮ ਧਰਮ ਪ੍ਰੰਪਰਾ ਦਾ ਇਕ ਪੁਰਾਤਨ ਧਰਮ ਹੈ ਜੋ ਇਤਿਹਾਸਕ ਪੱਖ ਤੋਂ ਵੈਦਿਕ ਧਰਮ ਵਾਂਗ ਪ੍ਰਾਚੀਨ ਹੈ। ਇਹ ਧਰਮ ਆਪਣੇ 24 ਤੀਰਥੰਕਰਾਂ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਵਿਚ ਵਿਸ਼ਵਾਸ਼ ਕਰਨ ਵਾਲਾ ਧਰਮ ਹੈ ਜੋ ਪੂਰਨ ਰੂਪ ਵਿਚ ਅਹਿੰਸਾਵਾਦੀ ਹੈ। ਇਸ ਧਰਮ ਅਨੁਸਾਰ ਨੈਤਿਕ ਚਰਿੱਤਰ ਲਈ ਸਹੀ ਗਿਆਨ, ਸਹੀ ਦਰਸ਼ਨ ਅਤੇ ਸਹੀ ਚਰਿੱਤਰ ਦਾ ਹੋਣਾ ਜ਼ਰੂਰੀ ਹੈ, ਇਹਨਾਂ ਨੂੰ ਤਿੰਨ

ਰਤਨ ਕਿਹਾ ਗਿਆ ਹੈ। ਜੈਨ ਧਰਮ ਦਾ ਪ੍ਰਮੁੱਖ ਉਦੇਸ਼ ਕੈਵਲਯ (ਮੁਕਤੀ) ਦੀ ਪ੍ਰਾਪਤੀ ਹੈ ਜੋ ਇਸ ਧਰਮ ਅਨੁਸਾਰ ਪੰਜ ਮਹਾਂਵਰਤਾਂ ਅਤੇ ਤਿੰਨ ਰਤਨਾਂ ਦੀ ਪਾਲਣਾ ਨਾਲ ਸੰਭਵ ਹੈ।

### 5.7 ਪੜ੍ਹਣਯੋਗ ਪੁਸਤਕਾਂ


- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਹਰਪਾਲ ਸਿੰਘ ਪੰਨੂੰ, (ਡਾ.),*ਭਾਰਤ ਦੇ ਪੁਰਾਤਨ ਧਰਮ - ਇਕ ਸੰਖੇਪ ਸਰਵੇਖਣ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ , ਪਟਿਆਲਾ 2000
- ਪਰਮਵੀਰ ਸਿੰਘ, (ਡਾ.), ਪ੍ਰਦੁਮਨ ਸ਼ਾਹ ਸਿੰਘ (ਡਾ.), ਭਾਰਤ ਦੇ ਪ੍ਰਮੁਖ ਧਰਮ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974
- S. Stevenson, The Heart of Jainism, Oxford University Press, 1915


### 5.8 ਅਭਿਆਸ ਲਈ ਪ੍ਰਸ਼ਨ

#### ਵੱਡੇ ਪ੍ਰਸ਼ਨ

1. ਜੈਨ ਧਰਮ ਦੇ ਆਰੰਭ ਬਾਰੇ ਵਿਸਥਾਰ ਪੂਰਵਕ ਵਰਣਨ ਕਰੋ।
2. ਮਹਾਂਵੀਰ ਜੈਨ ਕੌਣ ਸਨ ? ਉਨ੍ਹਾਂ ਦੇ ਜੀਵਨ ਉੱਤੇ ਰੌਸ਼ਨੀ ਪਾਉ।
3. ਜੈਨ ਧਰਮ ਦੀਆਂ ਪ੍ਰਮੁੱਖ ਸਿਖਿਆਵਾਂ ਬਾਰੇ ਲਿਖੋ।
4. ਜੈਨ ਧਰਮ ਦੀਆਂ ਨੌਂ ਸੱਚਾਈਆਂ ਕਿਹੜੀਆਂ ਸਨ?
5. ਜੈਨ ਧਰਮ ਦੇ ਈਸ਼ਵਰ ਪ੍ਰਤੀ ਵਿਚਾਰਾਂ ਦਾ ਵਰਣਨ ਕਰੋ।

#### ਛੋਟੇ ਪ੍ਰਸ਼ਨ

1. ਬ੍ਰਹਮਚਰਜ ਤੋਂ ਕੀ ਭਾਵ ਹੈ?
2. ਪੰਜ ਮਹਾਂਵਰਤ ਕੀ ਹਨ?
3. ਕੈਵਲਯ ਬਾਰੇ ਤੁਸੀਂ ਕੀ ਜਾਣਦੇ ਹੋ?
4. ਸ਼੍ਰਾਵਕਾਂ ਦੇ 12 ਵਰਤ ਕਿਹੜੇ ਹਨ?
5. 24 ਤੀਰਥੰਕਰਾਂ ਦੇ ਨਾਮ ਲਿਖੋ।

# CORE COURSE (CC): RELIGIOUS STUDIES

**SEMESTER I** **PAPER I: ਧਰਮਾਂ ਦੀ ਸੰਖੇਪ ਜਾਣ-ਪਛਾਣ** **Section - B**

**(BRIEF INTRODUTION TO RELIGIONS)**

## ਬੁੱਧ ਧਰਮ ਆਰੰਭ ਅਤੇ ਵਿਕਾਸ


**6.0. ਉਦੇਸ਼**

**6.1. ਜਾਣ-ਪਛਾਣ**

**6.2. ਬੁੱਧ ਧਰਮ ਦਾ ਆਰੰਭ**

**6.3. ਵਿਕਾਸ**

**6.3.1. ਪਹਿਲਾ ਪੜਾਅ: ਸਾਧਾਰਣ ਲੋਕਾਂ ਵਿਚ ਹਰਮਨ ਪ੍ਰਿਯਤਾ-**

**6.3.2. ਬੋਧੀ ਸੰਘ ਦੇ ਰੂਪ ਵਿਚ-**

**6.3.3. ਬੁੱਧ ਧਰਮ ਨੂੰ ਰਾਜਸੀ ਸਰਪ੍ਰਸਤੀ-**

**6.3.4. ਬੁੱਧ ਧਰਮ : ਭਾਰਤ ਤੋਂ ਏਸ਼ੀਆ ਦੇ ਵੱਖ-ਵੱਖ ਹਿੱਸਿਆਂ ਤਕ ਦਾ ਸਫ਼ਰ-**

**6.3.5.ਮਹਾਂਸਭਾਵਾਂ ਦਾ ਬੁੱਧ ਧਰਮ ਦੇ ਵਿਕਾਸ ਵਿਚ ਯੋਗਦਾਨ-**

**6.3.5.1. ਪਹਿਲੀ ਬੋਧੀ ਮਹਾਂਸਭਾ**

**6.3.5.2. ਦੂਜੀ ਬੋਧੀ ਮਹਾਂਸਭਾ**

**6.3.5.3. ਤੀਜੀ ਬੋਧੀ ਮਹਾਂਸਭਾ**

**6.3.5.4. ਚੌਥੀ ਬੋਧੀ ਮਹਾਂਸਭਾ**

**6.4. ਬੁੱਧ ਧਰਮ ਦੇ ਸਿਧਾਂਤ ਅਤੇ ਸਿੱਖਿਆਵਾਂ-**

**6.4.1. ਚਾਰ ਮਹਾਨ ਸੱਚਾਈਆਂ**

**6.4.1.1. ਦੁੱਖ ਹੈ**

**6.4.1.2. ਦੁੱਖ ਦਾ ਕਾਰਣ ਹੈ**

**6.4.1.3. ਦੁੱਖਾਂ ਦਾ ਨਿਵਾਰਣ ਸੰਭਵ ਹੈ**

**6.4.1.4. ਦੁੱਖਾਂ ਦੀ ਨਵਿਰਤੀ ਦਾ ਮਾਰਗ**

**6.4.2. ਅਸ਼ਟਾਂਗ ਮਾਰਗ**

**6.5. ਸਾਰੰਸ਼**

**6.6 ਪੜ੍ਹਣਯੋਗ ਪੁਸਤਕਾਂ**

**6.7 ਅਭਿਆਸ ਲਈ ਪ੍ਰਸ਼ਨ**

**6.0. ਉਦੇਸ਼**

ਬੁੱਧ ਧਰਮ ਸੰਸਾਰ ਦੇ ਧਰਮਾਂ ਵਿਚ ਇਕ ਅਹਿਮ ਧਰਮ ਵਜੋਂ ਜਾਣਿਆ ਜਾਂਦਾ ਹੈ ਜੋ ਭਾਰਤ ਵਿਚ ਹੀ ਨਹੀਂ ਸਗੋਂ ਵਿਸ਼ਵ ਦੇ ਕਈ ਦੇਸ਼ਾਂ ਵਿਚ ਆਪਣੀ ਹੋਂਦ ਰੱਖਦਾ ਹੈ। ਇਸ ਯੂਨਿਟ ਦਾ ਉਦੇਸ਼ ਭਾਰਤੀ ਧਰਮ ਪ੍ਰੰਪਰਾ ਦੇ ਅੰਗ, ਬੁੱਧ ਧਰਮ ਦੇ ਆਰੰਭ, ਇਸ ਧਰਮ ਦੇ ਇਤਿਹਾਸਕ ਵਿਕਾਸ ਅਤੇ ਬੁੱਧ ਧਰਮ ਦੇ ਸਿਧਾਂਤਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ।

**6.1. ਜਾਣ-ਪਛਾਣ**

ਬੁੱਧ ਧਰਮ ਸ੍ਰਮਣਿਕ ਪਰੰਪਰਾ ਦਾ ਭਾਰਤੀ ਮੂਲ ਦਾ ਧਰਮ ਹੈ ਜੋ ਕਿ ਮੁੱਖ ਰੂਪ ਵਿਚ ਅਹਿੰਸਾ ਅਤੇ ਸੰਸਾਰਕ ਦੁੱਖਾਂ ਦੀ ਨਵਿਰਤੀ (ਨਿਰਵਾਣ) ਦੇ ਸਿਧਾਂਤ 'ਤੇ ਆਧਾਰਿਤ ਹੈ। ਇਸ ਧਰਮ ਨੂੰ ਅਵੈਦਿਕ ਧਰਮ ਅਤੇ ਨਾਸਤਿਕ ਧਰਮ ਵੀ ਕਿਹਾ ਜਾਂਦਾ ਹੈ ਕਿਉਂਕਿ ਬੁੱਧ ਧਰਮ ਦੇ ਪੈਰੋਕਾਰ ਵੇਦਾਂ ਨੂੰ ਦੈਵੀ ਇਲਹਾਮ ਨਹੀਂ ਮੰਨਦੇ ਅਤੇ ਨਾ ਹੀ ਉਹ ਕਿਸੇ ਅਜਿਹੀ ਪਰਮ-ਸੱਤਾ ਵਿਚ ਵਿਸ਼ਵਾਸ ਰੱਖਦੇ ਹਨ, ਜਿਹੜੀ ਇਸ ਵਿਅਕਤ ਸੰਸਾਰ ਦੀ ਰਚਨਹਾਰ ਅਤੇ ਪਾਲਨਹਾਰ ਹੋਵੇ। ਬੁੱਧ ਧਰਮ ਦੇ ਮੋਢੀ ਮਹਾਤਮਾ ਬੁੱਧ ਸਨ ਜਿਨ੍ਹਾਂ ਨੂੰ ਇਸ ਧਰਮ ਦੇ ਪੈਰੋਕਾਰ, ਇਕ ਗਿਆਨਵਾਨ ਪੁਰਖ ਅਤੇ ਨਿਰਵਾਣ-ਯੋਗ ਇਕ ਸਤਿਕਾਰਤ ਵਿਅਕਤੀ ਦੇ ਤੌਰ 'ਤੇ ਮੰਨਦੇ ਹਨ।

**6.2. ਬੁੱਧ ਧਰਮ ਦਾ ਆਰੰਭ**

ਬੁੱਧ ਧਰਮ ਬਾਰੇ ਬਹੁਤੇ ਵਿਦਵਾਨਾਂ ਦਾ ਮੱਤ ਹੈ ਕਿ ਬੁੱਧ ਧਰਮ ਦਾ ਉਦਗਮ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸੀ। ਇਹ ਸਮਕਾਲੀ ਸਮਾਜ ਦੇ ਬੌਧਿਕ ਸੰਕਟ, ਧਾਰਮਿਕ ਸੰਕੀਰਣਵਾਦ, ਕੱਟੜਵਾਦ ਅਤੇ ਖੜੋਤਵਾਦ ਦੇ ਪ੍ਰਤੀਕਰਮ ਵਿਚੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ। ਮਹਾਤਮਾ ਬੁੱਧ ਦਾ ਚਿੰਤਨ ਵੇਦਾਂ ਵਿਚਲੇ ਕਰਮਕਾਂਡ, ਹਿੰਸਾਯੁਕਤ ਯੁੱਗ ਦੇ ਅਡੰਬਰ, ਪ੍ਰੋਹਿਤਵਾਦ ਦੇ ਅਹੰਕਾਰ, ਤੱਤ-ਵਿਗਿਆਨਕ ਝਗੜਿਆਂ ਅਤੇ ਵਹਿਮਾਂ ਭਰਮਾਂ ਨਾਲ ਸਮਾਜ ਵਿਚ ਆ ਚੁੱਕੀ ਖੜੋਤ ਦੇ ਵਿਰੁੱਧ ਬਗਾਵਤ ਦੇ ਪ੍ਰਤੀਕ ਵਜੋਂ ਉਭਰਿਆ । ਪ੍ਰੰਤੂ ਕਈ ਵਿਦਵਾਨ ਇਸ ਮੱਤ ਨਾਲ ਸਹਿਮਤ ਨਹੀਂ ਹਨ। ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ, 'ਧਰਮ-ਚਿੰਤਕਾਂ ਦਾ ਇਹ ਵਿਚਾਰ ਗ਼ਲਤ ਹੈ, ਕਿ

ਬੁੱਧ ਧਰਮ ਹਿੰਦੂ ਧਰਮ ਦੇ ਕਰਮ-ਕਾਂਡ ਦਾ ਪ੍ਰਤਿਕਰਮ ਹੈ। ਇਹ ਤਾਂ ਰੂਹ ਦਾ ਮੌਲਿਕ ਪ੍ਰਕਾਸ਼ ਹੈ, ਜਿਹੜਾ ਕਿ ਬਿਲਕੁਲ ਮਨੁੱਖੀ ਤਾਸੀਰ ਵਾਲੇ ਰਹਿਮ ਦੀ ਸਰਬ ਵਿਆਪਕਤਾ ਦਰਸਾਉਣ ਲਈ ਅਤੇ ਇਸ ਅੰਦਾਜ਼ ਵਿਚ ਆਪਣੀ ਹੋਂਦ ਦਾ ਸੱਚ ਸਾਬਤ ਕਰਨ ਲਈ ਮਨੁੱਖੀ ਰਿਸ਼ਤਿਆਂ ਦਰਮਿਆਨ ਉਦੈ ਹੋਇਆ। ਇਸ ਨਾਲ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਬੋਧੀ ਧਰਮ ਨੂੰ ਹਿੰਦੂ ਧਰਮ ਦੀ ਨਿਰੰਤਰਤਾ ਵਿਚ ਵੇਖਣ ਦੀ ਥਾਂ, ਇਸਦੇ ਮੌਲਿਕ ਪ੍ਰਸੰਗ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ। ਮਹਾਤਮਾ ਬੁੱਧ ਦੇ ਸਮੇਂ ਜਨ-ਸਾਧਾਰਨ ਦੀ ਸਮੱਸਿਆ ਇਹ ਸੀ ਕਿ ਯੁੱਗਾਂ ਵਾਲੇ ਕਰਮਕਾਂਡਾਂ ਤੋਂ ਉਹ ਉਕਤਾ ਚੁੱਕੇ ਸਨ ਅਤੇ ਉਪਨਿਸ਼ਦਾਂ ਦਾ ਗਿਆਨ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਸੀ। ਡਾ. ਰਾਮਧਾਰੀ ਸਿੰਘ ਦਿਨਕਰ ਲਿਖਦੇ ਹਨ, ਅਜਿਹੀ ਹਾਲਤ ਵਿਚ ਸਾਧਾਰਨ ਲੋਕਾਈ ਕਿਸੇ ਅਜਿਹੇ ਧਰਮ ਦੀ ਇੱਛਾ ਰਖਦੀ ਸੀ , ਜਿਹੜਾ ਸੁਗਮ ਤੇ ਸੁਬੋਧ ਹੋਵੇ, ਜਿਸ ਵਿਚ ਪਸ਼ੂ ਬਲੀ ਦੀ ਕਰੂਰਤਾ ਵੀ ਨਾ ਹੋਵੇ ਅਤੇ ਵਿਅਰਥ ਦਾ ਆਡੰਬਰ ਵੀ ਨਾ ਹੋਵੇ, ਜਿਹੜਾ ਮਨੁੱਖ ਨੂੰ ਅਤਿ ਦੇ ਭੋਗ ਤੋਂ ਵੀ ਦੂਰ ਰਖੇ, ਤਪੱਸਿਆ ਅਤੇ ਜਤੀ ਬਿਰਤੀ ਦੀ ਕਠੋਰਤਾ ਤੋਂ ਵੀ ਬਚਾ ਕੇ ਰਖ ਸਕੇ। ਅਜਿਹੇ ਧਰਮ ਦੀ ਲੋੜ ਇਸ ਲਈ ਸੀ ਤਾਂ ਕਿ ਮਨੁੱਖ ਦਾ ਧਿਆਨ ਧਰਮ ਵੱਲ ਤਾਂ ਜ਼ਰੂਰ ਜਾਵੇ, ਪਰੰਤੂ ਉਸ ਨੂੰ ਵੀਹ ਕਿਸਮ ਦੇ ਝਮੇਲਿਆਂ ਵਿਚ ਨਾ ਉਲਝਾਵੇ  ਅਸਲ ਵਿਚ ਜਨਤਾ ਕੋਈ ਵਿਵਹਾਰਕ ਧਰਮ ਚਾਹੁੰਦੀ ਸੀ ਤੇ ਬੁੱਧ ਨੇ ਉਨ੍ਹਾਂ ਦੇ ਰੋਗ ਦੀ ਪਛਾਣ ਕਰਦਿਆਂ ਸੁਯੋਗ ਵੈਦ ਵਾਂਗ ਧਰਮ ਨੂੰ ਦਾਰਸ਼ਨਿਕ ਜੰਜਾਲ ਅਤੇ ਸੰਸਕ੍ਰਿਤ ਭਾਸ਼ਾ ਦੇ ਬੋਝਲ ਜੂਲੇ ਹੇਠੋਂ ਕਢਕੇ ਸਿੱਧੇ ਰੂਪ ਵਿਚ ਲੋਕਾਂ ਨਾਲ ਜੋੜਿਆ। ਇਵੇਂ ਬੁੱਧ ਧਰਮ ਇਕ ਜੀਵਨ ਜਾਚ ਹੋ ਗਿਆ ਅਤੇ ਇਕ ਸੰਪੂਰਨ ਸਭਿਅਤਾ ਤੇ ਸੰਸਕ੍ਰਿਤੀ ਦੀ ਇਸ ਨੇ ਸਿਰਜਨਾ ਕੀਤੀ।

ਬੁੱਧ ਧਰਮ ਦਾ ਆਰੰਭ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਤੋਂ ਹੋਇਆ ਜਿਨ੍ਹਾਂ ਦਾ ਮੁੱਢਲਾ ਨਾਮ ਸਿਧਾਰਥ ਸੀ। ਉਨ੍ਹਾਂ ਦਾ ਜਨਮ ਪਿਤਾ ਸੁਧੋਦਨ ਦੇ ਘਰ 563 ਈ. ਲੁੰਬਿਨੀ ਨਾਮਕ ਸਥਾਨ ’ਤੇ ਰਾਜ ਪਰਿਵਾਰ ਵਿਚ ਹੋਇਆ। ਲਗਭਗ 29-30 ਸਾਲ ਦੀ ਉਮਰ ਵਿਚ ਉਹ ਆਪਣੇ ਰਾਜ ਅਤੇ ਘਰ-ਪਰਿਵਾਰ ਦਾ ਤਿਆਗ ਕਰ ਕੇ ਘਰ ਤੋਂ ਨਿਕਲੇ। ਲਗਭਗ 5-6ਸਾਲਾਂ ਦੀ ਕਠਿਨ ਸਾਧਨਾ ਤੋਂ ਬਾਅਦ ਬੋਧ ਗਯਾ ਨਾਮਕ ਸਥਾਨ ਤੇ ਉਨ੍ਹਾਂ ਨੂੰ ਗਿਆਨ ਪ੍ਰਾਪਤੀ ਹੋਈ ਅਤੇ ਉਨ੍ਹਾਂ ਨੇ ਆਪਣਾ ਪਹਿਲਾਂ ਉਪਦੇਸ਼ ਸਾਰਨਾਥ ਨਾਮਕ ਸਥਾਨ ’ਤੇ ਦਿੱਤਾ। ਇਨ੍ਹਾਂ ਉਪਦੇਸ਼ਾਂ ਤੋਂ ਹੀ ਬੁੱਧ ਧਰਮ ਦਾ ਆਰੰਭ ਹੋਇਆ ਜੋ ਭਾਰਤ ਸਮੇਤ ਏਸ਼ੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਤੇਜੀ ਨਾਲ ਫੈਲਿਆ।

### 6.3. ਵਿਕਾਸ

ਬੁੱਧ ਧਰਮ ਆਪਣੇ ਸੁਖੈਨ ਅਤੇ ਸਰਲ ਉਪਦੇਸ਼ਾਂ ਕਾਰਨ ਭਾਰਤ ਤੋਂ ਆਰੰਭ ਹੋ ਕੇ ਏਸ਼ੀਆ ਪੱਧਰ ’ਤੇ ਹਰਮਨ ਪਿਆਰੇ ਧਰਮ ਵਜੋਂ ਮਕਬੂਲ ਹੋਇਆ । ਇਸ ਧਰਮ ਦੇ ਵਿਕਾਸ ਨੂੰ ਅਸੀਂ ਇਨ੍ਹਾਂ ਪੜ੍ਹਾਵਾਂ ਵਿਚ ਵੰਡ ਸਕਦੇ ਹਾਂ-

### 6.3.1. ਪਹਿਲਾ ਪੜਾਅ: ਸਾਧਾਰਣ ਲੋਕਾਂ ਵਿਚ ਹਰਮਨ ਪ੍ਰਿਯਤਾ-

ਆਪਣੇ ਸ਼ੁਰੂਆਤੀ ਸਮੇਂ ਤੋਂ ਹੀ ਮਹਾਤਮਾ ਬੁੱਧ ਦੀ ਦਿਲਕਸ਼ ਸ਼ਖਸੀਅਤ ਅਤੇ ਉਪਦੇਸ਼ਾਂ ਕਾਰਨ ਬੁੱਧ ਧਰਮ ਸਾਧਾਰਨ ਲੋਕਾਂ ਦੇ ਹਰਮਨ ਪ੍ਰਿਯ ਧਰਮ ਵਜੋਂ ਉੱਭਰ ਕੇ ਸਾਹਮਣੇ ਆਇਆ। ਮਹਾਤਮਾ ਬੁੱਧ ਦੀ ਪ੍ਰਚਾਰ ਸ਼ੈਲੀ ਨੇ ਹਰ ਵਰਗ ਦੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਉਹ ਆਪਣੀ ਪ੍ਰਸ਼ਨ ਉੱਤਰ ਸ਼ੈਲੀ ਰਾਹੀਂ ਜਿਗਿਆਸੂਆਂ ਦੀਆਂ ਸ਼ੰਕਾਵਾਂ ਅਤੇ ਜਿਗਿਆਸਾਵਾਂ ਦਾ ਸਮਾਧਾਨ ਸੁਖੈਨ ਢੰਗ ਰਾਹੀਂ ਕਰਦੇ ਸਨ। ਉਨ੍ਹਾਂ ਨੇ ਆਮ ਲੋਕਾਂ ਦੀ ਲੋਕ ਬੋਲੀ ਵਿਚ ਆਪਣੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਜਟਿਲ ਤੋਂ ਜਟਿਲ ਦਾਰਸ਼ਨਿਕ ਸਮੱਸਿਆਵਾਂ ਨੂੰ ਵੀ ਉਹ ਸੁਖੈਨ ਢੰਗ ਰਾਹੀਂ ਲੋਕਾਈ ਦੇ ਸਨਮੁੱਖ ਸਮਾਧਾਨ ਕਰ ਕੇ ਪ੍ਰਸਤੁਤ ਕਰਦੇ। ਮਹਾਤਮਾ ਬੁੱਧ ਨੇ ਕਿਸੇ ਵੀ ਧਰਮ ਦੀ ਬੁਰਾਈ ਨਹੀਂ ਕੀਤੀ। ਉਹ ਕੇਵਲ ਉਸ ਵਿਅਕਤੀ ਨੂੰ ਉਪਦੇਸ਼ ਦਿੰਦੇ ਸਨ ਜੋ ਉਨ੍ਹਾਂ ਕੋਲ ਸ਼ਰਧਾ ਨਾਲ ਚਲ ਕੇ ਆਉਂਦਾ ਸੀ। ਉਨ੍ਹਾਂ ਨੇ ਬਿਨਾਂ ਕਿਸੇ ਵਿਤਕਰੇ ਦੇ ਭੇਦ-ਭਾਵ ਤੋਂ ਆਪਣੇ ਧਰਮ ਦੇ ਰਸਤੇ ਸਮੂਹ ਲੋਕਾਈ ਲਈ ਖੋਲ੍ਹੇ। ਇਸ ਕਾਰਨ ਬੁੱਧ ਧਰਮ ਬਹੁਤ ਛੇਤੀ ਹੀ ਆਮ ਲੋਕਾਂ ਦਾ ਹਰਮਨ ਪਿਆਰਾ ਧਰਮ ਬਣ ਗਿਆ।

### 6.3.2. ਬੋਧੀ ਸੰਘ ਦੇ ਰੂਪ ਵਿਚ-

ਬੁੱਧ ਧਰਮ ਦਾ ਬੋਧੀ ਸੰਘ ਦੇ ਰੂਪ ਵਿਚ ਵਿਕਸਿਤ ਹੋਣਾ, ਇਸ ਧਰਮ ਦਾ ਇਕ ਅਹਿਮ ਪੜਾਅ ਮੰਨਿਆ ਜਾਂਦਾ ਹੈ। ਸਾਰਨਾਥ ਵਿਚ ਆਪਣਾ ਪਹਿਲਾ ਉਪਦੇਸ਼ ਦੇਣ ਤੋਂ ਬਾਅਦ ਮਹਾਤਮਾ ਬੁੱਧ ਨੇ ਪੰਜ ਬ੍ਰਾਹਮਣ ਸ਼ਿਸ਼ਾਂ ਦੇ ਨਾਲ ਸੰਘ ਦੀ ਸਥਾਪਨਾ ਕੀਤੀ। ਇਸ ਸੰਘ ਵਿਚ ਬੁੱਧ ਧਰਮ ਦੀ ਦੀਖਿਆ ਪ੍ਰਾਪਤ ਕਰਨ ਵਾਲੇ ਭਿਖਸ਼ੂਆਂ ਨੂੰ ਸ਼ਾਮਿਲ ਕੀਤਾ ਜਾਂਦਾ ਸੀ। ਸੰਘ ਵਿਚ ਸ਼ਾਮਿਲ ਹੋਣ ਲਈ ਗ੍ਰਹਿਸਥ ਜੀਵਨ ਦਾ ਤਿਆਗ ਅਤੇ ਘੱਟ ਤੋਂ ਘੱਟ 15 ਸਾਲ ਦੀ ਉਮਰ ਦਾ ਹੋਣਾ ਜ਼ਰੂਰੀ ਹੈ। ਪਹਿਲਾਂ ਪਹਿਲ ਹਰ ਵਿਅਕਤੀ ਬੋਧ ਸੰਘ ਵਿਚ ਸ਼ਾਮਿਲ ਹੋ ਸਕਦਾ ਸੀ ਪ੍ਰੰਤੂ ਬਾਅਦ ਵਿਚ ਦਾਸਾਂ, ਰੋਗੀਆਂ, ਕਰਜ਼ੇ ਹੇਠ ਦੱਬੇ ਹੋਏ, ਅਪੰਗ, ਅਪਰਾਧੀਆਂ ਆਦਿ ਨੂੰ ਸੰਘ ਵਿਚ ਪ੍ਰਵੇਸ਼ ਕਰਨ ਦੀ ਮਨਾਹੀ ਕੀਤੀ ਗਈ। ਮਹਾਤਮਾ ਬੁੱਧ ਨੇ ਆਪਣੇ ਪ੍ਰਿਯ ਚੇਲੇ ਆਨੰਦ ਦੀ ਬੇਨਤੀ ’ਤੇ ਇਸਤਰੀਆਂ ਨੂੰ ਵੀ ਪ੍ਰਵੇਸ਼ ਕਰਨ ਦੀ

ਆਗਿਆ ਪ੍ਰਦਾਨ ਕੀਤੀ। ਇਹ ਸੰਘ ਲੋਕਤੰਤਰੀ ਨਿਯਮਾਂ 'ਤੇ ਆਧਾਰਿਤ ਵਿਵਸਥਾ ਸੀ ਜਿਸ ਵਿਚ ਸਾਰੇ ਨਿਰਣੇ ਬਹੁਮਤ ਦੁਆਰਾ ਧੰਮ ਨੂੰ ਆਧਾਰ ਬਣਾ ਕੇ ਲਏ ਜਾਂਦੇ ਸਨ। ਸੰਘ ਦੀ ਗਣਪੂਰਤੀ (ਕੋਰਮ) ਵਿਚ ਘੱਟ ਤੋਂ ਘੱਟ 20 ਮੈਂਬਰ ਸ਼ਾਮਿਲ ਕੀਤੇ ਜਾਂਦੇ ਸਨ। ਹਰ ਪੂਰਨਮਾਸ਼ੀ ਅਤੇ ਮੱਸਿਆ ਵਾਲੇ ਦਿਨ ਸੰਘ ਦੇ ਭਿਖਸ਼ੂ ਇਕਠੇ ਹੁੰਦੇ ਸਨ ਅਤੇ ਹਰੇਕ ਭਿਖਸ਼ੂ ਆਪਣੇ ਦੁਆਰਾ ਕੀਤੀਆਂ ਗਈਆਂ ਗਲਤੀਆਂ ਨੂੰ ਸਵੀਕਾਰ ਕਰਦਾ ਸੀ। ਇਸ ਪ੍ਰਕਿਰਿਆ ਨੂੰ ਉਪਸੋਥ ਕਿਹਾ ਜਾਂਦਾ ਹੈ।

### 6.3.3. ਬੁੱਧ ਧਰਮ ਨੂੰ ਰਾਜਸੀ ਸਰਪ੍ਰਸਤੀ-

ਬੁੱਧ ਧਰਮ ਨੇ ਕੇਵਲ ਆਮ ਲੋਕਾਂ ਨੂੰ ਹੀ ਨਹੀਂ ਸਗੋਂ ਰਾਜਿਆਂ-ਮਹਾਰਾਜਿਆਂ ਨੂੰ ਵੀ ਆਪਣੇ ਵੱਲ ਆਕਰਸ਼ਿਤ ਕੀਤਾ ਜਿਸ ਕਾਰਨ ਬੁੱਧ ਧਰਮ ਰਾਜਨੀਤਿਕ ਸਰਪ੍ਰਸਤੀ ਪ੍ਰਾਪਤ ਕਰ ਕੇ ਵੱਡੇ ਪੱਧਰ 'ਤੇ ਵਿਕਸਿਤ ਹੋਇਆ। ਇਸ ਨੂੰ ਅਸੀ ਬੁੱਧ ਧਰਮ ਦੇ ਵਿਕਾਸ ਦਾ ਸੁਨਹਿਰੀ ਦੌਰ ਵੀ ਆਖ ਸਕਦੇ ਹਾਂ। ਬੁੱਧ ਧਰਮ ਨੂੰ ਮੰਨਣ ਵਾਲੇ ਸਰਪਸਤ ਰਾਜਿਆਂ-ਮਹਾਰਾਜਿਆਂ ਵਿਚ ਅਨੇਕਾਂ ਨਾਮ ਲਏ ਜਾ ਸਕਦੇ ਹਨ। ਗੰਧਾਰ ਦਾ ਪੁਕੁਸ਼ਤੀ ਰਾਜਾ ਬੋਧੀ ਭਿਕਸ਼ੂ ਬਣਨ ਵਾਲਾ ਬੁੱਧ ਧਰਮ ਦਾ ਅਨੁਯਾਈ ਸੀ। ਮਗਧ ਦਾ ਰਾਜਾ ਬਿੰਬੀਸਾਰ ਬੁੱਧ ਧਰਮ ਦਾ ਸ਼ਰਧਾਵਾਨ ਪੈਰੋਕਾਰ ਸੀ। ਮਹਾਤਮਾ ਬੁੱਧ ਦੀ ਸਖਸ਼ੀਅਤ ਬਾਰੇ ਸੁਣ ਕੇ ਉਹ ਨੰਗੇ ਪੈਰੀਂ ਚਲ ਕੇ ਮਹਾਤਮਾ ਬੁੱਧ ਕੋਲ ਗਿਆ ਅਤੇ ਉਨ੍ਹਾਂ ਨੂੰ ਵਿਸ਼ੇਸ਼ ਆਦਰ ਸਨਮਾਨ ਸਹਿਤ ਆਪਣੇ ਮਹਿਲ ਵਿਚ ਲੈ ਕੇ ਆਇਆ। ਆਪਣਾ ਖੂਬਸੂਰਤ ਆਨੰਦ ਬਾਗ ਉਸ ਨੇ ਬੋਧੀ ਸੰਘ ਨੂੰ ਸਮਰਪਿਤ ਕੀਤਾ ਜੋ ਕਿ ਭਾਰਤ ਦਾ ਪਹਿਲਾ ਬੋਧੀ ਵਿਹਾਰ ਸੀ। ਬਿੰਬੀਸਾਰ ਨੇ ਆਪਣੀ ਸਮੁੱਚੀ ਪਰਜਾ ਸਮੇਤ ਬੁੱਧ ਧਰਮ ਧਾਰਨ ਕੀਤਾ।

ਬਿੰਬੀਸਾਰ ਦਾ ਪੁੱਤਰ ਵੀ ਅਜਾਤਸ਼ਤਰੂ ਵੀ ਆਪਣੇ ਪਿਤਾ ਵਾਂਗ ਬੁੱਧ ਧਰਮ ਦਾ ਵੱਡਾ ਸ਼ਰਧਾਲੂ ਸੀ। ਉਸ ਨੇ ਆਪਣੀ ਰਾਜਧਾਨੀ ਵਿਚ ਬੁੱਧ ਦਾ ਸਤੂਪ ਬਣਵਾਇਆ ਅਤੇ ਵੈਭਾਰ ਦੀ ਪਹਾੜੀ ਗੁਫਾ ਵਿਚ ਇਕ ਸਭਾ ਭਵਨ ਦਾ ਵੀ ਨਿਰਮਾਣ ਕਰਵਾਇਆ। ਬੁੱਧ ਧਰਮ ਦੀ ਪਹਿਲੀ ਬੋਧੀ ਸਭਾ ਇਸੇ ਸਭਾ ਭਵਨ ਵਿਚ ਹੀ ਹੋਈ ਸੀ ਜਿਸ ਦਾ ਸਾਰਾ ਖਰਚ ਅਜਾਤ ਸ਼ਤਰੂ ਨੇ ਕੀਤਾ ਸੀ। ਜਿਸ ਸਮੇਂ ਕੁਸ਼ੀਨਗਰ ਵਿਚ ਮਹਾਤਮਾ ਬੁੱਧ ਦਾ ਮਹਾਂਪਰਨਿਰਵਾਣ ਹੋਇਆ ਤਾਂ ਅਜਾਤ ਸ਼ਤਰੂ ਪਾਵਾ ਤੋਂ ਕੁਸ਼ੀਨਗਰ ਉਨ੍ਹਾਂ ਦੇ ਅੰਤਮ ਸੰਸਕਾਰ ਵਿਚ ਸ਼ਰਧਾਂਜਲੀ ਭੇਟ ਕਰਨ ਪਹੁੰਚਿਆ। ਵਤਸ ਦਾ ਰਾਜਾ ਉਦਿਆਨ ਅਤੇ ਕੋਸ਼ਾਲ ਦਾ ਰਾਜਾ ਪ੍ਰਸੈਨਾਜੀਤ ਵੀ ਬੁੱਧ ਧਰਮ ਦੇ ਸਰਪ੍ਰਸਤ ਰਾਜੇ ਸਨ। ਯੂਨਾਨੀ

ਬਾਦਸ਼ਾਹ ਮੀਨਾਂਦਰ, ਕੁਸ਼ਾਨ ਬਾਦਸ਼ਾਹ ਕਨਿਸ਼ਕ, ਸਮਰਾਟ ਹਰਸ਼ ਵਰਧਨ ਅਤੇ ਪਾਲ ਵੰਸ਼ ਦੇ ਰਾਜਿਆਂ ਦਾ ਨਾਮ ਵੀ ਬੁੱਧ ਧਰਮ ਦੇ ਪੈਰੋਕਾਰਾ ਵਿਚ ਆਉਂਦਾ ਹੈ।

ਮੋਰੀਆ ਸਮਰਾਟ ਅਸ਼ੋਕ ਦੀ ਬੁੱਧ ਧਰਮ ਲਈ ਸ਼ਰਧਾ ਕਿਸੇ ਜਾਣ-ਪਛਾਣ ਦੀ ਮੁਥਾਜ ਨਹੀਂ ਹੈ ਜਿਸ ਨੇ ਕੇਵਲ ਭਾਰਤ ਸਗੋਂ ਆਸ-ਪਾਸ ਦੇ ਦੇਸ਼ਾਂ ਵਿਚ ਵੀ ਬੁੱਧ ਧਰਮ ਦੇ ਪ੍ਰਸਾਰ ਲਈ ਵਿਸ਼ੇਸ਼ ਉੱਦਮ ਕੀਤੇ। ਉਸ ਨੇ ਬੁੱਧ ਧਰਮ ਨੂੰ ਆਪਣੇ ਰਾਜਸੀ ਧਰਮ ਵਜੋਂ ਪ੍ਰਵਾਨ ਕੀਤਾ ਜਿਸ ਦੇ ਨਤੀਜੇ ਵਜੋਂ ਉਸ ਦੇ ਰਾਜ ਦੇ ਬਹੁਤਾਤ ਲੋਕਾਂ ਨੇ ਬੁੱਧ ਧਰਮ ਧਾਰਨ ਕੀਤਾ। ਅਸ਼ੋਕ ਨੇ ਬੋਧੀ ਭਿਖਸ਼ੂਆਂ ਦੇ ਰਹਿਣ ਲਈ ਸੰਘਾਂ ਅਤੇ ਵਿਹਾਰਾਂ ਦੀ ਸਥਾਪਨਾ ਕੀਤੀ ਜਿਨ੍ਹਾਂ ਵਿਹਾਰਾਂ ਦੀ ਗਿਣਤੀ ਤਕਰੀਬਨ 84000 ਤੱਕ ਦੱਸੀ ਜਾਂਦੀ ਹੈ। ਉਸ ਨੇ ਆਪਣੇ ਰਾਜ ਵਿਚ ਅਨੇਕਾਂ ਥਾਵਾਂ ’ਤੇ ਬੁੱਧ ਧਰਮ ਦੇ ਪ੍ਰਸਾਰ ਲਈ ਸ਼ਿਲਾਲੇਖ ਵੀ ਸਥਾਪਿਤ ਕੀਤੇ ਅਤੇ ਅਹਿੰਸਾ ਦੀ ਪਾਲਣਾ ਲਈ ਆਪਣੇ ਰਾਜ ਵਿਚ ਬਲੀ ਦੀ ਮਨਾਹੀ ਕੀਤੀ। ਉਸ ਨੇ ਮਹਾਤਮਾ ਬੁੱਧ ਨਾਲ ਸੰਬੰਧਿਤ ਸਥਾਨਾਂ ਦੀ ਯਾਤਰਾ ਕੀਤੀ ਅਤੇ ਇਨ੍ਹਾਂ ਸਥਾਨਾਂ ਉਪਰ ਯਾਦਗਾਰਾਂ ਸਥਾਪਿਤ ਕੀਤੀਆਂ। ਸਮਰਾਟ ਅਸ਼ੋਕ ਨੇ ਨੌਂ ਮਹੀਨਿਆਂ ਤੱਕ ਚਲਣ ਵਾਲੀ ਤੀਜੀ ਬੋਧੀ ਮਹਾਂਸਭਾ ਦਾ ਸੰਪੂਰਨ ਖਰਚਾ ਵੀ ਚੁੱਕਿਆ ਅਤੇ ਇਸ ਮਹਾਂਸਭਾ ਦੇ ਫੈਸਲਿਆਂ ਨੂੰ ਆਪਣੇ ਰਾਜ ਵਿਚ ਲਾਗੂ ਵੀ ਕਰਵਾਇਆ। ਬੁੱਧ ਧਰਮ ਦੇ ਪਾਲੀ ਭਾਸ਼ਾਈ ਗ੍ਰੰਥਾਂ ਅਨੁਸਾਰ ਸਮਰਾਟ ਅਸ਼ੋਕ ਨੇ ਬੁੱਧ ਧਰਮ ਦੇ ਪ੍ਰਚਾਰ ਲਈ ਨੌਂ ਸ਼ਾਹੀ ਮਿਸ਼ਨ ਭੇਜੇ ਜੋ ਸ਼ਾਹੀ ਸਰਪ੍ਰਸਤੀ ਅਧੀਨ ਮੋਗਲੀਪੁਟ ਥੇਰ ਨਾਮ ਦੇ ਧਾਰਮਿਕ ਆਗੂ ਅਧੀਨ ਆਯੋਜਿਤ ਕੀਤੇ ਗਏ। ਇਨ੍ਹਾਂ ਮਿਸ਼ਨਾਂ ਨੂੰ ਸ਼ਾਨਦਾਰ ਸਫਲਤਾ ਪ੍ਰਾਪਤ ਹੋਈ।

ਪਹਿਲੀ ਸਦੀ ਤੋਂ ਬਾਅਦ ਭਾਰਤ ਦੇ ਉੱਤਰ-ਪੱਛਮੀ ਭਾਗਾਂ ਦੇ ਸ਼ਾਸਕ ਕੁਸ਼ਾਨ ਰਾਜਵੰਸ਼ ਨੇ ਸ਼ੈਵ ਅਤੇ ਵੈਸ਼ਨਵ ਸੰਪਰਦਾਵਾਂ ਦੇ ਨਾਲ-ਨਾਲ ਬੁੱਧ ਧਰਮ ਦੀ ਵੀ ਸਰਪ੍ਰਸਤੀ ਕੀਤੀ। ਕੁਸ਼ਾਨ ਵੰਸ਼ ਦਾ ਰਾਜਾ ਕਨਿਸ਼ਕ ਬੁੱਧ ਧਰਮ ਦਾ ਪਰਮ ਸ਼ਰਧਾਲੂ ਸੀ ਅਤੇ ਚੌਥੀ ਬੋਧ ਸਭਾ ਉਸ ਦੀ ਹੀ ਸਰਪ੍ਰਸਤੀ ਹੇਠ ਹੋਈ। ਸਤਵੀਂ ਸਦੀ ਦਾ ਸਮਰਾਟ ਹਰਸ਼ ਬੁੱਧ ਧਰਮ ਦੇ ਅਨੁਯਾਈਆਂ ਦੀ ਗਿਣਤੀ ਵਿਚ ਆਉਂਦਾ ਹੈ ਜੋ ਬੁੱਧ ਧਰਮ ਦੀ ਮਹਾਯਾਨ ਸੰਪਰਦਾ ਪ੍ਰਤੀ ਵਿਸ਼ੇਸ਼ ਸ਼ਰਧਾ ਰੱਖਦਾ ਸੀ। ਚੀਨੀ ਯਾਤਰੂ ਅਤੇ ਬੋਧੀ ਵਿਦਵਾਨ ਹਿਊਨ ਸਾਂਗ ਇਸਦੇ ਕਾਲ ਵਿਚ ਹੀ ਭਾਰਤ ਆਇਆ ਅਤੇ ਬੁੱਧ ਧਰਮ ਦੇ ਪ੍ਰਸਾਰ ਨੂੰ ਵੇਖਿਆ। ਅੱਠਵੀਂ-ਨੌਵੀਂ ਸਦੀ, ਜਦੋਂ ਤੱਕ ਬੁੱਧ ਧਰਮ ਨੂੰ ਰਾਜਨੀਤਿਕ ਸਰਪ੍ਰਸਤੀ ਪ੍ਰਾਪਤ ਹੁੰਦੀ ਰਹੀ, ਉਦੋਂ ਤਕ ਇਹ ਵੱਡੇ ਪੱਧਰ ’ਤੇ ਪ੍ਰਫੁਲਿਤ ਹੁੰਦਾ ਰਿਹਾ।

#### 6.3.4. ਬੁੱਧ ਧਰਮ : ਭਾਰਤ ਤੋਂ ਏਸ਼ੀਆ ਦੇ ਵੱਖ-ਵੱਖ ਹਿੱਸਿਆਂ ਤਕ ਦਾ ਸਫ਼ਰ-

ਭਾਰਤ ਦੀ ਧਰਤੀ ’ਤੇ ਪੈਦਾ ਹੋਣ ਵਾਲਾ ਬੁੱਧ ਧਰਮ ਕੇਵਲ ਭਾਰਤ ਦੀ ਧਰਤੀ ਤੱਕ ਹੀ ਸੀਮਤ ਨਾ ਰਹਿ ਕੇ ਸਮੇਂ ਅਨੁਸਾਰ ਏਸ਼ੀਆ ਦੇ ਵੱਖ-ਵੱਖ ਹਿੱਸਿਆਂ ਵਿਚ ਵੀ ਵੱਡੇ ਪੱਧਰ ਤੇ ਵਿਕਸਿਤ ਹੋਇਆ। ਬੁੱਧ ਧਰਮ ਨੂੰ ਸਮੇਂ ਸਮੇਂ ਤੇ ਰਾਜਸੀ ਸਰਪ੍ਰਸਤੀ ਪ੍ਰਾਪਤ ਹੋਣ ਕਾਰਨ ਇਹ ਧਰਮ ਸ਼ਾਹੀ ਸਰਪ੍ਰਸਤੀ ਅਧੀਨ ਵੀ ਵਧਦਾ ਫੁੱਲਦਾ ਰਿਹਾ ਅਤੇ ਆਪਣੇ ਸਰਲ ਸਰੂਪ ਕਾਰਨ ਇਸ ਦੇ ਭਾਰਤ ਤੋਂ ਬਾਹਰ ਵੀ ਇਸ ਧਰਮ ਦੇ ਅਨੁਯਾਈ ਇਸ ਧਰਮ ਨਾਲ ਜੁੜਦੇ ਰਹੇ। ਸਮਰਾਟ ਅਸ਼ੋਕ ਦੇ ਸਮੇਂ ਰਾਜਸੀ ਸਰਪ੍ਰਸਤੀ ਅਧੀਨ ਭੇਜੇ ਗਏ ਨੌਂ ਮਿਸ਼ਨਾਂ ਦੌਰਾਨ, ਬੁੱਧ ਧਰਮ ਅਫਗਾਨਿਸਤਾਨ, ਬਰਮਾ, ਸ੍ਰੀ ਲੰਕਾ ਅਤੇ ਪੱਛਮੀ ਏਸ਼ੀਆ ਦੇ ਦੇਸ਼ਾਂ ਵੱਲ ਵੱਡੇ ਪੱਧਰ ’ਤੇ ਵਿਕਸਿਤ ਹੋਇਆ। ਕੁਸ਼ਾਨ ਰਾਜਵੰਸ਼ ਦੇ ਰਾਜਾ ਕਨਿਸ਼ਕ ਦੇ ਰਾਜ ਕਾਲ ਦੌਰਾਨ ਚੀਨ ਵਿਚ ਬੁੱਧ ਧਰਮ ਦਾ ਪ੍ਰਵੇਸ਼ ਹੋਇਆ ਅਤੇ ਵੱਡੇ ਪੱਧਰ ’ਤੇ ਇਸ ਧਰਮ ਦਾ ਚੀਨ ਵਿਚ ਪ੍ਰਸਾਰ ਹੋਇਆ। ਏਸ਼ੀਆ ਖਿੱਤੇ ਦੇ ਸ੍ਰੀ ਲੰਕਾ ਦਾ ਨਾਮ ਅਜਿਹੇ ਦੇਸ਼ਾਂ ਵਿਚ ਆਉਂਦਾ ਹੈ ਜਿਥੇ ਬੁੱਧ ਧਰਮ ਨੇ ਦੋ ਹਜ਼ਾਰ ਸਾਲਾਂ ਤੋਂ ਵੱਧ ਦੇ ਸਮੇਂ ਤੱਕ ਆਪਣਾ ਪ੍ਰਭਾਵ ਕਾਇਮ ਰੱਖਿਆ ਅਤੇ ਆਪਣੇ ਆਪ ਨੂੰ ਸੁਰੱਖਿਅਤ ਕੀਤਾ। ਇਸ ਦੇਸ਼ ਦਾ ਪ੍ਰਾਚੀਨ ਇਤਿਹਾਸ ਬੋਧੀ ਗਾਥਾਵਾਂ ਨਾਲ ਭਰਪੂਰ ਹੈ ਜਿਥੇ ਸਮਰਾਟ ਅਸ਼ੋਕ ਦੇ ਸਮੇਂ ਉਸ ਦੇ ਪੁੱਤਰ ਮਹਿੰਦਰ ਰਾਹੀਂ ਵਿਸ਼ੇਸ਼ ਰੂਪ ਵਿਚ ਬੁੱਧ ਧਰਮ ਦੀ ਆਮਦ ਹੋਈ। ਮਹਾਤਮਾ ਬੁੱਧ ਦਾ ਜਨਮ ਸਥਾਨ ਨੇਪਾਲ ਦੇਸ਼ ਨਾਲ ਸੰਬੰਧਿਤ ਹੋਣ ਕਾਰਨ ਇਹ ਦੇਸ਼ ਵੀ ਬੁੱਧ ਧਰਮ ਦਾ ਪ੍ਰਸਾਰ ਦਾ ਅਹਿਮ ਕੇਂਦਰ ਰਿਹਾ ਹੈ। ਅਸ਼ੋਕ ਨੇ ਸਮਰਾਟ ਬਣਨ ਤੋਂ ਬਾਅਦ ਨੇਪਾਲ ਦੇਸ਼ ਵਿਚ ਮਹਾਤਮਾ ਬੁੱਧ ਦੇ ਜਨਮ ਸਥਾਨ ਲੁੰਬਿਨੀ ਵਿਚ ਇਕ ਯਾਦਗਾਰ ਦਾ ਨਿਰਮਾਣ ਕਰਵਾਇਆ। ਈਸਵੀ ਸਦੀ ਦੇ ਆਰੰਭ ਵਾਲੀਆਂ ਸਦੀਆਂ ਵਿਚ ਨੇਪਾਲ ਵਿਚ ਹੀਨਯਾਨ ਸੰਪਰਦਾ ਦੇ ਸਰਵਸਤੀਵਾਦ ਨਾਮ ਦੇ ਵਿਦਿਆ ਕੇਂਦਰ ਪ੍ਰਵੇਸ਼ ਹੋ ਚੁੱਕੇ ਸਨ। ਵਾਸਵੰਧੂ ਨਾਮ ਦਾ ਮਹਾਨ ਬੋਧੀ ਦਾਰਸ਼ਨਿਕ ਵੀ ਨੇਪਾਲ ਵਿਚ ਬੋਧੀ ਸਿਧਾਂਤਾਂ ਦਾ ਪ੍ਰਚਾਰ ਕਰਨ ਲਈ ਆਇਆ। ਸੱਤਵੀਂ ਸਦੀ ਵਿਚ ਨੇਪਾਲ ਅੰਦਰ 2000 ਤੋਂ ਵੱਧ ਭਿਖਸ਼ੂਆਂ ਦੀ ਮੌਜੂਦਗੀ ਦੇ ਹਵਾਲੇ ਪ੍ਰਾਪਤ ਹੁੰਦੇ ਹਨ। ਅੱਠਵੀਂ-ਨੌਵੀਂ ਸਦੀ ਤੋਂ ਬਾਅਦ ਜਦੋਂ ਬੋਧੀਆਂ ਉਪਰ ਅਤਿਆਚਾਰ ਹੋਣ ਲੱਗੇ ਤਾਂ ਨੇਪਾਲ ਨੇ ਬੋਧੀਆਂ ਲਈ ਇਕ ਸੁਰੱਖਿਅਤ ਸਥਾਨ ਵਜੋਂ ਅਹਿਮ ਰੋਲ ਅਦਾ ਕੀਤਾ। ਇਸ ਪ੍ਰਕਾਰ ਭਾਰਤ ਦੀ ਧਰਤੀ ’ਤੇ ਪੈਦਾ ਹੋਣ ਨਾਲ ਬੁੱਧ ਧਰਮ ਸਮੇਂ ਅਤੇ ਹਾਲਾਤਾਂ ਅਨੁਸਾਰ ਏਸ਼ੀਆ ਦੇ ਅਨੇਕਾਂ ਦੇਸ਼ਾਂ ਵਿਚ ਵੀ ਵਿਕਸਿਤ ਹੁੰਦਾ ਰਿਹਾ।

**6.3.5.ਮਹਾਂਸਭਾਵਾਂ ਦਾ ਬੁੱਧ ਧਰਮ ਦੇ ਵਿਕਾਸ ਵਿਚ ਯੋਗਦਾਨ-**

ਮਹਾਤਮਾ ਬੁੱਧ ਦੇ ਮਹਾਂਪਰਿਨਿਰਵਾਣ ਤੋਂ ਬਾਅਦ ਬੁੱਧ ਧਰਮ ਦਾ ਵਿਕਾਸ ਬੋਧੀ ਸੰਘਾਂ ਦੀਆਂ ਸਭਾਵਾਂ ਅਤੇ ਬੋਧੀ ਸਾਹਿਤ ਦੇ ਆਧਾਰ ’ਤੇ ਹੋਇਆ। ਜਦੋਂ ਤੱਕ ਮਹਾਤਮਾ ਬੁੱਧ ਜੀਵਿਤ ਰਹੇ, ਉਹ ਬੋਧੀ ਸੰਘਾਂ ਦੇ ਉੱਠਣ ਵਾਲੇ ਮਸਲਿਆਂ ਅਤੇ ਸ਼ੰਕਾਵਾਂ ਨੂੰ ਉਨ੍ਹਾਂ ਪਾਸੋਂ ਨਵਿਰਤ ਕਰਵਾਇਆ ਜਾਂਦਾ ਰਿਹਾ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਸਮਕਾਲੀਆਂ ਦੁਆਰਾ ਅਜਿਹੇ ਮਸਲੇ ਮਹਾਤਮਾ ਬੁੱਧ ਦੇ ਕਥਨਾਂ ਦੇ ਹਵਾਲੇ ਰਾਹੀਂ ਹਲ੍ਹ ਕੀਤੇ ਜਾਂਦੇ ਰਹੇ। ਸਮੇਂ ਦੇ ਬੀਤਣ ਨਾਲ ਅਜਿਹੇ ਹਾਲਾਤਾਂ ਅਤੇ ਬੋਧੀ ਗ੍ਰੰਥਾਂ ਦੀ ਪੁਸ਼ਟੀ ਲਈ ਮਹਾਂਸਭਾਵਾਂ ਦਾ ਆਯੋਜਨ ਕੀਤਾ ਗਿਆ। ਇਤਿਹਾਸ ਵਿਵ ਇਨ੍ਹਾਂ ਦੀ ਗਿਣਤੀ ਚਾਰ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

**6.3.5.1. ਪਹਿਲੀ ਬੋਧੀ ਮਹਾਂਸਭਾ**- ਇਸ ਦਾ ਆਯੋਜਨ ਮਗਧ ਦੇ ਰਾਜਾ ਅਜਾਤ ਸ਼ਤਰੂ ਦੇ ਸਮੇਂ 544 ਈ. ਪੂ. ਵਿਚ ਸਪਤਪਰਣੀ ਨਾਮਕ ਗੁਫਾ ਵਿਚ ਕੀਤਾ ਗਿਆ। ਇਸ ਮਹਾਂਸਭਾ ਨੂੰ ਆਯੋਜਤ ਕੀਤੇ ਜਾਣ ਦਾ ਕਾਰਨ ਮਹਾਤਮਾ ਬੁੱਧ ਤੋਂ ਬਾਅਦ ਉਨ੍ਹਾਂ ਦੀਆਂ ਸਿਖਿਆਵਾਂ ਸੰਬੰਧੀ ਪੈਦਾ ਹੋਏ ਮਤਭੇਦਾਂ ਨੂੰ ਦੂਰ ਕਰਨਾ ਸੀ। ਇਸ ਮਹਾਂਸਭਾ ਵਿਚ ਮਹਾਤਮਾ ਬੁੱਧ ਦੇ ਨਜਦੀਕੀ ਚੇਲਿਆਂ ਆਨੰਦ ਅਤੇ ਉਪਾਲੀ ਦੇ ਸਹਿਯੋਗ ਨਾਲ ਇਸ ਮਹਾਂਸਭਾ ਵਿਚ ਸ਼ਾਮਿਲ ਹੋਣ ਵਾਲੇ ਲਗਪਗ 500 ਭਿਖਸ਼ੂਆਂ ਦੇ ਸੰਗ੍ਰਹਿ ਕੀਤੇ ਗਏ ਮਹਾਤਮਾ ਬੁੱਧ ਦੇ ਕਥਨਾਂ ਨਾਲ ਸੁੱਤਪਿਟਕ ਅਤੇ ਵਿਨਯਪਿਟਕ ਨਾਮਕ ਬੋਧੀ ਗ੍ਰੰਥਾਂ ਦੀ ਸੰਪਾਦਨਾ ਕੀਤੀ ਗਈ। ਇਸ ਮਹਾਂਸਭਾ ਵਿਚ ਆਨੰਦ ਅਤੇ ਮਹਾਤਾਮਾ ਬੁੱਧ ਦੇ ਰਥਵਾਨ ਚੰਨੀ ਉੱਪਰ ਲਗਾਏ ਗਏ ਦੋਸ਼ਾਂ ਦੀ ਜਾਂਚ ਕੀਤੀ ਗਈ ਜਿਸ ਵਿਚ ਆਨੰਦ ਨੂੰ ਬੇਕਸੂਰ ਠਹਿਰਾਇਆ ਗਿਆ ਅਤੇ ਚੰਨੀ ਨੂੰ ਉਸ ਦੇ ਦੋਸ਼ ਸਾਬਿਤ ਹੋਣ ’ ਤੇ ਸਜ਼ਾ ਦਿੱਤੀ ਗਈ।

**6.3.5.2. ਦੂਜੀ ਬੋਧੀ ਮਹਾਂਸਭਾ**- ਦੂਜੀ ਬੋਧੀ ਮਹਾਂਸਭਾ ਦਾ ਆਯੋਜਨ ਮਗਧ ਦੇ ਰਾਜੇ ਕਾਲਾਸ਼ੋਕ ਦੇ ਸਮੇਂ 334 ਈ. ਪੂ. ਵਿਚ ਵੈਸ਼ਾਲੀ ਨਗਰ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਸਾਬਾਕਾਮੀ ਨੇ ਕੀਤੀ। ਇਸ ਮਹਾਂਸਭਾ ਦਾ ਉਦੇਸ਼ ਬੋਧੀ ਭਿਖਸ਼ੂਆਂ ਵਿਚ ਸੰਘ ਦੇ ਨਿਯਮਾਂ ਸੰਬੰਧੀ ਪੈਦਾ ਹੋਏ ਮਤਭੇਦਾਂ ਨੂੰ ਦੂਰ ਕਰਨਾ ਸੀ। ਪਾਲੀ ਗ੍ਰੰਥਾਂ ਅਨੁਸਾਰ ਇਸ ਮਹਾਂਸਭਾ 10000 ਮੈਂਬਰਾਂ ਨੇ ਭਾਗ ਲਿਆ। ਇਸ ਦੌਰਾਨ ਲਗਪਗ 700 ਭਿਖਸ਼ੂਆਂ ਨੇ ਪਿਟਕਾਂ, ਨਿਕਾਯਾਂ, ਅੰਗਾਂ ਅਤੇ ਧਰਮ ਗ੍ਰੰਥਾਂ ਨੂੰ ਨਵੇਂ ਰੂਪ ਵਿਚ ਸੰਪਾਦਿਤ ਕੀਤਾ।

**6.3.5.3. ਤੀਜੀ ਬੋਧੀ ਮਹਾਂਸਭਾ**- ਇਸ ਮਹਾਂਸਭਾ ਦਾ ਆਯੋਜਨ ਸਮਰਾਟ ਅਸ਼ੋਕ ਦੁਆਰਾ 250 ਈ. ਪੂ. ਵਿਚ ਪਾਟਲੀਪੁੱਤਰ ਵਿਚ ਕਰਵਾਇਆ ਗਿਆ। ਦੂਜੀ ਮਹਾਂਸਭਾ ਤੋਂ ਬਾਅਦ ਬੁੱਧ ਧਰਮ 18 ਉਪ ਸ਼ਾਖਾਵਾਂ ਵਿਚ ਵੰਡਿਆ ਗਿਆ ਸੀ ਜਿਨ੍ਹਾਂ ਦੇ ਆਪਸੀ ਮਤਭੇਦਾਂ ਕਾਰਨ ਬੁੱਧ ਧਰਮ ਦਾ ਨੁਕਸਾਨ ਹੋ ਰਿਹਾ ਸੀ। ਇਸ ਮਹਾਂਸਭਾ ਨੂੰ ਆਯੋਜਿਤ ਕੀਤੇ ਜਾਣ ਦਾ ਉਦੇਸ਼ ਬੁੱਧ ਧਰਮ ਵਿਚ ਪੈਦਾ ਹੋਈਆਂ ਇਨ੍ਹਾਂ ਕੁਰੀਤੀਆਂ ਅਤੇ ਮਤਭੇਦਾਂ ਨੂੰ ਦੂਰ ਕਰਨਾ ਸੀ ਜਿਸ ਵਿਚ ਲਗਪਗ 1000 ਭਿਖਸ਼ੂ ਸ਼ਾਮਿਲ ਹੋਏ। ਇਸ ਮਹਾਂਸਭਾ ਦੀ ਪ੍ਰਧਾਨਗੀ ਮੋਗਲਿਪੁਤ ਤਿੱਸ ਨੇ ਕੀਤੀ ਜੋ 9 ਮਹੀਨਿਆਂ ਤੱਕ ਚਲਦੀ ਰਹੀ। ਇਸ ਮਹਾਂਸਭਾ ਵਿਚ ਬੋਧੀ ਸੰਘ ਵਿਚ ਅਨੇਕਾਂ ਸੁਧਾਰ ਕੀਤੇ ਗਏ ਅਤੇ ਬੁੱਧ ਧਰਮ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕੀਤਾ ਗਿਆ। ਛੋਟੀਆਂ-ਛੋਟੀਆਂ ਉਪ ਸ਼ਾਖਾਵਾਂ ਨੂੰ ਖਤਮ ਕਰ ਕੇ ਆਪਸੀ ਮਤਭੇਦਾਂ ਨੂੰ ਦੂਰ ਕੀਤਾ ਗਿਆ। ਇਸ ਮਹਾਂਸਭਾ ਤੋਂ ਬਾਅਦ ਵਿਦੇਸ਼ਾਂ ਵਿਚ ਵੀ ਬੋਧੀ ਪ੍ਰਚਾਰਕ ਭੇਜੇ ਗਏ।

**6.3.5.4. ਚੌਥੀ ਬੋਧੀ ਮਹਾਂਸਭਾ**- ਚੌਥੀ ਮਹਾਂਸਭਾ ਸਮਰਾਟ ਕਨਿਸ਼ਕ ਦੁਆਰਾ ਪਹਿਲੀ ਸਦੀ ਈਸਵੀ ਵਿਚ ਕਸ਼ਮੀਰ ਵਿਚ ਆਯੋਜਿਤ ਕਰਵਾਈ ਗਈ। ਤੀਜੀ ਬੋਧੀ ਮਹਾਂਸਭਾ ਦੌਰਾਨ ਬੁੱਧ ਧਰਮ ਦੀਆਂ ਵੱਖ-ਵੱਖ ਸ਼ਾਖਾਵਾਂ ਨੂੰ ਖਤਮ ਕਰ ਕੇ ਆਪਸੀ ਮਤਭੇਦਾਂ ਨੂੰ ਦੂਰ ਕੀਤਾ ਗਿਆ ਸੀ ਪਰੰਤੂ ਸਮਾਂ ਪਾ ਕੇ ਦੁਬਾਰਾ ਫਿਰ ਵੱਖ-ਵੱਖ ਸ਼ਾਖਾਵਾਂ ਹੋਂਦ ਵਿਚ ਆ ਗਈਆਂ ਜਿਸ ਕਾਰਨ ਭਿਖਸ਼ੂਆਂ ਦੇ ਆਪਸੀ ਮਤਭੇਦ ਵਧ ਗਏ। ਇਨ੍ਹਾਂ ਮਤਭੇਦਾਂ ਨੂੰ ਦੂਰ ਕਰਨ ਲਈ ਚੌਥੀ ਬੋਧੀ ਮਹਾਂਸਭਾ ਦਾ ਆਯੋਜਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਵਸੂਮਿੱਤਰ ਨੇ ਕੀਤੀ ਜਿਸ ਵਿਚ ਲਗਪਗ 600 ਭਿਖਸ਼ੂ ਸ਼ਾਮਿਲ ਹੋਏ।

### 6.4. ਬੁੱਧ ਧਰਮ ਦੇ ਸਿਧਾਂਤ ਅਤੇ ਸਿੱਖਿਆਵਾਂ-

#### 6.4.1. ਚਾਰ ਮਹਾਨ ਸੱਚਾਈਆਂ

ਬੁੱਧ ਧਰਮ ਸੰਦੇਹਵਾਦੀ ਅਤੇ ਵਾਦ-ਵਿਵਾਦ ਵਾਲੀ ਵਿਚਾਰਧਾਰਾ ਤੋਂ ਕਿਨਾਰਾ ਕਰਕੇ ਕੇਵਲ ਮਨੁੱਖੀ ਜੀਵਨ ਦਾ ਇਕ ਸੱਚਾ ਰਸਤਾ ਦਰਸਾਉਣਾ ਚਾਹੁੰਦਾ ਸੀ । ਇਸ ਸੰਦਰਭ ਵਿਚ ਮਹਾਤਮਾ ਬੁੱਧ ਨੇ ਲੋਕਾਂ ਨੂੰ ਚਾਰ ਮਹਾਨ ਸੱਚਾਈਆਂ ਨੂੰ ਗ੍ਰਹਿਣ ਕਰਨ ਲਈ ਕਿਹਾ। ਚਾਰ ਸੱਚਾਈਆਂ ਸੰਬੰਧੀ ਗਿਆਨ ਬੁੱਧਮਤ ਦੀ ਵੱਖਰੀ ਦੇਣ ਹੈ, ਜਿਹੜਾ ਬੁੱਧ ਨੂੰ ਬੋਧੀ-ਬ੍ਰਿਛ ਦੇ ਹੇਠ ਨਾਜ਼ਲ ਹੋਇਆ ਸੀ । ਇਨ੍ਹਾਂ ਨੂੰ 'ਆਰੀਆ ਸੱਤ' ਵੀ ਕਿਹਾ ਜਾਂਦਾ ਹੈ । ਧਮਪਦ ਦੇ 273ਵੇਂ ਸਲੋਕ ਵਿਚ ਇਨ੍ਹਾਂ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੋਇਆ ਹੈ ਕਿ ਮਾਰਗਾਂ ਵਿਚਕਾਰ ਅਸ਼ਟਾਂਗ ਮਾਰਗ ਸ੍ਰੇਸ਼ਟ

ਹੈ, ਸੱਚ ਵਿਚੋਂ ਚਾਰ ਆਰਯ ਸਤਯ ਸ਼੍ਰੇਸਟ ਹਨ, ਅਵਸਥਾਵਾਂ ਵਿਚੋਂ ਵਿਰਾਗ ਦੀ ਅਵਸਥਾ ਸ਼੍ਰੇਸ਼ਟ ਹੈ, ਮਨੁੱਖਾਂ ਵਿਚੋਂ ਗਿਆਨ-ਨੇਤਰ (ਬੁੱਧ) ਸ਼੍ਰੇਸ਼ਠ ਹਨ। ਇਨ੍ਹਾਂ ਚਾਰ ਸੱਚਾਈਆਂ ਦਾ ਵੇਰਵਾ ਇਸ ਪ੍ਰਕਾਰ ਹੈ-

**6.4.1.1. ਦੁੱਖ ਹੈ-** ਚਾਰ ਸੱਚਾਈਆਂ ਵਿਚੋਂ ਪਹਿਲੀ ਸੱਚਾਈ ਜੀਵਨ ਵਿਚ ਦੁੱਖ ਦੀ ਮੌਜੂਦਗੀ ਹੈ ਅਤੇ ਇਸ ਸੱਚਾਈ ਨੂੰ ਮਹਾਤਮਾ ਬੁੱਧ ਨੇ ਖੁਦ ਅਨੁਭਵ ਕੀਤਾ। ਬੁੱਧ ਧਰਮ ਅਨੁਸਾਰ ਇਹ ਸਮੁੱਚਾ ਜਗਤ ਦੁੱਖਾਂ ਦਾ ਘਰ ਹੈ ਅਤੇ ਇੱਥੇ ਸਭ ਕੁਝ ਦੁੱਖਾਂ ਦਾ ਹੀ ਕਾਰਣ ਬਣਦਾ ਹੈ। ਜੰਮਣਾ ਦੁੱਖ ਹੈ, ਬਿਮਾਰੀ ਦੁੱਖ ਹੈ, ਬੁਢਾਪਾ ਦੁੱਖ ਹੈ, ਮੌਤ ਦੁੱਖ ਹੈ, ਨਾ ਪਸੰਦ ਚੀਜ਼ਾਂ ਨਾਲ ਜੁੜੇ ਰਹਿਣਾ ਤੇ ਮਨ ਪਸੰਦ ਚੀਜ਼ਾਂ ਦਾ ਖੁਸ ਜਾਣਾ-ਇਹ ਵੀ ਦੁੱਖ ਹੈ । ਜੋ ਚਾਹੋ ਉਹ ਨਾ ਪ੍ਰਾਪਤ ਹੋਣਾ ਵੀ ਦੁੱਖ ਹੈ। ਨਾ ਚੰਗੇ ਲਗਣ ਵਾਲੇ ਮਨੁੱਖਾਂ ਨੂੰ ਮਿਲਣਾ ਵੀ ਦੁੱਖ ਹੈ ਅਤੇ ਪਿਆਰੇ ਲੋਕਾਂ ਤੋਂ ਵਿਛੜਨਾ ਵੀ ਦੁੱਖ ਹੈ। ਜਨਮ ਤੋਂ ਬਾਅਦ ਮਰਣ ਵੀ ਹੁੰਦਾ ਹੈ, ਮਿਲਾਪ ਤੋਂ ਬਾਅਦ ਵਿਛੋੜਾ ਵੀ। ਜਿਨ੍ਹਾਂ ਵਸਤੂਆਂ ਨਾਲ ਅਸੀਂ ਲਗਾਵ ਰੱਖਦੇ ਹਾਂ, ਉਨ੍ਹਾਂ ਦਾ ਨਾ ਮਿਲਣਾ ਵੀ ਦੁੱਖ ਹੈ ਅਤੇ ਪ੍ਰਾਪਤੀ ਤੋਂ ਬਾਅਦ ਵਸਤੂ ਦਾ ਨਸ਼ਟ ਹੋ ਜਾਣਾ ਵੀ ਦੁੱਖਾਂ ਦਾ ਕਾਰਣ ਬਣਦਾ ਹੈ। ਇਸ ਪ੍ਰਕਾਰ ਹਰੇਕ ਸੁੱਖ ਦਾ ਅੰਤ ਦੁੱਖ ਦੇ ਰੂਪ ਵਿਚ ਹੀ ਹੁੰਦਾ। ਸਮੁੱਚਾ ਸੰਸਾਰ ਤੇ ਸਮੁੱਚਾ ਜੀਵਨ ਦੁੱਖਾਂ ਨਾਲ ਭਰਿਆ ਹੋਇਆ ਹੈ। ਸੰਯੁਕਤ ਨਿਕਾਯ ਵਿਚ ਮਹਾਤਮਾ ਬੁੱਧ ਕਹਿੰਦੇ ਹਨ ਕਿ ਸੰਸਾਰ ਵਿਚ ਦੁਖੀਆਂ ਨੇ ਜਿੰਨ੍ਹੇ ਅਥਰੂ ਵਹਾਏ ਹਨ ਉਨ੍ਹਾਂ ਦਾ ਪਾਣੀ ਮਹਾਸਾਗਰਾਂ ਦੇ ਪਾਣੀ ਤੋਂ ਵੀ ਜ਼ਿਆਦਾ ਹੈ।

**6.4.1.2. ਦੁੱਖ ਦਾ ਕਾਰਣ ਹੈ-** ਬੁੱਧ ਧਰਮ ਦਾ ਦੂਜਾ ਆਰਯ ਸੱਚ ਦੁੱਖਾਂ ਦੇ ਕਾਰਣ ਨਾਲ ਸੰਬੰਧਿਤ ਹੈ। ਇਸ ਸੱਚ ਵਿਚ ਦੁੱਖਾਂ ਦੇ ਪੈਦਾ ਹੋਣ ਦੇ ਕਾਰਨਾਂ ਨੂੰ ਦਰਸਾਇਆ ਗਿਆ ਹੈ। ਜਿਸ ਪ੍ਰਕਾਰ ਹਰੇਕ ਵਸਤੂ ਦੇ ਪੈਦਾ ਹੋਣ ਦਾ ਕੋਈ ਨਾ ਕੋਈ ਕਾਰਣ ਜ਼ਰੂਰ ਹੁੰਦਾ ਹੈ, ਉਸੇ ਤਰ੍ਹਾਂ ਦੁੱਖਾਂ ਦੇ ਪੈਦਾ ਹੋਣ ਦੇ ਵੀ ਕਾਰਨ ਹਨ। ਬੁੱਧ ਧਰਮ ਨੇ ਦੁੱਖ ਪੈਦਾ ਹੋਣ ਦਾ ਮੂਲ ਕਾਰਣ ਮਨੁੱਖ ਦੀ ਤ੍ਰਿਸ਼ਨਾ ਨੂੰ ਮੰਨਿਆ ਹੈ। ਵੱਧ ਤੋਂ ਵੱਧ ਪ੍ਰਾਪਤ ਕਰਨ ਦੀ ਇੱਛਾ ਮਨੁੱਖ ਲਈ ਦੁੱਖਾਂ ਦਾ ਕਾਰਣ ਬਣਦੀ ਹੈ। ਪਹਿਲਾਂ ਮਨੁੱਖ ਆਪਣੀਆਂ ਇਛਾਵਾਂ ਦੀ ਪੂਰਤੀ ਲਈ ਦੁਖੀ ਹੁੰਦਾ ਹੈ, ਇਛਾਵਾਂ ਪੂਰੀ ਹੋਣ ਤੋਂ ਬਾਅਦ ਉਸ ਵਸਤੂ ਦਾ ਖਤਮ ਹੋਣਾ ਵੀ ਮਨੁੱਖ ਨੂੰ ਦੁੱਖ ਦਿੰਦਾ ਹੈ ਅਤੇ ਇਛਾਵਾਂ ਦਾ ਪੂਰੀਆਂ ਨਾ ਹੋਣਾ ਵੀ ਮਨੁੱਖ ਨੂੰ ਦੁਖੀ ਕਰਦਾ ਹੈ। ਇਕ ਇੱਛਾ ਦੀ ਪੂਰਤੀ ਦੂਜੀ ਇੱਛਾ ਨੂੰ ਜਨਮ ਦਿੰਦੀ ਹੈ ਅਤੇ ਇਹ ਇਛਾਵਾਂ ਨਿਰੰਤਰ ਚਲਦੀਆਂ ਰਹਿੰਦੀਆਂ ਹਨ ਜੋ ਮਨੁੱਖ ਦੇ ਦੁੱਖਾਂ ਦਾ ਕਾਰਣ ਬਣਦੀਆਂ ਹਨ। ਇਸ ਪ੍ਰਕਾਰ ਮਨੁੱਖ ਆਪਣੀਆਂ ਤ੍ਰਿਸ਼ਨਾਵਾਂ ਕਾਰਨ ਆਪਣੇ ਜੀਵਨ ਵਿਚ ਦੁੱਖਾਂ ਨੂੰ ਜਨਮ ਦਿੰਦਾ ਹੈ।

**6.4.1.3. ਦੁੱਖਾਂ ਦਾ ਨਿਵਾਰਣ ਸੰਭਵ ਹੈ-** ਬੁੱਧ ਧਰਮ ਅਨੁਸਾਰ ਮਨੁੱਖੀ ਜੀਵਨ ਦੇ ਦੁੱਖ ਨਿਵਾਰਣ ਰਹਿਤ ਨਹੀਂ ਹਨ। ਇਨ੍ਹਾਂ ਦੁੱਖਾਂ ਦੇ ਕਾਰਣ ਨੂੰ ਸਮਝ ਕੇ ਇਨ੍ਹਾਂ ਦਾ ਨਿਵਾਰਣ ਸੰਭਵ ਹੈ ਕਿਉਂਕਿ ਜਿਸ ਚੀਜ਼ ਦਾ ਕਾਰਣ ਮੌਜੂਦ ਹੋਵੇ ਉਸ ਨੂੰ ਦੂਰ ਵੀ ਕੀਤਾ ਜਾ ਸਕਦਾ ਹੈ। ਇਨ੍ਹਾਂ ਦੁੱਖਾਂ ਦਾ ਮੂਲ ਕਾਰਨ ਮਨੁੱਖ ਦੀਆਂ ਤ੍ਰਿਸ਼ਨਾਵਾਂ ਹਨ। ਇਨ੍ਹਾਂ ਤ੍ਰਿਸ਼ਨਾਵਾਂ ਨੂੰ ਕਾਬੂ ਕਰ ਕੇ ਮਨੁੱਖ ਆਪਣੇ ਦੁੱਖਾਂ ਦਾ ਨਿਵਾਰਣ ਕਰ ਸਕਦਾ ਹੈ। ਤ੍ਰਿਸ਼ਨਾਵਾਂ ਨੂੰ ਕਾਬੂ ਕਰਨਾ ਹਰ ਮਨੁੱਖ ਲਈ ਸੰਭਵ ਨਹੀਂ। ਕੇਵਲ ਵਿਸ਼ੇਸ਼ ਢੰਗ ਅਤੇ ਵਿਸ਼ੇਸ਼ ਮਾਰਗ ਰਾਹੀਂ ਇਹ ਸੰਭਵ ਹੈ। ਬੁੱਧ ਧਰਮ ਦੀ ਮਾਨਤਾ ਹੈ ਕਿ ਮਹਾਤਮਾ ਬੁੱਧ ਦੁਆਰਾ ਦਰਸਾਏ ਮਾਰਗ ਰਾਹੀਂ ਦੁੱਖਾਂ ਦਾ ਨਿਵਾਰਣ ਕੀਤਾ ਜਾ ਸਕਦਾ ਹੈ। ਇਸ ਧਰਮ ਅਨੁਸਾਰ ਆਪਣੀਆਂ ਤ੍ਰਿਸ਼ਨਾਵਾਂ 'ਤੇ ਕਾਬੂ ਪਾ ਲੈਣ ਵਾਲੇ ਮਨੁੱਖ ਨੂੰ 'ਅਰਹਤ' ਕਿਹਾ ਜਾਂਦਾ ਹੈ। ਅਰਹਤ ਆਪਣੇ ਜੀਵਨ ਕਾਲ ਵਿਚ ਆਪਣੇ ਮਨ ਦੀਆਂ ਇਛਾਵਾਂ ਤੋਂ ਮੁਕਤ ਰਹਿੰਦਾ ਹੈ ਅਤੇ ਜੇਕਰ ਮਨ ਵਿਚ ਕੋਈ ਇੱਛਾ ਪੈਦਾ ਹੋਵੇ ਤਾਂ ਉਹ ਇਸ ਦੀ ਪੂਰਤੀ ਲਈ ਯਤਨ ਨਹੀਂ ਕਰਦਾ।

**6.4.1.4. ਦੁੱਖਾਂ ਦੀ ਨਵਿਰਤੀ ਦਾ ਮਾਰਗ -** ਬੁੱਧ ਧਰਮ ਜਿਥੇ ਮਨੁੱਖ ਜੀਵਨ ਅਤੇ ਸੰਸਾਰ ਵਿਚ ਦੁੱਖ ਦੀ ਮੌਜੂਦਗੀ ਨੂੰ ਪ੍ਰਮੁੱਖ ਸਮੱਸਿਆ ਦੇ ਰੂਪ ਵਿਚ ਪ੍ਰਸਤੁਤ ਕਰਦਾ ਹੈ ਉਥੇ ਇਸ ਦੇ ਨਿਵਾਰਣ ਲਈ ਮਾਰਗ ਵੀ ਦਰਸਾਉਂਦਾ ਹੈ। ਇਨ੍ਹਾਂ ਦੁੱਖਾਂ ਦੇ ਨਿਵਾਰਣ ਲਈ ਮਹਾਤਮਾ ਬੁੱਧ ਨੇ ਅਸ਼ਟਾਂਗ ਮਾਰਗ ਪ੍ਰਸਤੁਤ ਕੀਤਾ ਹੈ। ਇਹ ਮਾਰਗ ਨੈਤਿਕ ਅਤੇ ਅਧਿਆਤਮਕ ਸਾਧਨਾ ਦਾ ਮਾਰਗ ਹੈ ਜਿਸ ਨੂੰ ਮੱਧ ਮਾਰਗ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਅਤਿਅੰਤ ਭੋਗ ਵਿਲਾਸ ਅਤੇ ਯੋਗੀਆਂ ਦੀ ਕਠੋਰ ਹਠ ਸਾਧਨਾ ਦੇ ਵਿਚਕਾਰ ਦਾ ਰਸਤਾ ਹੈ। ਮਨੁੱਖੀ ਇੱਛਾਵਾਂ ਨੂੰ ਬਿਨਾਂ ਸਮਝ ਵਿਚਾਰ ਤੋਂ ਇਨ੍ਹਾਂ ਦੀ ਪੂਰਤੀ ਲਈ ਉਤਸ਼ਾਹਿਤ ਕਰਨਾ ਯੋਗ ਨਹੀਂ। ਇਨ੍ਹਾਂ ਇੱਛਾਵਾਂ ਦੀ ਪੂਰਤੀ ਨਾਲ ਅਸਥਾਈ ਸੁੱਖ ਦੀ ਪ੍ਰਾਪਤੀ ਹੈ। ਇੱਛਾਵਾਂ ਨੂੰ ਭੋਗਣ ਨਾਲ ਇਹ ਘਟਦੀਆਂ ਨਹੀਂ ਸਗੋਂ ਵਧਦੀਆਂ ਹਨ, ਜਿਵੇਂ ਬਲਦੀ ਅਗਨੀ ਉਤੇ ਤੇਲ ਪਾਉਣ ਨਾਲ ਅਗਨੀ ਪ੍ਰਚੰਡ ਹੁੰਦੀ ਹੈ। ਇਵੇਂ ਹੀ ਕਠੋਰ ਤਪ ਨਾਲ ਵੀ ਮਨੁੱਖ ਨੂੰ ਸਰੀਰਕ ਅਤੇ ਮਾਨਸਿਕ ਕਸ਼ਟਾਂ ਦਾ ਸਾਹਮਦਾ ਕਰਨਾ ਪੈਂਦਾ ਹੈ। ਕਠੋਰ ਤਪ ਰਾਹੀਂ ਮਨੁੱਖ ਆਪਣੀਆਂ ਇੱਛਾਵਾਂ ਨੂੰ ਦਬਾਉਣ ਦਾ ਯਤਨ ਕਰਦਾ ਹੈ ਪ੍ਰੰਤੂ ਇੱਛਾਵਾਂ ਕਦੀ ਸਮਾਪਤ ਨਹੀਂ ਹੁੰਦੀਆਂ। ਇਵੇਂ ਇਹ ਦੋਵੇਂ ਮਾਰਗ ਮਨੁੱਖੀ ਜੀਵਨ ਦੇ ਅਨੁਕੂਲ ਨਹੀਂ ਸਗੋਂ ਬੁੱਧ ਕਹਿੰਦਾ ਹੈ ਕਿ ਮਨੁੱਖ ਨੂੰ ਆਤਮ-ਸੰਜਮ ਵਾਲਾ ਮੱਧ-ਮਾਰਗ ਅਪਣਾਉਣਾ ਚਾਹੀਦਾ ਹੈ। ਇਹ ਮੱਧ ਮਾਰਗ ਬੁੱਧ ਧ੍ਰਮ ਵਿਚ ਅਸ਼ਟਾਂਗ ਮਾਰਗ ਹੈ।

### 6.4.2. ਅਸ਼ਟਾਂਗ ਮਾਰਗ

ਅਸ਼ਟਾਂਗ ਮਾਰਗ ਅੱਠ ਸਿਧਾਂਤਾਂ ਵਾਲਾ ਮਾਰਗ ਹੈ ਜਿਸ ਨੂੰ ਮੱਧ ਮਾਰਗ ਵੀ ਕਿਹਾ ਜਾਂਦਾ ਹੈ। ਧਮਪਦ ਅਨੁਸਾਰ ਇਸ ਮਾਰਗ ਉੱਪਰ ਚਲਣ ਵਾਲਾ ਸਮੁੱਚੇ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ। ਇਸ ਮਾਰਗ ਦਾ ਜ਼ਿਕਰ 'ਧਮਪਦ' ਦੇ ਚੌਦਵੇਂ ਭਾਗ ਦੇ 191 ਵੇਂ ਸਲੋਕ ਵਿਚ ਇਸ ਪ੍ਰਕਾਰ ਆਉਂਦਾ ਹੈ- 'ਦੁਕਖੰ ਦੁਕਖਸਮੁੱਪਜਦੰ, ਦੁਕਖੱਸ ਚ ਅਤ਼ਿੱਕਮੰ। ਅਰਿਯੰ ਚਟਠੰਗਿਕੰ ਮੱਗੰ, ਦੁਕਖੂਪਸਮਗਾਮਿਨੰ।' ਇਸਦਾ ਭਾਵ ਹੈ ਇਸ ਸੰਸਾਰ ਵਿਚ ਦੁੱਖ ਹੈ, ਦੁੱਖ ਦੀ ਉਤਪਤੀ ਤੇ ਦੁੱਖ ਦਾ ਨਾਸ਼ ਹੈ ਅਤੇ 'ਅਸ਼ਟਾਂਗ ਮਾਰਗ' ਜੋ ਕਿ ਦੁੱਖ ਨੂੰ ਨਸ਼ਟ ਕਰਦਾ ਹੈ, ਸ੍ਰੇਸ਼ਟ ਮਾਰਗ ਹੈ। ਇਸ ਮਾਰਗ ਦੇ ਅੱਠ ਸਿਧਾਂਤ ਇਸ ਪ੍ਰਕਾਰ ਹਨ :

1. **ਸਮਯਕ ਦ੍ਰਿਸ਼ਟੀ (Right views)**- ਇਸ ਦਾ ਅਰਥ ਹੈ ਸਹੀ ਦ੍ਰਿਸ਼ਟੀ। ਮਨੁੱਖ ਦੁਆਰਾ ਠੀਕ ਅਤੇ ਗਲਤ, ਨੈਤਿਕ ਅਤੇ ਅਨੈਤਿਕ, ਗਿਆਨ ਅਗਿਆਨ, ਉਚਿਤ ਅਤੇ ਅਨੁਚਿਤ, ਵਿਚਕਾਰਲੇ ਅੰਤਰ ਦੀ ਸਮਝ ਤਾਂ ਹੀ ਸੰਭਵ ਹੈ ਜੇਕਰ ਉਸ ਕੋਲ ਸਹੀ ਦ੍ਰਿਸ਼ਟੀ ਦੀ ਮੌਜੂਦਗੀ ਹੋਵੇ। ਸਹੀ ਦ੍ਰਿਸ਼ਟੀ ਦੀ ਅਣਹੋਂਦ ਕਾਰਣ ਮਨੁੱਖ ਅਗਿਆਨਤਾ ਅਤੇ ਅਵਿਦਿਆ ਅਧੀਨ ਗਲਤ ਫੈਸਲੇ ਲੈ ਕੇ ਦੁਖੀ ਹੁੰਦਾ ਹੈ। ਇਸ ਲਈ ਮਨੁੱਖ ਲਈ ਸਮਯਕ ਦ੍ਰਿਸ਼ਟੀ ਦਾ ਧਾਰਨੀ ਹੋਣਾ ਬਹੁਤ ਜ਼ਰੂਰੀ ਹੈ।
2. **ਸਮਯਕ ਸੰਕਲਪ (Right aspiration)**- ਸਮਯਕ ਸੰਕਲਪ ਦਾ ਭਾਵ ਹੈ – ਸਹੀ ਭਾਵਨਾ। ਮਨੁੱਖ ਦੀ ਸਹੀ ਦ੍ਰਿਸ਼ਟੀ ਮਨੁੱਖ ਨੂੰ ਗਲਤ ਅਤੇ ਠੀਕ ਦਾ ਭੇਦ ਦਰਸਾ ਸਕਦੀ ਹੈ ਪ੍ਰੰਤੂ ਠੀਕ ਵਰਤਾਰੇ ਨੂੰ ਵਿਵਹਾਰਿਕ ਰੂਪ ਪ੍ਰਦਾਨ ਕਰਨ ਲਈ ਸਹੀ ਭਾਵਨਾ ਦਾ ਹੋਣਾ ਬਹੁਤ ਜ਼ਰੂਰੀ ਹੈ। ਸਹੀ ਦ੍ਰਿਸ਼ਟੀ ਦਾ ਫੈਸਲਾ ਤਾਂ ਹੀ ਸਾਰਥਕ ਹੈ ਜੇਕਰ ਮਨੁੱਖ ਦੀ ਭਾਵਨਾ ਵੀ ਸਹੀ ਹੋਵੇ।
3. **ਸਮਯਕ ਵਾਕ (Rights speech)**- ਅਸ਼ਟਾਂਗ ਮਾਰਗ ਦੇ ਤੀਜੇ ਸਿਧਾਂਤ 'ਸਮਯਕ ਵਾਕ' ਦਾ ਅਰਥ ਹੈ- ਮਨੁੱਖ ਦੁਆਰਾ ਆਪਣੀ ਬੋਲ ਬਾਣੀ ਨੂੰ ਸਹੀ ਢੰਗ ਨਾਲ ਵਿਵਸਥਿਤ ਰੱਖਣਾ। ਨਿੰਦਾ-ਚੁਗਲੀ, ਝੂਠ, ਕਿਸੇ ਨੂੰ ਨੁਕਸਾਨ ਪਹੁੰਚਾਉਣ ਵਾਲੇ ਮੰਦੇ ਬੋਲ ਨਾ ਬੋਲਣੇ ਆਦਿ ਸਹੀ ਬੋਲ ਬਾਣੀ ਵਾਲੇ ਮਨੁੱਖ ਦੇ ਲੱਛਣ ਹਨ। ਪਿਆਰ ਅਤੇ ਨਿਮਰਤਾ ਭਰਪੂਰ ਬੋਲ ਮਨੁੱਖ ਦੇ ਦੁੱਖਾਂ ਨੂੰ ਦੂਰ ਕਰ ਨਿਰਵਾਣ ਦੀ ਪ੍ਰਾਪਤੀ ਦਾ ਰਾਹ ਪੱਧਰਾ ਕਰਦੇ ਹਨ।
4. **ਸਮਯਕ ਕਰਮ (Right action)**- ਮਨੁੱਖ ਦੁਆਰਾ ਕੀਤੇ ਜਾਣ ਵਾਲੇ ਸਹੀ ਕੰਮਾਂ ਨੂੰ ਸਮਯਕ ਕਰਮ ਕਰਨੇ ਚਾਹੀਦੇ ਹਨ ਜਿਸ ਵਿਚ ਹਿੰਸਾ ਨਾ ਹੋਵੇ, ਕਿਸੇ ਦੂਸਰੇ ਦੀ ਵਸਤੂ ਤੇ ਅਧਿਕਾਰ ਨਾ ਜਤਾਇਆ ਜਾਵੇ ਅਤੇ

ਵਿਭਚਾਰ ਤੋਂ ਬਚਿਆ ਜਾਵੇ। ਅਜਿਹੇ ਕਾਰਜਾਂ ਤੋਂ ਸੁਚੇਤ ਰਹਿਣ ਵਾਲੇ ਮਨੁੱਖ ਦੇ ਕੰਮ ਸਮਯਕ ਕਰਮ ਦੀ ਸ਼੍ਰੇਣੀ ਵਿਚ ਆਉਂਦੇ ਹਨ।

5. **ਸਮਯਕ ਜੀਵਿਕਾ (Right Living)**- ਜੀਵਿਕਾ ਤੋਂ ਭਾਵ ਹੈ – ਮਨੁੱਖ ਦੁਆਰਾ ਕੀਤੀ ਜਾਣ ਵਾਲੀ ਕਮਾਈ। ਇਹ ਕਮਾਈ ਸਹੀ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ ਜਿਸ ਵਿਚ ਈਮਾਨਦਾਰੀ ਨਾਲ ਕੀਤੇ ਜਾਣ ਵਾਲੇ ਨੈਤਿਕ ਕਾਰਜ ਸ਼ਾਮਿਲ ਹੋਣ। ਚੋਰੀ ਠੱਗੀ ਵਾਲੀ ਕਮਾਈ, ਬੇਈਮਾਨੀ ਨਾਲ ਪੈਸੇ ਇਕੱਠੇ ਕਰਨੇ, ਕਿਸੇ ਨੂੰ ਧੋਖੇ ਵਿਚ ਰੱਖ ਕੇ ਅਨੈਤਿਕ ਢੰਗ ਰਾਹੀਂ ਪੈਸੇ ਕਮਾਉਣੇ ਆਦਿ ਮਨੁੱਖ ਲਈ ਨੁਕਸਾਨਦਾਇਕ ਹੁੰਦੇ ਹਨ। ਇਸ ਲਈ ਅਜਿਹੀ ਕਮਾਈ ਤੋਂ ਦੂਰ ਰਹਿ ਕੇ ਸਹੀ ਕਮਾਈ ਕਰਨੀ ਚਾਹੀਦੀ ਹੈ।
6. **ਸਮਯਕ ਵਯਾਯਾਮ (Right exertion)**- ਇਸ ਦਾ ਅਰਥ ਹੈ ਸਹੀ ਅਭਿਆਸ ਜਾਂ ਕਿਰਿਆਵਾਂ ਜਿੰਨ੍ਹਾਂ ਰਾਹੀਂ ਮਨੁੱਖੀ ਮਨ ਨੂੰ ਪਾਪ ਦੇ ਰਸਤੇ ’ਤੇ ਜਾਣ ਤੋਂ ਰੋਕਿਆ ਜਾ ਸਕੇ। ਧਰਮ ਦੇ ਰਸਤੇ ’ਤੇ ਚਲਣ ਲਈ ਇਹ ਜ਼ਰੂਰੀ ਹੈ ਕਿ ਆਪਣੇ ਮਨ ਨੂੰ ਹਮੇਸ਼ਾਂ ਕਾਬੂ ਵਿਚ ਰੱਖਿਆ ਜਾਵੇ। ਇਸ ਵਿਚ ਚੰਗੇ ਖਿਆਲ ਹੀ ਦਾਖਿਲ ਹੋਣ ਅਤੇ ਅਨੈਤਿਕ ਖਿਆਲਾਂ ਤੋਂ ਦੂਰੀ ਰੱਖੀ ਜਾਵੇ। ਮਨ ਨੂੰ ਗਲਤ ਪਾਸੇ ਜਾਣ ਤੋਂ ਰੋਕਣ ਲਈ ਜ਼ਰੂਰੀ ਹੈ ਕਿ ਗਲਤ ਵਸਤੂਆਂ ਦੇ ਖਿਆਲ ਨੂੰ ਤਿਆਗ ਕੇ ਭਲੇ ਮਨੁੱਖਾਂ ਦੀ ਸੰਗਤ ਕੀਤੀ ਜਾਵੇ।
7. **ਸਮਯਕ ਸਿਮ੍ਰਤੀ (Right recollection)**- ਸਮਯਕ ਸਿਮ੍ਰਤੀ ਦਾ ਅਰਥ ਹੈ-ਸਹੀ ਚੇਤਨਾ ਭਾਵ ਕਿ ਹਰ ਕਾਰਜ ਸੁਚੇਤ ਹੋ ਕੇ ਜਾਗਰੂਕਤਾ ਸਹਿਤ ਕਰਨਾ। ਇਸ ਦੇ ਚਾਰ ਰੂਪ ਮੰਨੇ ਗਏ ਹਨ -
    1. ਸਰੀਰ ਦੇ ਕੰਮਾਂ ਅਤੇ ਚੇਤਨਾ ਪ੍ਰਤੀ ਜਾਗਰੂਕ ਰਹਿਣਾ।
    2. ਸੁੱਖ ਅਤੇ ਦੁੱਖ ਦੇ ਪ੍ਰਤੀ ਸੁਚੇਤ ਰਹਿਣਾ।
    3. ਚਿਤ ਦੇ ਰਾਗ ਦਵੈਸ਼ ਨੂੰ ਪਛਾਣਨਾ।
    4. ਮਨ ਅਤੇ ਬਚਨ ਦੀ ਚੇਤਨਾ ਨੂੰ ਸਮਝਣਾ।
8. **ਸਮਯਕ ਸਮਾਧੀ (Right meditation)**- ਸਮਾਧੀ ਦਾ ਅਰਥ ਹੈ -ਧਿਆਨ। ਸਹੀ ਢੰਗ ਨਾਲ ਆਪਣੇ ਮਨ ’ਤੇ ਧਿਆਨ ਕੇਂਦਰਿਤ ਕਰਨਾ ਸਮਯਕ ਸਮਾਧੀ ਅਖਵਾਉਂਦਾ ਹੈ। ਸਮਾਧੀ ਦੇ ਚਾਰ ਪੜਾਅ ਮੰਨੇ ਗਏ ਹਨ-
    1. ਪਹਿਲਾ ਪੜਾਅ- ਮਨ ਦੀ ਸ਼ਾਂਤੀ ਪ੍ਰੰਤੂ ਸ਼ੰਕੇ ਪੈਦਾ ਹੁੰਦੇ ਰਹਿੰਦੇ ਹਨ।
    2. ਦੂਜਾ ਪੜਾਅ- ਮਨ ਦੇ ਸ਼ੰਕਿਆਂ ਦਾ ਖਾਤਮਾ ਅਤੇ ਸ਼ਰਧਾ ਦਾ ਪ੍ਰਕਾਸ਼।

3. ਤੀਜਾ ਪੜਾਅ- ਮਨ ਦੀ ਅਨੰਦਿਤ ਅਵਸਥਾ ਜਿਸ ਵਿਚ ਮਨੁੱਖ ਦੁੱਖ-ਸੁੱਖ, ਮੋਹ, ਤਿਆਗ, ਆਪਣਾ-ਪਰਾਇਆ ਆਦਿ ਤੋਂ ਉੱਪਰ ਉੱਠ ਜਾਂਦਾ ਹੈ।
4. ਚੌਥਾ ਪੜਾਅ- ਨਿਰਵਾਣ ਦੀ ਅਵਸਥਾ।

**6.4.3. ਬੁੱਧ ਧਰਮ ਵਿਚ ਨਿਰਵਾਣ-**

ਨਿਰਵਾਣ ਸ਼ਬਦ ਦੋ ਸ਼ਬਦਾਂ ਦੇ ਸਮੂਹ ਤੋਂ ਬਣਿਆ ਹੈ- 'ਨਿਰ' ਅਤੇ 'ਵਾਣ'। ਨਿਰ ਸ਼ਬਦ ਦਾ ਅਰਥ ਹੈ- ਪੁਨਰਜਨਮ ਅਤੇ ਵਾਣ ਸ਼ਬਦ ਦਾ ਅਰਥ ਹੈ ਛੱਡਣਾ ਜਾਂ ਦੂਰ ਹੋਣਾ। ਇਸ ਪ੍ਰਕਾਰ ਨਿਰਵਾਣ ਸਬਦ ਦਾ ਅਰਥ ਹੈ- ਪੁਰਜਨਮ ਦੇ ਰਾਹ ਤੋਂ ਦੂਰ ਹੋਣਾ। ਇਹ ਸੰਸਾਰਕ ਦੁੱਖਾਂ ਅਤੇ ਸੰਸਾਰ ਵਿਚ ਪੁਨਰਜਨਮ ਤੋਂ ਮੁਕਤੀ ਦਾ ਪ੍ਰਤੀਕ ਹੈ।

ਧਮਪਦ ਦੇ ਅਨੁਸਾਰ ਨਿਰਵਾਣ ਹੀ ਪਰਮ ਅਨੰਦ ਹੈ। ਇਹ ਚਿਰ ਸਥਾਈ ਅਤੇ ਸਭ ਤੋਂ ਉੱਪਰ ਹੈਜੋ ਨਾਸ਼ਵਾਨ ਵਸਤੂਆਂ ਦੀ ਖੁਸ਼ੀ ਤੋਂ ਇਕਦਮ ਅਲਗ ਹੈ। ਬੁੱਧ ਧਰਮ ਵਿਚ ਨਿਰਵਾਣ ਦੀ ਵਿਆਖਿਆ 'ਸਹਜ' (ਅਸੰਖਤਾ) ਮਨ ਦੇ ਰੂਪ ਵਿਚ ਕੀਤੀ ਜਾਂਦੀ ਹੈ। ਅਜਿਹਾ ਮਨ ਜੋ ਇਛਾਵਾਂ ਦੇ ਅੰਤ ਦੇ ਕਾਰਣ ਪੂਰਨ ਸਪੱਸ਼ਟਤਾ ਦੀ ਸਥਿਤੀ ਵਿਚ ਪਹੁੰਚ ਗਿਆ ਹੋਵੇ।

ਬੁੱਧ ਧਰਮ ਸ਼ਾਸਤਰ ਅਨੁਸਾਰ ਨਿਰਵਾਣ-ਪ੍ਰਾਪਤੀ ਹੀ ਮਨੁੱਖ ਦੇ ਜੀਵਨ ਦਾ ਪਰਮ-ਆਦਰਸ਼ ਹੈ ਅਤੇ ਅੰਤਿਮ ਉਦੇਸ਼ ਹੈ। ਡਾ. ਐਲ. ਐਮ. ਜੋਸ਼ੀ ਲਿਖਦੇ ਹਨ- ਨਿਰਵਾਣ ਬੁੱਧ ਦਰਸ਼ਨ ਤੇ ਧਰਮ ਦਾ ਹਿਰਦੇ ਹੈ, ਨਿਰਵਾਣ ਮੋਖਸ਼ ਹੈ । ਜਨਮ ਤੇ ਮੌਤ ਦੇ ਬੰਧਨ ਤੋਂ ਛੁਟਕਾਰਾ ਹੀ ਮੋਖ ਜਾਂ ਨਿਰਵਾਣ ਕਿਹਾ ਜਾਂਦਾ ਹੈ । ਇਸੇ ਨੂੰ ਬੁੱਧ ਜਾਂ ਪ੍ਰਕਾਸ਼ ਜਾਂ ਵਿਦਿਆ ਕਹਿੰਦੇ ਹਨ । ਨਿਰਵਾਣ ਸਰਵਸ੍ਰੇਸ਼ਠ ਹੈ, ਇਥੇ ਸਾਰੇ ਦੁੱਖ, ਮੋਹ-ਮਾਇਆ, ਦ੍ਵੈਸ਼, ਵਾਸ਼ਨਾ ਖਤਮ ਹੋ ਜਾਂਦੇ ਹਨ । ਨਿਰਵਾਣ ਖਾਲਸ ਅਮਨ ਹੈ । ਇਸੇ ਲਈ 'ਸਾਂਤੀਨਿਰਵਾਣੀ ਕਿਹਾ ਜਾਂਦਾ ਹੈ । ਨਿਰਵਾਣ ਸ਼ਾਂਤੀ ਹੈ । ਨਿਰਵਾਣ ਸੁਖ ਹੈ, ਆਨੰਦ ਹੈ, ਪਰਮ ਸੁਖ ਹੈ (ਨਿਬਾਨ ਪਰਮ ਸੁਖਮ) ਦੁੱਖ ਦਾ ਹਰ ਪਾਸਿਉਂ ਅੰਤ ਹੀ ਨਿਰਵਾਣ ਹੈ । ਸੰਸਾਰ ਦੁੱਖਾਂ ਭਰਿਆ ਹੈ । ਇਸ ਦੁੱਖਮਈ ਜਨਮ - ਮਰਨ ਨੂੰ ਰੋਕ ਦੇਣਾ ਹੀ ' ਨਿਰਵਾਣ ਹੈ , ਇਸੇ ਲਈ ਨਿਰਵਾਣ ਨੂੰ 'ਨਿਰੋਧ' ਕਿਹਾ ਜਾਂਦਾ ਹੈ।

ਬੋਧ ਪਰੰਪਰਾ ਦੇ ਅਨੁਸਾਰ ਨਿਰਵਾਣ ਦੀ ਵਿਆਖਿਆ ਤਿੰਨ ਅਗਨੀਆਂ- ਲਾਲਚ (ਰਾਗ), ਘ੍ਰਿਣਾ (ਦਵੇਸ਼) ਅਤੇ ਅਗਿਆਨ (ਮੋਹ) ਦੇ ਖਾਤਮੇ ਦੇ ਰੂਪ ਵਿਚ ਕੀਤੀ ਗਈ ਹੈ। ਜਦੋਂ ਇਹ ਅੱਗ ਬੁਝ ਜਾਂਦੀ ਹੈ ਤਾਂ ਪੁਨਰਜਨਮ ਦੇ

ਚੱਕਰ ਤੋਂ ਮੁਕਤੀ ਮਿਲ ਜਾਂਦੀ ਹੈ। ਇਸ ਪ੍ਰਕਾਰ ਬੁੱਧ ਧਰਮ ਵਿਚ ਨਿਰਵਾਣ ਹਰ ਪ੍ਰਕਾਰ ਦੇ ਦੁੱਖਾਂ ਅਤੇ ਪੁਨਰਜਨਮ ਦੇ ਚੱਕਰ ਤੋਂ ਮੁਕਤ ਹੋਣ ਵਾਲੀ ਅਵਸਥਾ ਹੈ ਜੋ ਕਿ ਹਰੇਕ ਬੋਧੀ ਦਾ ਪਰਮ ਉਦੇਸ਼ ਹੁੰਦਾ ਹੈ।

**6.5. ਸਾਰੰਸ਼**

ਸੰਖੇਪ ਵਿਚ ਅਸੀਂ ਕਹਿ ਸਕਦੇ ਬੁੱਧ ਧਰਮ ਤਤਕਾਲੀਨ ਧਰਮਾਂ ਦੀ ਕਰਮ ਕਾਂਡੀ ਬਹੁਲਤਾ ਦੇ ਵਿਰੋਧ ਵਜੋਂ ਹੋਂਦ ਵਿਚ ਆਉਣ ਵਾਲਾ ਧਰਮ ਹੈ ਜੋ ਆਪਣੇ ਸਰਲ ਸਰੂਪ ਅਤੇ ਮਹਾਤਮਾ ਬੁੱਧ ਦੀ ਪ੍ਰਭਾਵਸ਼ਾਲੀ ਸਖਸ਼ੀਅਤ ਸਦਕਾ ਛੇਤੀ ਹੀ ਆਮ ਲੋਕਾਂ ਦੇ ਹਰਮਨ ਪਿਆਰੇ ਧਰਮ ਵਜੋਂ ਉੱਭਰਿਆ ਜਿਸ ਨੂੰ ਅਨੇਕਾਂ ਰਾਜਿਆਂ- ਮਹਾਰਾਜਿਆਂ ਦੀ ਰਾਜਸੀ ਸਰਪ੍ਰਸਤੀ ਵੀ ਪ੍ਰਾਪਤ ਹੋਈ। ਸੰਸਾਰਕ ਦੁੱਖਾਂ ਦੀ ਨਵਿਰਤੀ ਦਾ ਮਾਰਗ ਦਰਸਾਉਣ ਵਾਲਾ ਇਹ ਧਰਮ ਮੌਜੂਦਾ ਸਮੇਂ ਵਿਚ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿਚ ਆਪਣਾ ਅਹਿਮ ਸਥਾਨ ਰੱਖਣ ਵਾਲਾ ਧਰਮ ਹੈ।

**6.6 ਪੜ੍ਹਣਯੋਗ ਪੁਸਤਕਾਂ**


- ਅਰਵਿੰਦ ਰਿਤੁਰਾਜ (ਡਾ.), *ਬੁੱਧ ਧਰਮ ਦੀ ਰੂਪ ਰੇਖਾ*, ਗਰੇਸ਼ੀਅਸ ਬੁਕਸ, ਪਟਿਆਲਾ, 2015
- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਕਰਮ ਤੇਜ ਸਿੰਘ ਸਰਾਓ (ਪ੍ਰੋ.), ਪ੍ਰਾਚੀਨ ਭਾਰਤੀ ਬੁੱਧ ਧਰਮ:ਉਦਭਵ, ਸੁਭਾਅ ਅਤੇ ਪਤਨ, ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007
- ਹਰਪਾਲ ਸਿੰਘ ਪੰਨੂੰ, (ਡਾ.),*ਭਾਰਤ ਦੇ ਪੁਰਾਤਨ ਧਰਮ - ਇਕ ਸੰਖੇਪ ਸਰਵੇਖਣ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ , ਪਟਿਆਲਾ 2000
- ਪਰਮਵੀਰ ਸਿੰਘ, (ਡਾ.), ਪ੍ਰਦੁਮਨ ਸ਼ਾਹ ਸਿੰਘ (ਡਾ.), ਭਾਰਤ ਦੇ ਪ੍ਰਮੁਖ ਧਰਮ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016
- A.K. Warder, Indian Budhism, Motilal Publishers, Delhi, 2004
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974

- G.C. Pande, Studies in the Origin of Buddhism, Motillal Publishers, Delhi, 1999
- P.V. Bapat, 2500 years of Buddhism, Motilal Banarsidass, 2012
- R.R. Diwakar , Bhagwan Buddha, Bharatiya Vidya Bhavan, Bombay, 1960
- Sir Charles Eliot, Hinduism and Buddhism, Germany, 2018
- Agustin Paniker, Jainsim History, Society, Philosophy and Practice, Motilal Banarsidass, 2017
- S. Radhakrishnan, 2500 years of Buddhism, Publication Division, Delhi, 1956


## 6.7 **ਅਭਿਆਸ ਲਈ ਪ੍ਰਸ਼ਨ**

### ਵੱਡੇ ਪ੍ਰਸ਼ਨ

1. ਬੁੱਧ ਧਰਮ ਦੇ ਆਰੰਭ ਬਾਰੇ ਵਰਣਨ ਕਰੋ।
2. ਬੁੱਧ ਧਰਮ ਭਾਰਤ ਤੋਂ ਬਾਹਰ ਵੱਖ-ਵੱਖ ਹਿੱਸਿਆਂ ਵਿਚ ਕਿਵੇਂ ਫੈਲਿਆ?
3. ਬੁੱਧ ਧਰਮ ਆਮ ਲੋਕਾਂ ਵਿਚ ਹਰਮਨ ਪਿਆਰਾ ਕਿਉਂ ਸੀ?
4. ਮਹਾਂਸਭਾਵਾਂ ਬਾਰੇ ਤੁਸੀਂ ਕੀ ਜਾਣਦੇ ਹੋ?
5. ਬੋਧੀ ਸੰਘਾਂ ਉਤੇ ਚਰਚਾ ਕਰੋ।
6. ਅਸ਼ਟਾਂਗ ਮਾਰਗ ਕੀ ਹੈ?

### ਛੋਟੇ ਪ੍ਰਸ਼ਨ

1. ਪਹਿਲੀ ਬੋਧੀ ਮਹਾਂਸਭਾ
2. ਰਾਜਕੁਮਾਰ ਸਿਧਾਰਥ
3. ਬੋਧੀ ਸੰਘ
4. ਚਾਰ ਮਹਾਨ ਸੱਚਾਈਆਂ
5. ਅਸ਼ਟਾਂਗ ਮਾਰਗ

## CORE COURSE (CC): RELIGIOUS STUDIES

**SEMESTER -I** **PAPER I: ਧਰਮਾਂ ਦੀ ਸੰਖੇਪ ਜਾਣ-ਪਛਾਣ** **Section- B**

**(BRIEF INTRODUTION TO RELIGIONS)**

# ਪਾਰਸੀ ਧਰਮ: ਜਾਣ-ਪਛਾਣ, ਸਮਕਾਲੀ ਸਮਾਜਿਕ ਅਤੇ ਧਾਰਮਿਕ ਅਵਸਥਾ


**7.0 ਵਿਸ਼ਾ ਪ੍ਰਵੇਸ਼**

**7.1 ਜਾਣ-ਪਛਾਣ**

**7.2 ਪੈਗੰਬਰ ਜ਼ਰਤੁਸਤ ਦਾ ਸੰਖੇਪ ਜੀਵਨ**

**7.3 ਜ਼ਰਤੁਸਤ ਧਰਮ ਅਤੇ ਵੈਦਿਕ ਧਰਮ**

**7.4 ਪਾਰਸੀ ਧਰਮ ਦੇ ਪਰਮਾਤਮਾ ਬਾਰੇ ਵਿਚਾਰ**

**7.5 ਪਾਰਸੀ ਧਰਮ ਦੇ ਬ੍ਰਹਿਮੰਡ ਬਾਰੇ ਵਿਚਾਰ**

**7.6 ਧਰਮ ਸਿਖਿਆ ਸੰਸਕਾਰ**

**7.7 ਪਾਰਸੀ ਧਰਮ ਵਿਚ ਅੰਤਿਮ ਕਿਰਿਆਵਾਂ**

**7.8 ਪਾਰਸੀ ਧਰਮ ਦੇ ਧਰਮ ਗ੍ਰੰਥ**

- **7.8.1 ਅਵੇਸਤਾ**
- **7.8.2 ਵਿਸਪਰਦ**
- **7.8.3 ਵੈਂਦੀਵਾਦ**
- **7.8.4 ਯਸ਼ਤ**
- **7.8.5 ਖੋਰਦ ਅਵੇਸਤਾ**

**7.9 ਪਾਰਸੀ ਧਰਮ ਦਾ ਭਾਰਤ ਵਿਚ ਆਗਮਨ**

**7.10 ਭਾਰਤੀ ਜਨਤਕ ਜੀਵਨ ਵਿਚ ਪਾਰਸੀਆਂ ਦਾ ਯੋਗਦਾਨ**

**7.11 ਮੌਜੂਦਾ ਭਾਰਤ ਵਿਚ ਪਾਰਸੀਆਂ ਦਾ ਸਥਿਤੀ**

**7.12 ਵਰਤਮਾਨ ਸਮੇਂ ਵਿਚ ਪਾਰਸੀ ਧਰਮ ਦੀ ਪ੍ਰਸੰਗਕਿਤਾ**

**7.13 ਸਾਰੰਸ਼**

**7.14 ਪੜ੍ਹਣਯੋਗ ਪੁਸਤਕਾਂ**

**7.15 ਅਭਿਆਸ ਲਈ ਪ੍ਰਸ਼ਨ**

## 7.0 ਵਿਸ਼ਾ ਪ੍ਰਵੇਸ਼

ਹੱਥਲੀ ਯੂਨਿਟ ਸੰਸਾਰ ਦੇ ਪੁਰਤਾਨ ਧਰਮ ਜ਼ਰਤੁਸਤ ਧਰਮ ਨਾਲ ਸੰਬੰਧਿਤ ਹੈ ਜਿਸ ਦਾ ਪ੍ਰਚਲਿਤ ਨਾਮ ਪਾਰਸੀ ਧਰਮ ਹੈ। ਇਸ ਯੂਨਿਟ ਵਿਚ ਪਾਰਸੀ ਧਰਮ ਦੀ ਮੁੱਢਲੀ ਜਾਣ-ਪਛਾਣ ਕਰਵਾਉਂਦੇ ਹੋਏ ਇਸ ਧਰਮ ਦੀ ਸਮਾਜਿਕ ਅਤੇ ਧਾਰਮਿਕ ਅਵਸਥਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

## 7.1 ਜਾਣ-ਪਛਾਣ

ਪਾਰਸੀ ਧਰਮ ਵਿਸ਼ਵ ਦੇ ਪ੍ਰਾਚੀਨ ਧਰਮਾਂ ਵਿਚ ਸ਼ਾਮਿਲ ਸਾਮੀ ਪਰੰਪਰਾ ਦਾ ਧਰਮ ਹੈ ਜਿਸ ਦਾ ਇਤਿਹਾਸ ਵੈਦਿਕ ਧਰਮ ਵਾਂਗ ਹੀ ਪੁਰਾਤਨ ਮੰਨਿਆ ਜਾਂਦਾ ਹੈ। ਇਹ ਧਰਮ ਈਰਾਨ ਦੀ ਧਰਤੀ ’ਤੇ ਪੈਦਾ ਹੋਣ ਵਾਲਾ ਧਰਮ ਹੈ ਜਿਸ ਨੂੰ ਜ਼ਰਤੁਸਤ ਧਰਮ ਵੀ ਕਿਹਾ ਜਾਂਦਾ ਹੈ। ਜਦੋਂ ਇਸ ਧਰਮ ਦੇ ਅਨੁਯਾਈ ਈਰਾਨ (ਪਾਰਸ) ਨੂੰ ਛੱਡ ਕੇ ਭਾਰਤ ਵਿਚ ਆਏ ਤਾਂ ਇਨ੍ਹਾਂ ਦੀ ਪਛਾਣ ਪਾਰਸੀ ਧਰਮ ਦੇ ਰੂਪ ਵਿਚ ਪ੍ਰਚਲਿਤ ਹੋਈ। ਇਹ ਧਰਮ ਮੁੱਖ ਰੂਪ ਵਿਚ ਨੇਕੀ ਅਤੇ ਬਦੀ ਦੀਆਂ ਸ਼ਕਤੀਆਂ ਦੀ ਆਪਸੀ ਟੱਕਰ ਵਾਲੇ ਵਿਚਾਰ ਦਾ ਧਾਰਨੀ ਹੈ ਜਿਸ ਵਿਚ ਅਖੀਰ ਰੂਪ ਜਿੱਤ ਨੇਕੀ ਦੀ ਹੀ ਹੋਣੀ ਹੈ। ਨੇਕੀ ਜਾਂ ਚੰਗਿਆਈ ਦਾ ਪ੍ਰਤੀਕ ਚਾਨਣ ਹੈ ਅਤੇ ਬੁਰਾਈ ਦਾ ਪ੍ਰਤੀਕ ਹਨੇਰਾ। ਇਹ ਧਰਮ ਮਨੁੱਖ ਤੋਂ ਨੇਕੀ ਦਾ ਸਾਥ ਦੇਣ ਦੀ ਆਸ ਕਰਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਪਾਰਸੀ ਧਰਮ ਗ੍ਰੰਥਾਂ ਵਿਚ ਨੈਤਿਕ ਨਿਯਮ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਦਾ ਪਾਲਣ ਕਰ ਕੇ ਮਨੁੱਖ ‘ਅਹੁਰਮਜ਼ਦ’ ਪਰਮਾਤਮਾ ਦੀ ਖੁਸ਼ੀ ਪ੍ਰਾਪਤ ਕਰ ਸਕਦਾ ਹੈ।

ਪਾਰਸੀ ਧਰਮ, ਇਕ ਈਸ਼ਵਰਵਾਦ ਦੇ ਸਿਧਾਂਤ ਦੀ ਪਾਲਣਾ ਕਰਨ ਵਾਲਾ ਧਰਮ ਹੈ ਜਿਸ ਵਿਚ ਬੁੱਤ ਪੂਜਾ ਦੀ ਕੋਈ ਥਾਂ ਨਹੀਂ ਹੈ। ਇਹ ਸ਼ੈਤਾਨੀ ਤਾਕਤ ਨੂੰ ਧਰਮ ਦੇ ਰਾਹ ਵਿਚ ਰੁਕਾਵਟ ਮੰਨਦਾ ਹੈ ਜਿਸ ਤੋਂ ਬਚਾਅ ਲਈ ਇਹ ਨੈਤਿਕ ਸਿਖਿਆਵਾਂ ਦਾ ਧਾਰਣੀ ਹੋਣ ’ਤੇ ਜ਼ੋਰ ਦਿੰਦਾ ਹੈ।

ਭਾਰਤ ਵਿਚ ਇਸ ਧਰਮ ਦੇ ਪੈਰੋਕਾਰ ਸਫਲ ਉਦਯੋਗਪਤੀਆਂ ਵਜੋਂ ਜਾਣੇ ਜਾਂਦੇ ਹਨ ਜੋ ਆਪਣੀ ਘੱਟ ਗਿਣਤੀ ਹੋਣ ਦੇ ਬਾਵਜੂਦ ਵੀ ਭਾਰਤ ਦੀ ਆਰਥਿਕਤਾ ਵਿਚ ਮਹੱਤਵਪੂਰਨ ਰੋਲ ਅਦਾ ਕਰ ਰਹੇ ਹਨ।

## 7.2 ਪੈਗੰਬਰ ਜ਼ਰਤੁਸਤ ਦਾ ਸੰਖੇਪ ਜੀਵਨ

ਜ਼ਰਤੁਸਤ ਧਰਮ ਦੀ ਸਥਾਪਨਾ ਈਰਾਨ ਦੀ ਧਰਤੀ ’ਤੇ ਜਨਮ ਲੈਣ ਵਾਲੇ ਪੈਗੰਬਰ ਜ਼ਰਤੁਸਤ ਦੁਆਰਾ ਕੀਤੀ ਗਈ ਜਿਨ੍ਹਾਂ ਦੇ ਨਾਮ ’ਤੇ ਹੀ ਇਸ ਧਰਮ ਨੂੰ ਜ਼ਰਤੁਸਤ ਧਰਮ ਵੀ ਕਿਹਾ ਜਾਂਦਾ ਹੈ।

ਪੈਗੰਬਰ ਜ਼ਰਤੁਸਤ ਦਾ ਪੂਰਾ ਨਾਮ ਜ਼ਰਤੁਸਤ ਸਪਿਤਮਾ ਸੀ। ‘ਸਪਿਤਮਾ’ ਉਨ੍ਹਾਂ ਦੇ ਵੰਸ਼ ਵੱਲ ਸੰਕੇਤ ਕਰਦਾ ਹੈ ਜਿਸ ਦਾ ਅਰਥ ਹੈ –ਸਫੈਦ ਜਾਂ ਜੋਤਮਈ। ਇਹ ਸ਼ਬਦ ਜ਼ਰਤੁਸਤ ਦੀ ਪਵਿੱਤਰਤਾ ਅਤੇ ਰੂਹਾਨੀਅਤ ਨੂੰ ਪ੍ਰਗਟ ਕਰਦਾ ਹੈ।

ਪੈਗੰਬਰ ਜ਼ਰਤੁਸਤ ਦਾ ਜਨਮ ਈਰਾਨ ਦੇ ਰਾਏ ਜਾਂ ਰਾਹੇ ਦੇ ਨਜ਼ਦੀਕ ਤੇਹਰਾਤ ਨਾਮਕ ਸਥਾਨ ’ਤੇ ਪਿਤਾ ਪੌਰੂਸ਼ਾਮਖ ਦੇ ਘਰ ਮਾਤਾ ਦੁਘਦੈਵ ਦੀ ਕੁੱਖੋਂ ਹੋਇਆ। ਇਨ੍ਹਾਂ ਦੇ ਜੀਵਨ ਕਾਲ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਹਨ ਪ੍ਰੰਤੂ ਬਹੁਤੇ ਵਿਦਵਾਨ ਇਨ੍ਹਾਂ ਦਾ ਜੀਵਨ ਕਾਲ 628 ਈ. ਪੂ. ਨਾਲ ਸਹਿਮਤੀ ਪ੍ਰਗਟ ਕਰਦੇ ਹਨ। ਇਸ ਕਾਲ ਅਨੁਸਾਰ ਇਨ੍ਹਾਂ ਦਾ ਜਨਮ 628 ਈ. ਪੂ. ਮੰਨਿਆ ਜਾ ਸਕਦਾ ਹੈ ਅਤੇ ਦੇਹਾਂਤ 551 ਈ. ਪੂ. ਵਿਚ।

ਬਚਪਨ ਤੋਂ ਹੀ ਜ਼ਰਤੁਸਤ ਧਾਰਮਿਕ ਰੁਚੀਆਂ ਵਾਲੇ ਅਤੇ ਦਾਨੀ ਬਿਰਤੀ ਦੇ ਮਾਲਿਕ ਸਨ ਜੋ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਤਤਪਰ ਰਹਿੰਦੇ ਸਨ। 15 ਸਾਲ ਦੀ ਉਮਰ ਵਿਚ ਇਨ੍ਹਾਂ ਨੂੰ ਪਵਿੱਤਰ ਚੋਗਾ ਅਤੇ ਧੋਤੀ ਪਹਿਨਾ ਕੇ ਵਡੇਰਿਆਂ ਦੇ ਧਰਮ ਵਿਚ ਪ੍ਰਵੇਸ਼ ਕਰਵਾਇਆ ਗਿਆ।

ਪੈਗੰਬਰ ਜ਼ਰਤੁਸਤ ਦਾ ਵਿਆਹ ਹਵੋਵੀ/ਵੋਵੀ ਨਾਮ ਦੀ ਫ੍ਰਾਸਸ਼ਫਰ ਲੜਕੀ ਨਾਲ ਹੋਇਆ। ਸੰਤਾਨ ਰੂਪ ਵਿਚ ਇਨ੍ਹਾਂ ਦੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਸਨ।

20 ਸਾਲ ਦੀ ਉਮਰ ਵਿਚ ਜ਼ਰਤੁਸਤ ਰੂਹਾਨੀ ਖੋਜ ਲਈ ਆਪਣੇ ਪਰਿਵਾਰ ਨੂੰ ਛੱਡ ਕੇ ਪਹਾੜਾਂ ਵਿਚ ਚਲੇ ਗਏ ਅਤੇ ਪਹਾੜ ਦੀ ਇਕ ਗੁਫਾ ਵਿਚ ਲਗਪਗ 10 ਸਾਲ ਮੋਨ ਸਾਧ ਕੇ ਇਕਾਂਤ ਵਿਚ ਰਹੇ। ਜ਼ਰਤੁਸਤੀ ਪ੍ਰੰਪਰਾ ਅਨੁਸਾਰ ਇਸ ਸਾਧਨਾ ਦੌਰਾਨ ਉਨ੍ਹਾਂ ਨੂੰ ਆਪਣੇ ਤੋਂ ਨੌ ਗੁਣਾ ਵੱਡੇ ਆਕਾਰ ਦੇ ਨੇਕੀ ਦੇ ਦੇਵਤੇ ‘ਵੋਹੂਮਨੋ’ ਦੇ ਦਰਸ਼ਨ ਹੋਏ। ਇਸ ਤੋਂ ਬਾਅਦ ਜ਼ਰਤੁਸਤ ਦਾ ਭੌਤਿਕ ਸਰੀਰ ਉਥੇ ਹੀ ਪਿਆ ਰਿਹਾ ਅਤੇ ਪਵਿੱਤਰ ਆਤਮਾ, ਅਹੁਰਮਜ਼ਦ ਪਰਮਾਤਮਾ ਕੋਲ ਪਹੁੰਚ ਗਈ। ਅਹੁਰਮਜ਼ਦ ਨੇ ਜ਼ਰਤੁਸਤ ਨੂੰ ਪੈਗੰਬਰ ਥਾਪ ਕੇ ਆਪਣਾ ਦੈਵੀ ਸੰਦੇਸ਼ ਦਿੱਤਾ ਅਤੇ ਇਸ ਸੰਦੇਸ਼ ਨੂੰ ਲੋਕਾਈ ਵਿਚ ਪ੍ਰਚਾਰਨ ਲਈ ਕਿਹਾ। ਇਸ ਤੋਂ ਬਾਅਦ ਪੈਗੰਬਰ ਜ਼ਰਤੁਸਤ ਨੇ ਆਪਣੇ ਮਿਸ਼ਨ ਦਾ ਪ੍ਰਚਾਰ ਆਰੰਭ ਕੀਤਾ ਜੋ ਉਨ੍ਹਾਂ ਨੂੰ ਅਹੁਰਮਜ਼ਦ ਪਰਮਾਤਮਾ ਨੇ ਸੌਂਪਿਆ ਸੀ।

ਉਨ੍ਹਾਂ ਨੂੰ ਆਪਣੇ ਪ੍ਰਚਾਰ ਦੌਰਾਨ ਲੋਕਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ ਅਤੇ ਲੋਕਾਂ ਵੱਲੋਂ ਉਨ੍ਹਾਂ ਦਾ ਹਾਸਾ ਮਖੌਲ ਵੀ ਬਣਾਇਆ ਗਿਆ ਪ੍ਰੰਤੂ ਉਹ ਆਪਣੇ ਉਦੇਸ਼ ਵਿਚ ਨਿਰੰਤਰ ਗਤੀਸ਼ੀਲ ਰਹੇ। ਪੈਗੰਬਰ ਜ਼ਰਤੁਸਤ ਨੇ ਆਪਣਾ ਪ੍ਰਚਾਰ ਸਾਧਾਰਨ ਮਨੁੱਖ ਵਜੋਂ ਕੀਤਾ ਅਤੇ ਆਪਣੇ ਆਪ ਨੂੰ ਕਦੀ ਵੀ ਪੈਗੰਬਰ ਨਹੀਂ ਅਖਵਾਇਆ।

ਸਭ ਤੋਂ ਪਹਿਲਾਂ 'ਮੈਦੀ ਨਿਮੋਨਹਾ' ਨਾਮਕ ਵਿਅਕਤੀ ਨੇ ਜ਼ਰਤੁਸਤ ਧਰਮ ਧਾਰਨ ਕੀਤਾ ਜੋ ਰਿਸ਼ਤੇ ਵਿਚ ਜ਼ਰਤੁਸਤ ਦੇ ਚਚੇਰੇ ਭਰਾ ਲੱਗਦੇ ਸਨ। ਇਸ ਤੋਂ ਬਾਅਦ ਈਰਾਨ ਦੇ ਬਾਦਸ਼ਾਹ ਵਿਸ਼ਤਸਪ ਨੇ ਆਪਣੇ ਪਰਿਵਾਰ ਸਮੇਤ ਜ਼ਰਤੁਸਤ ਧਰਮ ਵਿਚ ਪ੍ਰਵੇਸ਼ ਕੀਤਾ ਜਿਸ ਤੋਂ ਬਾਅਦ ਰਾਜਸੀ ਪ੍ਰਭਾਵ ਕਾਰਨ ਇਸ ਧਰਮ ਦਾ ਵੱਡੇ ਪੱਧਰ 'ਤੇ ਫੈਲਾਅ ਹੋਇਆ।

77 ਸਾਲ ਦੀ ਉਮਰ ਵਿਜ ਜਦੋਂ ਪੈਗੰਬਰ ਜ਼ਰਤੁਸਤ ਅਗਨੀ ਮੰਦਰ ਵਿਚ ਪ੍ਰਾਰਥਨਾ ਕਰ ਰਹੇ ਸਨ ਤਾਂ ਇਕ ਤੁਰਾਨੀ ਦੁਆਰਾ ਉਨ੍ਹਾਂ 'ਤੇ ਕਾਤਲਾਨਾ ਹਮਲਾ ਕੀਤਾ ਗਿਆ ਜਿਸ ਤੋਂ ਬਾਅਦ ਉਨ੍ਹਾਂ ਦਾ ਦੇਹਾਂਤ ਹੋ ਗਿਆ।

### 7.3 ਜ਼ਰਤੁਸਤ ਧਰਮ ਅਤੇ ਵੈਦਿਕ ਧਰਮ

ਜ਼ਰਤੁਸਤ ਧਰਮ ਨੂੰ ਧਰਮ ਦੇ ਵਿਦਵਾਨ ਵੈਦਿਕ ਧਰਮ ਜਿੰਨ੍ਹਾਂ ਹੀ ਪੁਰਾਤਨ ਮੰਨਦੇ ਹਨ। ਡਾ. ਹਰਪਾਲ ਸਿੰਘ ਪੰਨੂੰ ਦਾ ਮਤ ਹੈ ਕਿ ਇਨ੍ਹਾਂ ਦੋਵਾਂ ਧਰਮਾਂ ਦੇ ਧਰਮ ਗ੍ਰੰਥਾਂ ਦੇ ਭਾਸ਼ਾਈ ਅਧਿਐਨ ਤੋਂ ਬਾਅਦ ਵਿਦਵਾਨ ਇਸ ਸਿੱਟੇ 'ਤੇ ਪਹੁੰਚੇ ਹਨ ਕਿ ਪੂਰਬ ਵੈਦਿਕ ਕਾਲ ਵਿਚ ਜਦੋਂ ਆਰੀਆ ਲੋਕ ਈਰਾਨ ਵਿਚ ਵਸਦੇ ਸਨ ਤਾਂ ਉਥੇ ਦੇ ਕਬੀਲਿਆਂ ਦੇ ਦੋ ਵੱਖ-ਵੱਖ ਧਰਮ ਇਕੋ ਭਾਸ਼ਾ ਵਿਚ ਨਿਭਾਏ ਜਾ ਰਹੇ ਸਨ। ਇਕ ਵੈਦਿਕ ਦੇਵਤਿਆਂ ਦਾ ਧਰਮ ਸੀ ਅਤੇ ਦੂਜਾ ਅਹੁਰਮਜ਼ਦ ਦਾ। ਵੈਦਿਕ ਭਾਸ਼ਾ ਵਿਚ ਦੇਵਤਿਆਂ ਲਈ 'ਸੁਰ' ਅਤੇ ਦੈਂਤ ਲਈ 'ਅਸੁਰ' ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੁਰਾਤਨ ਪਹਿਲਵੀ (ਜੋ ਪਾਰਸੀ ਧਰਮ ਦੇ ਧਰਮ ਗ੍ਰੰਥ ਜੇਂਦ ਅਵੇਸਤਾ ਦੀ ਭਾਸ਼ਾ ਹੈ )ਅਤੇ ਫਾਰਸੀ ਵਿਚ 'ਸ' ਧੁਨੀ ਹ ਵਿਚ ਬਦਲ ਜਾਂਦੀ ਹੈ, ਜਿਵੇਂ ਸਿੰਧ ਤੋਂ ਹਿੰਦ ਅਤੇ ਸਪਤਾਹ ਤੋਂ ਹਫਤਾ ਆਦਿ। ਸੰਸਕ੍ਰਿਤ ਭਾਸ਼ਾ ਦੇ ਅਸੁਰ ਨੂੰ ਪਹਿਲਵੀ ਭਾਸ਼ਾ ਵਿਚ ਅਹੁਰ ਲਿਖਿਆ ਗਿਆ ਹੈ ਪ੍ਰੰਤੂ ਅਹੁਰ ਪਾਰਸੀ ਧਰਮ ਵਿਚ ਦੈਂਤ ਨਾ ਹੋ ਕੇ ਨੇਕੀ ਦਾ ਦੇਵਤਾ ਹੈ। ਇਸ ਪ੍ਰਕਾਰ ਇਕ ਕਬੀਲੇ ਦੇਵਤੇ ਦੂਜੇ ਕਬੀਲੇ ਦੇ ਰਾਖਸ਼ਸ਼ ਸਨ।

ਇਸ ਮਤ ਅਨੁਸਾਰ ਪਾਰਸੀ ਧਰਮ ਅਤੇ ਵੈਦਿਕ ਧਰਮ ਦਾ ਉਦਗਮ ਜਾਂ ਵਿਕਾਸ ਸਥਾਨ ਈਰਾਨ ਨੂੰ ਕਿਹਾ ਜਾ ਸਕਦਾ ਹੈ ਜਿਸ ਦਾ ਪੁਰਾਣਾ ਨਾਮ ਆਰੀਆਨ ਸੀ ਭਾਵ ਕਿ ਆਰੀਆਂ ਦਾ ਦੇਸ਼। ਆਰੀਆਨ ਤੋਂ ਹੀ ਬਦਲਦਾ

ਹੋਇਆ ਮੌਜੂਦਾ ਨਾਮ ਈਰਾਨ ਪ੍ਰਚਲਿਤ ਹੋਇਆ। ਇਸ ਪ੍ਰਕਾਰ ਵੈਦਿਕ ਅਤੇ ਪਾਰਸੀ, ਦੋਵਾਂ ਦਾ ਮੂਲ ਵੀ ਆਰੀਅਨ ਵਜੋਂ ਪ੍ਰਵਾਨ ਕੀਤਾ ਜਾ ਸਕਦਾ ਹੈ। ਦੋਵਾਂ ਧਰਮਾਂ ਦਾ ਅੰਤਰ ਇਹ ਹੈ ਕਿ ਵੈਦਿਕ ਧਰਮ ਬਹੁਦੇਵਵਾਦ ਦਾ ਧਾਰਨੀ ਹੈ ਅਤੇ ਜ਼ਰਤੁਸਤ ਧਰਮ ਇਕ ਈਸ਼ਵਰਵਾਦ ਦਾ।

### 7.4 ਪਾਰਸੀ ਧਰਮ ਦੇ ਪਰਮਾਤਮਾ ਬਾਰੇ ਵਿਚਾਰ

ਪਾਰਸੀ ਧਰਮ ਇਕ ਈਸ਼ਵਰਵਾਦ ਦੇ ਸਿਧਾਂਤ ਨੂੰ ਮੰਨਣ ਵਾਲਾ ਧਰਮ ਹੈ। ਇਹ ਵਿਸ਼ਵ ਦਾ ਪਹਿਲਾ ਧਰਮ ਹੈ ਜਿਸ ਨੇ ਇਕਈਸ਼ਵਰਵਾਦ ਦੀ ਪਹਿਲੀ ਵਾਰ ਗੱਲ ਕੀਤੀ। ਇਸ ਧਰਮ ਵਿਚ ਪਰਮਾਤਮਾ ਨੂੰ ਅਹੁਰਮਜ਼ਦ ਕਿਹਾ ਗਿਆ ਹੈ ਜੋ ਸਰਬ ਉੱਚ, ਸ਼ਕਤੀਮਾਨ ਅਤੇ ਹਰ ਥਾਂ ਹਾਜ਼ਰ ਨਾਜ਼ਰ ਹੈ। ਪਾਰਸੀ ਧਰਮ ਗ੍ਰੰਥ ਦੇ ਹਿੱਸੇ ਗਾਥਾ ਵਿਚ ਪੈਗੰਬਰ ਜ਼ਰਤੁਸਤ ਦੇ ਪ੍ਰਵਚਨਾਂ ਦੇ ਰੂਪ ਵਿਚ ਅਨੇਕਾਂ ਥਾਵਾਂ ’ਤੇ ਅਹੁਰਮਜ਼ਦ ਬਾਰੇ ਜ਼ਿਕਰ ਪ੍ਰਾਪਤ ਹੁੰਦੇ ਹਨ , ਜਿਵੇਂ- ਮੈਂ ਤੈਨੂੰ ਹੀ ਸਰਵ-ਸ੍ਰੇਸ਼ਠ ਸਮਝਦਾ ਹੈਂ ਅਤੇ ਬਾਕੀ ਸਭ ਹਸਤੀਆਂ ਨੂੰ ਆਪਣੇ ਮਨ ਤੋਂ ਹਟਾ ਦਿੰਦਾ ਹਾਂ। ਤੈਨੂੰ ਇਕ ਨੂੰ ਛੱਡ ਕੇ ਮੈਂ ਕਿਸੇ ਹੋਰ ਨੂੰ ਆਪਣਾ ਸਰਪ੍ਰਸਤ ਤੇ ਰੱਖਿਆ ਕਰਨ ਵਾਲਾ ਨਹੀਂ ਮੰਨਦਾ।’, ‘ਉਹੀ ਜਿਸ ਦਾ ਨਾਮ ਅਹੁਰਮਜ਼ਦ ਹੈ, ਮੈਂ ਆਪਣੇ ਕਰਮਾਂ ਦੁਆਰਾ ਉਸੇ ਦੀ ਹੀ ਪੂਜਾ ਕਰਦਾ ਹਾਂ।’

ਸਮੁੱਚੀ ਗਾਥਾ ਦੇ 17 ਗੀਤ ਅਹੁਰਮਜ਼ਦ ਦੀ ਮਹਿਮਾ ਨਾਲ ਭਰਪੂਰ ਹਨ। ਇਨ੍ਹਾਂ ਅਨੁਸਾਰ ਅਹੁਮਜ਼ਦ ਦੀ ਇੱਛਾ ਪਵਿੱਤਰ ਸਪੈਂਤਾ-ਮੈਨੀਊ ਰਾਹੀਂ ਪ੍ਰਗਟ ਹੁੰਦੀ ਹੈ ਜੋ ਨੇਕੀ ਦੇ ਮਾਰਗ ਦਾ ਮਾਨਵੀ ਵਰਤਾਰਾ ਹੈ। ਇਸ ਦੇ ਉਲਟ ਬਦੀ ਦੀ ਸ਼ਕਤੀ ਨੂੰ ਮੰਨਿਆ ਜਾਂਦਾ ਹੈ ਜਿਸ ਨੂੰ ਐਂਗਰਾ-ਮੈਨੀਊ ਕਿਹਾ ਜਾਂਦਾ ਹੈ । ਸੰਸਾਰ ਵਿਚ ਨਿਰੰਤਰ ਗਤੀਸ਼ੀਲ ਨੇਕੀ ਅਤੇ ਬਦੀ ਜੰਗ ਵਿਚ ਅਹੁਰਮਜ਼ਦ ਨੇਕੀ ਦਾ ਪ੍ਰਤੀਨਿਧ ਕਰਦਾ ਹੈ ਜੋ ਸ਼ੁੱਧ ਕਰਮ, ਸ਼ੁੱਧ ਵਿਚਾਰ ਅਤੇ ਸ਼ੁੱਧ ਧਰਮ ਨੂੰ ਪ੍ਰਕਾਸ਼ਮਾਨ ਕਰਨ ਵਾਲੇ ਸਿਆਣਪ ਦੀ ਆਤਮਾ ਅਤੇ ਪ੍ਰਕਾਸ਼ ਦੇ ਸੋਮੇ ਹਨ।

ਅਹੁਰਮਜ਼ਦ ਸਰਬ ਗਿਆਤਾ ਹੈ, ਇਸੇ ਕਰਕੇ ਸਾਰੇ ਵਿਸ਼ਵ ਦਾ ਉਹ ਸਿਰਜਣਹਾਰ ਹੈ। ਆਪਣੀ ਸਤਾ ਕਾਰਨ ਸਭ ਜੀਵਾਂ ਦਾ ਭਗਵਾਨ ਹੈ। ਗਾਥਾ ਵਿਚ ਉਸ ਨੂੰ ਸਰਬ ਸ਼ਕਤੀਮਾਨ, ਦਿਆਲੂ, ਨੇਕ, ਸਿਆਣਾ, ਸੂਰਜ ਵਾਂਗ ਰੌਸ਼ਨ ਦਰਸਾਇਆ ਗਿਆ ਹੈ। ਉਹ ਪੂਰਨ ਸ਼ੁਧ ਮਨ ਦਾ ਸੁਆਮੀ ਹੈ। ਆਪਣੀ ਸੰਪੂਰਨਤਾ ਅਤੇ ਅਮਰਤਵ ਕਰਕੇ ਸਦਾ ਕਾਇਮ ਹੈ। ਉਸ ਨੂੰ Ecological God ਵੀ ਕਿਹਾ ਗਿਆ ਹੈ, ਜੋ ਆਪਣੀ ਸਿਰਜੀ ਕਾਇਨਾਤ ਦੀ ਪਾਲਣਾ, ਰਖਿਆ ਤੇ ਪ੍ਰਫੁਲਤਾ ਕਰਦਾ ਹੈ।

ਡਾ. ਗੁਰਬਚਨ ਸਿੰਘ ਤਾਲਿਬ ਦੇ ਵਿਚਾਰ ਅਨੁਸਾਰ- ਅਹੁਰ ਦਾ ਅਰਥ ਹੈ ਮਾਲਕ ਅਤੇ ਮਜ਼ਦ ਦਾ ਅਰਥ ਹੈ ਬੁੱਧੀਮਾਨ ਪ੍ਰਭੂ ਜਾਂ ਰੱਬ। ਅਹੁਰਮਜ਼ਦ ਲਈ ਇਕ ਹੋਰ ਨਾਂ ਅਵਿਤਾਨਯੋ ਵੀ ਮਿਲਦਾ ਹੈ ਜਿਸ ਅਨੁਸਾਰ ਉਹ ਹਰ ਥਾਂ ਹਾਜ਼ਰ ਨਾਜ਼ਰ ਹੈ। ਦਸਾਤਿਰ ਦੇ ਅਨੁਸਾਰ ਅਹੁਰਮਜ਼ਦ ਦੇ ਗੁਣ ਦਰਸਾਉਂਦਿਆਂ ਹੋਇਆਂ ਲਿਖਦਾ ਹੈ ਉਹ ਇਕ ਹੈ, ਉਹ ਮੂਲ ਜਾਂ ਅੰਤ ਤੋਂ ਬਿਨਾਂ ਹੈ। ਉਸ ਦਾ ਕੋਈ ਪਿਤਾ ਜਾਂ ਮਾਤਾ, ਪਤਨੀ ਜਾਂ ਪੁੱਤਰ ਨਹੀਂ ਹੈ। ਕੋਈ ਵੀ ਉਸ ਵਰਗਾ ਨਹੀਂ। ਨਾ ਅੱਖ ਉਸ ਨੂੰ ਦੇਖ ਸਕਦੀ ਹੈ, ਨਾ ਸੋਚਣ ਦੀ ਸ਼ਕਤੀ ਉਸ ਨੂੰ ਸੋਚ ਸਕਦੀ ਹੈ। ਉਹ ਸਭ ਤੋਂ ਉੱਪਰ ਹੈ ਜਿਸਦੀ ਤੁਸੀਂ ਕਲਪਨਾ ਕਰ ਸਕਦੇ ਹੋ। ਉਹ ਤੁਹਾਡੇ ਆਪਣੇ-ਆਪ ਨਾਲੋਂ ਵੀ ਤੁਹਾਡੇ ਨੇੜੇ ਹੈ। ਉਹ ਧਰਤੀ ਅਤੇ ਅਧਿਆਤਮਿਕ ਜੀਵਨ ਦਾ ਸਿਰਜਣਹਾਰ ਅਤੇ ਸਾਰੇ ਬ੍ਰਹਿਮੰਡ ਦਾ ਮਾਲਕ ਹੈ, ਜਿਸ ਦੇ ਹੱਥਾਂ ਵਿਚ ਸਾਰੇ ਸੰਸਾਰਿਕ ਅਤੇ ਸਵਰਗੀ ਜੀਵਨ ਹਨ। ਉਹ ਹੀ ਪ੍ਰਕਾਸ਼ ਅਤੇ ਪ੍ਰਕਾਸ਼ ਦਾ ਸਰੋਤ ਹੈ।ਅਧਿਆਤਮਿਕ ਅਤੇ ਦੁਨਿਆਵੀ ਜਿਵੇਂ ਕਿ ਚੰਗਾ ਮਨ, ਅਮਰਤਾ, ਸਿਹਤ, ਉੱਤਮ ਸੱਚ, ਸ਼ਰਧਾ ਅਤੇ ਪਵਿੱਤਰਤਾ ਅਤੇ ਭਰਪੂਰਤਾ ਵਿਚ ਉਸਦਾ ਨਿਵਾਸ ਹੈ। ਹਰ ਦੁਨਿਆਵੀ ਚੰਗਿਆਈ ਅਤੇ ਸਾਰੀਆਂ ਦਾਤਾਂ ਉਹ ਉਸ ਧਾਰਮਿਕ ਮਨੁੱਖ ਨੂੰ ਦਿੰਦਾ ਹੈ ਜੋ ਵਿਚਾਰਾਂ, ਸ਼ਬਦਾਂ ਅਤੇ ਕੰਮਾਂ ਵਿਚ ਚੰਗਾ ਹੈ। ਬ੍ਰਹਿਮੰਡ ਦੇ ਕਰਤਾ ਵਜੋਂ ਉਹ ਨਾ ਸਿਰਫ ਇਨਾਮ ਪਰ ਦੁਸ਼ਟਾਂ ਨੂੰ ਉਸੇ ਸਮੇਂ ਦੰਡ ਵੀ ਦਿੰਦਾ ਹੈ। ਪਾਰਸੀ ਧਰਮ ਗ੍ਰੰਥ ਜੇਂਦ ਅਵਸਤਾ ਵਿਚ ਅਹੁਰਮਜ਼ਦ ਨੂੰ ਪਾਰਸੀ ਧਰਮ ਪੈਗੰਬਰ ਜ਼ਰਤੁਸਤ ਨਾਲ ਗੱਲ ਕਰਦਿਆਂ ਦਰਸਾਇਆ ਗਿਆ ਹੈ ਕਿ ਚੰਗਾ ਜਾਂ ਮੰਦਾ, ਕਿਸਮਤ ਜਾਂ ਬਦਕਿਸਮਤੀ, ਸਭ ਕੁੱਝ ਉਸ ਦਾ ਬਣਾਇਆ ਹੋਇਆ ਹੈ। ਉਹ ਸਰਬ-ਵਿਆਪਕ, ਸਰਬ ਸ਼ਕਤੀਮਾਨ ਅਤੇ ਸਮਾਨਤਾਵਾਦੀ ਹੈ। ਉਹ ਬਹੁਤ ਸੂਖਮ ਹੈ ਇਸ ਲਈ ਨਾ ਅੱਖਾਂ ਦੁਆਰਾ, ਨਾ ਬੋਲਾਂ ਦੁਆਰਾ, ਨਾ ਹੀ ਕਿਸੇ ਹੋਰ ਇੰਦਰੀ ਦੁਆਰਾ, ਨਾ ਤਪੱਸਿਆ ਦੁਆਰਾ ਜਾਂ ਕਿਸੇ ਕੰਮ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਸ਼ੁੱਧ ਮਨ ਵਾਲਾ ਚਿੰਤਕ ਰੱਬ ਨੂੰ ਗਿਆਨ ਦੇ ਸ਼ਾਂਤ ਪ੍ਰਕਾਸ਼ ਦੁਆਰਾ ਵੇਖਦਾ ਹੈ।

### 7.5 ਪਾਰਸੀ ਧਰਮ ਦੇ ਬ੍ਰਹਿਮੰਡ ਬਾਰੇ ਵਿਚਾਰ

ਜ਼ਰਤੁਸਤ ਧਰਮ ਵਿਚ ਪਰਮਾਤਮਾ ਦੇ ਬ੍ਰਹਿਮੰਡ ਭਾਵ ਧਰਤੀ ਬਣਾਉਣ ਬਾਰੇ ਜ਼ਿਕਰ ਬਾਰੇ ਜੇਂਦ ਅਵਸਤਾ ਵਿਚ ਦਿੱਤਾ ਗਿਆ ਹੈ ਕਿ ਪਰਮਾਤਮਾ ਨੇ ਛੇ ਯੁੱਗਾਂ ਵਿਚ ਇਸ ਸੰਸਾਰ ਨੂੰ ਬਣਾਇਆ। ਪਹਿਲੇ ਯੁੱਗਾਂ ਵਿਚ ਸਵਰਗ ਅਤੇ ਧਰਤੀ ਨੂੰ ਬਣਾਇਆ, ਦੂਜੇ ਯੁੱਗਾਂ ਵਿਚ ਪਾਣੀ, ਤੀਜੇ ਵਿਚ ਸੁੱਕਾ ਘਾਹ, ਪੰਛੀ, ਫਲਾਂ ਵਾਲੇ ਦਰੱਖਤ, ਚੌਥੇ ਯੁੱਗਾਂ

ਵਿਚ ਪ੍ਰਕਾਸ਼, ਸੂਰਜ , ਚੰਨ ਤਾਰੇ, ਪੰਜਵੇਂ ਯੁੱਗਾਂ ਵਿਚ ਚੱਲਣ, ਰੇਂਗਣ ਵਾਲੇ ਜੀਵ, ਖੰਭਾਂ ਵਾਲੇ ਪੰਛੀ, ਵੇਲ ਅਤੇ ਛੇਵੇਂ ਯੁੱਗਾਂ ਵਿਚ ਜੀਵਤ ਜੀਵ, ਪਸ਼ੂ, ਮਨੁੱਖ ਆਦਿ ਨੂੰ ਪੈਦਾ ਕੀਤਾ।

ਭਗਤ ਹੀਰਾ ਸਿੰਘ ਅਨੁਸਾਰ, ਜ਼ਰਤੁਸਤ ਧਰਮ ਦਾ ਬਿਰਤਾਂਤ ਜ਼ਰੂਰੀ ਤੌਰ ਤੇ ਭੌਤਿਕ ਵਿਗਿਆਨ ਦੀਆਂ ਖੋਜਾਂ ਦੇ ਅਨੁਸਾਰ ਹੈ, ਜਿਸ ਨੇ ਇਹ ਸਥਾਪਿਤ ਕੀਤਾ ਹੈ ਕਿ ਬ੍ਰਹਿਮੰਡ ਦੇ ਵਿਕਾਸ ਵਿਚ, ਜਾਂ ਵਧੇਰੇ ਸਹੀ ਢੰਗ ਨਾਲ ਬੋਲਣ ਵਿਚ ਇਕ ਪੁੰਜ ਦਾ ਗਠਨ ਸਭ ਤੋਂ ਪਹਿਲਾਂ ਹੋਇਆ ਸੀ। ਅਗਲੇ ਪੜਾਅ ਵਿਚ ਸਾਡਾ ਗ੍ਰਹਿ ਪੂਰੇ ਪੁੰਜ ਨਾਲੋਂ ਵੱਖ ਹੋ ਗਿਆ ਅਤੇ ਇਕ ਵੱਖਰਾ ਗਲੋਬ ਬਣ ਗਿਆ ਅਤੇ ਇਸ ਤੋਂ ਬਾਦ ਸਬਜ਼ੀਆਂ ਅਤੇ ਫਲਾਂ, ਜਾਨਵਰਾਂ ਅਤੇ ਮਨੁੱਖਾਂ ਨੂੰ ਲਗਾਤਾਰ ਵੱਖ-ਵੱਖ ਯੁੱਗਾਂ ਵਿਚ ਇਕ ਤੋਂ ਬਾਅਦ ਇਕ ਬਣਾਇਆ ਗਿਆ ਸੀ।

### 7.6 ਧਰਮ ਸਿਖਿਆ ਸੰਸਕਾਰ

ਪਾਰਸੀਆਂ ਦੇ ਦੋ ਬਹੁਤ ਹੀ ਪਵਿੱਤਰ ਚਿੰਨ੍ਹ ਹਨ- ਸਦਰੋ (ਪਵਿੱਤਰ ਚੋਗਾ) ਅਤੇ ਪਵਿੱਤਰ ਧਾਗਾ। ਪਾਰਸੀ ਲੜਕੇ ਅਤੇ ਲੜਕੀ ਦੋਵਾਂ ਨੂੰ ਇਹ ਪਵਿੱਤਰ ਚਿੰਨ੍ਹ ਇਕ ਵਿਸ਼ੇਸ਼ ਸਮਾਰੋਹ ਵਿਚ ਸ਼ੁਰੂਆਤ ਦੇ ਸੰਸਕਾਰ ਵਜੋਂ ਦਿੱਤੇ ਜਾਂਦੇ ਹਨ, ਜੋ ਉਹ ਜੀਵਨ ਲਈ ਪਹਿਨਦੇ ਹਨ। ਅਜਿਹਾ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਨੂੰ ਪਹਿਨਣ ਨਾਲ ਵਿਅਕਤੀ ਮਾੜੇ ਪ੍ਰਭਾਵਾਂ ਅਤੇ ਬੁਰਾਈਆਂ ਤੋਂ ਬਚਿਆ ਰਹਿੰਦਾ ਹੈ। ਸਫੈਦ ਸੂਤੀ ਕੱਪੜੇ ਦੇ ਨੌਂ ਟੁਕੜਿਆਂ ਤੋਂ ਵਿਸ਼ੇਸ਼ ਆਕਾਰ ਵਾਲੇ ਸਦਰ ਬਣਾਏ ਜਾਂਦੇ ਹਨ। ਇਸ ਵਿਚ 'ਕਿਸਮ-ਏ-ਕਰਫ਼' ਨਾਂ ਦੀ ਜੇਬ  ਹੁੰਦੀ ਹੈ। ਪਵਿੱਤਰ ਧਾਗਾ, ਜਿਸ ਨੂੰ 'ਕੁਸ਼ਤੀ' ਕਿਹਾ ਜਾਂਦਾ ਹੈ, ਉੱਨ ਦੇ 72 ਧਾਗਿਆਂ ਨੂੰ ਵੰਡ ਕੇ ਬਣਾਇਆ ਜਾਂਦਾ ਹੈ ਅਤੇ ਕਮਰ ਦੇ ਦੁਆਲੇ ਬੰਨ੍ਹਿਆ ਜਾਂਦਾ ਹੈ, ਜਿਸਦੇ ਅੱਗੇ ਦੋ ਗੰਢਾਂ ਅਤੇ ਦੋ ਗੰਢਾਂ ਪਿੱਛੇ ਬੰਨ੍ਹੀਆਂ ਜਾਂਦੀਆਂ ਹਨ।

### 7.7 ਪਾਰਸੀ ਧਰਮ ਵਿਚ ਅੰਤਿਮ ਕਿਰਿਆਵਾਂ

ਪਾਰਸੀ ਧਰਮ ਵਿਚ ਜੀਵ ਦੀ ਮੌਤ ਹੋਣ ਤੋਂ ਬਾਅਦ ਮ੍ਰਿਤਕ ਸਰੀਰ ਨੂੰ ਨਾ ਤਾਂ ਹਿੰਦੂ ਧਰਮ ਵਾਂਗ ਜਲਾਇਆ ਜਾਂਦਾ ਹੈ ਅਤੇ ਨਾ ਹੀ ਇਸਲਾਮ ਅਤੇ ਈਸਾਈ ਧਰਮ ਵਾਂਗ ਦਫਨ ਕੀਤਾ ਜਾਂਦਾ ਹੈ। ਇਸ ਵਿਚ ਮੌਤ ਤੋਂ ਬਾਅਦ ਮ੍ਰਿਤਕ ਸਰੀਰ ਨੂੰ ਟਾਵਰ ਆਫ ਸਾਇਲੇਸ ਵਿਚ ਰੱਖਿਆ ਜਾਂਦਾ ਹੈ ਜਿਸ ਨੂੰ ਕਪਮਾ ਵੀ ਕਿਹਾ ਜਾਂਦਾ ਹੈ।

ਇਹ ਇਕ ਗੋਲਾਕਾਰ ਵਾਂਗ ਹੁੰਦਾ ਹੈ ਜਿਸ ਵਿਚ ਮ੍ਰਿਤਕ ਸਰੀਰ ਰੱਖਣ ਤੋਂ ਬਾਅਦ ਮ੍ਰਿਤਕ ਦੀ ਆਤਮਾ ਦੀ ਸ਼ਾਂਤੀ ਲਈ ਚਾਰ ਦਿਨ ਪ੍ਰਾਰਥਾਨਾ ਕੀਤੀ ਜਾਂਦੀ ਹੈ। ਇਸ ਪ੍ਰਾਰਥਾਨਾ ਨੂੰ ਮ....ਰੰਦ ਕਹਿੰਦੇ ਹਨ। ਪਾਰਸੀ ਵਿਸ਼ਵਾਸ

ਅਨੁਸਾਰ ਮੌਤ ਤੋਂ ਬਾਅਦ ਮ੍ਰਿਤਕ ਦੀ ਆਤਮਾ ਚਾਰ ਦਿਨਾਂ ਤੱਕ ਮੌਤ ਵਾਲੇ ਸਥਾਨ ਦੇ ਇਰਦ ਗਿਰਦ ਹੀ ਰਹਿੰਦੀ ਹੈ। ਚਾਰ ਦਿਨਾਂ ਤੋਂ ਬਾਅਦ ਇਹ ਆਤਮਾ ਆਪਣੇ ਅਗਲੇ ਸਫਰ ਲਈ ਇਕ ਤਿੱਖੇ ਪੁਲ ਨੂੰ ਪਾਰ ਕਰਦੀ ਹੈ ਜਿਸ ਨੂੰ ਚਿਨਵਤ ਪੁਲ ਕਿਹਾ ਜਾਂਦਾ ਹੈ। ਨੇਕੀ ਦਾ ਸਾਥ ਦੇਣ ਵਾਲੀ ਆਤਮਾ ਇਸ ਪੁਲ ਤੋਂ ਪਾਰ ਹੋ ਜਾਂਦੀ ਹੈ ਅਤੇ ਬਦੀ ਵਾਲੀ ਆਤਮਾ ਇਸ ਪੁਲ ਨਾਲ ਕੱਟੀ ਜਾਂਦੀ ਹੈ।

ਪਾਰਸੀ ਧਰਮ ਪ੍ਰਕਿਰਤੀ ਵਿਚ ਅਗਨੀ, ਜਲ ਅਤੇ ਪ੍ਰਿਥਵੀ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਇਸ ਲਈ ਕਿਸੇ ਸਰੀਰ ਨੂੰ ਜਲਾਉਣਾ ਜਾਂ ਦਫਨ ਕਰਨਾ ਪ੍ਰਕਿਰਤੀ  ਨੂੰ ਗੰਦਾ ਕਰਨ ਵਾਲਾ ਕਰਮ ਮੰਨਿਆ ਜਾਂਦਾ ਹੈ ਕਿਉਂਕਿ ਮ੍ਰਿਤਕ ਸਰੀਰ ਅਸ਼ੁੱਧ ਹੁੰਦਾ ਹੈ। ਇਸ ਲਈ ਮ੍ਰਿਤਕ ਸਰੀਰ ਨੂੰ ਜਲਾਉਣਾ ਜਾਂ ਦਫਨ ਕਰਨਾ ਪਾਰਸੀ ਧਰਮ ਦੇ ਨਜ਼ਰੀਏ ਤੋਂ ਗਲਤ ਮੰਨਿਆ ਜਾਂਦਾ ਹੈ।

### 7.8 ਪਾਰਸੀ ਧਰਮ ਦੇ ਧਰਮ ਗ੍ਰੰਥ

ਪਾਰਸੀ ਧਰਮ ਦੇ ਧਰਮ ਗ੍ਰੰਥ ਦਾ ਨਾਮ ਜੇਂਦ ਅਵੇਸਤਾ ਹੈ ਜੋ ਪਹਿਲਵੀ ਜਾਂ ਅਵੇਸਤਨ ਭਾਸ਼ਾ ਵਿਚ ਲਿਖਿਆ ਗਿਆ ਹੈ। ਇਹ ਭਾਸ਼ਾ ਕੁਝ ਹੱਦ ਤੱਕ ਸੰਸਕ੍ਰਿਤ ਭਾਸ਼ਾ ਨਾਲ ਮਿਲਦੀ ਜੁਲਦੀ ਹੈ। ਪਾਰਸੀ ਰਵਾਇਤ ਅਨੁਸਾਰ ਪੈਗੰਬਰ ਜ਼ਰਤੁਸਤ ਨੇ ਇਸ ਗ੍ਰੰਥ ਦੀਆਂ 21 ਪੋਥੀਆਂ ਆਪਣੇ ਮੁਰੀਦ ਜਮਾਸਪ ਰਾਹੀਂ ਕਲਮਬੰਦ ਕਰਵਾਈਆਂ ਜੋ ਬਲਦਾਂ ਦੀਆਂ 12 ਹਜ਼ਾਰ ਖੱਲਾਂ ਉੱਪਰ ਲਗਭਗ 591 ਈ. ਪੁ. ਵਿਚ ਸੁਨਹਿਰੀ ਅੱਖਰਾਂ ਵਿਚ ਲਿਖੀਆਂ ਗਈਆਂ।

ਈਰਾਨ ਦੇ ਬਾਦਸ਼ਾਹ ਵਿਸ਼ਤਸਪ ਨੇ ਇਸ ਦੀਆਂ ਦੋ ਕਾਪੀਆਂ ਆਪਣੀ ਸ਼ਾਹੀ ਲਾਇਬ੍ਰੇਰੀ ਵਿਚ ਰਖਵਾਈਆਂ ਜਿਨ੍ਹਾਂ ਨੂੰ ਸਿਕੰਦਰ ਦੇ ਈਰਾਨ 'ਤੇ ਹਮਲੇ ਸਮੇਂ ਅੱਗ ਲਗਾ ਦਿੱਤੀ ਗਈ। ਉਸ ਸਮੇਂ ਤੱਕ ਇਸ ਧਰਮ ਗ੍ਰੰਥ ਦੇ ਕਈ ਉਤਾਰੇ ਹੁੰਦੇ ਸਨ। ਜੇਂਦ ਅਵੇਸਤਾ ਧਰਮ ਗ੍ਰੰਥ, ਇਕ ਗ੍ਰੰਥ ਨਾ ਹੋ ਕੇ ਕਈ ਗ੍ਰੰਥਾਂ ਦਾ ਸਮੂਹ ਹੈ ਜਿਸ ਨੂੰ ਪੰਜ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ-

#### 7.8.1 ਅਵੇਸਤਾ

#### 7.8.2 ਵਿਸਪਰਦ

#### 7.8.3 ਵੈਂਦੀਵਾਦ

**7.8.4 ਯਸ਼ਤ**

**7.8.5 ਖੋਰਦ ਅਵੇਸਤਾ।** ਇਨਾਂ ਭਾਗਾਂ ਦਾ ਵਿਸਥਾਰਤ ਵੇਰਵਾ ਇਸ ਪ੍ਰਕਾਰ ਹੈ-

**7.8.1 ਯਾਸਨਾ-** ਯਾਸਨਾ ਦਾ ਅਰਥ ਹੈ – ਯੱਗ, ਬਲੀ ਜਾਂ ਪੂਜਾ। ਇਸ ਭਾਗ ਵਿਚ ਪੂਜਾ-ਪਾਠ ਅਤੇ ਕਰਮ ਕਾਂਡ ਸੰਬੰਧੀ ਨਿਯਮ ਸ਼ਾਮਿਲ ਹਨ ਜਿਸ ਦੇ ਕੁੱਲ 72 ਅਧਿਆਇ ਹਨ। ਮੂਲ ਰੂਪ ਵਿਚ ਇਹ ਕਾਵਿਕ ਰਚਨਾ ਹੈ ਜਿਸ ਵਿਚ ਪਰਮਾਤਮਾ ਦੀ ਉਸਤਤ, ਅਰਦਾਸ, ਸ਼ਲੋਕ ਅਤੇ ਗਾਥਾਵਾਂ ਸ਼ਾਮਿਲ ਹਨ। ਗਾਥਾ ਜ਼ਰਤੁਸਤ ਧਰਮ ਦਾ ਮਹੱਤਵਪੂਰਨ ਹਿੱਸਾ ਹਨ ਜੋ ਇਸ ਧਰਮ ਦੇ ਨੈਤਿਕ ਪੱਖ ਨੂੰ ਪ੍ਰਸਤੁਤ ਕਰਦੀਆਂ ਹਨ। ਇਸ ਗ੍ਰੰਥ ਵਿਚ ਮੁੱਖ ਰੂਪ ਵਿਚ ਸ਼ਾਮਿਲ ਗਾਥਾਵਾਂ ਦੇ ਨਾਮ ਇਸ ਪ੍ਰਕਾਰ ਹਨ- ਅਹੁਨਾਵੈਤੀ ਗਾਥਾ, ਉਸ਼ਤਾਵੈਤੀ ਗਾਥਾ, ਸਪੈਂਤਾਮੈਨਯੁਸ਼ ਗਾਥਾ, ਵਾਹੀਸ਼ਤੋਇਸ਼ਤੀ ਗਾਥਾ ਆਦਿ।

ਗ੍ਰੰਥ ਦਾ ਆਰੰਭਲਾ ਭਾਗ 'ਅਸ਼ੇਮ ਵੋਹੁ' ਦੇ ਨਾਮ ਵਜੋਂ ਅਹੁਰਮਜ਼ਦਾ ਦੀ ਉਸਤਤ ਦੇ ਰੂਪ ਵਿਚ ਹੈ ਜਿਸ ਵਿਚ ਅਗਨੀ ਨੂੰ ਅਹੁਰਮਜ਼ਦ ਦਾ ਪੁੱਤਰ ਕਿਹਾ ਗਿਆ ਹੈ। ਇਸ ਤੋਂ ਬਾਅਦ ਪਾਰਸੀ ਧਰਮ ਦੇ ਅਤਿ ਪਵਿੱਤਰ ਅਤੇ ਪ੍ਰਸਿੱਧ ਮੰਤਰ' ਅਹੁਨਾਵਰ (ਅਹੁੰਨਾ ਵੈਰੀਯਾ) ਮੰਤਰ ਨੂੰ ਸ਼ਾਮਿਲ ਕੀਤਾ ਗਿਆ ਹੈ।

ਇਸ ਗ੍ਰੰਥ ਦੇ ਅਖੀਰਲਾ ਭਾਗ ਵਿਚ ਐਂਗਰਾ ਮੈਨੀਊ ਦੇ ਮਾੜੇ ਪ੍ਰਭਾਵ ਅਤੇ ਬੁਰਾਈਆਂ ਨੂੰ ਦੂਰ ਕਰਨ ਸੰਬੰਧੀ ਪ੍ਰਾਰਥਨਾਵਾਂ ਸ਼ਾਮਿਲ ਹਨ। ਅਸਮ ਵਿਚ ਇਹ ਹਿੱਸਾ 61ਵੇਂ ਅਧਿਆਇ ਨਾਲ ਹੀ ਮਿਲਦਾ ਜੁਲਦਾ ਹੈ।

**7.8.2 ਵਿਸਪਰਦ**- ਵਿਸਪਰਦ ਗ੍ਰੰਥ ਮੁੱਖ ਤੌਰ 'ਤੇ ਯਾਸਨਾ ਨਾਲ ਹੀ ਸੰਬੰਧਿਤ ਗ੍ਰੰਥ ਹੈ ਕਿਉਂਕਿ ਇਸ ਦੇ ਅਧਿਆਇ ਪਾਰਸੀ ਧਰਮ ਦੇ ਪੰਜ ਪ੍ਰਮੁੱਖ ਤਿਉਹਾਰਾਂ ਦੌਰਾਨ 'ਯਾਸਨਾ' ਨਾਲ ਜੋੜ ਕੇ ਪੂਜਾ ਸਮੇਂ ਪੜ੍ਹੇ ਜਾਂਦੇ ਹਨ। ਵਿਸਪਰਦ ਸ਼ਬਦ ਅਵੇਸਤਾ ਮੂਲ Vispe.ratvo ਤੋਂ ਵਿਕਸਿਤ ਹੋਇਆ ਹੈ ਜਿਸ ਦਾ ਅਰਥ ਹੈ All the Lord (ਸਾਰੇ ਹੀ ਦੇਵਤੇ) ਭਾਵ ਕਿ ਇਸ ਵਿਚ ਸਾਰੇ ਦੇਵਤਿਆਂ ਦੀ ਉਸਤਤ ਕੀਤੀ ਗਈ ਹੈ। ਇਸ ਗ੍ਰੰਥ ਦੇ ਕੁੱਲ 24 ਕਰਦ ਜਾਂ ਅਧਿਆਇ ਹਨ ਜਿਨ੍ਹਾਂ ਦੇ ਵਿਸ਼ੇ ਅਤੇ ਸ਼ੈਲੀ ਯਾਸਨਾ ਵਰਗੇ ਹੀ ਹਨ।

**7.8.3 ਵੈਂਦੀਵਾਦ-** ਵੈਂਦੀਦਾਦ ਪਾਰਸੀ ਧਰਮ ਦੇ ਮਿਥਿਹਾਸਿਕ ਤੱਤਾਂ, ਪ੍ਰਾਰਥਨਾਵਾਂ ਅਤੇ ਧਾਰਮਿਕ ਰੀਤੀ ਰਿਵਾਜਾਂ ਦਾ ਇਕ ਪ੍ਰਚੀਨ ਸੰਗ੍ਰਹਿ ਹੈ ਜਿਸ ਦਾ ਉਦੇਸ਼ ਲਾਗ ਅਤੇ ਬੁਰਾਈ ਦੇ ਸਰੋਤਾਂ ਤੋ ਬਚਾਅ ਕਰ ਕੇ ਪਵਿੱਤਰਤਾ ਪ੍ਰਦਾਨ ਕਰਨਾ ਹੈ। ਇਸ ਵਿਚ ਧਾਰਮਿਕ ਰੀਤੀ-ਰਿਵਾਜ਼ਾਂ ਤੋਂ ਇਲਾਵਾ ਸਮਾਜਿਕ-ਪਰਿਵਾਰਿਕ ਨਿਯਮ ਵੀ ਸ਼ਾਮਿਲ ਹਨ। ਧਰਤੀ, ਪਾਣੀ ਆਦਿ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਮ੍ਰਿਤਕ ਸਰੀਰ ਦੀਆਂ ਅੰਤਿਮ ਕਿਰਿਆਵਾਂ ਇਸ ਗ੍ਰੰਥ ਵਿਚ

ਵਿਸ਼ੇਸ਼ ਤੌਰ 'ਤੇ ਸ਼ਾਮਿਲ ਹਨ। ਇਸ ਗ੍ਰੰਥ ਦੇ ਕੁੱਲ 22 ਅਧਿਆਇ ਹਨ ਜਿਨ੍ਹਾਂ ਵਿਚੋਂ ਪਹਿਲਾ ਅਧਿਆਇ ਅਹੁਰਮਜ਼ਦ ਦੁਆਰਾ ਬਣਾਈਆਂ ਗਈਆਂ 16 ਪਵਿੱਤਰ ਭੂਮੀਆਂ ਅਤੇ ਐਂਗਰਾ ਮੈਨੀਊ ਦੁਆਰਾ ਪੈਦਾ ਕੀਤੀਆਂ ਅਨੇਕਾਂ ਬੀਮਾਰੀਆਂ ਨਾਲ ਸੰਬੰਧਿਤ ਹੈ। ਅਖੀਰਲੇ ਅਧਿਆਇ ਵਿਚ ਐਂਗਰਾ ਮੈਨੀਊ ਦੁਆਰਾ ਪੈਦਾ ਕੀਤੀਆਂ 99,999 ਬੀਮਾਰੀਆਂ ਅਤੇ ਇਸ ਦੇ ਮੁਕਾਬਲੇ ਅਹੁਰਮਜ਼ਦ ਦੇ ਪਵਿੱਤਰ ਮੰਤਰਾਂ ਦੀ ਗੱਲ ਕੀਤੀ ਗਈ ਹੈ।

**7.8.4 ਯਸ਼ਤ**- ਇਹ ਗ੍ਰੰਥ ਅਵੇਸਤਨ ਭਾਸ਼ਾ ਵਿਚ ਲਿਖੇ ਗਏ ਪਾਰਸੀ ਧਰਮ ਦੇ ਭਜਨਾਂ ਦਾ ਸੰਗ੍ਰਹਿ ਹੈ ਜਿਨ੍ਹਾਂ ਵਿਚ ਹਰੇਕ ਭਜਨ ਅਧਿਆਤਮਕਤਾ ਅਤੇ ਸਿਧਾਂਤਕ ਪੱਖ ਪੇਸ਼ ਕਰਦਾ ਹੈ। ਇਸ ਗ੍ਰੰਥ ਦੇ ਕੁਲ 21 ਅਧਿਆਇ ਹਨ ਜਿਨ੍ਹਾਂ ਦੇ ਸਾਰੇ ਭਜਨ ਗਦ ਅਤੇ ਕਵਿਤਾ ਰੂਪ ਵਿਚ ਲਿਖੇ ਗਏ ਹਨ।

ਯਾਸ਼ਤ ਸ਼ਬਦ ਦੇ ਵਿਚਾਰ, ਸੰਕਲਪ ਅਤੇ ਮਹੱਤਤਾ ਨੂੰ ਸਮਝਣਾ ਮਹੱਤਵਪੂਰਣ ਹੈ। ਪਾਰਸੀ ਧਰਮ ਵਿਚ ਅਹੁਰਮਜ਼ਦ ਨੂੰ ਬ੍ਰਹਿਮੰਡ ਦਾ ਸਰਵਉੱਚ ਸਿਰਜਣਹਾਰ ਮੰਨਿਆ ਜਾਂਦਾ ਹੈ। ਇਸ ਪ੍ਰਕਾਰ ਸਮੁੱਚੇ ਕੁਦਰਤੀ ਵਰਤਾਰਿਆਂ ਨੂੰ ਅਹੁਰਮਜ਼ਦ ਦੀਆਂ ਕਿਰਿਆਵਾਂ ਮੰਨਿਆ ਜਾਂਦਾ ਹੈ ਜਿਨ੍ਹਾਂ ਨੂੰ ਇਕ ਸਮੇਂ ਵਿਚ ਇਕਸਾਰਤਾ ਨਾਲ ਸਮਝਣਾ ਮਨੁੱਖ ਲਈ ਮੁਸ਼ਕਿਲ ਕਾਰਜ ਹੈ। ਯਸ਼ਤ ਵਿਚ ਇਨ੍ਹਾਂ ਸਾਰੇ ਵਰਤਾਰਿਆਂ ਨੂੰ ਅਹੁਰਮਜ਼ਦ ਦੇ ਵੱਖਰੇ-ਵੱਖਰੇ ਗੁਣਾਂ ਦੇ ਰੂਪ ਵਿਚ ਅਤੇ ਹਰੇਕ ਪਹਿਲੂ ਨੂੰ ਵੱਖਰੇ ਤੌਰ 'ਤੇ ਪੇਸ਼ ਕੀਤਾ ਗਿਆ ਹੈ ਜਿਵੇਂ- ਅਸ਼ਾ ਵਰਿਸ਼ਟ ਰਾਹੀਂ ਅੱਗ, ਅਮਿਰੇਤਤ ਰਾਹੀਂ ਬਨਸਪਤੀ ਆਦਿ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸੇ ਪ੍ਰਕਾਰ ਹੋਰਵਤਤ, ਅਮੇਸ਼ਾ ਸਪੈਂਟਾ ਹੈ ਜੋ ਪਾਣੀ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਯਜ਼ਤਾ ਤਿਸ਼ਤਰਯਾ ਮੀਂਹ ਪੈਣ ਦੇ ਵਰਤਾਰੇ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਸਰੂਪ ਆਮ ਲੋਕਾਂ ਦੇ ਪੱਧਰ 'ਤੇ ਸਮਝ ਨੂੰ ਸੁਖੈਨ ਬਣਾਉਣ ਦੇ ਉਦੇਸ਼ ਨਾਲ ਦਰਸਾਇਆ ਗਿਆ ਹੈ ਪ੍ਰੰਤੂ ਇਨ੍ਹਾਂ ਦਾ ਅਸਲ ਅਧਿਐਨ ਅਤੇ ਸਮਝ, ਇਨ੍ਹਾਂ ਦੇ ਡੂੰਘੇ ਅਰਥਾਂ ਵਿਚ ਹੈ। ਜਦੋਂ ਇਨ੍ਹਾਂ ਨੂੰ ਬਾਹਰੀ ਪੱਧਰ 'ਤੇ ਕਹਾਣੀਆਂ ਦੇ ਰੂਪ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਹ ਯਸ਼ਤ ਪ੍ਰਾਚੀਨ ਈਰਾਨੀ ਸਾਹਿਤ ਦਾ ਅਸਲ ਖਜ਼ਾਨਾ ਹਨ। ਇਨ੍ਹਾਂ ਦੀ ਤੁਲਨਾ ਕੁਝ ਹੱਦ ਤੱਕ ਵੈਦਿਕ ਸਾਹਿਤ ਜਿਵੇਂ ਅਗਨੀ ਪੁਰਾਣ, ਵਾਯੂ ਪੁਰਾਣ, ਆਦਿ ਨਾਲ ਵੀ ਕੀਤੀ ਜਾ ਸਕਦੀ ਹੈ।

**7.8.5 ਖੋਰਦ ਅਵੇਸਤਾ**- ਖੋਰਦ ਦਾ ਭਾਵ ਹੈ ਛੋਟੀ। ਇਸ ਲਈ ਖੋਰਦ ਅਵੇਸਤਾ ਨੂੰ ਛੋਟੀ ਅਵੇਸਤਾ ਵੀ ਕਿਹਾ ਜਾਂਦਾ ਹੈ। ਇਹ ਪਾਰਸੀਆਂ ਦੀਆਂ ਰੋਜ਼ਾਨਾਂ ਕੀਤੀਆਂ ਜਾਣ ਵਾਲੀਆਂ ਪ੍ਰਾਰਥਨਾਵਾਂ ਦਾ ਸਮੂਹ ਹੈ। ਇਸ ਵਿਚ ਪਾਰਸੀ ਧਰਮ ਗ੍ਰੰਥਾਂ- ਯਾਸਨਾ, ਵਿਸਪਰਦ, ਵੈਂਦੀਵਾਦ ਅਤੇ ਯਸ਼ਤ ਵਿਚੋਂ ਚੋਣਵੀਆਂ ਪ੍ਰਾਰਥਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ

ਜੋ ਦੈਵਿਕ ਜੀਵਨ ਵਿਚ ਪ੍ਰਯੋਗ ਹੁੰਦੀਆਂ ਹਨ, ਜਿਵੇਂ- ਅਹੁੰਨਾ ਵੈਰੀਯਾ ਮੰਤਰ, ਅਹੁਰਮਜ਼ਦ ਯਸ਼ਤ, ਕੁਸ਼ਤੀ ਪ੍ਰਾਰਥਨਾ, ਪੰਜ ਗਾਹ, ਪੰਜ ਨਯਾਨੇਸ਼, ਅਫਰਿੰਗਾਨ, ਦਰਮਾਨ ਆਦਿ।

ਖੋਰਦ ਅਵੇਸਤਾ ਵਿਚ ਅਜਿਹਾ ਸੰਗ੍ਰਹਿ ਹੈ ਜਿਸ ਵਿਚ ਪਾਰਸੀ, ਅਨੁਯਾਈਆਂ ਦੇ ਜੀਵਨ ਦੇ ਵੱਖ-ਵੱਖ ਹਾਲਾਤਾਂ ਅਤੇ ਵੱਖ-ਵੱਖ ਮੌਸਮਾਂ ਵਿਚ ਸਭ ਤੋਂ ਲੋੜੀਂਦੀਆਂ ਪ੍ਰਾਰਥਨਾਵਾਂ ਸ਼ਾਮਿਲ ਹਨ। ਸ਼ਰਧਾਲੂਆਂ ਦੀ ਸਹੂਲਤ ਲਈ ਪੈਗੰਬਰ ਜ਼ਰਤੁਸਤ ਦੀਆਂ ਪੰਜ ਗਾਥਾਵਾਂ ਜੋ ਕਿ ਯਾਸਨਾ ਦਾ ਹਿੱਸਾ ਹਨ, ਨੂੰ ਵੀ ਖੋਰਦ ਅਵੇਸਤਾ ਦੇ ਕਈ ਸੰਸਕਰਣਾਂ ਵਿਚ ਸ਼ਾਮਿਲ ਕੀਤਾ ਗਿਆ ਹੈ।

ਇਸ ਪਵਿੱਤਰ ਗ੍ਰੰਥ ਨੂੰ ਪਹਿਲਵੀ ਭਾਸ਼ਾ ਤੋਂ ਅਨੁਵਾਦ ਕਰਨ ਦਾ ਸਭ ਤੋਂ ਪਹਿਲਾ ਕਾਰਜ 1880 ਈ. ਵਿਚ Ervad Kavasji Edulji Kanga ਦੁਆਰਾ ਕੀਤਾ ਗਿਆ। ਉਨ੍ਹਾਂ ਨੇ ਵਿਦਵਤਾਪੂਰਨ ਅਤੇ ਵਿਵਸਥਿਤ ਢੰਗ ਰਾਹੀਂ ਖੋਰਦ ਅਵੇਸਤਾ ਦਾ ਗੁਜਰਾਤੀ ਭਾਸ਼ਾ ਵਿਚ ਅਨੁਵਾਦ ਅਤੇ ਹਰੇਕ ਪੈਰੇ ਦਾ ਲਿਪੀਅੰਤਰਨ ਕੀਤਾ। ਉਨ੍ਹਾਂ ਨੇ ਪਾਠਕਾਂ ਦੇ ਫਾਇਦੇ ਲਈ ਇਕ-ਇਕ ਸ਼ਬਦ ਦਾ ਆਧੁਨਿਕ ਖੋਜ ਦੀ ਰੌਸ਼ਨੀ ਵਿਚ ਸ਼ੁੱਧ ਅਨੁਵਾਦ ਕੀਤਾ ਅਤੇ ਲੋੜ ਅਨੁਸਾਰ ਫੁੱਟ ਨੋਟ ਵੀ ਦਿੱਤੇ।

**7.9 ਪਾਰਸੀ ਧਰਮ ਦਾ ਭਾਰਤ ਵਿਚ ਆਗਮਨ-**

ਹਜ਼ਰਤ ਮੁਹੰਮਦ ਸਾਹਿਬ ਤੋਂ ਪਿੱਛੋਂ ਜਦੋਂ ਈਰਾਨ ਵਿਚ ਇਸਲਾਮ ਫੈਲਾਉਣ ਦਾ ਯਤਨ ਉਲੇਮਾਂ ਅਤੇ ਸ਼ਾਸ਼ਕ ਵਰਗ ਵਲੋਂ ਹੋਇਆ ਤਾਂ ਉਨ੍ਹਾਂ ਨੇ ਜ਼ਰਤੁਸਤੀ ਮੱਤ ਨੂੰ ਮੰਨਣ ਵਾਲਿਆ ਲਈ ਇਸਲਾਮ ਜਾਂ ਮੌਤ ਵਿਚੋਂ ਇਕ ਨੂੰ ਪਰਵਾਨ ਕਰਨ ਲਈ ਆਪਣੀ ਤਾਕਤ ਦੀ ਵਰਤੋਂ ਕੀਤੀ । ਕੁਝ ਹਾਲਤਾਂ ਵਿਚ ਜ਼ਜ਼ੀਆ (ਟੈਕਸ) ਭਰਨ ਦੀ ਸ਼ਰਤ ਰਾਹੀਂ ਇਨ੍ਹਾਂ ਨੂੰ ਆਪਣਾ ਧਰਮ ਅਪਣਾਈ ਰੱਖਣ ਦੀ ਛੋਟ ਦੇ ਦਿੱਤੀ ਗਈ । ਜਦ 8ਵੀਂ ਸਦੀ ਵਿਚ ਜ਼ਰਤੁਸਤਰੀ ਲੋਕਾਂ ਨੂੰ ਇਸਲਾਮ ਕਬੂਲਣ ਲਈ ਮਜ਼ਬੂਰ ਕਰ ਦਿੱਤਾ ਗਿਆ ਤਾਂ ਇਹ ਫਾਰਸ (ਈਰਾਨ) ਨੂੰ ਛੱਡ ਕੇ ਖੁਰਾਸਾਨ ਵਿਚ ਆ ਗਏ । ਇਨ੍ਹਾਂ ਵਿਚੋਂ ਕੋਈ 700 ਦੇ ਕਰੀਬ ਜ਼ਰਤੁਸਤਰੀ ਅਨੁਆਈ ਪੂਰਬ ਵੱਲ ਨੂੰ ਸਮੁੰਦਰ ਦੇ ਰਸਤੇ ਭਾਰਤ ਦੇ ਨੇੜੇ ਕਾਂਬੇ (ਖੰਭਾਤ) ਸਮੁੰਦਰ ਦੇ 'ਡਿਊ' ਟਾਪੂ ਵਿਚ ਆ ਵੱਸੇ । ਪ੍ਰੰਤੂ ਇਹ ਟਾਪੂ ਰਹਿਣ ਦੇ ਯੋਗ ਨਹੀਂ ਸੀ ਤੇ ਇਸ ਕਰਕੇ 772 ਈ: ਵਿਚ ਇਹ ਦੰਮਣ ਤੋਂ 20 ਮੀਲ ਦੱਖਣ ਵਲ ਸੰਜਾਨਾ (ਸੰਜਾਰਣ) ਵਿਖੇ ਆ ਠਹਿਰੇ । ਇਥੇ ਦਾ ਰਾਜਾ ਜੈ ਦੇਵ ਰਾਣਾ ਸੀ, ਜਿਸ ਨੇ ਕੁਝ ਸ਼ਰਤਾਂ ਮਨਵਾ ਕੇ ਇਨ੍ਹਾਂ ਨੂੰ ਰਹਿਣ ਦੀ ਆਗਿਆ ਦੇ ਦਿੱਤੀ ਅਤੇ ਇਹ ਭਾਰਤ ਵਿਚ

‘ਪਾਰਸੀ ਅਖਵਾਏ । ਜਦ ਮੁਸਲਮਾਨ ਭਾਰਤ ਵਿਚ ਆਏ ਤਾਂ ਰਾਣੇ ਨਾਲ ਯੁੱਧ ਹੋਇਆ, ਜਿਸ ਵਿਚ ਰਾਣਾ ਹਾਰ ਗਿਆ। ਇਸ ਸਮੇਂ ਇਹ ਪਾਰਸੀ ਦੌੜ ਕੇ ‘ਬਾਹਰਨ’ ਨਾਮ ਦੇ ਪਹਾੜ ਉਤੇ ਚਲੇ ਗਏ ਅਤੇ 12 ਸਾਲ ਉਥੇ ਲੁਕੇ ਰਹੇ । ਸਮਾਂ ਪਾ ਕੇ ਇਹਨਾਂ ਦਾ ਵੰਸ ਵਧਦਾ ਗਿਆ ਤੇ ਇਹ ਬਾਸਦਾ ਆ ਗਏ । ਇਥੋਂ ਨੈਸਾਰੀ, ਬਾਰੀਆ, ਭੜੈਚ, ਸੂਰਤ, ਬੰਬਈ ਅਤੇ ਗੁਜਰਾਤ ਵਿਚ ਫੈਲ ਗਏ।

ਭਾਰਤ ਵਿਚ ਪਾਰਸੀਆਂ ਦਾ ਇਕ ਛੋਟਾ ਜਿਹਾ ਭਾਈਚਾਰਾ ਹੈ, ਉਨ੍ਹਾਂ ਦੀ ਗਿਣਤੀ ਘਟਦੀ ਜਾ ਰਹੀ ਹੈ। ਉਹ ਮੁੱਖ ਤੌਰ 'ਤੇ ਪੱਛਮੀ ਤੱਟ, ਕੋਲਕਾਤਾ (ਪਹਿਲਾਂ ਕਲਕੱਤਾ), ਚੇਨਈ (ਪਹਿਲਾਂ ਮਦਰਾਸ) ਅਤੇ ਦਿੱਲੀ ਵਿਚ ਰਹਿੰਦੇ ਹਨ। ਇਸ ਦੇ ਉਲਟ, 19ਵੀਂ ਸਦੀ ਦੇ ਮੱਧ ਵਿਚ ਈਰਾਨ ਤੋਂ ਭਾਰਤ ਆਏ ਜ਼ੋਰੋਆਸਟਰੀਅਨ (ਪਾਰਸੀ) ਇਕ ਵਧ ਰਿਹਾ ਭਾਈਚਾਰਾ ਹੈ। ਦੋਵੇਂ ਸਮੂਹ ਪਾਰਸੀ ਅਗਨੀ ਮੰਦਰਾਂ ਵਿਚ ਪੂਜਾ ਕਰਦੇ ਹਨ ਅਤੇ ਜ਼ਰਤੁਸਤ ਧਰਮ ਦੇ ਰੀਤੀ-ਰਿਵਾਜਾਂ ਦੀ ਪਾਲਣਾ ਕਰਦੇ ਹਨ।

**7.10 ਭਾਰਤੀ ਜਨਤਕ ਜੀਵਨ ਵਿਚ ਪਾਰਸੀਆਂ ਦਾ ਯੋਗਦਾਨ**

ਭਾਰਤ ਅਤੇ ਈਰਾਨ ਵਿਚਕਾਰ ਵਪਾਰਕ ਸਬੰਧ ਅਤੇ ਰਾਜਨੀਤਿਕ ਸੰਪਰਕ ਸ਼ੁਰੂਆਤੀ ਸਮੇਂ ਤੋਂ ਹਨ, ਪਰ ਪਾਰਸੀ 8ਵੀਂ ਤੋਂ 10ਵੀਂ ਸਦੀ ਦੇ ਦੌਰਾਨ ਭਾਰਤ ਵਿਚ ਵਸ ਗਏ ਸਨ, ਜਦੋਂ ਕਿ ਈਰਾਨੀ ਲੋਕ 19ਵੀਂ ਸਦੀ ਦੇ ਮੱਧ ਵਿਚ ਆ ਗਏ ਸਨ। ਈਰਾਨੀਆਂ ਨੇ ਚਾਹ ਦੀਆਂ ਛੋਟੀਆਂ ਦੁਕਾਨਾਂ ਖੋਲ੍ਹ ਕੇ ਕੰਮ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਇਹ ਖੇਤੀਬਾੜੀ ਅਤੇ ਦਵਾਈ ਦੇ ਖੇਤਰ ਵਿਚ ਦਾਖਲ ਹੋਏ ਅਤੇ ਅੱਜ ਇਹ ਇਕ ਵਧਦਾ-ਫੁੱਲਦਾ ਭਾਈਚਾਰਾ ਹੈ। ਪਾਰਸੀਆਂ ਦੀ ਸ਼ੁਰੂਆਤ ਫਲ ਉਤਪਾਦਕਾਂ ਅਤੇ ਨਾਰੀਅਲ ਅਤੇ ਪਾਮ ਦੇ ਦਰਖਤ ਉਗਾਉਣ ਵਾਲੇ ਕਿਸਾਨ ਵਜੋਂ ਹੋਈ ਅਤੇ ਫਿਰ ਵੱਡੇ ਕਾਰੋਬਾਰਾਂ ਵਿਚ ਚਲੇ ਗਏ। ਸੂਰਤ ਦੇ ਵਾਡੀਆ ਪਰਿਵਾਰ ਨੇ ਸ਼ਿਪ ਬਿਲਡਰਾਂ ਵਜੋਂ ਆਪਣਾ ਨਾਮ ਕਮਾਇਆ ਅਤੇ ਰਾਇਲ ਨੇਵੀ ਨੂੰ ਜੰਗੀ ਜਹਾਜ਼ਾਂ ਦੀ ਸਪਲਾਈ ਕੀਤੀ। ਇਸ ਪਰਿਵਾਰ ਦਾ ਇਕ ਮੈਂਬਰ ਅਰਦੇਸ਼ੀਰ ਕਰਸੇਤਜੀ ਵਾਡੀਆ (1808-77), ਜੰਗੀ ਜਹਾਜ਼ਾਂ ਵਿਚ ਭਾਫ਼ ਇੰਜਣ ਦੀ ਵਰਤੋਂ ਕਰਨ ਵਾਲਾ ਪਹਿਲਾ ਵਿਅਕਤੀ ਸੀ ਅਤੇ ਉਸਨੇ ਬੰਬਈ (ਮੌਜੂਦਾ ਮੁੰਬਈ) ਵਿਚ ਗੈਸ ਤੋਂ ਰੋਸ਼ਨੀ ਵੀ ਸ਼ੁਰੂ ਕੀਤੀ। ਉਹ 1941 ਵਿਚ 'ਰਾਇਲ ਸੋਸਾਇਟੀ ਆਫ਼ ਲੰਡਨ' ਦੇ ਚੁਣੇ ਜਾਣ ਵਾਲੇ ਮੈਂਬਰਾਂ ਵਿਚੋਂ ਪਹਿਲਾ ਭਾਰਤੀ ਸੀ।

ਤਿੰਨ ਪਾਰਸੀਆਂ ਨੇ ਭਾਰਤੀ ਰਾਜਨੀਤੀ ਵਿਚ ਵਿਸ਼ੇਸ਼ ਪ੍ਰਸਿੱਧੀ ਪ੍ਰਾਪਤ ਕੀਤੀ। ਦਾਦਾਭਾਈ ਨੌਰੋਜੀ (1825-1917), ਫਿਰੋਜ਼ਸ਼ਾਹ ਮਹਿਤਾ (1845-1915) ਅਤੇ ਦਿਨਸ਼ਾਹ ਵਾਚਾ। ਵਣਜ ਅਤੇ ਉਦਯੋਗ ਦੇ ਖੇਤਰ ਵਿਚ ਜਮਸ਼ੇਦਜੀ ਨੌਸ਼ੇਰਵਾਨਜੀ ਟਾਟਾ (1839-1904) ਦਾ ਯੋਗਦਾਨ ਜ਼ਿਕਰਯੋਗ ਹੈ। ਉਨ੍ਹਾਂ ਨੇ ਭਾਰਤ ਦੇ ਲੋਹਾ ਅਤੇ ਸਟੀਲ ਉਦਯੋਗ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਨੇ ਲੋਨਾਵਲਾ ਵਿਖੇ ਇਕ ਪਣਬਿਜਲੀ ਪ੍ਰੋਜੈਕਟ ਦੀ ਸਥਾਪਨਾ ਕੀਤੀ ਅਤੇ ਬੰਗਲੌਰ ਵਿਚ  'ਭਾਰਤੀ ਵਿਗਿਆਨ ਸੰਸਥਾਨ' ਦੀ ਸਥਾਪਨਾ ਲਈ ਉਹ ਜ਼ਿੰਮੇਵਾਰ ਸਨ, ਹਾਲਾਂਕਿ ਇਹ ਉਨ੍ਹਾਂ ਦੀ ਮੌਤ ਤੋਂ ਬਾਅਦ ਸਥਾਪਿਤ ਕੀਤਾ ਗਿਆ ਸੀ। 'ਟਾਟਾ ਪਰਿਵਾਰ' ਦੇ ਵੰਸ਼ਜ ਜਹਾਂਗੀਰ ਰਤਨਜੀ ਦਾਦਾਭਾਈ ਟਾਟਾ ਨੇ 1932 ਵਿਚ 'ਟਾਟਾ ਏਅਰਲਾਈਨਜ਼' ਨਾਲ ਦੇਸ਼ ਵਿਆਪੀ ਨਾਗਰਿਕ ਉਡਾਨ ਸ਼ੁਰੂ ਕੀਤੀ, ਜੋ ਬਾਅਦ ਵਿਚ 'ਇੰਡੀਅਨ ਏਅਰਲਾਈਨਜ਼' ਅਤੇ 'ਏਅਰ ਇੰਡੀਆ ਇੰਟਰਨੈਸ਼ਨਲ' ਵਜੋਂ ਵਿਕਸਤ ਹੋਈ। ਦੋਵਾਂ ਦਾ 1953 ਵਿਚ ਰਾਸ਼ਟਰੀਕਰਨ ਕੀਤਾ ਗਿਆ ਸੀ। ਕਲਾ ਦੇ ਖੇਤਰ ਵਿਚ, ਜ਼ੁਬਿਨ ਮਹਿਤਾ ਇਕ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸੰਗੀਤ ਸੰਚਾਲਕ ਹੈ। ਜਹਾਂਗੀਰ ਸਬਾਲਾ ਦੀਆਂ ਪੇਂਟਿੰਗਾਂ ਨੂੰ ਵਿਆਪਕ ਮਾਨਤਾ ਮਿਲੀ ਹੈ ਅਤੇ ਪੀਨਾਜ਼ ਮਸਾਨੀ ਆਪਣੀ ਗ਼ਜ਼ਲ ਗਾਇਕੀ ਲਈ ਮਸ਼ਹੂਰ ਹੈ। ਅਬਾਨ ਈ ਮਿਸਤਰੀ ਪਹਿਲਾ ਪ੍ਰਸਿੱਧ ਪਾਰਸੀ ਤਬਲਾ ਵਾਦਕ ਹੈ।

ਇਕ ਹੋਰ ਪਾਰਸੀ ਹੋਮੀ ਜਹਾਂਗੀਰ ਭਾਭਾ (1909-1966) ਅੰਤਰਰਾਸ਼ਟਰੀ ਪ੍ਰਸਿੱਧੀ ਦਾ ਪ੍ਰਮਾਣੂ ਵਿਗਿਆਨੀ ਸੀ। 1941 ਵਿਚ, 31 ਸਾਲ ਦੀ ਉਮਰ ਵਿਚ, ਉਹ ਲੰਡਨ ਦੀ ਰਾਇਲ ਸੁਸਾਇਟੀ ਦਾ ਫੈਲੋ ਚੁਣਿਆ ਗਿਆ। ਉਹ 'ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ' ਅਤੇ 'ਇੰਡੀਅਨ ਐਟੋਮਿਕ ਕਮਿਸ਼ਨ' ਦੇ ਸੰਸਥਾਪਕ ਸਨ। ਉਸ ਦਾ ਸਮਕਾਲੀ ਦਰਸ਼ਾਵ ਵਾਡੀਆ (1883–1969) ਭੂ-ਵਿਗਿਆਨ ਦਾ ਮੋਢੀ ਸੀ, ਜਿਸ ਨੇ ਹਿਮਾਲਿਆ ਦੀਆਂ ਪ੍ਰਮੁੱਖ ਸ਼੍ਰੇਣੀਆਂ ਦਾ ਨਕਸ਼ਾ ਬਣਾਇਆ। ਇਸ ਦੌਰਾਨ ਕੀਮਤੀ ਪੱਥਰ 'ਲਹਸੁਨੀਆ' (ਬੇਰੀਲ) ਵੀ ਲੱਭਿਆ ਗਿਆ। ਨਾਨਾਭਾਈ ਅਰਦੇਸ਼ਰ ਮੂਜ਼ (1859–1936) ਇਲੈਕਟ੍ਰੋਮੈਗਨੈਟਿਜ਼ਮ ਦੇ ਖੇਤਰ ਵਿਚ ਇਕ ਮੋਢੀ ਸੀ ਅਤੇ ਭਾਰਤ ਵਿਚ ਦੋ ਪ੍ਰਯੋਗਸ਼ਾਲਾਵਾਂ ਦੀ ਸਥਾਪਨਾ ਕੀਤੀ, ਜੋ ਹੁਣ ਭਾਰਤੀ ਇੰਸਟੀਚਿਊਟ ਆਫ਼ ਜੀਓਮੈਗਨੇਟਿਜ਼ਮ ਦਾ ਹਿੱਸਾ ਹੈ।

ਦਵਾਈ ਦੇ ਖੇਤਰ ਵਿਚ, ਜਾਲ ਕਾਵਸ਼ਵ ਪੇਮਾਸਟਰ (1908-1980) ਨੇ ਕੈਂਸਰ ਖੋਜ ਵਿਚ ਸ਼ਾਨਦਾਰ ਕੰਮ ਕੀਤਾ। 1959 ਵਿਚ, 'ਭਾਰਤ ਸਰਕਾਰ' ਨੇ ਉਸਨੂੰ ਮੂੰਹ ਅਤੇ ਗਲੇ ਦੇ ਕੈਂਸਰ ਦੇ ਪੈਥੋਫਿਜ਼ੀਓਲੋਜੀ ਦੇ ਖੇਤਰ ਵਿਚ ਮੋਹਰੀ ਕੰਮ ਕਰਨ ਅਤੇ ਉਹਨਾਂ ਦੇ ਇਲਾਜ ਲਈ ਸਧਾਰਨ ਤਕਨੀਕਾਂ ਨੂੰ ਵਿਕਸਤ ਕਰਨ ਲਈ 'ਪਦਮ ਭੂਸ਼ਣ'

ਨਾਲ ਸਨਮਾਨਿਤ ਕੀਤਾ। ਰੁਸਤਮ ਜਾਲ ਵਕੀਲ (1911-1974) ਦਾ ਕਾਰਡੀਓਲੋਜੀ ਵਿਚ ਕੰਮ ਵੀ ਧਿਆਨ ਦੇਣ ਯੋਗ ਹੈ। ਜਮਸ਼ੇਦਜੀ ਨੌਸਰਵਾਨਜੀ ਦੁੱਗਨ (1884-1958) ਨੇਤਰ ਵਿਗਿਆਨ ਵਿਚ ਇਕ ਮੋਢੀ ਸੀ, ਜਿਵੇਂ ਕਿ ਸੋਰਾਬਜੀ ਪੀ. ਸ਼ਰਾਫ (1878-1964), ਦਿੱਲੀ ਵਿਚ ਸ਼ਰਾਫ ਆਈ ਹਸਪਤਾਲ ਦੇ ਸੰਸਥਾਪਕ ਸਨ। 1914 ਵਿਚ ਸਥਾਪਿਤ, ਇਹ ਹਸਪਤਾਲ ਕਈ ਸਾਲਾਂ ਤੋਂ ਦੱਖਣ-ਪੂਰਬੀ ਏਸ਼ੀਆ ਵਿਚ ਆਪਣੀ ਕਿਸਮ ਦਾ ਇੱਕੋ ਇਕ ਹਸਪਤਾਲ ਰਿਹਾ ਹੈ।

ਭਾਰਤੀ ਫੌਜ ਵਿਚ ਵੀ ਪਾਰਸੀ ਧਰਮ ਦੇ ਅਨੁਯਾਈਆਂ ਨੇ ਅਹਿਮ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚ ਪ੍ਰਮੁੱਖ ਨਾਮ ਫੀਲਡ ਮਾਰਸ਼ਲ ਐਚ ਐਸ ਐਫ ਜੇ ਮਾਨੇਕਸ਼ਾੱ ਦਾ ਹੈ ਜਿਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਤੋਂ ਲੈ ਕੇ 1971 ਤੱਕ ਦੀਆਂ ਜੰਗਾਂ ਵਿਚ ਵਿਸ਼ੇਸ਼ ਬਹਾਦਰੀ ਅਤੇ ਰਣਨੀਤੀ ਸਹਿਤ ਹਿੱਸਾ ਲਿਆ। ਉਨ੍ਹਾਂ ਦੀਆਂ ਸੇਵਾਵਾਂ ਬਦਲੇ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਸੈਨਯ ਕਰਾੱਸ ਜਿਹੇ ਸਤਿਕਾਰਤ ਸਨਮਾਨਾਂ ਨਾਲ ਨਿਵਾਜ਼ਿਆ।

**7.11 ਮੌਜੂਦਾ ਭਾਰਤ ਵਿਚ ਪਾਰਸੀਆਂ ਦਾ ਸਥਿਤੀ-**

ਵਰਤਮਾਨ ਭਾਰਤ ਵਿਚ ਪਾਰਸੀ ਧਰਮ ਦੇ ਅਨੁਯਾਈ ਘੱਟ ਗਿਣਤੀ ਵਜੋਂ ਆਪਣੇ ਧਰਮ ਨਾਲ ਜੁੜੇ ਹੋਏ ਹਨ। 1891 ਈ: ਦੀ ਮਰਦੁਮ ਸ਼ੁਮਾਰੀ ਅਨੁਸਾਰ ਭਾਰਤ ਵਿਚ ਪਰਸੀ ਲੋਕਾਂ ਦੀ ਗਿਣਤੀ 89904 ਸੀ ਜਿਨ੍ਹਾਂ ਵਿਚੋਂ 87458 ਇਕਲੇ ਬੰਬਈ ਵਿਚ ਰਹਿੰਦੇ ਸਨ ।

2011 ਦੀ ਜਨਗਣਨਾ ਅਨੁਸਾਰ ਭਾਰਤ ਵਿਚ ਪਾਰਸੀਆਂ ਦੀ ਗਿਣਤੀ 57 ਹਜ਼ਾਰ ਸੀ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਲਗਭਗ 350 ਪਾਰਸੀ ਧਰਮ ਨੂੰ ਮੰਨਣ ਵਾਲੇ ਸਨ। ਘੱਟ ਗਿਣਤੀ ਹੋਣ ਦੇ ਬਾਵਜੂਦ ਵੀ ਪਾਰਸੀ ਧਰਮ ਦੇ ਅਨੁਯਾਈਆਂ ਦਾ ਦੇਸ਼ ਦੀ ਤਰੱਕੀ ਵਿਚ ਵਿਭਿੰਨ ਖੇਤਰਾਂ ਅਤੇ ਵਿਭਿੰਨ ਕਾਰਜਾਂ ਰਾਹੀਂ ਅਹਿਮ ਯੋਗਦਾਨ ਰਿਹਾ ਹੈ। ਉਦਯੋਗ ਦੇ ਖੇਤਰ ਤੋਂ ਲੈ ਕੇ ਫੌਜ ਦੇ ਖੇਤਰ ਤੱਕ ਪਾਰਸੀਆਂ ਦਾ ਅਹਿਮ ਯੋਗਦਾਨ ਰਿਹਾ ਹੈ।

ਦੇਸ਼ ਵਿਚ ਪਾਰਸੀਆਂ ਦੀ ਲਗਾਤਾਰ ਘੱਟ ਰਹੀ ਗਿਣਤੀ ਨੂੰ ਮੁੱਖ ਰੱਖਦੇ ਹੋਏ ਭਾਰਤ ਸਰਕਾਰ ਦੁਆਰਾ 'ਜਿਓ ਪਾਰਸੀ ਸਕੀਮ' ਸ਼ੁਰੂ ਕੀਤੀ ਗਈ ਹੈ ਜਿਸ ਦੇ ਤਹਿਤ ਪਾਰਸੀ ਆਦਮੀਆਂ ਅਤੇ ਔਰਤਾਂ ਨੂੰ ਪ੍ਰੇਰਿਤ ਕਰਨ ਲਈ 'ਆਨਲਾਇਨ ਡੇਟਿੰਗ ਅਤੇ ਕਾਉਂਸਲਿੰਗ' 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਯੋਜਨਾ ਤਹਿਤ ਪਾਰਸੀ ਧਰਮ ਦੇ

ਲੋਕਾਂ ਵਿਚ ਵਿਆਹ ਅਤੇ ਬੱਚੇ ਪੈਦਾ ਕਰਨ ਲਈ ਪ੍ਰੋਤਸਾਹਨ ਪੈਦਾ ਕਰਨਾ ਹੈ ਕਿਉਂਕਿ ਪਾਰਸੀ ਧਰਮ ਦੀ ਪ੍ਰਜਨਣ ਦਰ 0.8% ਪ੍ਰਤੀ ਦੰਪਤੀ ਹੈ ਜੋ ਕਿ ਪ੍ਰਜਨਣ ਦੀ ਬਹੁਤ ਖਰਾਬ ਸਥਿਤੀ ਹੈ। ਇਸ ਯੋਜਨਾ ਤਹਿਤ ਪਾਰਸੀ ਧਰਮ ਵਿਚ ਪ੍ਰਜਣਨ ਦਰ ਵਿਚ ਵਾਧੇ ਲਈ ਲਗਾਤਾਰ ਯਤਨ ਕੀਤਾ ਜਾ ਰਿਹਾ ਹੈ।

**7.12 ਵਰਤਮਾਨ ਸਮੇਂ ਵਿਚ ਪਾਰਸੀ ਧਰਮ ਦੀ ਪ੍ਰਸੰਗਕਿਤਾ-**

ਪਾਰਸੀ ਧਰਮ ਭਾਵੇਂ ਸੰਸਾਰ ਦੇ ਪੁਰਾਤਨ ਧਰਮਾਂ ਵਿਚ ਸ਼ਾਮਿਲ ਹੈ ਪ੍ਰੰਤੂ ਅਜੋਕੇ ਸਮੇਂ ਵਿਚ ਵੀ ਇਸ ਧਰਮ ਦੀ ਪ੍ਰਸੰਗਕਿਤਾ ਬਰਕਰਾਰ ਹੈ। ਆਪਣੀਆਂ ਨੈਤਿਕ ਸਿਖਿਆਵਾਂ ਕਾਰਨ ਪਾਰਸੀ ਧਰਮ, ਬੁਰਾਈਆਂ ਦੇ ਖਿਲਾਫ ਚੰਗਿਆਈ ਦਾ ਪ੍ਰਤੀਕ ਬਣ ਕੇ ਉਭਰਦਾ ਹੈ। ਇਸ ਧਰਮ ਦੇ ਅਨੁਯਾਈਆਂ ਦੇ ਘੱਟ ਗਿਣਤੀ ਹੋਣ ਦੇ ਬਾਵਜੂਦ ਵੀ ਇਹ ਧਰਮ, ਧਰਮ ਦੇ ਵਿਦਵਾਨਾਂ ਲਈ ਖਿੱਚ ਦਾ ਕੇਂਦਰ ਹੈ। ਪਾਰਸੀ ਧਰਮ ਗ੍ਰੰਥਾਂ ਦੀਆਂ ਨੈਤਿਕ ਸਿਖਿਆਵਾਂ ਮਨੁੱਖ ਨੂੰ ਅਨੈਤਿਕ ਕਾਰਜਾਂ ਖਿਲਾਫ ਖੜ੍ਹੇ ਹੋਣ ਦਾ ਹੌਂਸਲਾ ਪ੍ਰਦਾਨ ਕਰਦੀਆਂ ਹਨ। ਡਾ. ਗੁਲਜ਼ਾਰ ਸਿੰਘ ਕੰਗ ਨੇ ਅਜੋਕੇ ਸਮੇਂ ਵਿਚ ਪਾਰਸੀ ਧਰਮ ਦੀ ਪ੍ਰਸੰਗਿਕਤਾ ਨੂੰ ਇਨ੍ਹਾਂ ਨੁਕਤਿਆਂ ਰਾਹੀਂ ਪ੍ਰਸਤੁਤ ਕੀਤਾ ਹੈ-

1) ਇਹ ਪਹਿਲਾ ਧਰਮ ਹੈ ਜੋ ਔਰਤ ਮਰਦ ਦੀ ਬਰਾਬਰੀ ਦੀ ਗੱਲ ਕਰਦਾ ਹੈ ਅਤੇ ਇਸ ਦਾ ਸਪਸ਼ਟ ਬਿਆਨ ਗਾਥਾ ਵਿਚ ਦਰਜ਼ ਹੈ।

(2) ਵਾਤਾਵਰਨ ਦੀ ਸੰਭਾਲ ਲਈ ਇਹ ਪਾਣੀ, ਭੂਮੀ, ਹਵਾ ਅਤੇ ਅਗਨੀ ਦੀ ਸਵੱਛਤਾ ਨੂੰ ਜ਼ਰੂਰੀ ਸਮਝਦਾ ਹੈ।

(3) ਅਣ ਮਨੁੱਖੀ ਵਿਵਹਾਰ ਅਤੇ ਕਿਸੇ ਨੂੰ ਗੁਲਾਮ ਬਣਾ ਕੇ ਰੱਖਣ ਦੀ ਇਸ ਮੱਤ ਵਿਚ ਕੋਈ ਵਿਵਸਥਾ ਨਹੀਂ ਹੈ, ਸਗੋਂ ਇਸਦਾ ਨਿਖੇਧ ਕਰਦਾ ਹੈ।

(4) ਆਲਸ ਦੀ ਥਾਂ ਉੱਦਮ ਅਤੇ ਕਿਰਤ ਕਮਾਈ ਕਰਨਾ ਇਸ ਦਾ ਸੁਨਹਿਰੀ ਨੇਮ ਹੈ। ਇਸੇ ਕਰਕੇ ਪਾਰਸੀ ਆਰਥਿਕ ਪੱਖੋਂ ਮਜਬੂਤ ਕੌਮ ਹੈ।

(5) ਮੂਰਤੀ ਪੂਜਾ ਅਤੇ ਕਰਮ ਕਾਂਡੀ ਅਰਚਾ ਦਾ ਇਸ ਵਿਚ ਕੋਈ ਥਾਂ ਨਹੀਂ ਹੈ ਕਿਉਂਕਿ ਜਰਤੂਸਤ ਦੇ ਬਚਨ ਹਨ ਕਿ ਰੱਬ ਦਾ ਘਰ ਮਨੁੱਖ ਗਾਰੇ ਤੇ ਪੱਥਰਾਂ ਨਾਲ ਨਹੀਂ ਬਣਾ ਸਕਦਾ।

(6) ਇਸ ਮੌਤ ਦੇ ਪੈਰੋਕਾਰਾਂ ਵਿਚੋਂ ਨਾ ਤੁਹਾਨੂੰ ਕੋਈ ਭਿਖਾਰੀ ਮਿਲੇਗਾ, ਨਾ ਹੀਵੇਸਵਾ।

(7) ਪਸ਼ੂ ਦੀ ਬਲੀ ਦੇਣ ਦੇ ਇਹ ਮੌਤ ਬਿਲਕੁਲ ਵਿਰੁੱਧ ਹੈ। ਜਾਨਵਰਾਂ ਉੱਪਰ ਦਇਆ ਕਰਨਾ ਇਹ ਧਰਮ ਤਸਵਰ ਕਰਦੇ ਹਨ।

(8) ਕਰਾਮਾਤਾਂ ਵਿਚ ਇਸ ਮੱਤ ਦਾ ਕੋਈ ਵਿਸ਼ਵਾਸ ਨਹੀਂ ਹੈ। ਗਾਥਾ ਜੋ ਜ਼ਰਤੁਸਤ ਦੀਆਂ ਸਿੱਖਿਆਵਾਂ ਦੀ ਸੱਭ ਤੋਂ ਮਹਤੱਵ ਪੋਥੀ ਹੈ, ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜ਼ਰਤੁਸਤ ਨੇ ਆਪਣੇ ਆਪ ਨੂੰ ਪੈਗ਼ੰਬਰ ਵੀ ਨਹੀਂ ਅਖਵਾਇਆ। ਉਸ ਦੀ ਵਿਚਾਰਧਾਰਾ ਤੇ ਸਿਧਾਂਤ ਏਨੇ ਸਪਸ਼ਟ ਹਨ ਕਿ ਇਹਨਾਂ ਵਿਚ ਕਿਧਰੇ ਵੀ ਕਰਾਮਾਤਾਂ ਲਈ ਕੋਈ ਥਾਂ ਨਹੀਂ ਹੈ।

(9) ਇਹ ਮੱਤ ਚਿੰਤਾ ਨੂੰ ਚਿਤਾ ਸਮਾਨ ਸਮਝਦਾ ਹੈ ਕਿਉਂਕਿ ਇਸ ਨਾਲ ਸਰੀਰ ਦਾ ਨਾਸ਼ ਹੁੰਦਾ ਹੈ ਅਤੇ ਆਤਮਾਂ ਦਾ ਭਵਿੱਖ ਧੁੰਦਲਾ ਹੁੰਦਾ ਹੈ। ਆਸ਼ਾਵਾਦ ਤੇ ਚੜ੍ਹਦੀ ਕਲਾ ਵਿਚ ਰਹਿਣਾ ਇਨ੍ਹਾਂ ਦੀ ਜੀਵਨ-ਜਾਂਚ ਹੈ।

(10) ਬੱਚਾ ਭਾਵੇਂ ਨਾਜ਼ਾਇਜ਼ ਹੀ ਕਿਉਂ ਨਾ ਹੋਵੇ, ਜ਼ਰਤੁਸਤਰੀ ਮੱਤ ਇਸ ਨੂੰ ਗਰਭ ਵਿਚ ਮਾਰਨ ਨੂੰ ਕਤਲ ਦੇ ਸਮਾਨ ਸਮਝਦੇ ਹਨ। ਭਰੂਣ ਹੱਤਿਆ ਦੇ ਸੰਦਰਭ ਵਿਚ ਇਹ ਬਹੁਤ ਮਹਤੱਵਪੂਰਨ ਵਿਚਾਰ ਹੈ।

(11) ਪੈਗ਼ੰਬਰ ਜਰਤਸਤ ਨੇ ਆਪਣੇ ਪੈਰੋਕਾਰਾਂ ਨੂੰ ਇਹ ਅਦੇਸ਼ ਦਿੱਤਾ ਹੈ ਕਿ ਧਰਮ ਅਤੇ ਨੇਕੀ ਦੇ ਰਾਹ ਤੇ ਚਲਣ ਵਾਲਾ ਚਿਨਵਤ ਪੁਲ ਪਾਰ ਕਰਕੇ ਸਿੱਧਾ ਸਵਰਗ ਧਾਮ ਵਿਚ ਪਹੁੰਚ ਸਕਦਾ ਲੋੜ ਸਿਰਫ ਹਿੰਮਤ ਨੂੰ ਹਥਿਆਰ ਬਣਾਉਣ ਦੀ ਹੈ। ਹਿੰਮਤ ਵਾਲਾ ਆਪਣੀ ਹਰ ਹਾਰ ਨੂੰ ਜਿੱਤ ਵਿਚ ਬਦਲ ਸਕਦਾ ਹੈ।

**7.13 ਸਾਰੰਸ਼-**

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪਾਰਸੀ ਧਰਮ ਦੇ ਨਾਮ ਵਜੋਂ ਪ੍ਰਚਲਿਤ ਜ਼ਰਤੁਸਤ ਧਰਮ ਈਰਾਨ ਦੀ ਧਰਤੀ 'ਤੇ ਪੈਦਾ ਹੋਣ ਵਾਲਾ ਧਰਮ ਹੈ। ਇਹ ਨੇਕੀ ਅਤੇ ਬਦੀ ਦੀ ਜੰਗ ਵਿਚੋਂ ਮਨੁੱਖ ਨੂੰ ਨੇਕੀ ਦਾ ਸਾਥ ਦੇਣ ਦਾ ਸੰਦੇਸ਼ ਪ੍ਰਦਾਨ ਕਰਦਾ ਹੈ ਤਾਂ ਜੋ ਮਨੁੱਖ ਅਹੁਰਮਜ਼ਦ ਪਰਮਾਤਮਾ ਦੀ ਖੁਸ਼ੀ ਪ੍ਰਾਪਤ ਕਰ ਸਕੇ। ਆਪਣੀ ਜਨਮ ਭੂਮੀ ਈਰਾਨ ਦੀ ਧਰਤੀ ਨੂੰ ਛੱਡ ਕੇ ਭਾਰਤ ਵਿਚ ਵਸਣ ਵਾਲੇ ਪਾਰਸੀ ਭਾਵੇਂ ਭਾਰਤ ਵਿਚ ਘੱਟ ਗਿਣਤੀ ਹਨ ਪ੍ਰੰਤੂ ਇਨ੍ਹਾਂ ਦੀਆਂ ਪ੍ਰਾਪਤੀਆਂ ਫਖਰਯੋਗ ਹਨ।

**7.14 ਪੜ੍ਹਣਯੋਗ ਪੁਸਤਕਾਂ**

- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਪਹਿਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਪ੍ਰਤਾਪ ਸਿੰਘ (ਗਿਆਨੀ), *ਸੰਸਾਰ ਦਾ ਧਾਰਮਿਕ ਇਤਿਹਾਸ*, ਜਵਾਹਰ ਸਿੰਘ ਕ੍ਰਿਪਾਲ ਸਿੰਘ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1976
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974
- Prof. Ervad maneck furdoonji kanga m.a., Khordeh avestā, transliterated and translated, The Trustees of the Parsi Panchayat Funds and Properties, Bombay, 2014
- John W. Waterhouse, Zoroastrianism, The Book Tree, San Diego, 2006
- Rulia Ram Kashyap, The Vedic Origins of Zoroastrianism, Lahore 1940
- Shapurji Kavasji Hodivala, Parsis of Ancient India, Bombay, 1920
- L. H. Mills, (Translated), VESTA: YASNA: Sacred Liturgy and Gathas/Hymns of Zarathushtra, (from Sacred Books of the East, American Edition, 1898), Digital edition prepared by Joseph H. Peterson. Last updated Oct 10, 2021.
- Prof. Ervad Maneck Furdoonji Kanga, MA, Transliterated and Translated, YASHT - BA - MAĀNI, The Trustees of the Parsi Punchayat Funds and Properties, Bombay, 2001.


## 7.15 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਜ਼ਰਤੁਸਤ ਧਰਮ ਬਾਰੇ ਤੁਸੀਂ ਕੀ ਜਾਣਦੇ ਹੋ? ਵਰਣਨ ਕਰੋ।

2. ਪੈਗੰਬਰ ਜ਼ਰਤੁਸਤ ਦੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਥਾਰ ਸਹਿਤ ਵਰਣਨ ਕਰੋ।

3. ਪਾਰਸੀ ਧਰਮ ਦਾ ਭਾਰਤ ਵਿਚ ਆਗਮਨ ਕਿਵੇਂ ਹੋਇਆ ਵਿਸਥਾਰ ਸਹਿਤ ਲਿਖੋ।

4. ਪਾਰਸੀ ਗ੍ਰੰਥਾਂ ਬਾਰੇ ਵਿਚਾਰ ਕਰੋ।

**ਛੋਟੇ ਪ੍ਰਸ਼ਨ**

1. ਜ਼ਰਤੁਸਤ ਧਰਮ ਦੇ ਪਰਮਾਤਮਾ ਬਾਰੇ ਕੀ ਵਿਚਾਰ ਹੈ?

2. ਪਾਰਸੀ ਧਰਮ ਦੇ ਧਰਮ ਸਿੱਖਿਆ ਸੰਸਕਾਰ ਉੱਤੇ ਨੋਟ ਲਿਖੋ।

3. ਪਾਰਸੀ ਧਰਮ ਗ੍ਰੰਥ ਜੇਂਦ ਅਵੇਸਤਾ ਬਾਰੇ ਤੁਸੀਂ ਕੀ ਜਾਣਦੇ ਹੋ?

4. ਯਸ਼ਤ ਉੱਤੇ ਨੋਟ ਲਿਖੋ।

5. ਵਰਤਮਾਨ ਸਮੇਂ ਵਿਚ ਪਾਰਸੀ ਧਰਮ ਦੀ ਪ੍ਰਸੰਗਕਿਤਾ ਉੱਤੇ ਚਾਨਣਾ ਪਾਓ।

# CORE COURSE (CC): RELIGIOUS STUDIES

**SEMESTER -I** **PAPER I: ਧਰਮਾਂ ਦੀ ਸੰਖੇਪ ਜਾਣ-ਪਛਾਣ** **Section-B**

**(BRIEF INTRODUTION TO RELIGIONS)**

## ਯਹੂਦੀ ਧਰਮ: ਇਤਿਹਾਸਕ ਪਿਛੋਕੜ ਅਤੇ ਮੁੱਢਲੀ ਜਾਣ-ਪਛਾਣ

**8.0 ਪ੍ਰਵੇਸ਼ਿਕਾ**

**8.1 ਜਾਣ-ਪਛਾਣ**

**8.2 ਯਹੂਦੀ ਧਰਮ ਦਾ ਪਿਛੋਕੜ ਅਤੇ ਇਤਿਹਾਸ**

**8.3 ਪੈਗੰਬਰ ਮੂਸਾ ਦਾ ਸੰਖੇਪ ਜੀਵਨ**

**8.4 ਯਹੂਦੀ ਧਰਮ ਦੇ ਸਿਧਾਂਤ ਅਤੇ ਸਿਖਿਆਵਾਂ**

- **8.4.1 ਦਸ ਹੁਕਮ (Ten Commandments)**
- **8.4.2 ਯਹੂਦੀ ਧਰਮ ਅਤੇ ਪਰਮਾਤਮਾ**
- **8.4.3 ਯਹੂਦੀ ਧਰਮ ਦਾ ਦੋ ਸ਼ਕਤੀਆਂ ਦਾ ਸਿਧਾਂਤ**
- **8.4.4 ਯਹੋਵਾਹ ਪਰਮੇਸ਼ਰ ਲਈ ਬਲੀਆਂ-ਭੇਟਾਵਾਂ ਦੇ ਨਿਯਮ**
- **8.4.5 ਮਾਸ ਖਾਣ ਬਾਰੇ ਨਿਯਮ**
- **8.4.6 ਯਹੂਦੀ ਧਰਮ ਦੇ ਪ੍ਰਮੁੱਖ ਤਿਉਹਾਰ ਅਤੇ ਛੁੱਟੀਆਂ**
- **8.4.7 ਪ੍ਰਮੁੱਖ ਸਿਧਾਂਤ**
- **8.4.8 ਦੇਵੀ-ਦੇਵਤੇ ਅਤੇ ਝੂਠੇ ਨਬੀਆਂ ਪ੍ਰਤੀ ਯਹੂਦੀ ਧਰਮ ਦੇ ਵਿਚਾਰ**
- **8.4.9 ਜਾਜਕਾਂ (ਯਹੂਦੀ ਪੁਜਾਰੀਆਂ) ਲਈ ਨਿਯਮ**

**8.5 ਸਾਰੰਸ਼**

**8.6 ਪੜ੍ਹਣਯੋਗ ਪੁਸਤਕਾਂ**

**8.7 ਅਭਿਆਸ ਲਈ ਪ੍ਰਸ਼ਨ**

**8.0 ਪ੍ਰਵੇਸ਼ਿਕਾ-**

ਪ੍ਰਸਤੁਤ ਯੂਨਿਟ ਯਹੂਦੀ ਧਰਮ ਦੇ ਵਿਭਿੰਨ ਪੱਖਾਂ ਨੂੰ ਉਜਾਗਰ ਕਰਦੀ ਹੈ ਜਿਸ ਦਾ ਉਦੇਸ਼ ਯਹੂਦੀ ਧਰਮ ਦੇ ਆਰੰਭ, ਇਤਿਹਾਸਕ ਪਿਛੋਕੜ, ਇਸ ਦੀ ਸਿੱਖਿਆਵਾਂ ਅਤੇ ਸਿਧਾਂਤ ਬਾਰੇ ਚਾਨਣਾ ਪਾਉਂਦੇ ਹੋਏ ਇਸ ਦੀ ਮੁੱਢਲੀ ਜਾਣਕਾਰੀ ਪ੍ਰਦਾਨ ਕਰਨਾ ਹੈ।

**8.1 ਜਾਣ-ਪਛਾਣ-**

ਯਹੂਦੀ ਧਰਮ ਸੰਸਾਰ ਦੀ ਧਾਰਮਿਕ ਲੜੀ ਦਾ ਇਕ ਪੁਰਤਾਨ ਧਰਮ ਹੈ ਜਿਸ ਨੂੰ ਅਬਰਾਹਿਮੀ ਧਰਮਾਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ ਕਿਉਂਕਿ ਇਸ ਧਰਮ ਪੈਗੰਬਰ ਅਬਰਾਹਿਮ ਨੂੰ ਆਪਣਾ ਧਾਰਮਿਕ ਵਡੇਰਾ ਮੰਨਦੇ ਹਨ। ਯਹੂਦੀ ਧਰਮ ਸੰਸਾਰ ਦੇ ਤਿੰਨ ਅਬਰਾਹਿਮੀ ਧਰਮਾਂ- ਯਹੂਦੀ, ਈਸਾਈ ਅਤੇ ਇਸਲਾਮ ਵਿਚੋਂ ਸਭ ਤੋਂ ਮੁੱਢਲਾ ਧਰਮ ਹੈ। ਇਸ ਧਰਮ ਦੇ ਬਾਨੀ ਪੈਗੰਬਰ ਮੂਸਾ ਜੀ ਸਨ ਜਿਨ੍ਹਾਂ ਦਾ ਜ਼ਿਕਰ ਬਾਈਬਲ ਦੇ ਪੁਰਾਣੇ ਨੇਮ ਵਿਚ ਪ੍ਰਮੁੱਖਤਾ ਸਹਿਤ ਆਉਂਦਾ ਹੈ। ਪੈਗੰਬਰ ਮੂਸਾ ਨੂੰ ਈਸਾਈ ਧਰਮ ਅਤੇ ਇਸਲਾਮ ਧਰਮ ਦੇ ਪੈਰੋਕਾਰ ਵੀ ਆਪਣਾ ਮੁੱਢਲਾ ਧਾਰਮਿਕ ਵਡੇਰਾ ਮੰਨਦੇ ਹਨ ਜਿਨ੍ਹਾਂ ਨੇ ਯਹੂਦੀ ਕੌਮ ਦੀ ਸੁਚੱਜੇ ਢੰਗ ਨਾਲ ਅਗਵਾਈ ਕਰਦੇ ਹੋਏ ਯਹੂਦੀਆਂ ਲਈ ਆਜ਼ਾਦ ਦੇਸ਼ ਦੀ ਪ੍ਰਾਪਤੀ ਵਿਚ ਅਹਿਮ ਰੋਲ ਅਦਾ ਕੀਤਾ।

ਯਹੂਦੀ ਧਰਮ ਦੇ ਪੈਰੋਕਾਰਾਂ ਨੂੰ ਸੰਸਾਰ ਦੇ ਪੜ੍ਹੇ-ਲਿਖੇ ਅਤੇ ਬੁੱਧੀਮਾਨ ਲੋਕਾਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ ਜੋ ਆਪਣੇ ਧਾਰਮਿਕ ਅਕੀਦੇ ਦੀ ਦ੍ਰਿੜ੍ਹਤਾ ਸਹਿਤ ਪਾਲਣਾ ਕਰਦੇ ਹਨ। ਯਹੂਦੀ ਧਰਮ ਇਕ ਈਸ਼ਵਰਵਾਦੀ ਧਰਮ ਹੈ ਜਿਸ ਵਿਚ ਕਿਸੇ ਵੀ ਦੇਵੀ-ਦੇਵਤਾ ਨੂੰ ਪੂਜਣ ਦੀ ਮਨਾਹੀ ਹੈ। ਇਸ ਧਰਮ ਵਿਚ ਪਰਮਾਤਮਾ ਨੂੰ ਯਹੋਵਾਹ ਪਰਮੇਸ਼ਰ ਕਿਹਾ ਜਾਂਦਾ ਹੈ।

ਇਹ ਯੇਰੂਸ਼ਲਮ ਨੂੰ ਆਪਣਾ ਧਾਰਮਿਕ ਕੇਂਦਰ ਅਤੇ ਪਵਿੱਤਰ ਸਥਾਨ ਮੰਨਦੇ ਹਨ। ਹਰ ਯਹੂਦੀ ਆਪਣੇ ਜੀਵਨ ਵਿਚ ਇਸ ਸਥਾਨ ਦੀ ਇਕ ਵਾਰ ਯਾਤਰਾ ਜ਼ਰੂਰ ਕਰਦਾ ਹੈ।

**8.2 ਯਹੂਦੀ ਧਰਮ ਦਾ ਪਿਛੋਕੜ ਅਤੇ ਇਤਿਹਾਸ**

ਬਾਈਬਲ ਦੇ ਪੁਰਾਣੇ ਨੇਮ ਅਨੁਸਾਰ ਯਹੂਦੀ ਧਰਮ ਦਾ ਪਿਛੋਕੜ ਪੈਗੰਬਰ ਅਬਰਾਹਮ ਨਾਲ ਜੁੜਦਾ ਹੈ ਜੋ ਸ੍ਰਿਸ਼ਟੀ ਦੀ ਪਹਿਲੀ ਮਨੁੱਖੀ ਜੋੜੀ- ਆਦਮ ਅਤੇ ਹਵਾ ਦੀ ਪੀੜ੍ਹੀ ਵਿਚੋਂ ਸਨ। ਅਬਰਾਹਮ ਦਾ ਸੰਬੰਧ ਪੈਗੰਬਰ ਨੂਹ ਦੀ ਪੀੜ੍ਹੀ ਨਾਲ ਜੁੜਦਾ ਹੈ ਜੋ ਆਦਮ ਅਤੇ ਹਵਾ ਦੇ 10ਵੇਂ ਵੰਸ਼ਜ ਸਨ। ਬਾਈਬਲ ਅਨੁਸਾਰ ਪੈਗੰਬਰ ਨੂਹ ਨੇ

ਧਰਤੀ ’ਤੇ 150 ਦਿਨਾਂ ਦੇ ਭਿਆਨਕ ਹੜ੍ਹਾਂ ਦੇ ਦੌਰਾਨ ਪਰਮੇਸ਼ਰ ਦੇ ਹੁਕਮ ਅਨੁਸਾਰ ਧਰਤੀ ਦੀ ਹਰ ਇਕ ਪ੍ਰਜਾਤੀ ਦਾ ਇਕ ਜੋੜਾ (ਨਰ ਅਤੇ ਮਾਦਾ) ਆਪਣੀ ਬਣਾਈ ਹੋਈ ਕਿਸ਼ਤੀ ਵਿਚ ਸੁਰਖਿਅਤ ਰੱਖਿਆ ਜਿਸ ਤੋਂ ਬਾਅਦ ਵਿਚ ਸ੍ਰਿਸ਼ਟੀ ਉੱਪਰ ਜੀਵਨ ਦਾ ਦੁਬਾਰਾ ਆਰੰਭ ਹੋਇਆ।

ਪੈਗੰਬਰ ਨੂਹ ਦੇ ਵੰਸ਼ਜ ਪੈਗੰਬਰ ਅਬਰਾਹਮ ਨੂੰ ਪਰਮੇਸ਼ਰ ਆਪਣੀ ਪਿਤਾ-ਪੁਰਖੀ ਧਰਮੀ ਰਾਜ ਛੱਡ ਕੇ ਪਰਮੇਸ਼ਰ ਦੇ ਦੱਸੇ ਹੋਏ ਕਨਾਨ ਦੇਸ਼ ਵਿਚ ਜਾਣ ਲਈ ਆਖ ਕੇ ਅਬਰਾਹਮ ਨੂੰ ਅਨੇਕਾਂ ਕੌਮਾਂ ਦੇ ਪਿਤਾ ਬਣਨ ਦਾ ਵਰਦਾਨ ਦਿੱਤਾ। ਇਸੇ ਵਰਦਾਨ ਨੂੰ ਯਹੂਦੀ ਕੌਮ ਦਾ ਮੁੱਢ ਕਿਹਾ ਜਾ ਸਕਦਾ ਹੈ ਜੋ ਈਸਾਈ ਅਤੇ ਇਸਲਾਮ ਧਰਮ ਵੱਲ ਵੀ ਸੰਕੇਤ ਕਰਦਾ ਹੈ। ਅਬਰਾਹਮ ਦੇ ਵੰਸ਼ਜ ਹਾਰਾਨ ਤੋਂ ਬਾਅਦ ਉਹ ਮਿਸਰ ਵਿਚ ਵਸ ਗਏ ਜਿਥੇ ਉਹ ਮਿਸਰ ਦੇ ਲੋਕਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦੇ ਰਹੇ। ਮਿਸਰ ਦੀ ਧਰਤੀ ’ਤੇ ਹੀ ਪੈਗੰਬਰ ਅਬਰਾਹਮ ਦੀ 7ਵੀਂ ਪੀੜ੍ਹੀ ਵਿਚ ਪੈਗੰਬਰ ਮੂਸਾ ਦਾ ਜਨਮ ਹੋਇਆ ਜੋ ਯਹੂਦੀ ਧਰਮ ਦੇ ਸੰਸਥਾਪਕ ਬਣੇ। ਆਦਮ ਤੋਂ ਪੈਗੰਬਰ ਮੂਸਾ ਦੇ ਵੰਸ਼ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ-

1. ਆਦਮ 2. ਸੇਥ . ਅਨੋਸ਼ 4. ਨੂਹ (10ਵੀਂ ਪੀੜ੍ਹੀ) 5. ਸ਼ੇਮ 6. ਅਬਰਾਹਮ (ਆਦਮ ਦੀ 20 ਵੀਂ ਪੀੜ੍ਹੀ) 7. ਇਸਹਾਕ 8. ਯਾਕੂਬ 9. ਅਮਰਾਨ (25ਵੀਂ ਪੀੜ੍ਹੀ) 10. ਮੂਸਾ (26ਵੀਂ ਪੀੜ੍ਹੀ)।

### 8.3 ਪੈਗੰਬਰ ਮੂਸਾ ਦਾ ਸੰਖੇਪ ਜੀਵਨ

ਪੈਗੰਬਰ ਮੂਸਾ ਦਾ ਜਨਮ ਮਿਸਰ ਦੇਸ਼ ਵਿਚ ਰਾਜਾ ਫਿਰਊਨ ਦੇ ਸਮੇਂ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਮ ਅਮਰਾਮ ਅਤੇ ਮਾਤਾ ਦਾ ਨਾਮ ਯੋਕਬਦ ਸੀ। ਜਿਸ ਸਮੇਂ ਮੂਸਾ ਦਾ ਜਨਮ ਹੋਇਆ, ਉਸ ਸਮੇਂ ਰਾਜੇ ਫਿਰਊਨ ਦਾ ਆਦੇਸ਼ ਸੀ ਕਿ ਇਬਰਾਨੀ ਨਰ ਬੱਚੇ ਜਨਮ ਲੈਣ ਤੋਂ ਬਾਅਦ ਹੀ ਖਤਮ ਕਰ ਦਿੱਤਾ ਜਾਵੇ ਕਿਉਂਕਿ ਰਾਜਾ ਫਿਰਊਨ ਇਬਰਾਨੀ ਲੋਕਾਂ ਦਾ ਵਿਰੋਧੀ ਸੀ ਅਤੇ ਉਨ੍ਹਾਂ ’ਤੇ ਜ਼ੁਲਮ ਕਰਦਾ ਸੀ।

ਫਿਰਊਨ ਦੇ ਡਰ ਤੋਂ ਮੂਸਾ ਦੀ ਮਾਤਾ ਨੇ ਜਨਮ ਤੋਂ ਤਿੰਨ ਮਹੀਨੇ ਤੱਕ ਉਨ੍ਹਾਂ ਨੂੰ ਲੁਕਾ ਕੇ ਰੱਖਿਆ ਅਤੇ ਬਾਅਦ ਵਿਚ ਟੋਕਰੀ ਵਿਚ ਪਾ ਕੇ ਨਦੀ ਵਿਚ ਵਹਾ ਦਿੱਤਾ। ਉਸ ਸਮੇਂ ਫਿਰਊਨ ਰਾਜੇ ਦੀ ਧੀ ਨਦੀ ’ਤੇ ਨਹਾਉਣ ਲਈ ਆਈ ਹੋਈ ਸੀ। ਉਹ ਮੂਸਾ ਨੂੰ ਟੋਕਰੀ ਵਿਚੋਂ ਲਈ ਆਈ ਹੋਈ ਸੀ। ਉਹ ਮੂਸਾ ਨੂੰ ਟੋਕਰੀ ਵਿਚੋਂ ਕੱਢ ਕੇ ਆਪਣੇ

ਮਹਿਲਾਂ ਵਿਚ ਲੈ ਗਈ ਅਤੇ ਆਪਣੇ ਪੁੱਤਰ ਵਾਂਗ ਪਾਇਆ। ਪਾਣੀ ਵਿਚੋਂ ਕੱਢੇ ਹੋਏ ਕਾਰਨ ਹੀ ਇਨ੍ਹਾਂ ਦਾ ਨਾਮ ਮੂਸਾ ਰੱਖਿਆ ਗਿਆ। ਮੂਸਾ ਦਾ ਸ਼ਾਬਦਿਕ ਅਰਥ ਹੈ- ਪਾਣੀ ਵਿਚੋਂ ਕੱਢਿਆ ਹੋਇਆ।

ਬਾਈਬਲ ਵਿਚ ਜ਼ਿਕਰ ਆਉਂਦਾ ਹੈ ਕਿ ਮੂਸਾ ਨੇ ਇਕ ਦਿਨ ਇਕ ਮਿਸਰੀ ਨੂੰ ਇਬਰਾਨੀ ਬੰਦੇ ’ਤੇ ਜ਼ੁਲਮ ਕਰਦੇ ਹੋਏ ਵੇਖਿਆ ਤਾਂ ਮੂਸਾ ਨੇ ਮਿਸਰੀ ਬੰਦੇ ਨੂੰ ਮਾਰ ਕੇ ਰੇਤੇ ਵਿਚ ਦਫਨ ਕਰ ਦਿੱਤਾ ਅਤੇ ਇਸ ਘਟਨਾ ਤੋਂ ਬਾਅਦ ਉਹ ਨੱਸ ਕੇ ਮਿਦਬਾਨ ਵਿਚ ਆ ਗਏ। ਮਿਦਬਾਨ ਵਿਚ ਉਨ੍ਹਾਂ ਦਾ ਵਿਆਹ ਯਿਥਰੋ ਨਾਮਕ ਵਿਅਕਤੀ ਦੀ ਦੀ ਲੜਕੀ ਸਿਪੋਰਾ ਨਾਲ ਹੋਇਆ। ਮਿਦਬਾਨ ਵਿਚ ਹੀ ਇਕ ਦਿਨ ਭੇਡਾਂ ਚਾਰਣ ਦੌਰਾਨ ਸੀਨਈ ਨਾਮ ਦੇ ਪਰਬਤ ’ਤੇ ਬਲਦੀ ਹੋਈ ਝਾੜੀ (ਜੋ ਬਿਨਾਂ ਭਸਮ ਹੋਏ ਬਲ ਰਹੀ ਸੀ) ਵਿਚੋਂ ਯਹੋਵਾਹ ਪਰਮੇਸ਼ਰ ਪ੍ਰਗਟ ਹੋਏ ਅਤੇ ਮੂਸਾ ਦੇ ਸਾਹਮਣੇ ਆ ਕੇ ਉਨ੍ਹਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਮੂਸਾ ਨੂੰ ਇਬਰਾਨੀ (ਯਹੂਦੀ) ਲੋਕਾਂ ਦੀ ਆਜ਼ਾਦੀ ਅਤੇ ਭਲਾਈ ਲਈ ਆਪਣਾ ਪੈਗੰਬਰ ਨਿਯੁਕਤ ਕਰ ਕੇ ਪੈਗੰਬਰ ਅਬਰਾਹਮ ਨੂੰ ਕੀਤੇ ਵਾਅਦੇ ਅਨੁਸਾਰ ਇਬਰਾਨੀ ਲੋਕਾਂ ਨੂੰ ਖੁਸ਼ਹਾਲੀ ਨਾਲ ਭਰਪੂਰ ਆਜ਼ਾਦ ਦੇਸ਼ ਵਿਚ ਲੈ ਜਾਣ ਲਈ ਸਹਾਇਤਾ ਦਾ ਬਚਨ ਦਿੱਤਾ। ਇਹ ਘਟਨਾ ਮੂਸਾ ਦੇ ਜੀਵਨ ਦਾ ਇਕ ਅਧਿਆਤਮ ਬਦਲਾਅ ਸੀ ਜਿਸ ਤੋਂ ਬਾਅਦ ਉਹ ਯਹੋਵਾਹ ਪਰਮੇਸ਼ਰ ਦੇ ਪੈਗੰਬਰ ਵਜੋਂ ਅਨੇਕਾਂ ਸ਼ਕਤੀਆਂ ਦੇ ਮਾਲਕ ਬਣ ਗਏ। ਇਸ ਘਟਨਾ ਤੋਂ ਬਾਅਦ, ਉਹ ਮਿਸਰ ਵਾਪਸ ਗਏ।

ਪੈਗੰਬਰ ਮੂਸਾ ਨੇ ਯਹੋਵਾਹ ਪਰਮੇਸ਼ਰ ਦੇ ਹੁਕਮ ਅਨੁਸਾਰ ਰਾਜਾ ਫਿਰਊਨ ਤੋਂ ਆਪਣੇ ਸਾਰੇ ਲੋਕਾਂ ਨੂੰ ਨਵੇਂ ਦੇਸ਼ ਵਿਚ ਲੈ ਕੇ ਜਾਣ ਦੀ ਆਗਿਆ ਮੰਗੀ ਪਰ ਵਾਰ-ਵਾਰ ਕਹਿਣ ’ਤੇ ਵੀ ਫਿਰਊਨ ਯਹੋਵਾਹ ਪਰਮੇਸ਼ਰ ਦੀ ਹਸਤੀ ਨੂੰ ਮੰਨਣ ਅਤੇ ਇਬਰਾਨੀ ਲੋਕਾਂ ਨੂੰ ਮਿਸਰ ਤੋਂ ਜਾਣ ਦੀ ਆਗਿਆ ਦੇਣ ਤੋਂ ਇਨਕਾਰੀ ਰਿਹਾ। ਇਸ ਲਈ ਯਹੋਵਾਹ ਪਰਮੇਸ਼ਰ ਨੇ ਪਹਿਲਾਂ ਮਿਸਰ ਦੀ ਨੀਲ ਨਦੀ ਸਮੇਤ ਪਾਣੀ ਦੇ ਸਾਰੇ ਸਰੋਤਾਂ ਦਾ ਪਾਣੀ ਖ਼ੂਨ ਵਿਚ ਬਦਲ ਦਿੱਤਾ, ਫਿਰ ਸਮੁੱਚੇ ਮਿਸਰ ਨੂੰ ਕ੍ਰਮਵਾਰ-ਡੱਡੂਆਂ, ਜੂੰਆਂ, ਮੱਖੀਆਂ ਨਾਲ ਦਿੱਤਾ। ਮਿਸਰ ਵਿਚ ਅਨੇਕਾਂ ਬਿਮਾਰੀਆਂ ਅਤੇ ਆਫਤਾਂ ਰਾਹੀਂ ਯਹੋਵਾਹ ਪਰਮੇਸ਼ਰ ਨੇ ਆਪਣਾ ਕਹਿਰ ਵਰਸਾਇਆ। ਮਿਸਰ ਦੇ ਹਰ ਘਰ ਵਿਚ ਪਲੇਠੇ ਪੁੱਤਰ ਦੀ ਮੌਤ ਹੋ ਗਈ। ਇਸ ਤੋਂ ਬਾਅਦ ਡਰੇ ਹੋਏ ਫਿਰਊਨ ਨੇ ਇਬਰਾਨੀ ਲੋਕਾਂ ਨੂੰ ਮਿਸਰ ਤੋਂ ਜਾਣ ਦੀ ਆਗਿਆ ਦੇ ਦਿੱਤੀ।

ਲਗਭਗ 6 ਲੱਖ ਇਬਰਾਨੀ ਲੋਕ ਪੈਗੰਬਰ ਮੂਸਾ ਦੀ ਅਗਵਾਈ ਵਿਚ ਮਿਸਰ ਤੋਂ ਆਪਣੇ ਸੁਪਨਿਆਂ ਦੇ ਆਜ਼ਾਦ ਦੇਸ਼ ਵੱਲ ਚੱਲ ਪਏ। ਮਿਸਰ ਛੱਡਣ ਤੋਂ ਬਾਅਦ ਤੀਸਰੇ ਮਹੀਨੇ ਵਿਚ ਜਦੋਂ ਇਹ ਸਾਰੇ ਸੀਨਈ ਮਾਰੂਥਲ ਵਿਚ ਪਹੁੰਚੇ ਤਾਂ ਇਸ ਮਾਰੂਥਲ ਦੇ ਸੀਨਈ ਨਾਮਕ ਪਰਬਤ ’ਤੇ ਪੈਗੰਬਰ ਮੂਸਾ ਨੂੰ ਯਹੋਵਾਹ ਪਰਮੇਸ਼ਰ ਨੇ 10

ਹੁਕਮ ਦਿੱਤੇ ਜਿਨ੍ਹਾਂ ਦੀ ਪਾਲਣਾ ਕਰਨਾ ਸਮੁੱਚੀ ਕੌਮ ਲਈ ਜ਼ਰੂਰੀ ਕੀਤਾ ਗਿਆ। ਇਨਾਂ ਦਸ ਹੁਕਮਾਂ ਨੂੰ ਇਸਰਾਈਲੀ ਕੌਮ ਦਾ ਪਰਮੇਸ਼ਰ ਨਾਲ ਇਕਰਾਰਨਾਮਾ ਵੀ ਕਿਹਾ ਜਾਂਦਾ ਹੈ।

ਪੈਗੰਬਰ ਮੂਸਾ ਨੇ ਮਿਸਰ ਤੋਂ ਕਨਾਨ ਦੇਸ਼ ਪਹੁੰਚਣ ਤੱਕ ਆਪਣੇ ਲੋਕਾਂ ਦੀ ਸੁਚੱਜੇ ਢੰਗ ਨਾਲ ਅਗਵਾਈ ਕੀਤੀ ਅਤੇ ਅਨੇਕਾਂ ਦੁੱਖਾਂ, ਮੁਸੀਬਤਾਂ ਤੇ ਰੁਕਾਵਟਾਂ ਨੂੰ ਪਾਰ ਕਰਦੇ ਹੋਏ ਆਪਣੀ ਕੌਮ ਨੂੰ ਪਰਮੇਸ਼ਰ ਦੇ ਵਾਅਦੇ ਵਾਲੇ ਦੇਸ਼ ਵਿਚ ਪਹੁੰਚਾਇਆ।

120 ਸਾਲਾਂ ਦੀ ਉਮਰ ਵਿਚ ਪੈਗੰਬਰ ਮੂਸਾ ਦਾ ਮੋਆਬ ਦੀ ਧਰਤੀ 'ਤੇ ਦੇਹਾਂਤ ਹੋਇਆ ਜਿਥੇ ਉਨ੍ਹਾਂ ਨੂੰ ਬੈਤ-ਪਓਰ ਦੇ ਸਾਹਮਣੇ ਦੀ ਵਾਦੀ ਅੰਦਰ ਦਫਨ ਕੀਤਾ ਗਿਆ। ਇਸ ਪ੍ਰਕਾਰ ਪੈਗੰਬਰ ਮੂਸਾ ਨੇ ਆਪਣਾ ਸਮੁੱਚਾ ਜੀਵਨ ਯਹੋਵਾਹ ਪਰਮੇਸ਼ਰ ਦੇ ਹੁਕਮ ਆਪਣੀ ਕੌਮ ਲਈ ਬਤੀਤ ਕੀਤਾ।

**8.4 ਯਹੂਦੀ ਧਰਮ ਦੇ ਸਿਧਾਂਤ ਅਤੇ ਸਿਖਿਆਵਾਂ-**

ਯਹੂਦੀ ਧਰਮ ਦੇ ਸਿਧਾਂਤ ਅਤੇ ਸਿੱਖਿਆਵਾਂ ਬਾਈਬਲ ਦੇ ਪੁਰਾਣੇ ਨੇਮ ਦੀ ਵਿਵਸਥਾ ਸਾਰ ਦਰਜ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਇਕ ਪ੍ਰਕਾਰ ਹਨ-

**8.4.1 ਦਸ ਹੁਕਮ (Ten Commandments)**

ਦਸ ਹੁਕਮ ਯਹੂਦੀ ਧਰਮ ਦੇ ਆਧਾਰਭੂਤ ਸਿਧਾਂਤ ਹਨ ਜਿਨ੍ਹਾਂ ਦੀ ਪਾਲਣਾ ਕਰਨੀ ਹਰ ਇਕ ਯਹੂਦੀ ਲਈ ਜ਼ਰੂਰੀ ਹੈ। ਇਹ ਪੈਗੰਬਰ ਮੂਸਾ ਨੂੰ ਸੀਨਈ ਦੀ ਪਹਾੜੀ ਤੋਂ ਪ੍ਰਾਪਤ ਹੋਏ ਜਿਨ੍ਹਾਂ ਦਾ ਜ਼ਿਕਰ ਤੋਰਾਹ ਦੇ ਕੂਚ 20:3-17 ਅਤੇ ਵਿਵਸਥਾ ਸਾਰ 5:7-21 ਵਿਚ ਪ੍ਰਾਪਤ ਹੁੰਦਾ ਹੈ। ਇਹ ਦਸ ਹੁਕਮ ਯਹੋਵਾਹ ਪਰਮੇਸ਼ਰ ਵੱਲੋਂ ਯਹੂਦੀ ਲੋਕਾਂ ਨਾਲ ਇਕਰਾਰਨਾਮਾ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

1. ਮੈਂ ਯਹੋਵਾਹ ਹਾਂ, ਤੁਹਾਡਾ ਪਰਮੇਸ਼ਰ। ਤੁਹਾਨੂੰ ਮੇਰੇ ਇਲਾਵਾ ਕਿਸੇ ਹੋਰ ਦੇਵਤੇ ਦੀ ਉਪਾਸਨਾ ਨਹੀਂ ਕਰਨੀ ਚਾਹੀਦੀ।
2. ਤੁਹਾਨੂੰ ਕੋਈ ਬੁੱਤ ਨਹੀਂ ਬਨਾਉਣੇ ਚਾਹੀਦੇ। ਆਕਾਸ਼ ਵਿਚ ਜਾਂ ਧਰਤੀ ਉੱਤੇ ਜਾਂ ਪਾਣੀ ਅੰਦਰ ਕਿਸੇ ਚੀਜ਼ ਦੇ ਬੁੱਤ ਜਾਂ ਤਸਵੀਰਾਂ ਨਾ ਬਣਾਓ। ਕਿਸੇ ਤਰ੍ਹਾਂ ਦੇ ਬੁੱਤਾਂ ਦੀ ਉਪਾਸਨਾ ਜਾਂ ਸੇਵਾ ਨਾ ਕਰੋ। ਕਿਉਂ? ਕਿਉਂ ਕਿ ਮੈਂ, ਯਹੋਵਾਹ, ਤੁਹਾਡਾ ਪਰਮੇਸ਼ੁਰ ਹਾਂ। ਮੈਂ ਆਪਣੇ ਲੋਕਾਂ ਨੂੰ ਹੋਰਨਾਂ ਦੇਵਤਿਆਂ ਦੀ ਉਪਾਸਨਾ ਕਰਦਿਆਂ ਦੇਖਕੇ

ਨਫ਼ਰਤ ਕਰਦਾ ਹਾਂ। ਜਿਹੜੇ ਲੋਕ ਮੇਰੇ ਖ਼ਿਲਾਫ਼ ਪਾਪ ਕਰਦੇ ਹਨ ਉਹ ਮੇਰੇ ਦੁਸ਼ਮਣ ਬਣ ਜਾਂਦੇ ਹਨ ਅਤੇ ਮੈਂ ਉਨ੍ਹਾਂ ਲੋਕਾਂ ਨੂੰ ਸਜ਼ਾ ਦਿਆਂਗਾ ਅਤੇ ਮੈਂ ਉਨ੍ਹਾਂ ਦੇ ਪੁੱਤਾਂ ਪੋਤਿਆਂ ਅਤੇ ਪੜਪੋਤਿਆਂ ਨੂੰ ਵੀ ਸਜ਼ਾ ਦਿਆਂਗਾ। ਪਰ ਮੈਂ ਉਨ੍ਹਾਂ ਲੋਕਾਂ ਉੱਤੇ ਬਹੁਤ ਮਿਹਰਬਾਨ ਹੋਵਾਂਗਾ ਜਿਹੜੇ ਮੈਨੂੰ ਪਿਆਰ ਕਰਦੇ ਹਨ ਅਤੇ ਮੇਰੇ ਹੁਕਮਾਂ ਨੂੰ ਮੰਨਦੇ ਹਨ। ਮੈਂ ਉਨ੍ਹਾਂ ਦੇ ਪਰਿਵਾਰਾਂ ਉੱਪਰ ਹਜ਼ਾਰਾਂ ਪੀੜ੍ਹੀਆਂ ਤੱਕ ਮਿਹਰਬਾਨ ਹੋਵਾਂਗਾ!

3. ਤੁਹਾਨੂੰ ਯਹੋਵਾਹ ਆਪਣੇ ਪਰਮੇਸ਼ਰ ਦਾ ਨਾਮ ਗ਼ਲਤ ਢੰਗ ਨਾਲ ਨਹੀਂ ਵਰਤਣਾ ਚਾਹੀਦਾ। ਜੇ ਕੋਈ ਬੰਦਾ ਯਹੋਵਾਹ ਦਾ ਨਾਮ ਗ਼ਲਤ ਢੰਗ ਨਾਲ ਵਰਤਦਾ ਹੈ, ਤਾਂ ਉਹ ਬੰਦਾ ਦੋਸ਼ੀ ਹੈ ਅਤੇ ਯਹੋਵਾਹ ਉਸਨੂੰ ਨਿਰਦੋਸ਼ ਨਹੀਂ ਬਣਾਵੇਗਾ।
4. ਤੁਹਾਨੂੰ ਸਬਤ ਦੇ ਦਿਨ ਨੂੰ, ਇਕ ਖਾਸ ਦਿਨ ਵਜੋਂ ਰੱਖਣਾ ਚਾਹੀਦਾ ਹੈ। ਆਪਣੀ ਨੌਕਰੀ ਤੇ ਹਫ਼ਤੇ ਵਿਚ ਛੇ ਦਿਨ ਕੰਮ ਕਰੋ ਪਰ ਸੱਤਵਾਂ ਦਿਨ ਯਹੋਵਾਹ ਤੁਹਾਡੇ ਪਰਮੇਸ਼ਰ ਦੇ ਆਦਰ ਵਿਚ ਆਰਾਮ ਦਾ ਦਿਨ ਹੈ। ਇਸ ਲਈ ਓਸ ਦਿਨ ਕਿਸੇ ਬੰਦੇ ਨੂੰ ਕੰਮ ਨਹੀਂ ਕਰਨਾ ਚਾਹੀਦਾ ਤੁਹਾਨੂੰ, ਨਾ ਤੁਹਾਡੇ ਪੁੱਤਰਾਂ-ਧੀਆਂ, ਜਾਂ ਤੁਹਾਡੇ ਨੌਕਰ- ਨੌਕਰਾਣੀਆਂ ਨੂੰ। ਤੁਹਾਡੇ ਸ਼ਹਿਰਾਂ ਵਿਚ ਰਹਿੰਦੇ ਤੁਹਾਡੇ ਜਾਨਵਰਾਂ ਅਤੇ ਵਿਦੇਸ਼ੀਆਂ ਨੂੰ ਵੀ ਕੰਮ ਨਹੀਂ ਕਰਨਾ ਚਾਹੀਦਾ ਕਿਉਂਕਿ ਯਹੋਵਾਹ ਨੇ ਛੇ ਦਿਨ ਕੰਮ ਕੀਤਾ ਅਤੇ ਅਕਾਸ਼, ਧਰਤੀ ਤੇ ਸਮੁੰਦਰ ਅਤੇ ਉਨ੍ਹਾਂ ਵਿਚਲੀ ਹਰ ਸ਼ੈਅ ਬਣਾਈ ਅਤੇ ਸੱਤਵੇਂ ਦਿਨ ਪਰਮੇਸ਼ੁਰ ਨੇ ਆਰਾਮ ਕੀਤਾ। ਇਸ ਤਰ੍ਹਾਂ ਯਹੋਵਾਹ ਨੇ ਸਬਤ ਆਰਾਮ ਦੇ ਦਿਨ ਨੂੰ ਅਸੀਸ ਦਿੱਤੀ। ਯਹੋਵਾਹ ਨੇ ਉਸਨੂੰ ਬਹੁਤ ਖਾਸ ਦਿਨ ਬਣਾ ਦਿੱਤਾ।
5. ਤੁਹਾਨੂੰ ਤੁਹਾਡੇ ਪਿਤਾ ਅਤੇ ਮਾਤਾ ਦੀ ਇੱਜ਼ਤ ਕਰਨੀ ਚਾਹੀਦੀ ਹੈ ਤਾਂ ਜੋ ਤੁਸੀਂ ਉਸ ਧਰਤੀ ਤੇ ਭਰਪੂਰ ਜੀਵਨ ਜਿਉਂ ਸਕੋ ਜਿਹੜੀ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਦੇ ਰਿਹਾ ਹੈ।
6. ਤੁਹਾਨੂੰ ਕਿਸੇ ਦਾ ਕਤਲ ਨਹੀਂ ਕਰਨਾ ਚਾਹੀਦਾ।
7. ਤੁਹਾਨੂੰ ਵਿਭਚਾਰ ਦਾ ਪਾਪ ਨਹੀਂ ਕਰਨਾ ਚਾਹੀਦਾ।
8. ਤੁਹਾਨੂੰ ਕੋਈ ਚੀਜ਼ ਚੁਰਾਉਣੀ ਨਹੀਂ ਚਾਹੀਦੀ।
9. ਤੁਹਾਨੂੰ ਅਦਾਲਤ ਵਿਚ ਕਿਸੇ ਦੂਸਰੇ ਵਿਅਕਤੀ ਬਾਰੇ ਝੂਠੀ ਗਵਾਹੀ ਨਹੀਂ ਦੇਣੀ ਚਾਹੀਦੀ।

10. ਤੁਹਾਨੂੰ ਆਪਣੇ ਗੁਆਂਢੀ ਦੇ ਘਰ ਦੀ ਇੱਛਾ ਨਹੀਂ ਕਰਨੀ ਚਾਹੀਦੀ। ਤੁਹਾਨੂੰ ਤੁਹਾਡੇ ਗੁਆਂਢੀ ਦੀ ਪਤਨੀ, ਉਸਦੇ ਦਾਸ ਜਾਂ ਦਾਸੀਆਂ, ਉਸਦੇ ਬਲਦ ਜਾਂ ਖੋਤੇ ਜਾਂ ਤੁਹਾਡੇ ਗੁਆਂਢੀ ਨਾਲ ਸੰਬੰਧਿਤ ਕਿਸੇ ਵੀ ਚੀਜ਼ ਨੂੰ ਪਾਉਣ ਦੀ ਇੱਛਾ ਨਹੀਂ ਕਰਨੀ ਚਾਹੀਦੀ।

### 8.4.2 ਯਹੂਦੀ ਧਰਮ ਅਤੇ ਪਰਮਾਤਮਾ

ਯਹੂਦੀ ਵਿਸ਼ਵਾਸਾਂ ਅਨੁਸਾਰ, ਰੱਬ ਇਕ ਹੈ ਅਤੇ ਉਸਦਾ ਕੋਈ ਅਵਤਾਰ ਜਾਂ ਰੂਪ ਨਹੀਂ ਹੈ, ਪਰ ਉਹ ਸੰਦੇਸ਼ਵਾਹਕਾਂ ਦੁਆਰਾ ਆਪਣੇ ਸੰਦੇਸ਼ ਭੇਜਦਾ ਹੈ। ਈਸਾਈਅਤ ਅਤੇ ਇਸਲਾਮ ਵੀ ਇਨ੍ਹਾਂ ਮਾਨਤਾਵਾਂ ਉਤੇ ਆਧਾਰਿਤ ਹਨ, ਪਰ ਇਸਲਾਮ ਵਿਚ ਰੱਬ ਦੀ ਨਿਰਾਕਾਰਤਾ ਉੱਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਯਹੂਦੀਆਂ ਦੇ ਅਨੁਸਾਰ, ਮੂਸਾ ਨੂੰ ਪਰਮਾਤਮਾ ਦਾ ਸੰਦੇਸ਼ ਸੰਸਾਰ ਵਿਚ ਫੈਲਾਉਣ ਲਈ ਦਿਤਾ ਗਿਆ ਸੀ ਜੋ ਲਿਖਤੀ ਅਤੇ ਮੌਖਿਕ ਰੂਪਾਂ ਵਿਚ ਸੀ। ਯਹੋਵਾ ਨੇ ਇਜ਼ਰਈਲ ਦੇ ਲੋਕਾਂ ਨੂੰ ਇਕ ਪਰਮੇਸ਼ਰ ਦੀ ਉਪਾਸਨਾ ਕਰਨ ਦਾ ਹੁਕਮ ਦਿੱਤਾ।

ਯਹੂਦੀ ਧਰਮ ਵਿਚ ਈਸ਼ਵਰ ਨੂੰ ਯਹੋਵਾਹ ਕਿਹਾ ਗਿਆ ਹੈ। ਯਹੂਦੀ ਧਰਮ ਵਿਚ ਈਸ਼ਵਰ ਦੇ ਸੰਕਲਪ ਦਾ ਵਿਕਾਸ ਤਿੰਨ ਚਰਣਾਂ ਵਿਚ ਵੇਖਿਆ ਜਾ ਸਕਦਾ ਹੈ। ਪਹਿਲਾ ਚਰਣ ਅਬਰਾਹਮ ਤੋਂ ਲੈ ਕੇ ਨਬੀਆਂ ਦੇ ਸਮੇਂ ਤੱਕ ਦਾ ਹੈ ਜਿਸ ਵਿਚ ਈਸ਼ਵਰ ਨੂੰ ਅਹਿਦ-ਏ-ਈਸ਼ਵਰ ਮੰਨਿਆ ਗਿਆ ਹੈ। ਉਹ ਇਜ਼ਰਾਈਲ ਜਾਤੀ ਦਾ ਈਸ਼ਵਰ ਹੈ, ਜੋ ਈਸ਼ਵਰ ਦੀ ਚੁਣੀ ਹੋਈ ਜਾਤੀ ਹੈ।

ਦੂਸਰਾ ਚਰਣ ਨਬੀਆਂ ਦਾ ਸੀ ਜਿਸ ਵਿਚ ਈਸ਼ਵਰ ਦੇ ਸੰਬੰਧ ਵਿਚ ਯਹੂਦੀ ਧਰਮ ਵਿਚ ਬਹੁਤ ਵਿਕਾਸ ਅਤੇ ਉੱਨਤੀ ਹੋਈ। ਇਕ ਈਸ਼ਵਰਵਾਦ ਇਸੇ ਕਾਲ ਦੀ ਮਹਾਨ ਦੇਣ ਹੈ। ਨਬੀਆਂ ਨੇ ਨਾ ਕੇਵਲ ਸ਼ੁੱਧ ਇਕ ਈਸ਼ਵਰਵਾਦ ਦਾ ਪ੍ਰਚਾਰ ਕੀਤਾ ਸਗੋਂ ਨੈਤਿਕ ਇਕ ਈਸ਼ਵਰਵਾਦ ਦਾ ਨਿਸ਼ਚਿਤ ਸੰਕਲਪ ਪੇਸ਼ ਕੀਤਾ। ਤੀਸਰੇ ਚਰਣ ਵਿਚ ਈਸ਼ਵਰ ਦੇ ਸੰਕਲਪ ਦਾ ਪੂਰਨ ਵਿਕਾਸ ਹੋਇਆ। ਈਸ਼ਵਰ ਨੂੰ ਸੰਸਾਰ ਦਾ ਈਸ਼ਵਰ ਸਮਝਿਆ ਜਾਣ ਲੱਗਾ। ਸਾਰੀ ਮਾਨਵ ਜਾਤੀ ਦਾ ਈਸ਼ਵਰ ਤੇ ਪਿਤਾ ਸਮਝਿਆ ਜਾਣ ਲੱਗਾ ਅਤੇ ਇਹ ਹੋੜ੍ਹ ਲੱਗਣੀ ਸ਼ੁਰੂ ਹੋ ਗਈ ਕਿ ਯਹੂਦੀਆਂ ਦਾ ਈਸ਼ਵਰ ਹੀ ਸੱਚਾ ਈਸ਼ਵਰ ਹੈ ਅਤੇ ਯਹੂਦੀ ਹੀ ਸਿਰਫ਼ ਰੱਬ ਦੇ ਚੁਣੇ ਹੋਏ ਲੋਕ ਹਨ। ਹਰ ਉਹ ਤਰੀਕੇ ਅਪਣਾਏ ਜਾਣ ਜਿਸ ਨਾਲ ਲੋਕ ਧਰਮ-ਪਰਿਵਰਤਨ ਕਰਕੇ ਯਹੂਦੀ ਮੱਤ ਨੂੰ ਅਪਣਾਉਣ।

ਇਸ ਤੋਂ ਇਲਾਵਾ ਜਿਥੇ ਯਹੂਦੀ ਧਰਮ ਵਿਚ ਪਰਮਾਤਮਾ ਨੂੰ ਸਰਵਉੱਚ ਕਿਹਾ ਗਿਆ ਉਥੇ ਰੱਬ ਦੇ ਨਾਲ ਸ਼ੈਤਾਨ ਦੀ ਹੋਂਦ ਨੂੰ ਵੀ ਸਵੀਕਾਰਿਆ ਹੈ। ਇਨ੍ਹਾਂ ਨੂੰ ਦੋ ਸ਼ਕਤੀਆਂ ਵੀ ਪ੍ਰਵਾਨ ਕੀਤਾ ਗਿਆ ਹੈ, ਭਾਵ ਇਕ ਰੱਬ ਅਤੇ ਦੂਜੀ ਸ਼ੈਤਾਨ। ਯਹੂਦੀ ਧਰਮ ਤੋਂ ਅੱਗੇ ਹੀ ਸਿਰਜਤ ਹੋਏ ਨਵੇਂ ਧਰਮ ਈਸਾਈ ਮਤ ਦੇ ਵਿਸ਼ਵਾਸ ਅਨੁਸਾਰ, ਮਨੁੱਖ ਪਰਮਾਤਮਾ ਤੋਂ ਵੱਖਰਾ ਹੈ। ਪਰਮਾਤਮਾ ਉਨ੍ਹਾਂ ਦਾ ਰਚਨਹਾਰ ਹੈ ਅਤੇ ਉਹ ਸਾਰੇ ਉਸੇ ਦੀ ਰਚਨਾ ਹੈ, ਜਿਸ ਦਾ ਭਾਵ ਇਹ ਹੈ ਕਿ ਪਰਮਾਤਮਾ ਦੀ ਸਿਰਜਨਾ ਤੋਂ ਪਹਿਲਾਂ ਉਹ ਕੁਝ ਵੀ ਨਹੀਂ ਸਨ। ਕੇਵਲ ਪਰਮਾਤਮਾ ਦੀ ਹੋਂਦ ਹੀ ਸਦਾ ਤੋਂ ਹੈ ਤੇ ਸਦਾ ਰਹੇਗੀ। ਉਹੀ ਇਕੋ-ਇਕ ਸਦੀਵੀ ਹਸਤੀ ਹੈ ਕਿਉਂਕਿ ਨਾ ਉਸ ਦਾ ਕੋਈ ਆਦਿ ਹੈ ਅਤੇ ਨਾ ਹੀ ਕੋਈ ਅੰਤ।

### 8.4 ਯਹੂਦੀ ਧਰਮ ਦੇ ਸ੍ਰਿਸ਼ਟੀ ਰਚਨਾ ਸੰਬੰਧੀ ਵਿਚਾਰ

ਜ਼ਰਤੁਸਤ ਧਰਮ ਦੇ ਵਿਚਾਰਾਂ ਵਾਂਗ ਯਹੂਦੀ ਧਰਮ ਵਿਚ ਸ੍ਰਿਸ਼ਟੀ ਦੀ ਉਤਪੱਤੀ ਬਾਰੇ ਕਿਹਾ ਗਿਆ ਹੈ ਕਿ ਇਸ ਸੰਸਾਰ ਦੀ ਉਤਪਤੀ ਛੇ ਦਿਨਾਂ ਵਿਚ ਕੀਤੀ ਗਈ ਸੀ। ਜੇਂਦ ਅਵਸਤਾ ਅਤੇ ਯਹੂਦੀ ਧਰਮ ਦੇ ਸ਼ਿਸਟੀ ਦੇ ਸੰਕਲਪ ਸੰਬੰਧੀ ਸਮਾਨਤਾ ਵੀ ਪਾਈ ਗਈ ਹੈ। ਜਿੱਥੇ ਯਹੂਦੀ ਧਰਮ ਵਿਚ ਛੇ ਦਿਨਾਂ ਵਿਚ ਸ੍ਰਿਸਟੀ ਰਚਨਾ ਬਾਰੇ ਕਿਹਾ ਗਿਆ ਹੈ ਉਥੇ ਜ਼ਰੁਤਸਤ ਧਰਮ ਵਿਚ ਛੇ ਕਾਲਾਂ ਵਿਚ ਸ੍ਰਿਸਟੀ ਦੀ ਰਚਨਾ ਦਾ ਵਰਣਨ ਹੈ। ਯਹੂਦੀ ਧਰਮ ਵਿਚ ਮਨੁੱਖ ਦੀ ਉਤਪੱਤੀ ਨਾਲ ਰਚਨਾ ਦੀ ਸਮਾਪਤੀ ਬਾਰੇ ਦੱਸਿਆ ਗਿਆ ਹੈ ਇਸੇ ਤਰ੍ਹਾਂ ਜੇਂਦ ਅਵਸਤਾ ਵਿਚ ਵੀ ਕਿਹਾ ਗਿਆ ਹੈ। ਬਾਈਬਲ ਦੇ ਪੁਰਾਣੇ ਨੇਮ ਦੀ ਉਤਪਤ ਪੋਥੀ ਵਿਚ ਸ੍ਰਿਸ਼ਟੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਪ੍ਰਾਪਤ ਹੁੰਦਾ ਹੈ-

**ਪਹਿਲਾ ਦਿਨ-**

ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਸਾਜਿਆ। ਪਹਿਲਾਂ  ਧਰਤੀ ਬਿਲਕੁਲ ਸੱਖਣੀ ਸੀ  ਧਰਤੀ ਉਤੇ ਕੁਝ ਵੀ ਨਹੀਂ ਸੀ। ਹਨੇਰੇ ਨੇ ਸਮੁੰਦਰ ਨੂੰ ਕੱਜਿਆ ਹੋਇਆ ਸੀ, ਅਤੇ ਪਰਮੇਸ਼ੁਰ ਦਾ ਆਤਮਾ ਪਾਣੀ ਉੱਤੇ ਚਲਦਾ ਸੀ। ਫ਼ੇਰ ਪਰਮੇਸ਼ੁਰ ਨੇ ਆਖਿਆ, "ਰੌਸ਼ਨੀ ਹੋ ਜਾਵੇ!" ਅਤੇ ਰੌਸ਼ਨੀ ਚਮਕਣ ਲੱਗੀ। ਪਰਮੇਸ਼ੁਰ ਨੇ ਰੌਸ਼ਨੀ ਨੂੰ ਵੇਖਿਆ, ਅਤੇ ਉਸ ਨੇ ਜਾਣਿਆ ਕਿ ਉਹ ਚੰਗੀ ਸੀ। ਫ਼ੇਰ ਪਰਮੇਸ਼ੁਰ ਨੇ ਰੋਸ਼ਨੀ ਨੂੰ ਹਨੇਰੇ ਤੋਂ ਵੱਖ ਕੀਤਾ। ਪਰਮੇਸ਼ੁਰ ਨੇ ਰੌਸ਼ਨੀ ਨੂੰ

"ਦਿਨ" ਦਾ ਨਾਮ ਦਿੱਤਾ, ਅਤੇ ਹਨੇਰੇ ਨੂੰ "ਰਾਤ" ਦਾ ਨਾਮ ਦਿੱਤਾ। ਸ਼ਾਮ ਹੋਈ ਅਤੇ ਫ਼ੇਰ ਸਵੇਰ ਹੋਈ। ਇਹ ਪਹਿਲਾ ਦਿਨ ਸੀ।

**ਦੂਸਰਾ ਦਿਨ-**

ਅਕਾਸ਼ ਫੇਰ ਪਰਮੇਸ਼ੁਰ ਨੇ ਆਖਿਆ, "ਪਾਣੀ ਨੂੰ ਦੋ ਹਿੱਸਿਆਂ ਵਿਚ ਵੰਡਣ ਲਈ ਵਾਯੂਮੰਡਲ ਹੋਵੇ!" ਇਸ ਲਈ ਪਰਮੇਸ਼ੁਰ ਨੇ ਵਾਯੂਮੰਡਲ ਸਾਜਿਆ ਅਤੇ ਵਾਯੂਮੰਡਲ ਦੇ ਹੇਠਲੇ ਪਾਣੀ ਨੂੰ ਵਾਯੂਮੰਡਲ ਦੇ ਉੱਪਰਲੇ ਪਾਣੀ ਤੋਂ ਵੱਖ ਕੀਤਾ। ਇਹੀ ਕੁਝ ਵਾਪਰਿਆ। "ਪਰਮੇਸ਼ੁਰ ਨੇ ਹਵਾ ਨੂੰ "ਅਕਾਸ਼" ਦਾ ਨਾਮ ਦਿੱਤਾ। ਸ਼ਾਮ ਹੋਈ, ਅਤੇ ਫੇਰ ਸਵੇਰ ਹੋਈ। ਇਹ ਦੂਸਰਾ ਦਿਨ ਸੀ।

**ਤੀਸਰਾ ਦਿਨ-**

ਫ਼ੇਰ ਪਰਮੇਸ਼ੁਰ ਨੇ ਆਖਿਆ, "ਅਕਾਸ਼ ਦੇ ਹੇਠਲਾ ਪਾਣੀ ਇਕ ਜਗ੍ਹਾ ਤੇ ਇਕੱਠਾ ਹੋ ਜਾਵੇ ਅਤੇ ਸੁੱਕੀ ਜ਼ਮੀਨ ਪ੍ਰਗਟ ਹੋਵੇ।" ਇਹੀ ਵਾਪਰਿਆ। ਪਰਮੇਸ਼ੁਰ ਨੇ ਖੁਸ਼ਕ ਜ਼ਮੀਨ ਨੂੰ "ਧਰਤੀ" ਦਾ ਨਾਮ ਦਿੱਤਾ। ਅਤੇ ਪਰਮੇਸ਼ੁਰ ਨੇ ਇਕੱਠੇ ਹੋਏ ਪਾਣੀ ਨੂੰ "ਸਮੁੰਦਰ" ਦਾ ਨਾਮ ਦਿੱਤਾ। ਪਰਮੇਸ਼ੁਰ ਨੇ ਦੇਖਿਆ ਕਿ ਇਹ ਚੰਗਾ ਸੀ। ਫ਼ੇਰ ਪਰਮੇਸ਼ੁਰ ਨੇ ਆਖਿਆ, "ਧਰਤੀ ਘਾਹ ਤੇ ਪੌਦੇ ਉਗਾਵੇ ਜਿਹੜੇ ਅਨਾਜ ਅਤੇ ਫਲਦਾਰ ਰੁੱਖ ਪੈਦਾ ਕਰਨ ਜਿਹੜੇ ਬੀਜ਼ਾਂ ਵਾਲੇ ਫ਼ਲ ਪੈਦਾ ਕਰਨ। ਉਹ ਧਰਤੀ ਉੱਤੇ ਉੱਗਣ ਅਤੇ ਆਪਣੀ ਕਿਸਮ ਅਨੁਸਾਰ ਬੀਜ਼ ਪੈਦਾ ਕਰਨ। ਇਹੀ ਕੁਝ ਵਾਪਰਿਆ।" ਧਰਤੀ ਨੇ ਅਨਾਜ਼ ਪੈਦਾ ਕਰਨ ਵਾਲਾ ਘਾਹ ਅਤੇ ਪੌਦੇ ਉਗਾਏ ਅਤੇ ਇਸਨੇ ਰੁੱਖ ਉਗਾਏ ਜਿਨ੍ਹਾਂ ਤੇ ਬੀਜ਼ਾਂ ਵਾਲੇ ਫ਼ਲ ਸਨ। ਹਰ ਪੌਦੇ ਨੇ ਆਪਣੀ ਕਿਸਮ ਦੇ ਬੀਜ ਬਣਾਏ। ਅਤੇ ਪਰਮੇਸ਼ੁਰ ਦੇਖਿਆ ਕਿ ਇਹ ਚੰਗਾ ਸੀ। ਸ਼ਾਮ ਹੋਈ ਅਤੇ ਫੇਰ ਸਵੇਰ ਹੋ ਗਈ। ਇਹ ਤੀਸਰਾ ਦਿਨ ਸੀ।

**ਚੌਥਾ ਦਿਨ-**

ਸੂਰਜ, ਚੰਨ ਅਤੇ ਤਾਰੇ । ਫੇਰ ਪਰਮੇਸ਼ੁਰ ਨੇ ਆਖਿਆ, "ਰਾਤਾਂ ਨੂੰ ਦਿਨਾਂ ਨਾਲੋਂ ਵੱਖ ਕਰਨ ਲਈ ਅਕਾਸ਼ ਵਿਚ ਰੋਸ਼ਨੀਆਂ ਹੋਣ। ਇਹ ਰੌਸ਼ਨੀਆਂ ਪਰਬਾਂ ਦੀਆਂ ਰੁੱਤਾਂ ਅਤੇ ਦਿਨਾਂ ਅਤੇ ਸਾਲਾਂ ਲਈ ਸੰਕੇਤ ਹੋਣ। ਇਹ ਰੌਸ਼ਨੀਆਂ ਧਰਤੀ ਉੱਤੇ ਰੌਸ਼ਨੀ ਚਮਕਾਉਣ ਲਈ ਆਕਾਸ਼ ਵਿਚ ਹੋਣਗੀਆਂ।" ਅਤੇ ਇਹੀ ਵਾਪਰਿਆ।

ਇਸ ਲਈ ਪਰਮੇਸ਼ੁਰ ਨੇ ਦੋ ਵਿਸ਼ਾਲ ਰੌਸ਼ਨੀਆਂ ਸਾਜੀਆਂ। ਪਰਮੇਸ਼ੁਰ ਨੇ ਦਿਨ ਤੇ ਹਕੂਮਤ ਕਰਨ ਲਈ ਵਿਸ਼ਾਲ ਰੌਸ਼ਨੀ ਅਤੇ ਰਾਤ ਤੇ ਹਕੂਮਤ ਕਰਨ ਲਈ ਛੋਟੀ ਰੋਸ਼ਨੀ ਦੀ ਸਾਜਨਾ ਕੀਤੀ। ਉਸ ਨੇ ਤਾਰੇ ਵੀ ਸਾਜੇ।

ਪਰਮੇਸ਼ੁਰ ਨੇ ਇਨ੍ਹਾਂ ਰੌਸ਼ਨੀਆਂ ਨੂੰ ਧਰਤੀ ਉੱਤੇ ਚਮਕਣ ਲਈ ਆਕਾਸ਼ ਵਿਚ ਧਰ ਦਿੱਤਾ। ਪਰਮੇਸ਼ੁਰ ਨੇ ਇਨ੍ਹਾਂ ਰੌਸ਼ਨੀਆਂ ਨੂੰ ਦਿਨ ਅਤੇ ਰਾਤ ਉੱਤੇ ਹਕੂਮਤ ਕਰਨ ਲਈ ਅਕਾਸ਼ ਵਿਚ ਪਾ ਦਿੱਤਾ। ਇਨ੍ਹਾਂ ਰੌਸ਼ਨੀਆਂ ਨੇ ਰੌਸ਼ਨੀ ਨੂੰ ਹਨੇਰੇ ਨਾਲੋਂ ਵੱਖ ਕਰ ਦਿੱਤਾ ਅਤੇ ਪਰਮੇਸ਼ੁਰ ਨੇ ਵੇਖਿਆ ਇਹ ਚੰਗਾ ਸੀ। ਸ਼ਾਮ ਹੋ ਗਈ ਅਤੇ ਫ਼ੇਰ ਸਵੇਰ ਹੋਈ। ਇਹ ਚੌਥਾ ਦਿਨ ਸੀ।

**ਪੰਜਵਾਂ ਦਿਨ-**

ਪਰਮੇਸ਼ੁਰ ਨੇ ਆਖਿਆ, "ਪਾਣੀ ਬਹੁਤ ਸਾਰੇ ਜੀਵਿਤ ਪ੍ਰਾਣੀਆਂ ਨਾਲ ਭਰ ਜਾਵੇ ਅਤੇ ਅਕਾਸ਼ ਦੇ ਵਾਯੂਮੰਡਲ ਦੇ ਆਰ- ਪਾਰ ਪੰਛੀ ਉੱਡਦੇ ਰਹਿਣ।" ਇਸ ਲਈ ਪਰਮੇਸ਼ੁਰ ਨੇ ਵਿਸ਼ਾਲ ਸਮੁੰਦਰੀ ਜਾਨਵਰਾਂ ਅਤੇ ਹਰ ਤਰ੍ਹਾਂ ਦੇ ਜੀਵਿਤ ਪ੍ਰਾਣੀਆਂ ਦੀ ਸਾਜਨਾ ਕੀਤੀ ਜੋ ਸਮੁੰਦਰ ਵਿਚ ਵਿਚਰਦੇ ਹਨ। ਪਰਮੇਸ਼ੁਰ ਨੇ ਅਕਾਸ਼ ਵਿਚ ਉੱਡਣ ਵਾਲੇ ਹਰ ਪ੍ਰਕਾਰ ਦੇ ਪੰਛੀਆਂ ਨੂੰ ਸਾਜਿਆ। ਅਤੇ ਪਰਮੇਸ਼ੁਰ ਨੇ ਵੇਖਿਆ ਇਹ ਚੰਗਾ ਸੀ।ਪਰਮੇਸ਼ੁਰ ਨੇ ਇਨ੍ਹਾਂ ਜਾਨਵਰਾਂ ਨੂੰ ਅਸੀਸ ਦਿੱਤੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਬਹੁਤ ਸਾਰੇ ਬੱਚੇ ਪੈਦਾ ਕਰਨ ਅਤੇ ਸਮੁੰਦਰ ਨੂੰ ਭਰ ਦੇਣ ਲਈ ਆਖਿਆ ਅਤੇ ਪਰਮੇਸ਼ੁਰ ਨੇ ਧਰਤੀ ਉਤਲੇ ਪੰਛੀਆਂ ਨੂੰ ਹੋਰ ਅਨੇਕਾਂ ਪੰਛੀ ਪੈਦਾ ਕਰਨ ਲਈ ਆਖਿਆ। ਸ਼ਾਮ ਹੋ ਗਈ ਅਤੇ ਫ਼ੇਰ ਸਵੇਰ ਹੋਈ। ਇਹ ਪੰਜਵਾਂ ਦਿਨ ਸੀ।

**ਛੇਵਾਂ ਦਿਨ-**

ਫ਼ੇਰ ਪਰਮੇਸ਼ੁਰ ਨੇ ਆਖਿਆ, "ਆਓ ਹੁਣ ਆਦਮੀ ਦੀ ਸਾਜਨਾ ਕਰੀਏ। ਅਸੀਂ ਲੋਕਾਂ ਨੂੰ ਆਪਣੀ ਨਕਲ ਦੇ ਰੂਪ ਵਿਚ ਸਾਜਾਂਗੇ। ਲੋਕ ਸਾਡੇ ਵਰਗੇ ਹੋਣਗੇ। ਉਹ ਸਮੁੰਦਰ ਦੇ ਸਾਰੇ ਜੀਵਾਂ ਅਤੇ ਹਵਾ ਦੇ ਸਾਰੇ ਪੰਛੀਆਂ ਉੱਤੇ ਰਾਜ ਕਰਨਗੇ। ਉਹ ਸਾਰੇ ਵੱਡੇ ਜਾਨਵਰਾਂ ਅਤੇ ਧਰਤੀ ਉੱਤੇ ਰੀਂਗਣ ਵਾਲੇ ਸਾਰੇ ਛੋਟੇ ਜੀਵਾਂ ਉੱਤੇ ਰਾਜ ਕਰਨਗੇ।"

ਇਸ ਲਈ ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਅਕਸ ਵਿਚ ਸਾਜਿਆ। ਉਸ ਨੇ ਉਸ ਨੂੰ ਆਪਣੇ ਖੁਦ ਦੇ ਚਰਿਤ੍ਰ ਮੁਤਾਬਿਕ ਸਾਜਿਆ। ਉਸ ਨੇ ਉਨ੍ਹਾਂ ਨੂੰ ਨਰ ਅਤੇ ਨਾਰੀ ਦੇ ਰੂਪ ਵਿਚ ਸਾਜਿਆ। ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਆਖਿਆ, "ਬਹੁਤ ਸਾਰੇ ਬੱਚੇ ਪੈਦਾ ਕਰੋ। ਧਰਤੀ ਨੂੰ ਭਰ ਦਿਓ ਅਤੇ ਇਸਨੂੰ ਆਪਣੇ ਅਧਿਕਾਰ ਵਿਚ ਲੈ ਲਵੋ। ਸਮੁੰਦਰੀ ਜੀਵਾਂ ਅਤੇ ਹਵਾਈ ਪੰਛੀਆਂ ਉੱਤੇ ਰਾਜ ਕਰੋ। ਧਰਤੀ ਉੱਤੇ ਤੁਰਨ ਫ਼ਿਰਨ ਵਾਲੀ ਹਰ ਸ਼ੈਅ ਉੱਤੇ ਰਾਜ ਕਰੋ।"

ਪਰਮੇਸ਼ੁਰ ਨੇ ਆਖਿਆ, "ਮੈਂ ਤੁਹਾਨੂੰ ਅਨਾਜ਼ ਪੈਦਾ ਕਰਨ ਵਾਲੇ ਸਮੂਹ ਪੌਦੇ ਅਤੇ ਸਮੂਹ ਫ਼ਲਦਾਰ ਰੁੱਖ ਦੇ ਰਿਹਾ ਹਾਂ। ਉਹ ਰੁੱਖ ਬੀਜਾਂ ਵਾਲੇ ਫ਼ਲ ਪੈਦਾ ਕਰਦੇ ਹਨ। ਇਹ ਅਨਾਜ਼ ਅਤੇ ਫ਼ਲ ਤੁਹਾਡਾ ਭੋਜਨ ਹੋਣਗੇ। ਅਤੇ ਮੈਂ ਸਮੂਹ ਹਰੇ ਪੌਦੇ ਜਾਨਵਰਾਂ ਨੂੰ ਦੇ ਰਿਹਾ ਹਾਂ। ਉਹ ਹਰੇ ਪੌਦੇ ਉਨ੍ਹਾਂ ਦਾ ਭੋਜਨ ਹੋਣਗੇ। ਧਰਤੀ ਉਤਲਾ ਹਰ ਜਾਨਵਰ, ਹਵਾ ਵਿਚਲਾ ਹਰ ਪੰਛੀ, ਅਤੇ ਉਹ ਸਾਰੇ ਛੋਟੇ ਜੀਵ ਜਿਹੜੇ ਧਰਤੀ ਉੱਤੇ ਰੀਂਗਦੇ ਹਨ, ਉਸ ਭੋਜਨ ਨੂੰ ਖਾਣਗੇ।" ਅਤੇ ਇਹ ਸਾਰੀਆਂ ਗੱਲਾਂ ਵਾਪਰ ਗਈਆਂ। ਪਰਮੇਸ਼ੁਰ ਨੇ ਉਨ੍ਹਾਂ ਸਾਰੀਆਂ ਚੀਜ਼ਾਂ ਵੱਲ ਤੱਕਿਆ ਜੋ ਉਸਨੇ ਸਾਜੀਆਂ ਸਨ ਅਤੇ ਉਸ ਨੇ ਵੇਖਿਆ ਕਿ ਸਭ ਕੁਝ ਬਹੁਤ ਚੰਗਾ ਸੀ। ਸ਼ਾਮ ਹੋ ਗਈ ਅਤੇ ਫ਼ੇਰ ਸਵੇਰ ਹੋਈ। ਇਹ ਛੇਵਾਂ ਦਿਨ ਸੀ।

**ਸੱਤਵਾਂ ਦਿਨ-**

ਇਸ ਤਰ੍ਹਾਂ ਧਰਤੀ ਅਕਾਸ਼ ਅਤੇ ਉਨ੍ਹਾਂ ਵਿਚਲੀ ਹਰ ਸ਼ੈਅ ਦੀ ਸਾਜਨਾ ਸੰਪੂਰਨ ਹੋ ਗਈ। ਪਰਮੇਸ਼ਰ ਨੇ ਆਪਣਾ ਕੰਮ, ਜੋ ਉਹ ਕਰ ਰਿਹਾ ਸੀ ਖ਼ਤਮ ਕਰ ਲਿਆ। ਇਸ ਲਈ ਪਰਮੇਸ਼ੁਰ ਨੇ ਸੱਤਵੇਂ ਦਿਨ ਅਰਾਮ ਕੀਤਾ। ਪਰਮੇਸ਼ੁਰ ਨੇ ਸੱਤਵੇਂ ਦਿਨ ਨੂੰ ਅਸੀਸ ਦਿੱਤੀ ਅਤੇ ਇਸ ਨੂੰ ਪਵਿੱਤਰ ਦਿਨ ਬਣਾਇਆ, ਕਿਉਂ ਕਿ ਉਸ ਨੇ ਉਨ੍ਹਾਂ ਸਾਰੇ ਕੰਮਾਂ ਤੋਂ ਅਰਾਮ ਲਿਆ ਜੋ ਉਹ ਸੰਸਾਰ ਦੀ ਸਾਜਨਾ ਕਰਨ ਵੇਲੇ ਕਰ ਰਿਹਾ ਸੀ।

**8.4.9 ਜਾਜਕਾਂ (ਯਹੂਦੀ ਪੁਜਾਰੀਆਂ) ਲਈ ਨਿਯਮ**

ਯਹੂਦੀ ਧਰਮ ਗ੍ਰੰਥ, ਪੁਰਾਣੇ ਨੇਮ ਵਿਚੋਂ ਜਾਜਕਾਂ ਲਈ ਪ੍ਰਾਪਤ ਹੋਣ ਵਾਲੇ ਨਿਯਮਾਂ ਵਿਚੋਂ ਕੁਝ ਪ੍ਰਮੁੱਖ ਨਿਯਮ ਇਸ ਪ੍ਰਕਾਰ ਹਨ-

1. ਜਾਜਕਾਂ ਨੂੰ ਆਪਣੇ ਸਿਰ ਨਹੀਂ ਮਨਵਾਉਣੇ ਚਾਹੀਦੇ। ਉਨ੍ਹਾਂ ਨੂੰ ਆਪਣੀਆਂ ਦਾਹੜੀਆਂ ਦੇ ਸਿਰੇ ਨਹੀਂ ਮੁਨਉਣੇ ਚਾਹੀਦੇ ਅਤੇ ਆਪਣੇ ਜਿਸਮਾਂ ਉੱਤੇ ਚੀਰੇ ਨਹੀਂ ਲਾਉਣੇ ਚਾਹੀਦੇ। ਉਨ੍ਹਾਂ ਨੂੰ ਆਪਣੇ ਪਰਮੇਸ਼ੁਰ ਲਈ ਪਵਿੱਤਰ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਪਰਮੇਸ਼ੁਰ ਦੇ ਨਾਮ ਦਾ ਨਿਰਾਦਰ ਨਹੀਂ ਕਰਨਾ ਚਾਹੀਦਾ ਕਿਉਂ ਕਿ ਉਹ ਯਹੋਵਾਹ ਨੂੰ ਅੱਗ ਦੁਆਰਾ ਚੜ੍ਹਾਵੇ (ਉਨ੍ਹਾਂ ਦੇ ਪਰਮੇਸ਼ੁਰ ਦਾ ਭੋਜਨ) ਚੜ੍ਹਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਪਵਿੱਤਰ ਹੋਣਾ ਚਾਹੀਦਾ ਹੈ।

2. ਇਕ ਜਾਜਕ ਆਪਣੇ ਪਰਮੇਸ਼ੁਰ ਲਈ ਪਵਿੱਤਰ ਹੈ। ਇਸ ਲਈ ਜਾਜਕ ਨੂੰ ਕਿਸੇ ਵੇਸਵਾ, ਕਿਸੇ ਕਲੰਕਤ ਔਰਤ ਜਾਂ ਤਲਾਕਸ਼ੁਦਾ ਔਰਤ ਨਾਲ ਸ਼ਾਦੀ ਨਹੀਂ ਕਰਨੀ ਚਾਹੀਦੀ।
3. ਜੇ ਕਿਸੇ ਜਾਜਕ ਦੀ ਧੀ ਵੇਸਵਾ ਬਣ ਜਾਵੇ ਅਤੇ ਆਪਣੇ- ਆਪ ਨੂੰ ਕਲੰਕਤ ਕਰ ਲਵੇ ਉਹ ਆਪਣੇ ਪਿਉ ਨੂੰ ਵੀ ਕਲੰਕਤ ਕਰ ਦਿੰਦੀ ਹੈ। ਇਸ ਲਈ ਉਸ ਨੂੰ ਜਿੰਦਾ ਸਾੜ ਦੇਣਾ ਚਾਹੀਦਾ ਹੈ।
4. ਜਾਜਕ ਨੂੰ ਕਿਸੇ ਮੁਰਦਾ ਸਰੀਰ ਦੇ ਕੋਲ ਜਾਕੇ ਆਪਣੇ-ਆਪ ਨੂੰ ਪਲੀਤ ਨਹੀਂ ਕਰਨਾ ਚਾਹੀਦਾ, ਭਾਵੇਂ ਲਾਸ਼ ਉਸ ਦੀ ਮਾਂ ਦੀ ਹੋਵੇ ਜਾਂ ਪਿਉ ਦੀ, ਪਰਧਾਨ ਜਾਜਕ ਨੂੰ ਪਰਮੇਸ਼ੁਰ ਦੇ ਪਵਿੱਤਰ ਸਥਾਨ ਤੋਂ ਬਾਹਰ ਨਹੀਂ ਜਾਣਾ ਚਾਹੀਦਾ। ਜੇ ਉਹ ਜਾਵੇਗਾ ਤਾਂ ਉਹ ਪਲੀਤ ਹੋ ਸਕਦਾ ਹੈ ਅਤੇ ਉਹ ਪਰਮੇਸ਼ੁਰ ਦੇ ਪਵਿੱਤਰ ਸਥਾਨ ਨੂੰ ਵੀ ਪਲੀਤ ਕਰ ਸਕਦਾ ਹੈ ਕਿਉਂਕਿ ਉਸ ਨੂੰ ਉਸ ਦੇ ਪਰਮੇਸ਼ੁਰ ਦਾ ਮਸਹ ਕਰਨ ਵਾਲਾ ਤੇਲ ਉਸਦੇ ਸਿਰ ’ਚ ਪਾਕੇ ਸਮਰਪਿਤ ਕੀਤਾ ਗਿਆ ਹੈ।
5. ਪਰਧਾਨ ਜਾਜਕ ਨੂੰ ਕਿਸੇ ਅਜਿਹੀ ਔਰਤ ਨਾਲ ਹੀ ਸ਼ਾਦੀ ਕਰਨੀ ਚਾਹੀਦੀ ਹੈ ਜੋ ਕੁਆਰੀ ਹੋਵੇ। ਪਰਧਾਨ ਜਾਜਕ ਨੂੰ ਕਿਸੇ ਵਿਧਵਾ, ਕਿਸੇ ਤਲਾਕਸ਼ੁਦਾ ਔਰਤ ਜਾਂ ਕਿਸੇ ਵੇਸਵਾ ਨਾਲ ਸ਼ਾਦੀ ਨਹੀਂ ਕਰਨੀ ਚਾਹੀਦੀ। ਉਹ ਸਿਰਫ਼ ਆਪਣੇ ਲੋਕਾਂ ਵਿੱਚੋਂ ਹੀ ਕਿਸੇ ਕੁਆਰੀ ਕੁੜੀ ਨਾਲ ਸ਼ਾਦੀ ਕਰ ਸਕਦਾ ਹੈ। ਇਸ ਤਰ੍ਹਾਂ, ਉਹ ਲੋਕਾਂ ਦਰਮਿਆਨ ਆਪਣੇ ਬੱਚਿਆਂ ਨੂੰ ਜਾਜਕ ਹੋਣ ਤੋਂ ਅਯੋਗ ਨਹੀਂ ਬਣਾ ਸਕੇਗਾ।
6. ਕੋਈ ਵੀ ਆਦਮੀ, ਜਿਸ ਨੂੰ ਇਨ੍ਹਾਂ ਵਿੱਚੋਂ ਕੋਈ ਸ਼ਰੀਰਿਕ ਨੁਕਸ ਹੈ ਉਸ ਨੂੰ ਜਾਜਕ ਵਜੋਂ ਸੇਵਾ ਨਹੀਂ ਕਰਨੀ ਚਾਹੀਦੀ: ਅੰਨ੍ਹੇ ਆਦਮੀ ਨੂੰ, ਵਿਕਲਾਂਗ ਆਦਮੀ ਨੂੰ, ਭਿਆਨਕ ਚਿਹਰੇ ਵਾਲੇ ਆਦਮੀ ਨੂੰ, ਬਹੁਤ ਲੰਮੀਆਂ ਬਾਹਾਂ ਜਾਂ ਲੱਤਾਂ ਵਾਲੇ ਆਦਮੀ ਨੂੰ, ਟੁੱਟੇ ਹੋਏ ਹੱਥਾਂ ਪੈਰਾਂ ਵਾਲੇ ਆਦਮੀ ਨੂੰ, ਕੁੱਬੇ ਆਦਮੀ ਨੂੰ, ਅੱਖਾਂ ਵਿਚ ਨੁਕਸ ਵਾਲੇ ਆਦਮੀ ਨੂੰ, ਪਪੜੀ ਜਾਂ ਚਮੜੀ ਦੇ ਰੋਗੀ ਆਦਮੀ ਨੂੰ, ਖੱਸੀ ਆਦਮੀ ਨੂੰ।
7. ਜਾਜਕ ਨੂੰ ਕੋਈ ਵੀ ਅਜਿਹਾ ਜਾਨਵਰ ਨਹੀਂ ਖਾਣਾ ਚਾਹੀਦਾ ਜੋ ਆਪਣੇ-ਆਪ ਮਰਿਆ ਸੀ ਜਾਂ ਜੋ ਹੋਰਨਾਂ ਜਾਨਵਰਾਂ ਦੁਆਰਾ ਮਾਰਿਆ ਗਿਆ ਸੀ। ਜੇ ਉਹ ਉਸ ਮੁਰਦਾ ਜਾਨਵਰ ਨੂੰ ਖਾਂਦਾ ਹੈ ਤਾਂ, ਉਹ ਪਲੀਤ ਹੋ ਜਾਵੇਗਾ।
8. ਹੋ ਸਕਦਾ ਹੈ ਕਿਸੇ ਜਾਜਕ ਦੀ ਧੀ ਕਿਸੇ ਅਜਿਹੇ ਬੰਦੇ ਨਾਲ ਸ਼ਾਦੀ ਕਰ ਲਵੇ ਜਿਹੜਾ ਜਾਜਕ ਨਹੀਂ ਹੈ। ਜੇ ਉਹ ਅਜਿਹਾ ਕਰਦੀ ਹੈ ਤਾਂ ਪਵਿੱਤਰ ਭੇਟਾਂ ਵਿੱਚੋਂ ਕੁਝ ਨਹੀਂ ਖਾ ਸਕਦੀ। ਕਿਸੇ ਜਾਜਕ ਦੀ ਧੀ ਵਿਧਵਾ ਜਾਂ

ਤਲਾਕ ਸ਼ੁਦਾ ਔਰਤ ਹੋ ਸਕਦੀ ਹੈ। ਜੇ ਉਸ ਨੂੰ ਸਹਾਰਾ ਦੇਣ ਲਈ ਉਸਦੇ ਬੱਚੇ ਨਹੀਂ ਹਨ ਅਤੇ ਉਹ ਆਪਣੇ ਪਿਤਾ ਦੇ ਘਰ ਵਾਪਸ ਚਲੀ ਜਾਂਦੀ ਹੈ ਜਿੱਥੇ ਉਹ ਬਚਪਨ ਤੋਂ ਰਹਿੰਦੀ ਸੀ ਉਹ ਆਪਣੇ ਪਿਉ ਦਾ ਭੋਜਨ ਖਾ ਸਕਦੀ ਹੈ ਪਰ ਜਾਜਕ ਦੇ ਪਰਿਵਾਰ ਤੋਂ ਬਾਹਰਲਾ ਵਿਅਕਤੀ ਇਸ (ਪਵਿੱਤਰ)ਭੋਜਨ ਨੂੰ ਨਹੀਂ ਖਾ ਸਕਦਾ।

9. ਹੋ ਸਕਦਾ ਹੈ ਕੋਈ ਬੰਦਾ ਗ਼ਲਤੀ ਨਾਲ ਪਵਿੱਤਰ ਭੋਜਨ ਵਿੱਚੋਂ ਕੁਝ ਖਾ ਲਵੇ। ਉਸ ਬੰਦੇ ਨੂੰ ਓਨੀ ਮਿਕਦਾਰ ਜਾਜਕ ਨੂੰ ਦੇਣੀ ਚਾਹੀਦੀ ਹੈ, ਅਤੇ ਉਸਨੂੰ ਉਸ ਭੋਜਨ ਦਾ ਪੰਜਵਾਂ ਹਿੱਸਾ ਕੀਮਤ ਹੋਰ ਦੇਣੀ ਚਾਹੀਦੀ ਹੈ।
10. ਇਸ ਲਈ ਉਹ ਲੋਕ (ਜੋ ਜਾਜਕ ਨਾ ਹੋਣ) ਇਸਰਾਏਲ ਦੇ ਲੋਕਾਂ ਦੁਆਰਾ ਯਹੋਵਾਹ ਨੂੰ ਚੜ੍ਹਾਈਆਂ ਗਈਆਂ ਚੀਜਾਂ ਦਾ ਦੁਰਉਪਯੋਗ ਨਹੀਂ ਕਰਨਾ ਚਾਹੀਦਾ। ਅਤੇ ਉਹ ਦੋਸ਼ੀ ਹੋਣਗੇ ਅਤੇ ਪਵਿੱਤਰ ਭੋਜਨ ਖਾਂਦੇ ਸਮੇਂ ਆਪਣੇ ਪਾਪਾਂ ਦੀ ਜ਼ਿੰਮੇਵਾਰੀ ਸਹਾਰਨਗੇ।

### 8.4.3 ਯਹੂਦੀ ਧਰਮ ਦਾ ਦੋ ਸ਼ਕਤੀਆਂ ਦਾ ਸਿਧਾਂਤ

ਯਹੂਦੀ ਧਰਮ ਦੋ ਵਿਰੋਧੀ ਸ਼ਕਤੀਆਂ ਅਰਥਾਤ ਰੱਬ ਅਤੇ ਸ਼ੈਤਾਨ ਵਿਚ ਵਿਸ਼ਵਾਸ ਕਰਦਾ ਹੈ। ਇਸ ਦੇ ਦ੍ਰਿਸ਼ਟੀਕੋਣ ਵਿਚ ਸੰਸਾਰ, ਜਿਵੇਂ ਕਿ ਇਹ ਹੁਣ ਹੈ, ਦੋ ਵਿਰੋਧੀ ਸ਼ਕਤੀਆਂ ਵਿਚ ਹੈ। ਇਕ ਰੱਬ, ਜੋ ਚੰਗਾ ਹੈ ਅਤੇ ਦੂਜਾ ਸ਼ੈਤਾਨ, ਜੋ ਬੁਰਾ ਹੈ। ਸੰਸਾਰ ਦਾ ਇਤਿਹਾਸ ਇਨ੍ਹਾਂ ਸ਼ਕਤੀਆਂ ਦੇ ਸੰਘਰਸ਼ ਦਾ ਇਤਿਹਾਸ ਹੈ। ਇਹ ਚੰਗਿਆਈ ਤੇ ਬੁਰਿਆਈ ਦਾ ਸੰਘਰਸ਼, ਸੰਸਾਰ ਵਿਚ ਹਮੇਸ਼ਾ ਚੱਲਦਾ ਰਹਿੰਦਾ ਹੈ। ਨੈਤਿਕ ਸੰਘਰਸ਼, ਜਿਸ ਬਾਰੇ ਅਸੀਂ ਆਪਣੇ ਜੀਵਨ ਦੇ ਹਰ ਪਲ ਬਹੁਤ ਚੇਤੰਨ ਹਾਂ। ਬੁਰਿਆਈ ਦਾ ਪ੍ਰਭਾਵ ਸੰਸਾਰ ਵਿਚ ਨੇਕੀ ਦੇ ਅਭਿਆਸ ਨੂੰ ਬਹੁਤਾ ਔਖਾ ਬਣਾ ਦਿੰਦਾ ਹੈ। ਇਹ ਇਕ ਕਿਸਮ ਦਾ ਨੈਤਿਕ ਹਨੇਰਾ ਹੈ ਜੋ ਇਕ ਵਿਅਕਤੀ ਦੀ ਆਤਮਾ ਵਿਚ ਪੈਦਾ ਹੁੰਦਾ ਹੈ ਜਿਸ ਕਾਰਨ ਉਸਦੇ ਲਈ ਸਹੀ ਅਤੇ ਗਲਤ ਵਿਚ ਫਰਕ ਕਰਨਾ ਮੁਸ਼ਕਲ ਹੋ ਜਾਂਦਾ ਹੈ। ਆਖਰਕਾਰ ਪਰਮਾਤਮਾ ਦੀ ਦਿਆਲੂ ਸ਼ਕਤੀ ਉਸਨੂੰ ਇਸ ਬੁਰਾਈ ਤੋਂ ਕੱਢ ਲੈਂਦੀ ਹੈ। ਕੁਝ ਵਿਦਵਾਨਾਂ ਅਨੁਸਾਰ ਚੰਗੇ ਅਤੇ ਬੁਰੇ ਦਾ ਇਹ ਸਿਧਾਂਤ ਯਹੂਦੀਆਂ ਨੇ ਜ਼ਰਤੁਸਤ ਧਰਮ ਤੋਂ ਲਿਆ ਹੈ। ਯਹੂਦੀਆਂ ਨੇ ਫਰਿਸ਼ਤਿਆਂ ਦੀ ਧਾਰਨਾ ਜ਼ਰਤੁਸਤ ਧਰਮ ਤੋਂ ਗ੍ਰਹਿਣ ਕੀਤੀ ਅਤੇ ਇਸ ਦੇ ਨਾਲ ਹੀ ਯਹੂਦੀਆਂ ਦਾ ਸਵਰਗ ਅਤੇ ਨਰਕ ਦਾ ਸਿਧਾਂਤ ਵੀ ਜੇਂਦ ਅਵਸਤਾ ਨਾਲ ਮੇਲ ਖਾਂਦਾ ਹੈ। ਡਾ. ਹਾਗ ਅਨੁਸਾਰ, ਭਵਿੱਖ ਦੇ ਜੀਵਨ ਅਤੇ ਆਤਮਾ ਦੀ ਅਮਰਤਾ ਦਾ ਵਿਚਾਰ ਗਾਥਾਵਾਂ ਵਿਚ ਬਹੁਤ ਸਪੱਸ਼ਟ ਰੂਪ ਵਿਚ ਪ੍ਰਗਟ ਕੀਤਾ ਗਿਆ ਅਤੇ ਬਾਅਦ ਵਿਚ ਅਵੇਸਤਾ ਸਾਹਿਤ ਵਿਚ ਵੀ ਵਿਆਪਕ ਮਿਲਦਾ ਹੈ।

**8.4.4 ਯਹੋਵਾਹ ਪਰਮੇਸ਼ਰ ਲਈ ਬਲੀਆਂ-ਭੇਟਾਵਾਂ ਦੇ ਨਿਯਮ**

1. ਯਹੋਵਾਹ ਪਰਮੇਸ਼ਰ ਲਈ ਕੀਤੇ ਜਾਣ ਵਾਲੇ ਹੋਮ ਵੀ ਭੇਟਾ ਲਈ ਪਾਲਤੂ ਪਸ਼ੂਆਂ ਦੇ ਰੂਪ ਵਿਚ ਗਾਂ, ਭੇਡ ਜਾਂ ਬੱਕਰੀ ਅਤੇ ਪੰਛੀ ਦੇ ਰੂਪ ਵਿਚ ਘੁੱਗੀ ਜਾਂ ਛੋਟਾ ਕਬੂਤਰ ਯੱਗਬੇਦੀ 'ਤੇ ਜਾਜਕ (ਪੁਜਾਰੀ) ਨੂੰ ਭੇਟਾ ਕਰਨਾ ਚਾਹੀਦਾ ਹੈ।

2. ਪਹਿਲੀ ਫਸਲ ਦੀ ਅਨਾਜ ਦੀ ਭੇਟਾ ਵਿਚ ਅਨਾਜ ਦੀਆਂ ਭੁੰਨੀਆਂ ਹੋਈਆਂ ਬੱਲੀਆਂ ਲੈ ਕੇ ਆਉਣੀਆਂ ਚਾਹੀਦੀਆਂ ਹਨ। ਇਹ ਤਾਜੇ ਅਨਾਰ ਦੇ ਕੁੱਟੇ ਹੋਏ ਦਾਣੇ ਹੋਣੇ ਚਾਹੀਦੇ ਹਨ।

3. ਅਚਨਚੇਤ ਕੀਤੇ ਪਾਪਾਂ ਲਈ ਜਾਜਕਾਂ ਨੂੰ ਬੇਨੁਕਸ ਬਲਦ ਅਤੇ ਸਾਧਾਰਨ ਬੰਦਿਆਂ ਨੂੰ ਬੱਕਰੀ ਜਾਂ ਮਾਦਾ ਲੈਲਾ, ਆਪਣੇ ਪਾਪ ਦੇ ਪ੍ਰਾਸ਼ਚਿਤ ਵਜੋਂ ਯਹੋਵਾਹ ਪਰਮੇਸ਼ਰ ਨੂੰ ਭੇਟ ਕਰਨਾ ਚਾਹੀਦਾ ਹੈ।

4. ਸੁੱਖ ਸਾਂਦ ਦੀਆਂ ਭੇਟਾਵਾਂ ਵਿਚ ਤੇਲ ਨਾਲ ਮਿਲੀ ਬੇਖਮੀਰੀ ਰੋਟੀ, ਬੇਖਮੀਰੀ ਮੱਛੀਆਂ ਜਿਨ੍ਹਾਂ 'ਤੇ ਤੇਲ ਪਾਇਆ ਹੋਵੇ, ਤੇਲ ਨਾਲ ਮੈਦੇ ਦੇ ਕੇਕ ਅਤੇ ਪਤੀਰੀ ਰੋਟੀ ਦੇ ਕੇਕ ਸ਼ਾਮਿਲ ਹਨ। ਇਨ੍ਹਾਂ ਹਰੇਕ ਭੇਟਾਵਾਂ ਵਿਚੋਂ ਇਕ ਟੁਕੜਾ ਜਾਜਕ ਦਾ ਹੁੰਦਾ ਹੈ।

**8.4.5 ਮਾਸ ਖਾਣ ਬਾਰੇ ਨਿਯਮ**

**ੳ) ਖਾਣ ਯੋਗ ਜਾਨਵਰ ਅਤੇ ਪੰਛੀ**

1. ਜੁਗਾਲੀ ਕਰਨ ਵਾਲੇ ਜਾਨਵਰ ਜਿਸ ਦੇ ਖੁਰ ਦੋ ਹਿੱਸਿਆਂ ਵਿਚ ਪਾਟੇ ਹੋਣ।

2. ਸਮੁੰਦਰ ਜਾਂ ਨਦੀ ਵਿਚ ਰਹਿਣ ਵਾਲੇ ਜਾਨਵਰ ਜਿਸ ਦੇ ਖੰਭ ਜਾਂ ਛਿਲਕੇ ਹੋਣ।

3. ਜਿਨ੍ਹਾਂ ਜਾਨਵਰਾਂ ਦੇ ਪੈਰਾਂ ਦੇ ਉੱਪਰ ਵੱਲ ਜੋੜਾਂ ਵਾਲੀਆਂ ਲੱਤਾਂ ਹੋਣ ਜਿਸ ਨਾਲ ਉਹ ਉੱਛਲ ਸਕਦੇ ਹਨ।

4. ਹਰ ਤਰ੍ਹਾਂ ਦੀਆਂ ਟਿੱਡੀਆਂ, ਪਰਾਂ ਵਾਲੀਆਂ ਟਿੱਡੀਆਂ, ਝੀਂਗਰ ਅਤੇ ਟਿੱਡੇ।

**ਅ) ਨਾ ਖਾਣ ਯੋਗ ਮਨਾਹੀ ਵਾਲੇ ਜਾਨਵਰ ਅਤੇ ਪੰਛੀ**

1. ਜੁਗਾਲੀ ਕਰਨ ਵਾਲੇ ਜਾਨਵਰ ਜਿਨ੍ਹਾਂ ਦੇ ਖੁਰ ਨਹੀਂ ਪਾਟੇ ਹੁੰਦੇ, ਜਿਵੇਂ ਊਠ, ਪਹਾੜੀ ਬਿੱਜੂ, ਖਰਗੋਸ਼ ਆਦਿ।

2. ਦੋ ਹਿੱਸਿਆਂ ਵਿਚ ਪਾਟੇ ਹੋਏ ਖੁਰਂ ਵਾਲੇ ਜਾਨਵਰ ਜੋ ਜੁਗਾਲੀ ਨਹੀਂ ਕਰਦੇ, ਜਿਵੇਂ- ਸੂਰ।

3. ਸਮੁੰਦਰੀ ਜਾਨਵਰ, ਜਿਨ੍ਹਾਂ ਦੇ ਖੰਭ ਜਾ ਛਿਲਕੇ ਨਾ ਹੋਣ।

4. ਉਕਾਸ, ਗਿਰਝਾਂ ਮੱਛੀਆਂ, ਇੱਲਾਂ, ਬਾਜ, ਕਾਂ, ਸ਼ੁਤਰ ਮੁਰਗ, ਜਲਜਉਂ, ਸ਼ਿਕਰੇ, ਉੱਲੂ, ਬੋਜਾਂ, ਰਾਜ ਹੰਸ, ਹਵਾਸਿਲ, ਆਹਰਗਲ, ਲਮ ਢੀਂਗ, ਹਰ ਤਰ੍ਹਾਂ ਦੇ ਬਗਲੇ ਟਟੀਹਰੀ ਅਤੇ ਚਾਮਚੜ੍ਹਿਕਾਂ।

5. ਉੱਡਣ ਵਾਲੇ ਲੱਤਾਂ ਤੇ ਰੀਂਗਣ ਵਾਲੇ ਅਤੇ ਚਾਰ ਲੱਤਾਂ ਵਾਲੇ ਮਕੌੜੇ।

6. ਚਕੂੰਦਰ, ਚੂਹੇ, ਹਰ ਤਰ੍ਹਾਂ ਦੀਆਂ ਛਿਪਕਲੀਆਂ, ਵਰਲ, ਮਗਰਮੱਛ, ਕੋਹੜ ਕਿਰਲੇ, ਰੇਤ ਦੇ ਸੱਪ ਅਤੇ ਗਿਰਗਿਟ, ਜੋਕ, ਘਿਸਰਨ ਵਾਲੇ ਜਾਨਵਰ।

7. ਕਿਸੇ ਵੀ ਜਾਨਵਰ ਦੇ ਖ਼ੂਨ ਨੂੰ ਭੋਜਨ ਰੂਪ ਵਿਚ ਖਾਣ ਦੀ ਮਨਾਹੀ।

### 8.4.6 ਯਹੂਦੀ ਧਰਮ ਦੇ ਪ੍ਰਮੁੱਖ ਤਿਉਹਾਰ ਅਤੇ ਛੁੱਟੀਆਂ

ੳ) ਸਬਤ- ਛੇ ਦਿਨ ਕੰਮ ਕਰ ਕੇ ਸਤਵਾਂ ਦਿਨ ਯਹੋਵਾਹ ਪਰਮੇਸ਼ਰ ਦੀ ਪਵਿੱਤਰ ਸਭਾ ਕਰਨ ਦਾ ਦਿਨ ਜਿਸ ਦਿਨ ਕੋਈ ਕੰਮ ਨਹੀਂ ਕੀਤਾ ਜਾਂਦਾ। ਇਹ ਦਿਨ ਯਹੋਵਾਹ ਪਰਮੇਸ਼ਰ ਲਈ ਹੁੰਦਾ ਹੈ।

ਅ) ਪਸਾਹ- ਪਹਿਲੇ ਮਹੀਨੇ ਦੇ 14 ਵੇਂ ਦਿਨ ਨੂੰ ਸ਼ਾਮ ਵੇਲੇ ਦਾ ਸਮਾਂ ਜੋ ਪਵਿੱਤਰ ਸਭਾਵਾਂ ਕਰਨ ਲਈ ਨਿਸ਼ਚਿਤ ਹੈ।

ੲ) ਪਤੀਰੀ ਰੋਟੀ ਦਾ ਪਰਬ- ਇਸ ਪਰਬ ’ਤੇ ਸੱਤਾਂ ਦਿਨਾਂ ਤੱਕ ਪਤੀਰੀ ਰੋਟੀ ਖਾਧੀ ਜਾਂਦੀ ਹੈ। ਛੁੱਟੀ ਦੇ ਪਹਿਲੇ ਦਿਨ ਪਵਿੱਤਰ ਸਭਾ ਕੀਤਾ ਜਾਂਦੀ ਹੈ ਅਤੇ ਸੱਤ ਦਿਨਾਂ ਵਿਚ ਯਹੋਵਾਹ ਪਰਮੇਸ਼ਰ ਨੂੰ ਅੱਗ ਦੁਆਰਾ ਬਲੀਆਂ ਚੜ੍ਹਾਈਆਂ ਜਾਂਦੀਆਂ ਹਨ।

ਸ) ਪਹਿਲੀਆਂ ਫਸਲਾਂ ਦਾ ਪਰਬ- ਫਸਲ ਵੱਢਣ ਤੋਂ ਬਾਅਦ ਫਸਲ ਦੀ ਪਹਿਲੀ ਭਰੀ ਜਾਜਕ ਕੋਲ ਲੈ ਕੇ ਜਾਣ ਦਾ ਦਿਨ, ਜਿਸ ਭਰੀ ਨੂੰ ਜਾਜਕ ਸਬਤ ਤੋਂ ਅਗਲੇ ਦਿਨ ਯਹੋਵਾਹ ਅੱਗੇ ਹਿਲਾਵੇਗਾ।

ਹ) ਪੰਤਕੁਸਤ ਦਾ ਪੁਰਬ- ਪਹਿਲੇ ਅਨਾਜ ਦੀ ਭਰੀ ਹਿਲਾਉਣ ਵਾਲੇ ਸਬਤ ਦੇ ਅਗਲੇ ਦਿਨ ਤੋਂ ਸੱਤ ਹਫਤੇ ਬਾਅਦ ਅਨਾਜ ਦੀ ਨਵੀਂ ਭੇਟਾ ਵਾਲਾ ਦਿਨ।

ਕ) ਤੁਰ੍ਹੀਆ ਦਾ ਪੁਰਬ- ਸਤਵੇਂ ਮਹੀਨੇ ਦਾ ਪਹਿਲਾ ਦਿਨ ਜਿਸ ਦਿਨ ਪਵਿੱਤਰ ਸਭਾਵਾਂ ਕੀਤੀਆਂ ਜਾਂਦੀਆਂ ਹਨ ਅਤੇ ਅੱਗ ਦੁਆਰਾ ਯਹੋਵਾਹ ਪਰਮੇਸ਼ਰ ਨੂੰ ਭੇਟ ਚੜ੍ਹਾਈ ਜਾਂਦੀ ਹੈ।

ਖ)ਪ੍ਰਾਸ਼ਚਿਤ ਦਾ ਦਿਨ- ਸਤਵੇਂ ਮਹੀਨੇ ਦਾ ਦਸਵਾਂ ਦਿਨ ਜਿਸ ਦਿਨ ਪਵਿੱਤਰ ਸਭਾ ਹੁੰਦੀ ਹੈ। ਇਸ ਦਿਨ ਕੋਈ ਵੀ ਕੰਮ ਨਹੀਂ ਕੀਤਾ ਜਾਂਦਾ ਅਤੇ ਆਪਣੇ ਆਪ ਨੂੰ ਨਿਮਾਣਾ ਬਣਾ ਕੇ ਵਰਤ ਰੱਖਦੇ ਹੋਏ ਪਰਮੇਸ਼ਰ ਸਾਹਮਣੇ ਪ੍ਰਾਸ਼ਚਿਤ ਕੀਤਾ ਜਾਂਦਾ ਹੈ।

ਸ) ਡੇਰਿਆਂ ਦਾ ਪਰਬ- ਸਤਵੇਂ ਮਹੀਨੇ ਦੇ 18ਵੇਂ ਦਿਨ ਤੋਂ ਸ਼ੁਰੂ ਹੋਣ ਵਾਲਾ ਪੁਰਬ ਜੋ ਸੱਤ ਦਿਨ ਜਾਰੀ ਰਹਿੰਦਾ ਹੈ। ਸੱਤ ਦਿਨਾਂ ਤੱਕ ਯਹੋਵਾਹ ਨੂੰ ਅੱਗ ਦੁਆਰਾ ਭੇਟਾ ਚੜ੍ਹਾਈ ਜਾਂਦੀ ਹੈ ਅਤੇ ਅਗਲੇ ਦਿਨ ਪਵਿੱਤਰ ਸਭਾ ਕੀਤੀ ਜਾਂਦੀ ਹੈ।

### 8.4.7 ਯਹੂਦੀ ਧਰਮ ਦੇ ਪ੍ਰਮੁੱਖ ਵਿਸ਼ਵਾਸ਼

1. ਇਕ ਸਰਬਸ਼ਕਤੀਮਾਨ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਦੇਵਤਾ ਨਹੀਂ। ਪਰਮੇਸ਼ਰ ਇਜ਼ਰਾਈਲ ਅਤੇ ਹੋਰ ਕੌਮਾਂ ਉੱਤੇ ਰਾਜ ਕਰਦਾ ਹੈ ਅਤੇ ਧਰਤੀ ਉੱਤੇ ਘਟਨਾਵਾਂ ਅਤੇ ਇਤਿਹਾਸ ਦਾ ਸੂਤਰਧਾਰ ਹੈ। ਉਹ ਪਵਿੱਤਰ ਹੈ ਅਤੇ ਆਪਣੇ ਸ਼ਰਧਾਲੂਆਂ ਤੋਂ ਮੰਗ ਕਰਦਾ ਹੈ ਕਿ ਉਹ ਪਾਪਾਂ ਤੋਂ ਬਚ ਕੇ ਪਵਿੱਤਰ ਜੀਵਨ ਜੀਉਣ। ਪਰਮੇਸ਼ਰ ਨਿਆਂਪੂਰਨ ਨਿਰਪੱਖ ਅਤੇ ਨਿਆਂਕਰਨ ਵਾਲਾ ਹੈ ਜੋ ਬੁਰਿਆਂ ਨੂੰ ਸਜ਼ਾ ਅਤੇ ਚੰਗੇ ਲੋਕਾਂ ਨੂੰ ਇਨਾਮ ਦਿੰਦਾ ਹੈ। ਉਹ ਦਿਆਲੂ ਵੀ ਹੈ ਅਤੇ ਪਾਪੀਆਂ ਨੂੰ ਮਾਫ ਵੀ ਕਰ ਦਿੰਦਾ ਹੈ  ਜਿਸ ਕਾਰਨ ਉਸਨੂੰ ਪਿਤਾ ਦਾ ਨਾਂ ਵੀ ਦਿੱਤਾ ਜਾਂਦਾ ਹੈ। ਪਰਮੇਸ਼ਰ ਕੌਮ ਦੀ ਰੱਖਿਆ ਕਰਨ ਵਾਲਾ ਹੈ।
2. ਇਤਿਹਾਸ ਵਿਚ ਪਰਮੇਸ਼ਰ ਨੇ ਆਪਣੇ ਆਪ ਨੂੰ ਇਬਰਾਹਿਮ ਅਤੇ ਉਸਦੀਆਂ ਮਹਾਨ ਕੁੱਲਾਂ ਵਿਚ ਪ੍ਰਗਟ ਕੀਤਾ ਹੈ। ਉਸ ਨੇ ਉਨ੍ਹਾਂ ਨੂੰ ਸਿਖਾਇਆ ਕਿ ਉਹ ਸਵਰਗ, ਧਰਤੀ ਅਤੇ ਸਾਰੀਆਂ ਚੀਜ਼ਾਂ ਦਾ ਸਿਰਜਣਹਾਰ ਹੈ। ਪਰ ਸ੍ਰਿਸ਼ਟੀ ਪਰਮਾਤਮਾ ਦਾ ਰੂਪਾਂਤਰ ਨਹੀਂ ਹੈ ਕਿਉਂਕਿ ਪਰਮਾਤਮਾ ਦੀ ਹੋਂਦ ਸ੍ਰਿਸ਼ਟੀ ਤੋਂ ਬਿਲਕੁਲ ਵੱਖਰੀ ਹੈ ਇਸ ਅਲੌਕਿਕ ਪਰਮਾਤਮਾ ਨੇ ਆਪਣੀ ਮਰਜ਼ੀ ਨਾਲ ਸਭ ਕੁਝ ਬਣਾਇਆ ਹੈ। ਯਹੂਦੀ ਸਿਰਜਣਹਾਰ ਅਤੇ ਸ੍ਰਿਸ਼ਟੀ ਨੂੰ ਬਿਲਕੁਲ ਵੱਖਰਾ ਸਮਝਦੇ ਹਨ।
3. ਪਰਮੇਸ਼ਰ ਨੇ ਸਾਰੀ ਮਨੁੱਖ ਜਾਤੀ ਦੀ ਮੁਕਤੀ ਲਈ ਆਪਣੇ ਕਾਨੂੰਨ ਨੂੰ ਪ੍ਰਗਟ ਕਰਨ ਲਈ ਯਹੂਦੀਆਂ ਨੂੰ ਚੁਣਿਆ ਹੈ।

4. ਮਸੀਹ ਦਾ ਭਵਿੱਖਤ ਆਗਮਨ ਯਹੂਦੀ ਕੌਮ ਦੇ ਇਤਿਹਾਸਕ ਵਿਕਾਸ ਦਾ ਸਿੱਟਾ ਹੋਵੇਗਾ। ਮਸੀਹ ਸਾਰੀ ਧਰਤੀ ਉਤੇ ਪਰਮੇਸ਼ਰ ਦੇ ਰਾਜ ਨੂੰ ਸਥਾਪਿਤ ਕਰੇਗਾ ਅਤੇ ਮਸੀਹ ਦੁਆਰਾ ਪਰਮੇਸ਼ਰ ਯਹੂਦੀ ਕੌਮ ਨਾਲ ਆਪਣੇ ਵਾਅਦੇ ਪੂਰੇ ਕਰੇਗਾ। ਪਰ ਬਾਈਬਲ ਦੇ ਪਹਿਲੇ ਅੱਧ ਵਿਚ ਕਿਤੇ ਵੀ ਸਪੱਸ਼ਟ ਜ਼ਿਕਰ ਨਹੀਂ ਕਿ ਮਸੀਹ ਕਦੋਂ ਅਤੇ ਕਿੱਥੇ ਪ੍ਰਗਟ ਹੋਵੇਗਾ।
5. ਇਹ ਸੰਕਲਨ ਯਹੂਦੀਆਂ ਦੇ ਆਚਰਣ ਅਤੇ ਰੀਤੀ-ਰਿਵਾਜਾਂ ਦਾ ਮਿਆਰ ਸੀ, ਪਰ ਉਨ੍ਹਾਂ ਦੇ ਇਤਿਹਾਸ ਵਿਚ ਇਕ ਸਮਾਂ ਅਜਿਹਾ ਆਇਆ ਜਦੋਂ ਉਨ੍ਹਾਂ ਨੇ ਮੂਸਾ ਦੇ ਨਿਯਮਾਂ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ। ਪਰਮੇਸ਼ਰ ਅਤੇ ਉਸ ਦੇ ਕਾਨੂੰਨਾਂ ਪ੍ਰਤੀ ਯਹੂਦੀਆਂ ਦੀ ਇਸ ਬੇਵਫਾਈ ਕਾਰਨ ਬਾਬਲ ਵਿਚ ਗੁਲਾਮੀ ਦੀ ਸਜ਼ਾ, ਭੁਗਤਣੀ ਪਈ। ਫਿਰ ਵੀ ਬਹੁਤ ਸਾਰੇ ਯਹੂਦੀਆਂ ਨੇ ਪ੍ਰਾਰਥਨਾ, ਵਰਤ ਅਤੇ ਦਾਨ ਦੁਆਰਾ ਪਰਮੇਸ਼ਰ ਪ੍ਰਤੀ ਆਪਣੀ ਸੱਚੀ ਸ਼ਰਧਾ ਨੂੰ ਸਾਬਤ ਕੀਤਾ।
6. ਯਹੂਦੀ ਧਰਮ ਦੀ ਪੂਜਾ ਯੇਰੂਸ਼ਲਮ ਦੇ ਮਹਾਨ ਮੰਦਰ ਵਿਚ ਕੇਂਦਰਿਤ ਸੀ ਉਸ ਮੰਦਰ ਦੀ ਸੇਵਾ ਅਤੇ ਪ੍ਰਬੰਧ ਲਈ ਪੁਜਾਰੀਆਂ ਦੀ ਇਕ ਲੜੀਵਾਰ ਸੰਸਥਾ ਬਣਾਈ ਗਈ। ਯਹੂਦੀਆਂ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਪਰਮਾਤਮਾ ਕੇਵਲ ਯੇਰੂਸ਼ਲਮ ਦੇ ਮੰਦਰ ਵਿਚ ਮੌਜੂਦ ਸੀ ਅਤੇ ਉਹ ਸਾਰੇ ਉਸ ਮੰਦਰ ਵਿਚ ਤੀਰਥ ਯਾਤਰਾ ਕਰਨਾ ਚਾਹੁੰਦੇ ਸਨ ਤਾਂ ਜੋ ਉਹ ਪਰਮਾਤਮਾ ਅੱਗੇ ਪੇਸ਼ ਹੋ ਸਕਣ ਅਤੇ ਉਸ ਅੱਗੇ ਆਪਣਾ ਦਿਲ ਖੋਲ੍ਹ ਸਕਣ। ਮੰਦਰ ਦੀਆਂ ਧਾਰਮਿਕ ਰਸਮਾਂ ਅਤੇ ਤਿਉਹਾਰਾਂ ਦੇ ਮੌਕੇ ਤੇ ਇਸ ਵਿਚ ਹੋਣ ਵਾਲੀਆਂ ਰਸਮਾਂ ਸ਼ਰਧਾਲੂ ਯਹੂਦੀਆਂ ਨੂੰ ਖੁਸ਼ ਕਰਦੀਆਂ ਸਨ। 6ਵੀਂ ਸਦੀ ਈਸਾ ਪੂਰਵ ਦੀ ਗੁਲਾਮੀ ਤੋਂ ਬਾਅਦ ਵੱਖ-ਵੱਖ ਸਥਾਨਕ ਪ੍ਰਾਰਥਨਾ ਘਰਾਂ ਵਿਚ ਵਿਚ ਵੀ ਰੱਬ ਦੀ ਪੂਜਾ ਕੀਤੀ ਜਾਣ ਲੱਗੀ।

**8.4 ਨੈਤਿਕ ਸਿੱਖਿਆਵਾਂ**

ਯਹੋਵਾਹ ਪਰਮੇਸ਼ਰ ਵੱਲੋਂ ਪੈਗੰਬਰ ਮੂਸਾ ਨੂੰ ਸੰਬੋਧਨ ਹੋ ਕੇ ਯਹੂਦੀ ਲੋਕਾਂ ਨੂੰ ਨੈਤਿਕ ਸਿੱਖਿਆਵਾਂ ਦਾ ਪਾਲਣ ਕਰਨ ਲਈ ਕਿਹਾ ਗਿਆ ਜੋ ਪੁਰਾਣੇ ਨੇਮ ਦੀ ਲੇਵੀਆ ਪੋਥੀ ਵਿਚ ਦਰਜ ਹਨ। ਇਨ੍ਹਾਂ ਵਿਚੋਂ ਕੁਝ ਪ੍ਰਮੁੱਖ ਸਿਖਿਆਵਾਂ ਇਸ ਪ੍ਰਕਾਰ ਹਨ ਜੋ ਯਹੋਵਾਹ ਪਰਮੇਸ਼ਰ ਵੱਲੋਂ ਯਹੂਦੀ ਕੌਮ ਨੂੰ ਸੰਬੋਧਨ ਹੋ ਕੇ ਆਖੀਆਂ ਗਈਆਂ-

1. ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ। ਮੈਂ ਪਵਿੱਤਰ ਹਾ। ਇਸ ਲਈ ਤੁਹਾਨੂੰ ਵੀ ਪਵਿੱਤਰ ਹੋਣਾ ਚਾਹੀਦਾ ਹੈ।

2. ਤੁਹਾਡੇ ਵਿਚੋਂ ਹਰ ਬੰਦੇ ਨੂੰ ਆਪਣੇ ਮਾਤਾ-ਪਿਤਾ ਦਾ ਆਦਰ ਕਰਨਾ ਚਾਹੀਦਾ ਹੈ।
3. ਜਦੋਂ ਤੁਸੀਂ ਵਾਢੀਆਂ ਸਮੇਂ ਆਪਣੀਆਂ ਫ਼ਸਲਾਂ ਕੱਟੋ ਤਾਂ ਆਪਣੇ ਖੇਤਾਂ ਦੇ ਕਿਨਾਰਿਆਂ ਤੱਕ ਪੂਰੀ ਕਟਾਈ ਨਾ ਕਰੋ ਅਤੇ ਜੇ ਅਨਾਜ਼ ਧਰਤੀ ਉੱਤੇ ਡਿੱਗ ਪੈਂਦਾ ਹੈ ਤਾਂ ਤੁਹਾਨੂੰ ਉਹ ਅਨਾਜ਼ ਇਕੱਠਾ ਨਹੀਂ ਕਰਨਾ ਚਾਹੀਦਾ। ਆਪਣੇ ਅੰਗੂਰਾਂ ਦੇ ਬਾਗ਼ ਦੇ ਸਾਰੇ ਅੰਗੂਰ ਨਾ ਤੋੜੋ ਅਤੇ ਧਰਤੀ ਤੇ ਡਿੱਗੇ ਹੋਏ ਅੰਗੂਰ ਨਾ ਚੁੱਕੋ। ਕਿਉਂ ਕਿ ਇਹ ਚੀਜ਼ਾਂ ਤੁਹਾਨੂੰ ਗਰੀਬ ਲੋਕਾਂ ਲਈ ਅਤੇ ਤੁਹਾਡੇ ਦੇਸ਼ ਵਿਚ ਸਫ਼ਰ ਕਰਨ ਵਾਲੇ ਲੋਕਾਂ ਲਈ ਛੱਡ ਦੇਣੀਆਂ ਚਾਹੀਦੀਆਂ ਹਨ।
4. ਤੁਹਾਨੂੰ ਚੋਰੀ ਨਹੀਂ ਕਰਨੀ ਚਾਹੀਦੀ। ਤੁਹਾਨੂੰ ਲੋਕਾਂ ਨੂੰ ਧੋਖਾ ਨਹੀਂ ਦੇਣਾ ਚਾਹੀਦਾ। ਤੁਹਾਨੂੰ ਇਕ ਦੂਸਰੇ ਨਾਲ ਝੂਠ ਨਹੀਂ ਬੋਲਣਾ ਚਾਹੀਦਾ।
5. ਤੁਹਾਨੂੰ (ਅਦਾਲਤ ਵਿਚ ਝੂਠੀ ਸਾਖੀ ਬਾਬਤ) ਮੇਰੇ ਨਾਂ ਤੇ ਝੂਠੀ ਕਸਮ ਨਹੀਂ ਖਾਣੀ ਚਾਹੀਦੀ। ਜੇ ਤੁਸੀਂ ਅਜਿਹਾ ਕਰੋਂਗੇ, ਤੁਸੀਂ ਆਪਣੇ ਪਰਮੇਸ਼ੁਰ ਦੇ ਨਾਮ ਦਾ ਨਿਰਾਦਰ ਕਰੋਂਗੇ।
6. ਤੁਹਾਨੂੰ ਆਪਣੇ ਗੁਆਂਢੀ ਦਾ ਬੁਰਾ ਨਹੀਂ ਕਰਨਾ ਚਾਹੀਦਾ। ਤੁਹਾਨੂੰ ਉਸਨੂੰ ਲੁੱਟਣਾ ਨਹੀਂ ਚਾਹੀਦਾ। ਤੁਹਾਨੂੰ ਕਿਸੇ ਭਾੜੇ ਦੇ ਕਾਮੇ ਦੀ ਤਨਖਾਹ ਸਾਰੀ ਰਾਤ ਸਵੇਰ ਤੱਕ ਨਹੀਂ ਰੋਕਣੀ ਚਾਹੀਦੀ।
7. ਤੁਹਾਨੂੰ ਕਿਸੇ ਬੋਲੇ ਬੰਦੇ ਨੂੰ ਬੇਇੱਜ਼ਤ ਨਹੀਂ ਕਰਨਾ ਚਾਹੀਦਾ। ਤੁਹਾਨੂੰ ਕਿਸੇ ਅੰਨ੍ਹੇ ਬੰਦੇ ਨੂੰ ਡੇਗਣ ਲਈ ਉਸਦੇ ਸਾਮ੍ਹਣੇ ਕੋਈ ਰੁਕਾਵਟ ਨਹੀਂ ਪਾਉਣੀ ਚਾਹੀਦੀ। ਪਰ ਤੁਹਾਨੂੰ ਆਪਣੇ ਪਰਮੇਸ਼ੁਰ ਦਾ ਆਦਰ ਕਰਨਾ ਚਾਹੀਦਾ ਹੈ।
8. ਤੁਹਾਨੂੰ ਨਿਰਣਾ ਕਰਨ ਵਿਚ ਬੇਲਾਗ ਹੋਣਾ ਚਾਹੀਦਾ ਹੈ। ਤੁਹਾਨੂੰ ਗ਼ਰੀਬ ਲੋਕਾਂ ਲਈ ਜਾਂ ਧਨਵਾਨ ਲੋਕਾਂ ਲਈ ਖਾਸ ਰਿਆਇਤ ਨਹੀਂ ਦਰਸਾਉਣੀ ਚਾਹੀਦੀ। ਜਦੋਂ ਤੁਸੀਂ ਆਪਣੇ ਗੁਆਂਢੀ ਦਾ ਨਿਰਣਾ ਕਰੋ, ਤੁਹਾਨੂੰ ਬੇਲਾਗ ਹੋਣਾ ਚਾਹੀਦਾ ਹੈ।
9. ਤੁਹਾਨੂੰ ਹੋਰਨਾਂ ਲੋਕਾਂ ਬਾਰੇ ਝੂਠੀਆਂ ਅਫ਼ਵਾਹਾਂ ਨਹੀਂ ਫ਼ੈਲਾਉਣੀਆਂ ਚਾਹੀਦੀਆਂ। ਜਦੋਂ ਤੁਹਾਡੇ ਗੁਆਂਢੀ ਦੀ ਜਾਨ ਖਤਰੇ ਵਿਚ ਹੋਵੇ ਬਿਨਾਂ ਸਹਾਇਤਾ ਕਰਨ ਦੇ ਐਵੇਂ ਓਥੇ ਨਾ ਖਲੋਵੋ।
10. ਤੁਹਾਨੂੰ ਆਪਣੇ ਦਿਲ ਵਿਚ ਆਪਣੇ ਭਰਾ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ। ਜੇ ਤੁਹਾਡਾ ਗੁਆਂਢੀ ਕੋਈ ਗ਼ਲਤ ਗੱਲ ਕਰਦਾ ਹੈ, ਇਸ ਬਾਰੇ ਉਸ ਨਾਲ ਗੱਲ ਕਰੋ ਤਾਂ ਜੋ ਤੁਸੀਂ ਉਸ ਕਾਰਣ ਪਾਪ ਨਾ ਕਰੋ।

11. ਭਵਿੱਖ ਵਿਚ, ਤੁਸੀਂ ਆਪਣੇ ਦੇਸ਼ ਵਿਚ ਦਾਖਲ ਹੋਵੋਂਗੇ। ਉਸ ਸਮੇਂ, ਤੁਸੀਂ ਭੋਜਨ ਲਈ ਬਹੁਤ ਕਿਸਮਾਂ ਦੇ ਰੁੱਖ ਲਾਵੋਂਗੇ।ਕੋਈ ਵੀ ਰੁੱਖ ਲਾਉਣ ਤੋਂ ਬਾਦ, ਤੁਹਾਨੂੰ ਇਸ ਰੁੱਖ ਦਾ ਫ਼ਲ ਖਾਣ ਲਈ ਤਿੰਨ ਸਾਲ ਇੰਤਜ਼ਾਰ ਕਰਨਾ ਚਾਹੀਦਾ ਹੈ। ਤੁਹਾਨੂੰ ਇਨ੍ਹਾਂ ਵਰ੍ਹਿਆਂ ਦੌਰਾਨ ਇਸ ਦੇ ਫ਼ਲ ਨੂੰ ਵਰਜਿਤ ਘੋਸ਼ਿਤ ਕਰਨਾ ਚਾਹੀਦਾ ਹੈ। ਚੌਥੇ ਸਾਲ ਉਸ ਰੁੱਖ ਦਾ ਫ਼ਲ ਯਹੋਵਾਹ ਦਾ ਹੋਵੇਗਾ ਇਹ ਯਹੋਵਾਹ ਨੂੰ ਉਸਤਤ ਦੀ ਪਵਿੱਤਰ ਭੇਟ ਹੋਵੇਗੀ। ਫ਼ੇਰ, ਪੰਜਵੇਂ ਸਾਲ ਅੰਦਰ, ਤੁਸੀਂ ਉਸ ਰੁੱਖ ਦੇ ਫ਼ਲ ਖਾ ਸਕਦੇ ਹੋ। ਅਤੇ ਰੁਖ ਤੁਹਾਡੇ ਲਈ ਹੋਰ-ਹੋਰ ਫ਼ਲ ਪੈਦਾ ਕਰੇਗਾ।
12. ਆਪਣੀ ਧੀ ਨੂੰ ਵੇਸਵਾ ਨਾ ਬਣਾਵੋ ਅਤੇ ਅਜਿਹਾ ਕਰਕੇ ਉਸ ਉਸ ਨੂੰ ਕਲੰਕਤ ਨਾ ਕਰੋ। ਧਰਤੀ ਅੰਦਰ ਅਜਿਹਾ ਨਾ ਕਰੋ ਅਤੇ ਘਰ ਨੂੰ ਇਸ ਨੂੰ ਦੁਸ਼ਟਤਾ ਨਾਲ ਨਾ ਭਰੋ।
13. ਸਲਾਹ ਮਸ਼ਵਰੇ ਲਈ ਭੂਤ ਮ੍ਰਿਤਾਂ ਜਾਂ ਸਿਆਣਿਆਂ ਕੋਲ ਨਾ ਜਾਓ। ਉਨ੍ਹਾਂ ਕੋਲ ਨਾ ਜਾਓ; ਉਹ ਸਿਰਫ਼ ਤੁਹਾਨੂੰ ਨਾਪਾਕ ਹੀ ਬਨਾਉਣਗੇ।
14. ਬਜ਼ੁਰਗ ਲੋਕਾਂ ਨੂੰ ਆਦਰ ਦਰਸਾਓ। ਜਦੋਂ ਉਹ ਕਮਰੇ ਵਿਚ ਆਉਣ ਤਾਂ ਖੜੇ ਹੋ ਜਾਓ। ਆਪਣੇ ਪਰਮੇਸ਼ੁਰ ਨੂੰ ਆਦਰ ਦਿਓ।
15. ਆਪਣੇ ਦੇਸ਼ ਵਿਚ ਰਹਿਣ ਵਾਲੇ ਪਰਦੇਸੀਆਂ ਨਾਲ ਬੁਰਾ ਨਾ ਕਰੋ! ਤੁਹਾਨੂੰ ਪਰਦੇਸੀਆਂ ਨਾਲ ਆਪਣੇ ਸ਼ਹਿਰੀਆਂ ਵਰਗਾ ਹੀ ਵਰਤਾਉ ਕਰਨਾ ਚਾਹੀਦਾ ਹੈ। ਪਰਦੇਸੀਆਂ ਨੂੰ ਓਵੇਂ ਪਿਆਰ ਕਰੋ ਜਿਵੇਂ ਤੁਸੀਂ ਆਪਣੇ-ਆਪ ਨੂੰ ਕਰਦੇ ਹੋ। ਕਿਉਂ? ਕਿਉਂ ਕਿ ਇਕ ਸਮੇਂ ਤੁਸੀਂ ਵੀ ਮਿਸਰ ਵਿਚ ਪਰਦੇਸੀ ਸੀ।
16. ਤੁਹਾਨੂੰ ਲੋਕਾਂ ਦਾ ਨਿਰਣਾ ਕਰਦੇ ਵੇਲੇ ਬੇਲਾਗ ਹੋਣਾ ਚਾਹੀਦਾ ਹੈ। ਅਤੇ ਤੁਹਾਨੂੰ ਉਦੋਂ ਵੀ ਨਿਰਪਖ ਹੋਣਾ ਚਾਹੀਦਾ ਹੈ ਜਦੋਂ ਤੁਸੀਂ ਚੀਜ਼ਾਂ ਨੂੰ ਨਾਪਦੇ ਜਾਂ ਤੋਲਦੇ ਹੋ। ਤੁਹਾਡੀਆਂ ਟੋਕਰੀਆਂ ਸਹੀ ਆਕਾਰ ਦੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਤੁਹਾਡੇ ਮਰਤਬਾਨਾਂ ਵਿਚ ਤਰਲ ਪਦਾਰਥਾਂ ਦੀ ਸਹੀ ਮਾਤਰਾ ਹੋਣੀ ਚਾਹੀਦੀ ਹੈ। ਤੁਹਾਡੇ ਪੈਮਾਨੇ ਅਤੇ ਵੱਟੇ ਸਹੀ ਤੋਲ ਦੇ ਹੋਣੇ ਚਾਹੀਦੇ ਹਨ।

### 8.4.8 ਦੇਵੀ-ਦੇਵਤੇ ਅਤੇ ਝੂਠੇ ਨਬੀਆਂ ਪ੍ਰਤੀ ਯਹੂਦੀ ਧਰਮ ਦੇ ਵਿਚਾਰ

ਯਹੋਵਾਹ ਪਰਮੇਸ਼ਰ ਤੋਂ ਇਲਾਵਾ ਕਿਸੇ ਹੋਰ ਦੇਵੀ-ਦੇਵਤੇ ਜਾਂ ਕਿਸੇ ਬੁੱਤ ਦੀ ਪੂਜਾ ਦੀ ਮਨਾਹੀ ਸੰਬੰਧੀ ਸਖਤ ਆਦੇਸ਼ ਹਨ। ਇਹ ਕਿਸੇ ਵੀ ਰੂਪ ਵਿਚ ਪ੍ਰਵਾਨ ਨਹੀਂ ਹਨ ਅਤੇ ਇਨ੍ਹਾਂ ਦੀ ਮਨਾਹੀ ਦੀ ਉਲੰਘਣਾ ਲਈ

ਸਜ਼ਾਵਾਂ ਵੀ ਨਿਸ਼ਚਿਤ ਹਨ। ਇਸੇ ਪ੍ਰਕਾਰ ਆਪਣੇ ਨਬੀ ਹੋਣ ਦਾ ਦਾਅਵਾ ਕਰਨ ਵਾਲੇ ਝੂਠੇ ਵਿਅਕਤੀਆਂ ਤੋਂ ਵੀ ਸੁਚੇਤ ਰਹਿਣ ਲਈ ਕਿਹਾ ਗਿਆ ਹੈ। ਇਸ ਸੰਬੰਧੀ 'ਬਿਵਸਥਾ ਸਾਰ' ਦੀ ਪੋਥੀ ਵਿਚ ਯਹੋਵਾਹ ਪਰਮੇਸ਼ਰ ਦਾ ਆਦੇਸ਼ ਹੈ-

"ਹੋ ਸਕਦਾ ਹੈ ਕਿ ਕੋਈ ਅਜਿਹਾ ਨਬੀ ਜਾਂ ਬੰਦਾ ਤੁਹਾਡੇ ਕੋਲ ਆਵੇ ਜਿਹੜਾ ਤੁਹਾਡੇ ਸੁਪਨਿਆਂ ਦੀ ਵਿਆਖਿਆ ਕਰੇ। ਹੋ ਸਕਦਾ ਹੈ ਕਿ ਉਹ ਤੁਹਾਨੂੰ ਇਹ ਆਖੇ ਕਿ ਉਹ ਤੁਹਾਨੂੰ ਕੋਈ ਸੰਕੇਤ ਜਾਂ ਚਮਤਕਾਰ ਦਿਖਾਵੇਗਾ। ਅਤੇ ਉਹ ਸੰਕੇਤ ਜਾਂ ਚਮਤਕਾਰ, ਜਿਸ ਬਾਰੇ ਉਸ ਨੇ ਤੁਹਾਨੂੰ ਦੱਸਿਆ, ਉਹ ਸਹੀ ਵੀ ਨਿਕਲ ਸਕਦਾ ਹੈ। ਫ਼ੇਰ ਉਹ ਤੁਹਾਨੂੰ ਹੋਰਨਾਂ ਦੇਵਤਿਆਂ ਦੇ ਪਿੱਛੇ ਲੱਗਣ ਲਈ ਵੀ ਆਖ ਸਕਦਾ ਹੈ (ਉਹ ਦੇਵਤੇ ਜਿਨ੍ਹਾਂ ਨੂੰ ਤੁਸੀਂ ਨਹੀਂ ਜਾਣਦੇ ਉਹ ਤੁਹਾਨੂੰ ਇਹ ਆਖ ਸਕਦਾ ਹੈ, 'ਆਓ ਇਨ੍ਹਾਂ ਦੇਵਤਿਆਂ ਦੀ ਸੇਵਾ ਕਰੀਏ!" ਉਸ ਬੰਦੇ ਦੀ ਗੱਲ ਨਹੀਂ ਸੁਨਣੀ। ਕਿਉਂ ਕਿ ਯਹੋਵਾਹ, ਤੁਹਾਡਾ ਪਰਮੇਸ਼ੁਰ, ਤੁਹਾਡਾ ਇਮਤਿਹਾਨ ਲੈ ਰਿਹਾ ਹੈ। ਯਹੋਵਾਹ ਇਹ ਜਾਨਣਾ ਚਾਹੁੰਦਾ ਹੈ ਕਿ ਕੀ ਤੁਸੀਂ ਉਸਨੂੰ ਤਨ-ਮਨੋ ਪਿਆਰ ਕਰਦੇ ਹੋ ਜਾਂ ਨਹੀਂ। ਤੁਸੀਂ ਯਹੋਵਾਹ, ਆਪਣੇ ਪਰਮੇਸ਼ੁਰ, ਦੇ ਪਿੱਛੇ ਲੱਗੋ ਅਤੇ ਉਸਦੀ ਇੱਜ਼ਤ ਕਰੋ। ਯਹੋਵਾਹ ਦੇ ਹੁਕਮਾਂ ਨੂੰ ਮੰਨੋ, ਅਤੇ ਓਹ ਸਭ ਕਰੋ ਜੋ ਉਹ ਤੁਹਾਨੂੰ ਕਰਨ ਲਈ ਕਹਿੰਦਾ ਹੈ। ਯਹੋਵਾਹ ਦੀ ਸੇਵਾ ਕਰੋ, ਅਤੇ ਉਸ ਨਾਲ ਜੁੜੇ ਰਹੋ! ਇਹ ਵੀ ਕਿ, ਤੁਹਾਨੂੰ ਉਸ ਨਬੀ ਜਾਂ ਬੰਦੇ ਨੂੰ ਮਾਰ ਦੇਣਾ ਚਾਹੀਦਾ ਹੈ ਜਿਹੜਾ ਸੁਪਨਿਆਂ ਦੀ ਵਿਆਖਿਆ ਕਰਦਾ ਹੈ। ਕਿਉਂ? ਕਿਉਂ ਕਿ ਉਸ ਨੇ ਤੁਹਾਨੂੰ ਯਹੋਵਾਹ, ਤੁਹਾਡੇ ਪਰਮੇਸ਼ੁਰ, ਤੋਂ ਬੇਮੁੱਖ ਹੋਣ ਲਈ ਆਖਿਆ ਸੀ। ਅਤੇ ਇਹ ਯਹੋਵਾਹ ਹੀ ਸੀ ਜਿਹੜਾ ਤੁਹਾਨੂੰ ਮਿਸਰ ਵਿੱਚੋਂ ਬਾਹਰ ਲੈਕੇ ਆਇਆ ਸੀ, ਜਿੱਥੇ ਤੁਸੀਂ ਗੁਲਾਮ ਸੀ। ਉਸ ਬੰਦੇ ਨੇ ਤੁਹਾਨੂੰ ਉਸ ਤਰ੍ਹਾਂ ਦੀ ਜ਼ਿੰਦਗੀ ਨਾਲੋਂ ਤੋੜਨ ਦੀ ਕੋਸ਼ਿਸ਼ ਕੀਤੀ ਸੀ ਜਿਸਦਾ ਯਹੋਵਾਹ, ਤੁਹਾਡੇ ਪਰਮੇਸ਼ੁਰ, ਨੇ ਆਦੇਸ਼ ਦਿੱਤਾ ਸੀ। ਇਸ ਲਈ ਤੁਹਾਨੂੰ ਉਸ ਬੰਦੇ ਨੂੰ ਮਾਰਕੇ ਆਪਣੇ ਲੋਕਾਂ ਵਿੱਚੋਂ ਉਸ ਬਦੀ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ।"

"ਤੁਹਾਡਾ ਕੋਈ ਨਜ਼ਦੀਕੀ ਤੁਹਾਨੂੰ ਖ਼ੁਫ਼ੀਆ ਤੌਰ ਤੇ ਹੋਰਨਾਂ ਦੇਵਤਿਆਂ ਦੀ ਉਪਾਸਨਾ ਕਰਨ ਲਈ ਆਖ ਸਕਦਾ ਹੈ। ਇਹ ਤੁਹਾਡਾ ਆਪਣਾ ਪੁੱਤਰ, ਭਰਾ, ਧੀ, ਪਤਨੀ ਜਿਸਨੂੰ ਤੁਸੀਂ ਪਿਆਰ ਕਰਦੇ ਹੋ, ਜਾਂ ਤੁਹਾਡਾ ਕੋਈ ਚੰਗਾ ਦੋਸਤ ਵੀ ਹੋ ਸਕਦਾ ਹੈ। ਉਹ ਬੰਦਾ ਆਖ ਸਕਦਾ ਹੈ, "ਆ, ਆਪਾਂ ਹੋਰਨਾਂ ਦੇਵਤਿਆਂ ਦੀ ਸੇਵਾ ਕਰੀਏ।' (ਇਹ ਦੇਵਤੇ ਓਹੀ ਨੇ, ਜਿਨ੍ਹਾਂ ਬਾਰੇ ਤੁਹਾਨੂੰ ਅਤੇ ਤੁਹਾਡੇ ਪੁਰਖਿਆਂ ਨੂੰ ਵੀ ਨਹੀਂ ਪਤਾ ਸੀ।) ਇਹ ਉਨ੍ਹਾਂ ਲੋਕਾਂ ਦੇ ਦੇਵਤੇ ਨੇ ਜਿਹੜੇ ਤੁਹਾਡੇ ਆਲੇ-ਦੁਆਲੇ ਦੀਆਂ ਹੋਰਨਾਂ ਧਰਤੀਆਂ ਵਿਚ ਰਹਿੰਦੇ ਨੇ, ਕੁਝ ਨੇੜੇ, ਕੁਝ ਦੂਰ।) ਤੁਹਾਨੂੰ ਉਸ

ਵਿਅਕਤੀ ਨਾਲ ਕਦੇ ਵੀ ਸਹਿਮਤ ਨਹੀਂ ਹੋਣਾ ਚਾਹੀਦਾ। ਉਸਦੀ ਗੱਲ ਨਾ ਸੁਣੋ। ਉਸ ਲਈ ਅਫ਼ਸੋਸ ਨਾ ਕਰੋ। ਉਸਨੂੰ ਆਜ਼ਾਦ ਨਾ ਛੱਡੋ। ਅਤੇ ਉਸਦੀ ਰੱਖਿਆ ਨਾ ਕਰੋ। ਤੁਹਾਨੂੰ ਉਸ ਵਿਅਕਤੀ ਨੂੰ ਅਵੱਸ਼ ਮਾਰ ਦੇਣਾ ਚਾਹੀਦਾ ਹੈ। ਤੁਹਾਨੂੰ ਉਸਨੂੰ ਪੱਥਰਾਂ ਨਾਲ ਮਾਰ ਦੇਣਾ ਚਾਹੀਦਾ ਹੈ। ਤੁਹਾਨੂੰ ਪੱਥਰ ਚੁੱਕ ਕੇ ਉਸਨੂੰ ਮਾਰਨ ਵਿਚ ਪਹਿਲ ਕਰਨੀ ਚਾਹੀਦੀ ਹੈ। ਫ਼ੇਰ ਹੋਰ ਸਾਰੇ ਬੰਦਿਆਂ ਨੂੰ ਵੀ ਉਸਨੂੰ ਮਾਰਨ ਲਈ ਪੱਥਰ ਸੁੱਟਣੇ ਚਾਹੀਦੇ ਹਨ। ਕਿਉਂ ਕਿ ਉਸ ਬੰਦੇ ਨੇ ਤੁਹਾਨੂੰ ਯਹੋਵਾਹ, ਆਪਣੇ ਪਰਮੇਸ਼ੁਰ, ਤੋਂ ਬੇਮੁੱਖ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਤੇ ਇਹ ਯਹੋਵਾਹ ਹੀ ਸੀ ਜਿਹੜਾ ਤੁਹਾਨੂੰ ਮਿਸਰ ਦੀ ਧਰਤੀ ਤੋਂ ਬਾਹਰ ਲੈਕੇ ਆਇਆ ਸੀ ਜਿੱਥੇ ਤੁਸੀਂ ਗੁਲਾਮ ਸੀ। ਫ਼ੇਰ ਇਸਰਾਏਲ ਦੇ ਸਮੂਹ ਲੋਕ ਸੁਣਣਗੇ ਅਤੇ ਭੈਭੀਤ ਹੋ ਜਾਣਗੇ ਅਤੇ ਫ਼ੇਰ ਉਹ ਅਜਿਹੀਆਂ ਮੰਦੀਆਂ ਗੱਲਾਂ ਫ਼ੇਰ ਨਹੀਂ ਕਰਨਗੇ।

**8.5 ਸਾਰੰਸ਼**

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਯਹੂਦੀ ਧਰਮ ਅਬਰਾਹਿਮੀ ਧਰਮਾਂ ਦੀ ਲੜੀ ਵਿਚ ਸਭ ਤੋਂ ਮੁੱਢਲਾ ਧਰਮ ਹੈ ਜੋ ਆਪਣੀ ਹੋਂਦ ਦੇ ਸਮੇਂ ਤੋਂ ਹੀ ਸੰਘਰਸ਼ਸ਼ੀਲ ਰਿਹਾ ਹੈ। ਯਹੋਵਾਹ ਪਰਮੇਸ਼ਰ ਉੱਪਰ ਅਟੁੱਟ ਵਿਸ਼ਵਾਸ ਰੱਖਣ ਵਾਲੇ ਇਸ ਧਰਮ ਦੇ ਅਨੁਯਾਈ ਪੈਗੰਬਰ ਮੂਸਾ ਦੀਆਂ ਸਿੱਖਿਆਵਾਂ ਨੂੰ ਜ਼ਿੰਦਗੀ ਦੇ ਹਰ ਕਦਮ ’ਤੇ ਧਾਰਨ ਕਰਦੇ ਹੋਏ ਅੱਗੇ ਵਧਦੇ ਹਨ। ਭਾਵੇਂ ਫਿਰਾਊਨ ਦੇ ਜ਼ੁਲਮ ਹੋਣ ਜਾਂ ਹਿਟਲਰ ਦੇ, ਕੋਈ ਵੀ ਯਹੂਦੀ ਧਰਮ ਦੇ ਅਨੁਯਾਈਆਂ ਨੂੰ ਆਪਣੇ ਅਕੀਦੇ ਤੋਂ ਰੱਤੀ ਭਰ ਵੀ ਹਿਲਾ ਨਾ ਸਕਿਆ। ਆਪਣੀ ਅਣਥੱਕ ਮਿਹਨਤ, ਹਿੰਮਤ ਅਤੇ ਧਾਰਮਿਕ ਵਿਸ਼ਵਾਸ ਸਦਕਾ ਯਹੂਦੀ ਧਰਮ ਦੇ ਅਨੁਯਾਈ ਅਣਗਿਣਤ ਤਸ਼ੱਦਤਾਂ ਨੂੰ ਆਪਣੇ ਪਿੰਡੇ ’ਤੇ ਹੰਢਾਉਣ ਤੋਂ ਬਾਅਦ ਮੌਜੂਦਾ ਸਮੇਂ ਵਿਚ ਇਕ ਸੰਪੰਨ ਅਤੇ ਸ਼ਕਤੀਸ਼ਾਲੀ ਆਜ਼ਾਦ ਦੇਸ਼ ਦੇ ਮਾਲਿਕ ਹਨ।

**8.6 ਪੜ੍ਹਣਯੋਗ ਪੁਸਤਕਾਂ**


- ਸਰਬਜਿੰਦਰ ਸਿੰਘ, ਡਾ. (ਸੰਪਾ.), ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਅਤੇ ਚਿੰਤਕ (ਚਾਰ ਭਾਗ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
  - ਤੇਜਿੰਦਰ ਕੌਰ ਧਾਲੀਵਾਲ, ਯਹੂਦੀ ਅਤੇ ਈਸਾਈ ਧਰਮ: ਇਕ ਸੰਖੇਪ ਜਾਣਕਾਰੀ, ਗ੍ਰੇਸੀਅਸ ਬੁੱਕਸ, ਪਟਿਆਲਾ, 2017

- ਪ੍ਰਤਾਪ ਸਿੰਘ (ਗਿਆਨੀ), *ਸੰਸਾਰ ਦਾ ਧਾਰਮਿਕ ਇਤਿਹਾਸ*, ਜਵਾਹਰ ਸਿੰਘ ਕ੍ਰਿਪਾਲ ਸਿੰਘ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1976
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974
- Leora Batnitzky, How Judaism Became a Religion: An Introduction to Modern Jewish Thought, Princeton University Press, New jersey, 2013
- Max I. Dimont, Jews, God, and History, Penguin USA, 2004
- M Friedlander, The Jewish Religion, Forgotten Books, London, 2018
- Milton Steinberg, Basic Judaism, Harcourt Publishers Group (Australia) Pty.Ltd, 1975


## 8.7 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਯਹੂਦੀ ਧਰਮ ਦੇ ਇਤਿਹਾਸ ਅਤੇ ਪਿਛੋਕੜ ਬਾਰੇ ਤੁਸੀਂ ਕੀ ਜਾਣਦੇ ਹੋ?
2. ਪੈਗੰਬਰ ਮੂਸਾ ਦਾ ਜੀਵਨ ਆਪਣੇ ਸ਼ਬਦਾਂ ਵਿਚ ਵਰਣਨ ਕਰੋ।
3. ਯਹੂਦੀ ਧਰਮ ਦੀਆ ਸਿੱਖਿਆਵਾਂ ਉੱਤੇ ਚਾਨਣਾ ਪਾਉ।
4. ਯਹੂਦੀ ਧਰਮ ਵਿਚ ਦੋ ਸ਼ਕਤੀਆਂ ਦੇ ਸਿਧਾਂਤ ਤੋਂ ਤੁਸੀਂ ਕੀ ਸਮਝਦੇ ਹੋ?

### ਛੋਟੇ ਪ੍ਰਸ਼ਨ

1. ਪੈਗੰਬਰ ਮੂਸਾ ਕੌਣ ਸਨ?
2. ਯਹੂਦੀ ਧਰਮ ਦੇ ਦਸ ਹੁਕਮ ਕੀ ਸਨ?
3. ਯਹੂਦੀ ਧਰਮ ਦੇ ਪਰਮਾਤਮਾ ਬਾਰੇ ਕੀ ਵਿਚਾਰ ਸਨ?
4. ਨਬੀ ਤੋਂ ਤੁਹਾਡਾ ਕੀ ਭਾਵ ਹੈ?
5. ਜਾਜਕਾਂ ਪ੍ਰਤੀ ਨਿਯਮਾਂ ਬਾਰੇ ਲਿਖੋ।

# CORE COURSE (CC): RELIGIOUS STUDIES

**SEMESTER -I** **PAPER I: ਧਰਮਾਂ ਦੀ ਸੰਖੇਪ ਜਾਣ-ਪਛਾਣ** **Section-B**

**(BRIEF INTRODUTION TO RELIGIONS)**

## ਈਸਾਈ ਧਰਮ : ਪਿਛੋਕੜ , ਆਰੰਭ ਅਤੇ ਵਿਕਾਸ

**9.0 ਵਿਸ਼ਾ ਪ੍ਰਵੇਸ਼**

**9.1 ਜਾਣ-ਪਛਾਣ**

**9.2 ਈਸਾਈ ਧਰਮ ਦਾ ਪਿਛੋਕੜ**

**9.3 ਈਸਾ ਮਸੀਹ ਦਾ ਸੰਖੇਪ ਜੀਵਨ**

**9.4 ਈਸਾਈ ਧਰਮ ਦੇ ਸਿਧਾਂਤ ਅਤੇ ਸਿਖਿਆਵਾਂ**

**9.4.1 ਤ੍ਰੀ-ਮੂਰਤੀ ਦਾ ਸਿਧਾਂਤ (Doctrine of Trinity)**

**9.4.2 ਈਸਾਈ ਧਰਮ: ਪਰਮਾਤਮਾ, ਮਸੀਹ ਅਤੇ ਮਨੁੱਖ**

**9.4.3 ਸ੍ਰਿਸ਼ਟੀ ਰਚਨਾ ਬਾਰੇ ਈਸਾਈ ਧਰਮ ਦੇ ਵਿਚਾਰ**

**9.4.4 ਪੁਨਰ ਜਨਮ ਵਿਚ ਵਿਸ਼ਵਾਸ**

**9.4.5 ਈਸਾ ਮਸੀਹ ਤੇ ਪਹਾੜੀ ਦੇ ਉਪਦੇਸ਼**

**9.4.6 ਈਸਾਈ ਧਰਮ ਦੀਆਂ ਨੈਤਿਕ ਸਿਖਿਆਵਾਂ**

**9.4.6.1 ਕ੍ਰੋਧ ਬਾਰੇ**

**9.4.6.2 ਜਿਨਸੀ ਪਾਪ ਬਾਰੇ**

**9.4.6.3 ਤਲਾਕ ਬਾਰੇ**

**9.4.6.4 ਵਾਅਦਾ ਕਰਨ ਅਤੇ ਸੌਂਹ ਖਾਣ ਬਾਰੇ**

**9.4.6.5 ਸਭ ਲੋਕਾਂ ਨੂੰ ਪ੍ਰੇਮ ਕਰਨ ਬਾਰੇ**

**9.4.6.6 ਦਾਨ ਕਰਨ ਬਾਰੇ**

**9.4.6.7 ਪ੍ਰਾਰਥਨਾ ਕਰਨ ਬਾਰੇ**

**9.4.6.8 ਦੌਲਤ ਨਾਲੋਂ ਪਰਮੇਸ਼ਰ ਵਧੇਰੇ ਮਹੱਤਵਪੂਰਣ**

**9.4.6.9 ਨਿਰਣਾ ਕਰਨ ਸੰਬੰਧੀ**

**9.4.6.10 ਬਦਲਾ ਲੈਣ ਸੰਬੰਧੀ**

**9.5 ਅੰਤਿਕਾ**

**9.6 ਪੜ੍ਹਣਯੋਗ ਪੁਸਤਕਾਂ**

**9.7 ਅਭਿਆਸ ਲਈ ਪ੍ਰਸ਼ਨ**

**9.0 ਵਿਸ਼ਾ ਪ੍ਰਵੇਸ਼**

ਹੱਥਲੀ ਯੂਨਿਟ ਸੰਸਾਰ ਦੀ ਧਾਰਮਿਕ ਲੜੀ ਵਿਚ ਸ਼ਾਮਿਲ ਈਸਾਈ ਧਰਮ ਨਾਲ ਸੰਬੰਧਿਤ ਹੈ। ਇਸ ਯੂਨਿਟ ਵਿਚ ਈਸਾਈ ਧਰਮ ਦੇ ਇਤਿਹਾਸਕ ਪਿਛੋਕੜ, ਆਰੰਭ, ਸਿਧਾਂਤ ਅਤੇ ਸਿਖਿਆਵਾਂ ਬਾਰੇ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ।

**9.1 ਜਾਣ-ਪਛਾਣ**

ਈਸਾਈ ਧਰਮ ਗਿਣਤੀ ਪੱਖੋਂ ਸੰਸਾਰ ਦਾ ਸਭ ਤੋਂ ਵੱਡਾ ਧਰਮ ਹੈ ਜਿਸ ਦੇ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿਚ ਅਨੇਕਾਂ ਪੈਰੋਕਾਰ ਹਨ। ਅਬਰਾਹਿਮੀ ਧਰਮਾਂ ਦੀ ਲੜੀ ਵਿਚ ਯਹੂਦੀ ਧਰਮ ਤੋਂ ਬਾਅਦ ਇਹ ਦੂਜਾ ਧਰਮ ਹੈ ਜਿਸ ਦੇ ਬਾਨੀ ਈਸਾ ਮਸੀਹ ਸਨ। ਇਨ੍ਹਾਂ ਦੇ ਜੀਵਨ ਬਿਰਤਾਂਤ ਦੇ ਵੇਰਵੇ ਬਾਈਬਲ ਦੇ ਨਵੇਂ ਨੇਮ ਵਿਚੋਂ ਪ੍ਰਾਪਤ ਹੁੰਦੇ ਹਨ। ਯਹੂਦੀ ਧਰਮ ਵਾਂਗ ਈਸਾਈ ਧਰਮ ਦੇ ਪੈਰੋਕਾਰ ਵੀ ਪੈਗੰਬਰ ਅਬਰਾਹਮ ਨੂੰ ਆਪਣਾ ਧਾਰਮਿਕ ਵਡੇਰਾ ਮੰਨਦੇ ਹਨ। ਈਸਾਈ ਧਰਮ ਦੇ ਪੈਰੋਕਾਰ ਪੈਗੰਬਰ ਅਬਰਾਹਮ ਸਮੇਤ ਪੈਗੰਬਰ ਮੂਸਾ ਨੂੰ ਵੀ ਆਪਣਾ ਧਾਰਮਿਕ ਨਬੀ ਮੰਨਦੇ ਹਨ ਅਤੇ ਆਪਣੇ ਧਰਮ ਗ੍ਰੰਥ ਬਾਈਬਲ ਵਿਚ ਨਵੇਂ ਨੇਮ ਸਮੇਤ ਪੁਰਾਣੇ ਨੇਮ (ਤੋਰਾਹ) ਨੂੰ ਵੀ ਸ਼ਾਮਿਲ ਕਰਦੇ ਹੋਏ, ਇਸ ਦੀ ਲਿਖਤ ਅਤੇ ਨਬੀਆਂ ਤੇ ਆਪਣਾ ਵਿਸ਼ਵਾਸ ਪ੍ਰਗਟ ਕਰਦੇ ਹਨ।

ਈਸਾਈ ਧਰਮ ਦਾ ਵਿਸ਼ਵਾਸ ਹੈ ਕਿ ਈਸਾ ਮਸੀਹ ਦੇ ਪ੍ਰਗਟ ਹੋਣ ਸੰਬੰਧੀ ਭਵਿੱਖਬਾਣੀ ਯਹੂਦੀ ਧਰਮ ਦੇ ਧਰਮ ਗ੍ਰੰਥ ਪੁਰਾਣੇ ਨੇਮ ਵਿਚ ਪ੍ਰਾਪਤ ਹੁੰਦੀ ਹੈ। ਇਸ ਪ੍ਰਕਾਰ ਈਸਾਈ ਵਿਸ਼ਵਾਸ ਅਨੁਸਾਰ ਈਸਾ ਮਸੀਹ ਯਹੂਦੀ ਧਰਮ ਦੇ ਧਰਮ ਗ੍ਰੰਥਾਂ ਵਿਚ ਵਰਣਿਤ ਭਵਿੱਖਤ ਪੈਗੰਬਰ ਹਨ।

ਰਾਜਨੀਤਿਕ ਪੱਖ ਤੋਂ ਇਤਿਹਾਸਕ ਰੂਪ ਵਿਚ ਈਸਾਈ ਧਰਮ ਦਾ ਸੰਸਾਰ ਦਾ ਇਕ ਵੱਡੇ ਖੇਤਰ ਵਿਚ ਸ਼ਾਸਨ ਰਿਹਾ ਹੈ ਅਤੇ ਵਰਤਮਾਨ ਸਮੇਂ ਵਿਚ ਵੀ ਵੱਖ-ਵੱਖ ਦੇਸ਼ਾਂ ਵਿਚ ਧਰਮ ਨੂੰ ਰਾਜ ਧਰਮ ਦਾ ਦਰਜਾ ਪ੍ਰਾਪਤ ਹੈ।

ਈਸਾਈ ਧਰਮ ਇਕ ਈਸ਼ਵਰਵਾਦੀ ਧਰਮ ਹੈ ਜੋ ਈਸਾ ਮਸੀਹ ਨੂੰ ਪਰਮਾਤਮਾ ਦੇ ਪੁੱਤਰ ਵਜੋਂ ਪ੍ਰਵਾਨ ਕਰਦਾ ਹੋਇਆ ਉਨ੍ਹਾਂ ਦੀ ਸ਼ਹਾਦਤ ਨੂੰ ਧਰਮ ਦਾ ਅਹਿਮ ਅੰਗ ਮੰਨ ਕੇ ਸ਼ਹੀਦੀ ਨੂੰ ਅਥਾਹ ਸਤਿਕਾਰ ਪ੍ਰਦਾਨ ਕਰਦਾ ਹੈ।

**9.2 ਈਸਾਈ ਧਰਮ ਦਾ ਪਿਛੋਕੜ**

ਯਹੂਦੀ ਧਰਮ ਵਾਂਗ ਈਸਾਈ ਧਰਮ ਦਾ ਪਿਛੋਕੜ ਵੀ ਸੰਸਾਰ ਦੀ ਪਹਿਲੀ ਮਨੁੱਖੀ ਜੋੜੀ-ਆਦਮ ਅਤੇ ਹਵਾ ਦੀ ਪੀੜ੍ਹੀ ਦੇ 20ਵੇਂ ਵੰਸ਼ਜ ਪੈਗੰਬਰ ਅਬਰਾਹਮ ਨਾਲ ਜੁੜਦਾ ਹੈ। ਯਹੂਦੀ ਧਰਮ ਦੇ ਸੰਸਥਾਪਕ ਪੈਗੰਬਰ ਮੂਸਾ ਦੇ ਵਡੇਰੇ ਯਾਕੂਬ ਦੀ ਵੰਸ਼ ਪਰੰਪਰਾ ਵਿਚ ਹੀ ਈਸਾ ਮਸੀਹ ਦਾ ਜਨਮ ਹੋਇਆ। ਈਸਾ ਮਸੀਹ ਸੰਬੰਧੀ ਯਹੂਦੀ ਧਰਮ ਦੇ ਗ੍ਰੰਥ ਪੁਰਾਣੇ ਨੇਮ ਵਿਚੋਂ ਅਨੇਕਾਂ ਭਵਿੱਖਬਾਣੀਆਂ ਪ੍ਰਾਪਤ ਹੋ ਜਾਂਦੀਆਂ ਹਨ, ਜਿਵੇਂ ਯਸ਼ਾਯਾਹ- 7:14, 9:1-2, 9:7, ਭਜਨ ਸੰਹਿਤਾ- 16:10, 22:1, 49:15, ਹੋਸੇ-11:1, 2 ਸੈਮੂਅਲ - 7:12-13 ਆਦਿ।

ਇਸ ਪ੍ਰਕਾਰ ਈਸਾ ਮਸੀਹ ਨੂੰ ਯਹੂਦੀ ਧਰਮ ਗ੍ਰੰਥਾਂ ਦਾ ਭਵਿੱਖਤ ਪੈਗੰਬਰ ਵੀ ਮੰਨਿਆ ਜਾਂਦਾ ਹੈ ਜਿਨ੍ਹਾਂ ਨੇ ਯਹੂਦੀ ਧਰਮ ਨੂੰ ਸੰਪੂਰਨਤਾ ਪ੍ਰਦਾਨ ਕੀਤੀ ਪ੍ਰੰਤੂ ਯਹੂਦੀ ਧਰਮ ਇਸ ਵਿਸ਼ਵਾਸ ਨੂੰ ਪ੍ਰਵਾਨ ਨਹੀਂ ਕਰਦਾ।

ਈਸਾ ਮਸੀਹ ਪੈਗੰਬਰ ਅਬਰਾਹਮ ਦੇ ਖਾਨਦਾਨ ਵਿਚੋਂ ਦਾਊਦ ਦੇ ਵੰਸ਼ਜ ਸਨ। ਈਸਾਈ ਧਰਮ ਦੇ ਆਰੰਭ ਨੂੰ ਯਹੋਵਾਹ ਪਰਮੇਸ਼ਰ ਦੁਆਰਾ ਪੈਗੰਬਰ ਅਬਰਾਹਮ ਨੂੰ ਦਿੱਤੇ ਗਏ ਉਸ ਵਰਦਾਨ ਦੀ ਪੂਰਤੀ ਅਤੇ ਨਿਰੰਤਰਤਾ ਵਜੋਂ ਵੀ ਵੇਖਿਆ ਜਾਂਦਾ ਹੈ ਜਿਸ ਜਿਸ ਅਨੁਸਾਰ ਯਹੋਵਾਹ ਪਰਮੇਸ਼ਰ ਨੇ ਅਬਰਾਹਮ ਨੂੰ ਅਨੇਕਾਂ ਕੌਮਾਂ ਦੇ ਪਿਤਾ ਬਣਨ ਦਾ ਵਰਦਾਨ ਦਿੱਤਾ। ਬਾਈਬਲ ਦੇ ਨਵੇਂ ਨੇਮ ਅਨੁਸਾਰ ਆਦਮ ਤੋਂ ਈਸਾ ਮਸੀਹ ਤੱਕ ਦੀ ਵੰਸ਼ਾਵਲੀ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ-

1. ਆਦਮ 2. ਸੇਥ 3. ਅਨੋਸ 4. ਨੂਹ (10ਵੀਂ ਪੀੜ੍ਹੀ) 5. ਸ਼ੇਮ 6. ਅਬਰਾਹਮ (ਆਦਮ ਦੀ 20ਵੀਂ ਪੀੜ੍ਹੀ). 7. ਯਾਕੂਬ 8. ਯਹੂਦਾਹ 9. ਫੜਸ 10. ਹਸਰੋਨ 11. ਦਾਊਦ (ਆਦਮ ਦੀ 33 ਵੀਂ ਪੀੜ੍ਹੀ) 12. ਉਜ਼ੀਯਾਹ (ਆਦਮ ਦੀ 40 ਵੀਂ ਪੀੜ੍ਹੀ) 13. ਅਬੀਹੂਦ (ਆਦਮ ਦੀ 50ਵੀਂ ਪੀੜ੍ਹੀ) 14. ਯੂਸੁਫ (ਈਸਾ ਮਸੀਹ ਦੇ ਪਿਤਾ) 15. ਈਸਾ ਮਸੀਹ (60ਵੀਂ ਪੀੜ੍ਹੀ)

**9.3 ਈਸਾ ਮਸੀਹ ਦਾ ਸੰਖੇਪ ਜੀਵਨ**

ਈਸਾ ਮਸੀਹ ਈਸਾਈ ਧਰਮ ਦੇ ਸੰਸਥਾਪਕ ਪੈਗੰਬਰ ਸਨ ਜਿਨ੍ਹਾਂ ਨੇ ਮਾਨਵਤਾ ਲਈ ਸੂਲੀ 'ਤੇ ਚੜ੍ਹ ਕੇ ਅਨੇਕਾਂ ਕਸ਼ਟ ਸਹਿੰਦੇ ਹੋਏ ਆਪਣੀ ਸ਼ਹਾਦਤ ਦਿੱਤੀ।

ਈਸਾ ਮਸੀਹ ਜਾਂ ਯਿਸੂ ਮਸੀਹ ਨਾਮ ਇਕ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਇਹ ਮੂਲ ਰੂਪ ਵਿਚ ਯਹੂਦੀ ਨਾਮ ਹੈ ਜਿਸ ਦਾ ਅਰਥ ਹੈ –ਬਚਾਉਣ ਵਾਲਾ ਅਤੇ ਮਸੀਹ ਦਾ ਅਰਥ ਹੈ- ਥਾਪਿਆ ਹੋਇਆ। ਇਸ ਪ੍ਰਕਾਰ ਈਸਾ ਮਸੀਹ ਜਾਂ ਯਿਸੂ ਮਸੀਹ ਦਾ ਅਰਥ ਹੈ- ਪਰਮਾਤਮਾ ਦੁਆਰਾ ਥਾਪਿਆ ਹੋਇਆ ਮਾਨਵਤਾ ਨੂੰ ਬਚਾਉਣ ਵਾਲਾ ਪੈਗੰਬਰ।

ਈਸਾ ਮਸੀਹ ਦਾ ਜਨਮ ਮੌਜੂਦਾ ਇਜ਼ਰਾਈਲ ਦੇ ਪਿੰਡ ਬੈਤਲਹਮ ਵਿਚ ਮਾਤਾ ਮਰੀਅਮ ਦੀ ਕੁੱਖੋਂ, ਪਿਤਾ ਯੂਸੁਫ ਦੇ ਘਰ ਹੋਇਆ। ਈਸਾ ਮਸੀਹ ਦੇ ਜਨਮ ਵਾਲੇ ਸਾਲ ਤੋਂ ਹੀ ਈਸਵੀ ਸੰਨ ਦਾ ਆਰੰਭ ਮੰਨਿਆ ਜਾਂਦਾ ਹੈ। ਈਸਾਈ ਵਿਸ਼ਵਾਸ ਅਨੁਸਾਰ ਈਸਾ ਮਸੀਹ ਦੀ ਮਾਤਾ, ਮਰੀਅਮ ਵਿਆਹ ਤੋਂ ਪਹਿਲਾਂ ਪਵਿੱਤਰ ਆਤਮਾ ਦੁਆਰਾ ਗਰਭਪਤੀ ਸੀ। ਇਸ ਵਿਸ਼ਵਾਸ ਅਨੁਸਾਰ ਈਸਾ ਮਸੀਹ ਪਰਮਾਤਮਾ ਦੇ ਪੁੱਤਰ ਹਨ ਜੋ ਕੁਆਰੀ ਮਰੀਅਮ ਦੀ ਕੁੱਖ ਵਿਚ ਪਵਿੱਤਰ ਆਤਮਾ ਦੁਆਰਾ ਪ੍ਰਵੇਸ਼ ਹੋਏ। ਪਰਮੇਸ਼ਰ ਦੇ ਫਰਿਸ਼ਤੇ ਜਿਬਰਾਈਲ ਨੇ ਈਸਾ ਮਸੀਹ ਦੇ ਪਿਤਾ ਯੂਸੁਫ ਨੂੰ ਪਵਿੱਤਰ ਆਤਮਾ ਦੇ ਜਨਮ ਬਾਰੇ ਵਿਆਹ ਤੋਂ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਉਨ੍ਹਾਂ ਨੂੰ ਇਕ ਪਵਿਤਰ ਆਤਮਾ ਦੇ ਪਿਤਾ ਅਖਵਾਉਣ ਦਾ ਮਾਣ ਪ੍ਰਾਪਤ ਹੋਵੇਗਾ।

ਜਿਸ ਸਮੇਂ ਈਸਾ ਮਸੀਹ ਦਾ ਜਨਮ ਹੋਇਆ ਉਸ ਸਮੇਂ ਉਨ੍ਹਾਂ ਦੇ ਮਾਤਾ-ਪਿਤਾ ਮਰਦਮਸ਼ੁਮਾਰੀ ਸੰਬੰਧੀ ਆਪਣੇ ਪੁਰਖਿਆਂ ਦੇ ਦੇਸ਼ ਗਏ ਹੋਏ ਸਨ ਜਿਥੇ ਬੈਤਲਹਮ ਵਿਚ ਇਕ ਖੁਰਲੀ ਵਿਚ ਈਸਾ ਮਸੀਹ ਦਾ ਜਨਮ ਹੋਇਆ ਕਿਉਂਕਿ ਮਰਦਮਸ਼ੁਮਾਰੀ ਸੰਬੰਧੀ ਭੀੜ ਹੋਣ ਕਾਰਨ ਸ਼ਹਿਰ ਦੀਆਂ ਸਰਾਵਾਂ ਵਿਚ ਰੁਕਣ ਲਈ ਕੋਈ ਥਾਂ ਨਹੀਂ ਸੀ। ਬਾਈਬਲ ਅਨੁਸਾਰ ਈਸਾ ਮਸੀਹ ਦੇ ਜਨਮ ਸਮੇਂ ਆਕਾਸ਼ ਵਿਚ ਤੇਜ਼ ਰੌਸ਼ਨੀ ਚਮਕੀ ਅਤੇ ਫਰਿਸ਼ਤਿਆ ਦਾ ਸਮੂਹ ਆਕਾਸ਼ ਵਿਚ ਪ੍ਰਗਟ ਹੋਇਆ ਜਿਸ ਨੇ ਈਸਾ ਮਸੀਹ ਦੇ ਜਨਮ ਦੀ ਖਬਰ ਚਰਵਾਹਿਆ ਨੂੰ ਦਿੱਤੀ। ਇਸ ਦੌਰਾਨ ਤਿੰਨ ਜੋਤਸ਼ੀ ਪੂਰਬ ਵੱਲ ਆਕਾਸ਼ ਦੇ ਤਾਰੇ ਦੀ ਸੇਧ ਲੈ ਕੇ ਈਸਾ ਮਸੀਹ ਦੇ ਦਰਸ਼ਨ ਕਰਨ ਲਈ ਬੈਤਲਹਮ ਪੁਹੰਚੇ ਜਿਥੇ ਇਨ੍ਹਾਂ ਜੋਤਸੀਆਂ ਨੇ ਯਹੂਦੀਆਂ ਦੇ ਪੈਦਾ ਹੋਏ ਨਵੇਂ ਰਾਜੇ ਬਾਰੇ ਪੁੱਛਿਆ। ਇਨ੍ਹਾਂ ਜੋਤਸ਼ੀਆਂ ਦਾ ਇਸ਼ਾਰਾ ਨਵੇਂ ਪੈਦਾ ਹੋਏ ਬਾਲਕ ਈਸਾ ਮਸੀਹ ਵੱਲ ਸੀ। ਜਦੋਂ ਇਸ ਬਾਰੇ ਯਹੂਦਿਯਾ ਦੇਸ਼ ਦੇ ਰਾਜਾ ਹੇਰੋਦੇਸ ਅਤੇ ਜਾਜਕਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ 2 ਸਾਲ ਤੋਂ ਘੱਟ ਉਮਰ ਦੇ ਸਾਰੇ ਲੜਕਿਆਂ ਨੂੰ ਖਤਮ ਕਰਨ ਦਾ ਆਦੇਸ਼ ਦਿੱਤਾ। ਈਸਾ ਮਸੀਹ ਦੇ ਮਾਤਾ-ਪਿਤਾ ਨੂੰ ਪਰਮੇਸ਼ਰ ਦੇ ਦੂਤ ਨੇ ਇਸ ਬਾਰੇ ਪਹਿਲਾਂ ਹੀ ਸੁਚੇਤ ਕਰ ਦਿੱਤਾ ਸੀ ਜਿਸ ਕਾਰਨ ਉਹ ਬਾਲਕ ਯਿਸੂ ਨੂੰ ਲੈ ਕੇ ਮਿਸਰ ਦੇਸ਼ ਵਿਚ ਚਲੇ ਗਏ।

ਈਸਾ ਮਸੀਹ ਦੇ ਬਚਪਨ ਬਾਰੇ ਬਹੁਤ ਘੱਟ ਜਾਣਕਾਰੀ ਪ੍ਰਾਪਤ ਹੁੰਦੀ ਹੈ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਪਹਿਲੇ 29 ਸਾਲ ਉਨ੍ਹਾਂ ਨੇ ਨਾਸਰਤ ਨਾਮਕ ਸਥਾਨ 'ਤੇ ਬਤੀਤ ਕੀਤੇ।

ਲਮਪਗ 29 ਸਾਲ ਦੀ ਉਮਰ ਵਿਚ ਈਸਾ ਮਸੀਹ ਨੇ ਯਰਦਨ ਨਾਮਕ ਨਦੀ 'ਤੇ ਸੰਤ ਯੂਹੰਨਾ ਕੋਲੋਂ ਬਪਤਿਸਮਾ ਪ੍ਰਾਪਤ ਕੀਤਾ। ਬਾਈਬਲ ਦੇ ਨਵੇਂ ਨੇਮ ਵਿਚ ਜ਼ਿਕਰ ਪ੍ਰਾਪਤ ਹੁੰਦਾ ਹੈ ਕਿ ਸੰਤ ਯੂਹੰਨਾ ਇਸ ਗੱਲ ਦਾ ਪ੍ਰਚਾਰ ਕਰਦੇ ਸਨ ਕਿ ਆਪਣੇ ਦਿਲ ਅਤੇ ਜੀਵਨ ਬਦਲੋ, ਸਵਰਗ ਦਾ ਰਾਜ ਆਉਣ ਵਾਲਾ ਹੈ। ਈਸਾ ਮਸੀਹ ਸੰਬੰਧੀ ਉਹ ਭਵਿੱਖੀ ਬੋਲ ਬੋਲਦੇ ਹੋਏ ਕਹਿੰਦੇ ਸਨ- "ਮੈਂ ਤਾਂ ਤੁਹਾਨੂੰ ਤੁਹਾਡੇ ਮਨ ਅਤੇ ਜੀਵਨ ਬਦਲਣ ਲਈ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ ਪਰ ਜਿਹੜਾ ਮੇਰੇ ਪਿਛੋਂ ਆਉਣ ਵਾਲਾ ਹੈ ਉਹ ਮੇਰੇ ਤੋਂ ਮਹਾਨ ਹੈ ਅਤੇ ਮੈ ਤਾਂ ਉਸ ਦੀ ਜੁੱਤੀ ਚੁੱਕਣ ਦੇ ਵੀ ਯੋਗ ਨਹੀਂ ਹਾਂ। ਉਹ ਤੁਹਾਨੂੰ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਵੇਗਾ। ਉਸ ਦੀ ਤੰਗਲੀ ਉਸ ਦੇ ਹੱਥ ਵਿਚ ਹੈ। ਉਹ ਕਣਕ ਨੂੰ ਤੂੜੀ ਤੋਂ ਅਲੱਗ ਕਰੇਗਾ। ਉਹ ਕਣਕ ਨੂੰ ਕੋਠੇ ਵਿਚ ਜਮਾ ਕਰੇਗਾ। ਉਹ ਤੂੜੀ ਨੂੰ ਉਸ ਅੱਗ ਵਿਚ ਸਾੜੇਗਾ ਜਿਹੜੀ ਬੁਝਾਈ ਨਹੀਂ ਜਾ ਸਕਦੀ।" ਜਿਸ ਸਮੇਂ ਯਿਸੂ, ਯੂਹੰਨਾ ਤੋਂ ਯਰਦਨ ਨਦੀ ਵਿਚ ਬਪਤਿਸਮਾ ਲੈਣ ਲਈ ਗਲੀਲ ਤੋਂ ਪਹੁੰਚੇ ਤਾਂ ਯੂਹੰਨਾ ਨੇ ਇਹ ਕਹਿ ਕਿ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, "ਮੈਨੂੰ ਤਾਂ ਤੇਰੇ ਕੋਲੋਂ ਬਪਤਿਸਮਾ ਲੈਣ ਦੀ ਲੋੜ ਹੈ ਅਤੇ ਤੂੰ ਮੇਰੇ ਕੋਲ ਕਿਉਂ ਆਇਆ ਹੈਂ?" ਯਿਸੂ ਨੇ ਉਨ੍ਹਾਂ ਨੂੰ ਜਵਾਬ ਦਿੱਤਾ, "ਹੁਣ ਤੂੰ ਇਸ ਨੂੰ ਇੰਝ ਹੀ ਹੋਣ ਦੇ। ਜਿਹੜੀਆ ਗੱਲਾਂ ਪਰਮੇਸ਼ੁਰ ਕਰਾਉਂਦਾ ਹੈ ਸਾਨੂੰ ਉਵੇਂ ਹੀ ਕਰਨੀਆ ਚਾਹੀਦੀਆ ਹਨ।" ਇਉਂ ਯੂਹੰਨਾ ਯਿਸੂ ਨੂੰ ਬਪਤਿਸਮਾ ਦੇਣ ਲਈ ਮੰਨ ਗਿਆ।

ਜਦੋਂ ਈਸਾ ਮਸੀਹ ਬਪਤਿਸਮਾ ਲੈ ਕੇ ਨਦੀ ਵਿਚੋਂ ਬਾਹਰ ਨਿਕਲੇ ਤਾਂ ਸੰਤ ਯੂਹੰਨਾ ਨੇ ਪਵਿੱਤਰ ਆਤਮਾ ਨੂੰ ਕਬੂਤਰ ਦੇ ਰੂਪ ਵਿਚ ਈਸਾ ਮਸੀਹ ਉੱਪਰ ਉਤਰਦੇ ਵੇਖਿਆ ਅਤੇ ਪਰਮੇਸ਼ਰ ਦੀ ਆਕਾਸ਼ਬਾਣੀ ਸੁਣੀ- 'ਇਹ ਮੇਰਾ ਪਿਆਰਾ ਪੁੱਤਰ ਹੈ, ਮੈਂ ਇਸ ਤੋਂ ਬਹੁਤ ਖੁਸ਼ ਹਾਂ। ਇਸ ਘਟਨਾ ਰਾਹੀਂ ਯੂਹੰਨਾ ਨੂੰ ਪੱਕਾ ਯਕੀਨ ਹੋ ਗਿਆ ਕਿ ਈਸਾ ਜੀ ਹੀ ਪਰਮੇਸ਼ਰ ਵੱਲੋਂ ਭੇਜੇ ਗਏ ਮਸੀਹ ਹਨ। ਇਸ ਤੋਂ ਬਾਅਦ ਈਸਾ ਜੀ ਪਵਿੱਤਰ ਆਤਮਾ ਦੀ ਅਗਵਾਈ ਵਿਚ ਉਜਾੜ ਵਿਚ ਚਲੇ ਗਏ ਜਿਥੇ ਉਨ੍ਹਾਂ ਨੇ 40 ਦਿਨ ਦਾ ਸਮਾਂ ਬਿਨਾਂ ਕੁਝ ਖਾਧੇ ਪੀਤੇ ਬਤੀਤ ਕੀਤਾ ਅਤੇ ਸ਼ੈਤਾਨ ਦੁਆਰਾ ਪਰਖੇ ਜਾਣ 'ਤੇ ਪਰਮੇਸ਼ਰ ਦੀ ਕਸਵੱਟੀ ਤੇ ਪੂਰੇ ਉਤਰੇ। ਇਸ ਤੋਂ ਬਾਅਦ ਉਹ ਮਸੀਹ ਦੇ ਰੂਪ ਵਿਚ ਪ੍ਰਗਟ ਹੋਏ ਅਤੇ ਆਪਣੇ ਮਿਸ਼ਨ ਦਾ ਆਰੰਭ ਕੀਤਾ।

ਈਸਾ ਨੇ ਆਪਣਾ ਸਭ ਤੋਂ ਪਹਿਲਾ ਚਮਤਕਾਰ ਗਲੀਲ ਪ੍ਰਾਂਤ ਦੇ ਇਕ ਵਿਆਹ ਸਮਾਗਮ ਵਿਚ ਦਾਖਰਸ ਖਤਮ ਹੋਣ ’ਤੇ ਪਾਣੀ ਨਾਲ ਭਰੇ ਘੜੇ ਨੂੰ ਦਾਖਰਸ ਵਿਚ ਤਬਦੀਲ ਕਰ ਕੇ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਪਰਮੇਸ਼ਰ ਦੇ ਰਾਜ ਦਾ ਪ੍ਰਚਾਰ ਕੀਤਾ ਅਤੇ ਆਪਣੇ ਆਪ ਨੂੰ ਪਰਮਾਤਮਾ ਦੇ ਪੁੱਤਰ ਦੇ ਰੂਪ ਵਿਚ ਦਰਸਾਇਆ। ਉਨ੍ਹਾਂ ਨੇ ਅਨੇਕਾਂ ਰੋਗੀਆਂ ਨੂੰ ਆਪਣੀ ਛੂਹ ਨਾਲ ਤੰਦਰੁਸਤ ਕੀਤਾ, ਕੋਹੜੀਆਂ ਦੇ ਰੋਗ ਦੂਰ ਕੀਤੇ, ਪਾਣੀ ਉੱਤੇ ਚਲ ਕੇ ਲੋਕਾਂ ਦੇ ਵਿਸ਼ਵਾਸ ਨੂੰ ਦ੍ਰਿੜ ਕੀਤਾ, ਪੰਜ ਮੱਛੀਆਂ ਅਤੇ ਦੋ ਰੋਟੀਆਂ ਨਾਲ ਪੰਜ ਹਜਾਰ ਲੋਕਾਂ ਨੂੰ ਭੋਜਨ ਖਵਾਇਆ ਅਤੇ ਸਭ ਤੋਂ ਅਹਿਮ ਚਮਤਕਾਰ ਮੁਰਦੇ ਨੂੰ ਜੀਵਤ ਕੀਤਾ। ਈਸਾ ਮਸੀਹ ਦੇ ਇਨ੍ਹਾਂ ਕਾਰਜਾਂ ਉੱਪਰ ਰੋਮਨ ਸਾਮਰਾਜ ਦੇ ਅਧਿਕਾਰੀਆਂ ਦੀ ਨਜ਼ਰ ਸੀ। ਉਹ ਈਸਾ ਮਸੀਹ ਨੂੰ ਯਹੂਦੀ ਧਰਮ ਦੇ ਵਿਰੋਧੀ ਵਜੋਂ ਦੇਖਦੇ ਸਨ ਕਿਉਂਕਿ ਈਸਾ ਮਸੀਹ ਆਪਣੇ ਆਪ ਨੂੰ ਪਰਮਾਤਮਾ ਦਾ ਪੁੱਤਰ ਕਹਿ ਕੇ ਨਬੀ ਦੇ ਰੂਪ ਵਿਚ ਪੇਸ਼ ਕਰਦੇ ਹੋਏ ਯਹੂਦੀ ਧਰਮ ਦੀ ਕੁਰੀਤੀਆਂ ਦਾ ਵਿਰੋਧ ਕਰਦੇ ਸਨ।

ਈਸਾ ਮਸੀਹ ਦੇ ਖਾਸ 12 ਚੇਲੇ ਹਮੇਸ਼ਾ ਉਨ੍ਹਾਂ ਨਾਲ ਰਹਿੰਦੇ ਸਨ। ਇਨ੍ਹਾਂ ਵਿਚੋਂ ਇਕ ਚੇਲੇ ਯਹੂਦਾ ਨੇ 30 ਚਾਂਦੀ ਦੇ ਸਿੱਕਿਆਂ ਦੇ ਇਨਾਮ ਦੇ ਲਾਲਚ ਵਿਚ ਈਸਾ ਮਸੀਹ ਨੂੰ ਰੋਮਨ ਸੈਨਿਕਾਂ ਨੂੰ ਪਕੜਵਾ ਦਿੱਤਾ। ਆਪਣੀ ਗ੍ਰਿਫਤਾਰੀ ਤੋਂ ਇਕ ਦਿਨ ਪਹਿਲਾਂ ਰਾਤ ਦੇ ਭੋਜਨ ਸਮੇਂ ਈਸਾ ਨੇ ਆਪਣੇ 12 ਚੇਲਿਆਂ ਨੂੰ ਇਕ ਰੋਟੀ ਦਾ ਟੁਕੜਾ ਤੋੜ ਕੇ ਵੰਡਿਆ ਅਤੇ ਕਿਹਾ ਕਿ ਇਹ ਉਨ੍ਹਾਂ ਦਾ ਸਰੀਰ ਹੈ। ਇਸੇ ਪ੍ਰਕਾਰ ਇਕ ਪਿਆਲੇ ਵਿਚ ਫਲਾਂ ਦੇ ਰਸ ਨੂੰ ਆਪਣਾ ਲਹੂ ਕਹਿ ਕੇ ਚੇਲਿਆਂ ਵਿਚ ਵੰਡਿਆ। ਈਸਾਈ ਧਰਮ ਵਿਚ ਇਸ ਘਟਨਾ ਨੂੰ ਰਾਤ ਦਾ ਆਖਰੀ ਭੋਜਨ (The last Supper) ਕਿਹਾ ਜਾਂਦਾ ਹੈ। ਇਸ ਦੌਰਾਨ ਹੀ ਈਸਾ ਮਸੀਹ ਨੇ ਇਨ੍ਹਾਂ ਚੇਲਿਆਂ ਵਿਚੋਂ ਕਿਸੇ ਇਕ ਚੇਲੇ ਦੁਆਰਾ ਵਿਸਾਹਘਾਤ ਕਰਨ ਦੀ ਭਵਿੱਖਬਾਣੀ ਕੀਤੀ ਜੋ ਕਿ ਅਗਲੇ ਦਿਨ ਸੱਚ ਹੋਈ।

ਰੋਮਨ ਸੈਨਿਕਾਂ ਨੇ ਈਸਾ ਮਸੀਹ ਨੂੰ ਗ੍ਰਿਫਤਾਰ ਕਰ ਕੇ ਪ੍ਰਧਾਨ ਜਾਜਕ ਕਯਾਫਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਪ੍ਰਧਾਨ ਜਾਜਕ ਦੁਆਰਾ ਈਸਾ ਮਸੀਹ ’ਤੇ ਕੁਫਰ ਗੋਈ (Blasphemer) ਦਾ ਇਲਜਾਮ ਲਗਾ ਕੇ ਗਵਰਨਰ ਪਿਲਾਤੁਸ ਕੋਲ ਲਿਜਾਇਆ ਗਿਆ ਜਿਥੇ ਈਸਾ ਮਸੀਹ ਨੂੰ ਦਰਦਨਾਕ ਢੰਗ ਨਾਲ ਸੂਲੀ ਉੱਤੇ ਚੜਾ ਦਿੱਤਾ ਗਿਆ। ਸੂਲੀ ਉੱਪਰ ਹੀ ਦਰਦਨਾਕ ਤਸੀਹੇ ਸਹਿੰਦੇ ਹੋਏ ਈਸਾ ਮਸੀਹ ਦੀ ਮੌਤ ਹੋ ਗਈ। ਮਰਨ ਤੋਂ ਪਹਿਲਾਂ ਈਸਾ ਮਸੀਹ ਦੇ ਆਖਰੀ ਸ਼ਬਦ ਸਨ- “ਹੇ ਪਿਤਾ ਪਰਮੇਸ਼ਰ ! ਇਨ੍ਹਾਂ ਨੂੰ ਮਾਫ ਕਰਨਾ, ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ।” ਇਸ ਪ੍ਰਕਾਰ ਈਸਾ ਮਸੀਹ ਆਪਣੀ ਜਾਨ ਦੇਣ ਵਾਲੇ ਈਸਾਈ ਧਰਮ ਦੇ ਪੈਗੰਬਰ ਸ਼ਹੀਦ ਬਣ ਗਏ।

ਬਾਈਬਲ ਦੇ ਨਵੇਂ ਨੇਮ ਅਨੁਸਾਰ ਇਸ ਘਟਨਾ ਤੋਂ ਤੀਜੇ ਦਿਨ ਈਸਾ ਮਸੀਹ ਪੁਨਰ ਜੀਵਿਤ ਹੋ ਗਏ ਅਤੇ ਉਹ ਅਗਲੇ 40 ਦਿਨਾਂ ਤੱਕ ਆਪਣੇ ਮਿਸ਼ਨ ਦਾ ਪ੍ਰਚਾਰ ਕਰਦੇ ਹੋਏ ਪੈਰੋਕਾਰਾਂ ਨੂੰ ਦਰਸ਼ਨ ਦਿੰਦੇ ਰਹੇ। ਇਨ੍ਹਾਂ 40 ਦਿਨਾਂ ਤੋਂ ਬਾਅਦ ਈਸਾ ਮਸੀਹ ਸਵਰਗ ਵੱਲ ਚਲੇ ਗਏ। ਈਸਾਈ ਵਿਸ਼ਵਾਸ ਅਨੁਸਾਰ ਉਹ ਸੰਸਾਰ ਦੇ ਅੰਤ ਸਮੇਂ ਫਿਰ ਪ੍ਰਗਟ ਹੋਣਗੇ। ਈਸਾਈ ਧਰਮ ਵਿਚ ਈਸਾ ਮਸੀਹ ਨੂੰ ਸੂਲੀ ਚੜ੍ਹਾਉਣ ਵਾਲਾ ਦਿਨ 'ਗੁੱਡ ਫਰਾਈਡੇ' ਅਤੇ ਪੁਨਰ ਜੀਵਤ ਹੋਣ ਵਾਲਾ ਦਿਨ 'ਈਸਟਰ ਸੰਡੇ' ਦੇ ਰੂਪ ਵਿਚ ਮਨਾਇਆ ਜਾਂਦਾ ਹੈ।

### 9.4 ਈਸਾਈ ਧਰਮ ਦੇ ਸਿਧਾਂਤ ਅਤੇ ਸਿਖਿਆਵਾਂ

ਈਸਾਈ ਧਰਮ ਦੇ ਸਿਧਾਂਤ ਅਤੇ ਸਿੱਖਿਆਵਾਂ ਬਾਈਬਲ ਦੇ ਨਵੇਂ ਨੇਮ ਵਿਚ ਦਰਜ ਹਨ ਜਿਨ੍ਹਾਂ ਵਿਚੋਂ ਸਾਨੂੰ ਇਸ ਪੱਖ ਸੰਬੰਧੀ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਸਿਧਾਂਤ ਅਤੇ ਸਿੱਖਿਆਵਾਂ ਇਸ ਪ੍ਰਕਾਰ ਹਨ-

#### 9.4.1 ਤ੍ਰੀ-ਮੂਰਤੀ ਦਾ ਸਿਧਾਂਤ (Doctrine of Trinity)

ਤ੍ਰੀ ਮੂਰਤੀ ਸਿਧਾਂਤ ਈਸਾਈ ਧਰਮ ਦਾ ਪ੍ਰਮੁੱਖ ਸਿਧਾਂਤ ਹੈ ਜੋ ਪਰਮਾਤਮਾ ਦੇ ਤਿੰਨ ਰੂਪਾਂ- ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਦੀ ਏਕਤਾ ਨੂੰ ਦਰਸਾਉਂਦਾ ਹੈ ਭਾਵ ਕਿ ਈਸ਼ਵਰ ਪਿਤਾ, ਈਸ਼ਵਰ ਪੁੱਤਰ ਅਤੇ ਈਸ਼ਵਰ ਆਤਮਾ, ਇਹ ਤਿੰਨਾਂ ਰੂਪਾਂ ਨੂੰ ਮਿਲਾ ਕੇ ਈਸ਼ਵਰ ਦਾ ਸੰਪੂਰਨ ਸਰੂਪ ਬਣਦਾ ਹੈ।

ਈਸਾਈ ਧਰਮ ਅਨੁਸਾਰ ਪਰਮਾਤਮਾ ਸਰਵ-ਵਿਆਪਕ ਅਤੇ ਮਨੁੱਖੀ ਸੂਝ ਤੋਂ ਪਰੇ ਹੈ ਜਿਸ ਦਾ ਭਾਵ ਇਹ ਹੈ ਕਿ ਉਹ ਸਾਡੇ ਅੰਦਰ ਵੀ ਵਸਦਾ ਹੈ ਤੇ ਅਪਹੁੰਚ ਵੀ ਹੈ ਪਰ ਈਸਾਈਆਂ ਦਾ ਇਹ ਪਰਮਾਤਮਾ ਇਕ ਵਿਅਕਤੀ ਨਹੀਂ ਸਗੋਂ ਇਸ ਵਿਚ ਤਿੰਨ ਵਿਅਕਤੀ ਸ਼ਾਮਲ ਹਨ ਕਿਉਂਕਿ ਪਰਮਾਤਮਾ ਨੇ ਬਾਈਬਲ ਵਿਚ ਕਈ ਥਾਵਾਂ 'ਤੇ ਆਪਣੇ ਆਪ ਨੂੰ ਅਜਿਹਾ ਹੀ ਕਿਹਾ ਹੈ। ਭਾਵ ਤ੍ਰੈ-ਮੂਰਤੀ ਪਰਮਾਤਮਾ, ਜਿਸ ਵਿਚ ਸਦੀਵੀ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਹੈ। ਦੂਜੇ ਸ਼ਬਦਾਂ ਵਿਚ ਪਰਮਾਤਮਾ ਜੋ ਸਮੇਂ, ਸਥਾਨ ਅਤੇ ਸਾਰੀਆਂ ਸੀਮਾਵਾਂ ਤੋਂ ਪਰੇ ਹੈ, ਆਪਣੇ ਆਪ ਵਿਚ ਪਿਤਾ, ਪੁੱਤਰ ਅਤੇ ਸਾਰੇ ਜੀਵਾਂ ਵਿਚ ਨਿਵਾਸ ਕਰਨ ਵਾਲਾ ਹੈ। ਪਿਤਾ ਪੁੱਤਰ ਦੁਆਰਾ ਸੰਸਾਰ ਨੂੰ ਸਿਰਜਦਾ ਹੈ ਅਤੇ ਪਵਿੱਤਰ ਆਤਮਾ ਵਿਚ ਸੰਪੂਰਨ ਕਰਦਾ ਹੈ।

ਦਰਅਸਲ ਯਿਸੂ ਮਸੀਹ ਦੇ ਵਿਅਕਤੀਤਵ ਨੂੰ ਸਮਝਣ ਲਈ ਇਹ ਤ੍ਰੀਏਕਤਾ ਸਿਧਾਂਤ ਈਸਾਈ ਧਰਮ ਸ਼ਾਸਤਰੀਆਂ ਨੇ ਸਥਾਪਿਤ ਕੀਤਾ ਕਿਉਂਕਿ ਯਿਸੂ ਮਸੀਹ ਨੂੰ ਈਸ਼ਵਰੀ ਅਵਤਾਰ ਪਰਵਾਨ ਕੀਤਾ ਗਿਆ ਹੈ ਅਤੇ ਉਸਦੇ ਵਿਅਕਤੀਤਵ ਵਿਚ ਈਸ਼ਵਰੀ ਅਤੇ ਇਨਸਾਨੀ ਗੁਣ ਪੂਰਨ ਰੂਪ ਵਿਚ ਮੰਨੇ ਗਏ ਹਨ। ਬਾਈਬਲ ਵਿਚ ਕਈ ਥਾਂ ਸੰਕੇਤ ਆਇਆ ਹੈ ਕਿ ਈਸ਼ਵਰ ਪਿਤਾ, ਈਸ਼ਵਰ ਪੁੱਤਰ ਅਤੇ ਈਸ਼ਵਰ ਪਵਿੱਤਰ ਆਤਮਾ, ਇਨ੍ਹਾਂ ਤਿੰਨ ਵਿਅਕਤਿਤਵ ਨੂੰ ਮਿਲਾਕੇ ਈਸ਼ਵਰ ਬਣਦਾ ਹੈ। ਦੂਸਰੇ ਸ਼ਬਦਾਂ ਵਿਚ ਬਾਈਬਲ ਵਿਚ ਈਸ਼ਵਰ ਆਪਣੇ ਆਪ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਰੂਪ ਵਿਚ ਪ੍ਰਗਟ ਕਰਦਾ ਹੈ। ਇਨ੍ਹਾਂ ਸੰਕੇਤਾਂ ਨੂੰ ਆਧਾਰ ਬਣਾ ਕੇ ਚਰਚ ਨੇ ਇਕ ਈਸ਼ਵਰਵਾਦ ਦੀ ਨੀਂਹ ਰੱਖੀ ਅਤੇ ਤ੍ਰੀਏਕਤਾ ਦੇ ਸਿਧਾਂਤ ਨੂੰ ਵਿਕਸਿਤ ਕੀਤਾ। ਇਸ ਨਾਲ ਇਹ ਗੱਲ ਸਾਹਮਣੇ ਆ ਗਈ ਕਿ ਇਕ ਪਾਸੇ ਈਸਾਈ ਚਿੰਤਨ ਵਿਚ ਇਕ ਪਰਮਾਤਮਾ ਦਾ ਸੰਕਲਪ ਪ੍ਰਾਪਤ ਹੈ ਅਤੇ ਦੂਜੇ ਪਾਸੇ ਧਰਮ ਸ਼ਾਸਤਰੀ ਪਰਿਪੇਖ ਵਿਚ ਈਸਾਈ ਧਰਮ ਸ਼ਾਸਤਰੀਆਂ ਨੇ ਤ੍ਰੀਏਕਤਾ ਦੇ ਸਿਧਾਂਤ ਨੂੰ ਸਾਹਮਣੇ ਲਿਆਂਦਾ ਹੈ। ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਿਖੇੜੇ ਨੂੰ ਸਪਸ਼ਟ ਕਰਨ ਲਈ ਪਾਦਰੀ ਵਰਗ ਸਾਹਮਣੇ ਆਉਂਦਾ ਹੈ ਜੋ ਇਸ ਸਿਧਾਂਤ ਦੀ ਵਿਆਖਿਆ ਕਰਦਾ ਹੋਇਆ ਈਸਾਈ ਧਰਮ ਦੇ ਸੰਚਾਲਕ ਦੇ ਤੌਰ ’ਤੇ ਵਿਚਰਦਾ ਹੈ।

### 9.4.2 ਈਸਾਈ ਧਰਮ: ਪਰਮਾਤਮਾ, ਮਸੀਹ ਅਤੇ ਮਨੁੱਖ

ਯਹੂਦੀਆਂ ਦੀ ਤਰ੍ਹਾਂ ਈਸਾਈ ਲੋਕਾਂ ਦਾ ਵੀ ਇਹ ਮੰਨਣਾ ਹੈ ਕਿ ਪਰਮਾਤਮਾ ਇਕ ਹੈ ਜਿਸ ਦੇ ਬਰਾਬਰ ਕਿਸੇਵੀ ਦੇਵੀ-ਦੇਵਤੇ ਜਾਂ ਮੂਰਤੀ ਨੂੰ ਸਥਾਪਿਤ ਨਹੀਂ ਕੀਤਾ ਜਾ ਸਕਦਾ। ਈਸਾਈ ਧਰਮ ਅਨੁਸਾਰ ਪਰਮਾਤਮਾ ਦੇ ਸਰੂਪ ਨੂੰ ਵਿਅਕਤ ਕਰਦੇ ਹੋਏ ਡਾ. ਗੁਰਬਚਨ ਸਿੰਘ ਤਾਲਿਬ ਲਿਖਦੇ ਹਨ- ਈਸਾਈ ਧਰਮ ਅਨੁਸਾਰ ਪਰਮਾਤਮਾ ਸਰਬ-ਵਿਆਪਕ, ਸ੍ਵੈ-ਪ੍ਰਕਾਸ਼ਮਾਨ, ਜੋਤ ਸਰੂਪ ਅਤੇ ਪਰਾ ਤਕ ਹੈ। ਉਹ ਪਵਿੱਤਰਤਾ, ਦਇਆ, ਸੱਚਾਈ ਅਤੇ ਆਨੰਦ ਦਾ ਸੋਮਾ ਹੈ। ਉਹ ਕਰਤਾ ਅਤੇ ਮੁਕਤੀ ਦਾਤਾ ਵੀ ਹੈ। ਸਭ ਤੋਂ ਜ਼ਿਆਦਾ ਉਸ ਪਰਮ ਪਿਤਾ ਨੂੰ ਪ੍ਰੀਤ-ਮੁਜੱਸਮੇ ਦਾ ਪ੍ਰਤੀਕ ਮੰਨਿਆ ਗਿਆ ਹੈ ਜਿਸਦਾ ਹਿਰਦਾ ਆਪਣੀ ਸਾਜੀ ਹੋਈ ਮਨੁੱਖਤਾ ਪ੍ਰਤੀ ਪਿਆਰ ਉਛਾਲੇ ਮਾਰਦਾ ਰਹਿੰਦਾ ਹੈ।

ਮਨੁੱਖ ਸੰਬੰਧੀ ਈਸਾਈ ਧਰਮ ਵਿਚ ਇਸ ਸਿਧਾਂਤ ਨੂੰ ਪ੍ਰਮੁੱਖਤਾ ਪ੍ਰਾਪਤ ਹੈ ਕਿ ਮਨੁੱਖ ਭੁਲਣਹਾਰ ਅਥਵਾ ਪਾਪੀ ਹੈ ਅਤੇ ਮਸੀਹ ਬਖਸ਼ਿੰਦ ਹੈ। ਇਸੇ ਲਈ ਕਿਹਾ ਜਾ ਸਕਦਾ ਹੈ ਕਿ ਈਸਾਈ ਧਰਮ ਵਿਚ ਮਨੁੱਖ ਨੂੰ ਪਾਪਾਂ ਦਾ

ਪ੍ਰਤੀਕ ਅਤੇ ਈਸਾ ਮਸੀਹ ਨੂੰ ਪਰਮੇਸ਼ਵਰ ਦੀ ਦੈਵੀ ਕਿਰਪਾ ਦਾ ਪ੍ਰਤੀਨਿਧ ਪਰਵਾਨ ਕੀਤਾ ਜਾਂਦਾ ਹੈ । ਇਹ ਵਿਸ਼ਵਾਸ ਹੀ ਸਾਰੇ ਈਸਾਈ ਧਰਮ ਵਿਗਿਆਨ (Theology) ਦਾ ਕੇਂਦਰੀ ਬਿੰਦੂ ਕਿਹਾ ਜਾ ਸਕਦਾ ਹੈ ।

ਈਸਾਈ ਧਰਮ ਬਾਈਬਲ ਵਿਚ ਵਰਣਿਤ ਪਰਮੇਸ਼ਰ ਦੇ ਪੈਗੰਬਰ ਜਾਂ ਨਬੀਆਂ ਪ੍ਰਤੀ ਸਤਿਕਾਰ ਪ੍ਰਗਟ ਕਰਦਾ ਹੋਇਆ ਈਸਾ ਮਸੀਹ ਵਿਚ ਅਥਾਹ ਵਿਸ਼ਵਾਸ਼ ਪ੍ਰਗਟ ਕਰਦਾ ਹੈ ਕਿਉਂਕਿ ਇਸ ਧਰਮ ਅਨੁਸਾਰ ਈਸਾ ਮਸੀਹ ਪਾਪਾਂ ਤੋਂ ਮੁਕਤੀ ਦੇਣ ਵਾਲੇ ਪਰਮੇਸ਼ਰ ਦੇ ਮਸੀਹਾ ਹਨ। ਬਾਈਬਲ ਦੇ ਨਵੇਂ ਨੇਮ ਵਿਚ ਅਨੇਕਾਂ ਥਾਂਵਾਂ ਤੇ ਈਸਾ ਮਸੀਹ ਵਿਚ ਵਿਸ਼ਵਾਸ਼ ਨੂੰ ਦ੍ਰਿੜ੍ਹਤਾ ਪ੍ਰਦਾਨ ਕਰਨ ਵਾਲੇ ਬਿਰਤਾਂਤ ਪ੍ਰਾਪਤ ਹੋ ਜਾਂਦੇ ਹਨ। ਈਸਾਈ ਵਿਸ਼ਵਾਸ਼ ਅਨੁਸਾਰ ਈਸਾ ਮਸੀਹ ਪ੍ਰਤੀ ਵਿਸ਼ਵਾਸ਼ ’ਤੇ ਸ਼ੱਕ ਕਰਨ ਵਾਲਾ ਮਨੁੱਖ ਵਿਸ਼ਵਾਸ਼ ਦੀ ਘਾਟ ਕਾਰਨ ਕਦੀ ਵੀ ਸਫਲ ਨਹੀਂ ਹੋ ਸਕਦਾ। ਬਾਈਬਲ ਦੇ ਨਵੇਂ ਨੇਮ ਇਸ ਨੂੰ ਪੁਸ਼ਟੀ ਕਰਨ ਵਾਲੀ ਘਟਨਾ ਪ੍ਰਾਪਤ ਹੁੰਦੀ ਹੈ ਕਿ ਜਦੋਂ ਪਿਤਰਸ, ਈਸਾ ਮਸੀਹ ਦਾ ਆਦੇਸ਼ ਪ੍ਰਾਪਤ ਕਰ ਕੇ ਝੀਲ ਦੇ ਪਾਣੀ ’ਤੇ ਤੁਰਨ ਲੱਗਦਾ ਹੈ ਤਾਂ ਉਹ ਪਾਣੀ ਵਿਚ ਡੁੱਬਣ ਲੱਗਿਆ। ਈਸਾ ਮਸੀਹ ਉਸ ਨੂੰ ਹੱਥਾਂ ਨਾਲ ਚੁੱਕ ਕੇ ਬਾਹਰ ਕੱਢਿਆ ਅਤੇ ਡੁੱਬਣ ਦਾ ਕਾਰਨ ਦੱਸਦੇ ਹੋਏ ਕਿਹਾ ਕਿ ਪਿਤਰਸ ਦੁਆਰਾ ਈਸਾ ਮਸੀਹ ਉੱਪਰ ਵਿਸ਼ਵਾਸ਼ ਪ੍ਰਤੀ ਕੀਤਾ ਗਿਆ ਸ਼ੱਕ ਨੇ ਹੀ ਉਸ ਨੂੰ ਪਾਣੀ ਉੱਪਰ ਤੁਰਨ ਨਾ ਦਿੱਤਾ। ਇਸਾਈ ਧਰਮ ਜਿਥੇ ਪਰਮੇਸ਼ਰ ਦੇ ਪੈਗੰਬਰਾਂ ਜਾਂ ਮਸੀਹ ਪ੍ਰਤੀ ਸਤਿਕਾਰ ਪ੍ਰਗਟ ਕਰਦਾ ਹੈ ਉਥੇ ਨਵੇਂ ਨੇਮ ਵਿਚ ਈਸਾਈ ਧਰਮ ਦੇ ਅਨੁਯਾਈਆਂ ਨੂੰ ਝੂਠੇ ਨਬੀਆਂ ਤੋਂ ਸੁਚੇਤ ਵੀ ਕੀਤਾ ਗਿਆ ਹੈ ਕਿ ਉਹ ਆਪਣੇ ਆਪ ਨੂੰ ਨਬੀ ਅਖਵਾਉਣ ਵਾਲੇ ਹਰ ਮਨੁੱਖ ਦੇ ਪਿੱਛੇ ਨਾ ਤੁਰਨ ਕਿਉਂਕਿ ਅਜਿਹਾ ਕਰਨ ਨਾਲ ਪਿਤਾ ਪਰਮੇਸ਼ਰ ਦੀ ਖੁਸੀ ਪ੍ਰਾਪਤ ਨਹੀਂ ਹੁੰਦੀ।

ਜਦੋਂ ਈਸਾਈ ਧਰਮ ਵਿਚ ਅਸੀਂ ਮਨੁੱਖੀ ਉਤਪਤੀ ਅਤੇ ਵਿਕਾਸ ਸੰਬੰਧੀ ਪੱਖ ਜਾਣਨ ਦੀ ਕੋਸਿਸ਼ ਕਰਦੇ ਹਾਂ ਤਾਂ ਬਾਈਬਲ ਦੇ ਆਰੰਭ ਵਿਚ ਇਸ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਪਰਮੇਸ਼ਵਰ ਨੇ ਆਦਮੀ ਨੂੰ ਆਪਣੇ ਸਰੂਪ ਵਿਚੋਂ ਉਤਪਤ ਕੀਤਾ। ਪਹਿਲੇ ਮਨੁੱਖ ਨੂੰ ਬਾਈਬਲ ਵਿਚ ‘ਆਦਮ’ ਅਤੇ ਉਸਦੀ ਸਾਥਣ ਪਹਿਲੀ ਨਾਰੀ ਨੂੰ ‘ਹਵਾ’ ਦੀ ਸੰਗਿਆ ਦਿੱਤੀ ਗਈ ਹੈ। ਇਨ੍ਹਾਂ ਦੋਹਾਂ ਨੂੰ ਪਰਮੇਸ਼ਵਰ ਨੇ ਅਦਨ ਦੇ ਬਾਗ ਵਿਚ ਰੱਖਿਆ ਅਤੇ ਇਨ੍ਹਾਂ ਦੀ ਪਵਿੱਤਰਤਾ, ਭੋਲਾਪਣ, ਨਿਰਮਲਤਾ ਤੇ ਨਿਹਪਤਾ ਨੂੰ ਕਾਇਮ ਰੱਖਣ ਲਈ ਇਨ੍ਹਾਂ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਫਲ ਖਾਣ ਤੋਂ ਵਿਵਰਜਿਤ ਕੀਤਾ । ਪ੍ਰੰਤੂ ਸ਼ੈਤਾਨ ਜਿਸਨੂੰ ਬਾਈਬਲ ਦੇ ਇਸੇ ਪਹਿਲੇ ਭਾਗ ਵਿਚ ਸੱਪ ਕਿਹਾ ਗਿਆ ਹੈ, ਨੇ ਹਵਾ ਨੂੰ ਵਰਗਲਾਇਆ ਅਤੇ ਹਵਾ ਨੇ ਆਦਮ ਨੂੰ ਇਸ ਖੋਟੇ ਮਾਰਗ ਤੇ ਤੋਰਿਆ । ਉਸਨੇ ਖੁਦਾ ਦੀ ਹੁਕਮ ਅਦੂਲੀ

ਕਰਕੇ ਬਹਿਸ਼ਤੀ ਫਲ ਖਾ ਲਿਆ, ਜਿਸ ਕਰਕੇ ਪਾਪ ਦਾ ਬੀਜ ਆਦਮ ਤੇ ਹਵਾ ਵਿਚ ਬੀਜਿਆ ਗਿਆ ਤੇ ਉਹੀ ਗੁਨਾਹ ਆਦਮ ਦੀ ਸੰਤਾਨ ਹੋਣ ਕਰਕੇ ਮਨੁੱਖੀ ਵਿਰਸੇ ਵਿਚ ਫਿਤਰਤ ਬਣਕੇ ਆ ਗਿਆ ਤੇ ਚਲਿਆ ਆਉਂਦਾ ਹੈ। ਆਦਮ ਦੀ ਸੰਤਾਨ ਹੋਣ ਕਰਕੇ ਕੋਈ ਮਨੁੱਖ ਵੀ ਇਸ ਤੋਂ ਬਰੀ ਨਹੀਂ ਹੋ ਸਕਦਾ। ਇਹ ਮਨੁੱਖ ਦੇ ਸੁਭਾ ਦਾ ਅੰਗ ਬਣ ਗਿਆ ਹੈ। ਇਸ ਪਾਪ ਕਰਕੇ ਪਰਮੇਸ਼ਵਰ ਨੇ ਆਦਮ 'ਤੇ ਹਵਾ ਨੂੰ ਅਦਨ ਦੇ ਬਾਗ ਵਿਚੋਂ ਕੱਢ ਦਿੱਤਾ। ਬਾਈਬਲ ਵਿਚਲੀ ਇਸ ਕਹਾਣੀ ਦੀ ਇਤਿਹਾਸਕਤਾ ਜਾਂ ਮਿਥਿਹਾਸਕਤਾ ਬਾਰੇ ਵਿਸ਼ਲੇਸ਼ਣ ਕਰਦਿਆਂ ਬਰੈਡਫੋਰਡ ਦਾ ਬਿਸ਼ਪ ਲਿਖਦਾ ਹੈ, " ਉਤਪੱਤ ਦੇ ਤੀਜੇ ਅਧਿਆਇ ਦੀ ਕਹਾਣੀ ਇਤਿਹਾਸਕ ਤੌਰ ਤੇ ਸੱਚੀ ਹੈਂ ਜਾਂ ਝੂਠੀ, ਇਹ ਇਕ ਨਿਗੂਣਾ ਜਿਹਾ ਵਿਚਾਰ ਹੈ, ਕਿਉਂਕਿ ਸੱਚਾਈ ਇਹ ਹੈ ਕਿ ਸਾਨੂੰ ਅੱਜ ਹਰ ਘਰ ਵਿਚ ਆਦਮ ਅਤੇ ਹਵਾ ਦਿਖਾਈ ਦੇ ਰਹੇ ਹਨ। ਬੇਸ਼ੱਕ ਆਦਮ ਅਤੇ ਹਵਾ ਦੀ ਕਹਾਣੀ ਮਨੁੱਖਤਾ ਦਾ ਪ੍ਰਾਰੰਭਿਕ ਇਤਿਹਾਸ ਨਾ ਵੀ ਹੋਵੇ , ਪਰ ਇਸ ਤੋਂ ਕਿਤੇ ਵਧੇਰੇ ਇਸ ਦੀ ਮਹੱਤਤਾ ਇਸ ਵਿਚ ਹੈ ਕਿ ਇਸ ਵਿਚਲਾ 'ਸੱਤ ਚਿਰਜੀਵ ਹੈ, ਅਰਥਾਤ ਉਹ ਹਰ ਕਾਲ ਵਿਚ ਸੱਚ ਹੈ। ਇਸ ਦਾ ਨਤੀਜਾ ਇਹ ਹੈ ਕਿ ਮਨੁੱਖ ਨੇ ਆਪਣੀ ਸੁਤੰਤਰ ਇੱਛਾ ਦਾ ਦੁਰਉਪਯੋਗ ਆਪਣੇ ਹੀ ਭਲੇ ਲਈ ਕੀਤਾ, ਨਾ ਕਿ ਪਰਮੇਸ਼ਵਰ ਦੇ ਲਈ ਅਤੇ ਇਸੇ ਨਾਲ ਮਨੁੱਖੀ ਇਤਿਹਾਸ ਗ਼ਲਤ ਰਾਹ ਤੇ ਪੈ ਗਿਆ। ਉਕਤ ਵਿਸ਼ਲੇਸ਼ਣ ਦੇ ਆਧਾਰ ਤੇ ਬਾਈਬਲ ਦੀ ਇਸ ਕਹਾਣੀ ਵਿਚ ਪ੍ਰਗਟਾਏ ਤੱਥਾਂ ਤੋਂ ਤਿੰਨ ਗੱਲਾਂ ਸਾਹਮਣੇ ਆਉਂਦੀਆਂ ਪ੍ਰਵਾਨ ਕੀਤੀਆਂ ਜਾ ਸਕਦੀਆਂ ਹਨ :

1. ਮਨੁੱਖ ਦੀ ਰਚਨਾ ਪਰਮੇਸ਼ਵਰ ਦੇ ਆਪੇ ਤੋਂ ਹੋਈ ਭਾਵ ਕਿ ਮਨੁੱਖ ਪਰਮਾਤਮਾ ਸਰੂਪ ਹੈ।
2. ਮਨੁੱਖ ਦੀ ਉਤਪਤੀ ਵੇਲੇ ਇਹ ਨਿਹਪਾਪ ਸੀ ਅਤੇ ਇਸਦਾ ਪਰਮਾਤਮਾ ਨਾਲ ਸਿੱਧਾ ਸੰਬੰਧ ਸੀ।
3. ਪਰਮਾਤਮਾ ਨੇ ਮਨੁੱਖ ਦੀ ਉਤਪਤੀ ਵੇਲੇ ਹੀ ਮਨੁੱਖ ਨੂੰ ਕਰਮ ਕਰਨ ਵਿਚ ਸੁਤੰਤਰ ਰੱਖਿਆ।

ਬਾਈਬਲ ਇਸ ਗੱਲ ਤੇ ਵਧੇਰੇ ਜ਼ੋਰ ਦਿੰਦੀ ਹੈ ਕਿ ਇਹ ਸਾਰਾ ਬ੍ਰਹਿਮੰਡ ਮਨੁੱਖ ਲਈ ਹੀ ਬਣਾਇਆ ਗਿਆ ਸੀ ਅਤੇ ਇਸੇ ਇਕ ਖਾਸ ਛਿਣ ਜਾਂ ਸ਼ਾਇਦ ਲੰਬੇ ਵਿਕਾਸ ਤਥਾ ਵਿਸਤਾਰ ਦੇ ਅਖੀਰ ਉਤੇ ਈਸ਼ਵਰ ਨੇ ਮਨੁੱਖੀ ਰੂਹ ਆਦਮ ਅਤੇ ਹਵਾ ਵਿਚ ਫੂਕੀ ਜੋ ਸਭ ਤੋਂ ਪਹਿਲਾਂ ਤੀਵੀਂ ਅਤੇ ਮਰਦ ਦੇ ਰੂਪ ਵਿਚ ਸਾਡੇ ਸਾਹਮਣੇ ਆਏ। ਕੇਵਲ ਮਨੁੱਖ ਹੀ ਇਕ ਵੱਖਰੀ ਕਿਸਮ ਦਾ ਪ੍ਰਾਣੀ ਹੈ ਜੋ ਪਰਮਾਤਮਾ ਨੂੰ ਪਿਆਰ ਕਰ ਸਕਦਾ ਹੈ ਅਤੇ ਉਸ ਤੋਂ ਮੁਨਕਰ ਵੀ ਹੋ ਸਕਦਾ ਹੈ, ਕਿਉਂਕਿ ਉਹ ਸੁਤੰਤਰ ਹੈ।

### 9.4.3 ਸ੍ਰਿਸ਼ਟੀ ਰਚਨਾ ਬਾਰੇ ਈਸਾਈ ਧਰਮ ਦੇ ਵਿਚਾਰ

ਈਸਾਈ ਧਰਮ ਵਿਚ ਸ੍ਰਿਸ਼ਟੀ ਰਚਨਾ ਸੰਬੰਧੀ ਵਿਚਾਰਾਂ ਦਾ ਆਧਾਰ ਮੁੱਖ ਤੌਰ ’ਤੇ ਯਹੂਦੀ ਧਰਮ ਦੀ ਵਿਚਾਰਧਾਰਾ ਹੀ ਹੈ ਜਿਸ ਨੂੰ ਬਾਈਬਲ ਦੇ ਪੁਰਾਣੇ ਨੇਮ ਵਿਚ ਉਤਪਤੀ ਦੀ ਪੋਥੀ ਵਿਚ ਦੇਖਿਆ ਜਾ ਸਕਦਾ ਹੈ ਇਸ ਪ੍ਰਕਾਰ ਈਸਾਈ ਧਰਮ ਦੇ ਸ੍ਰਿਸ਼ਟੀ ਰਚਨਾ ਬਾਰੇ ਵਿਚਾਰ ਯਹੂਦੀ ਧਰਮ ਨਾਲ ਮੇਲ ਖਾਂਦੇ ਹਨ ਜੋ ਇਸ ਪ੍ਰਕਾਰ ਹਨ-

**ਪਹਿਲਾ ਦਿਨ**

ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਸਾਜਿਆ। ਪਹਿਲਾਂ ਧਰਤੀ ਬਿਲਕੁਲ ਸੱਖਣੀ ਸੀ ਧਰਤੀ ਉਤੇ ਕੁਝ ਵੀ ਨਹੀਂ ਸੀ। ਹਨੇਰੇ ਨੇ ਸਮੁੰਦਰ ਨੂੰ ਕੱਜਿਆ ਹੋਇਆ ਸੀ, ਅਤੇ ਪਰਮੇਸ਼ੁਰ ਦਾ ਆਤਮਾ ਪਾਣੀ ਉੱਤੇ ਚਲਦਾ ਸੀ। ਫ਼ੇਰ ਪਰਮੇਸ਼ੁਰ ਨੇ ਆਖਿਆ, “ਰੌਸ਼ਨੀ ਹੋ ਜਾਵੇ!” ਅਤੇ ਰੌਸ਼ਨੀ ਚਮਕਣ ਲੱਗੀ। ਪਰਮੇਸ਼ੁਰ ਨੇ ਰੌਸ਼ਨੀ ਨੂੰ ਵੇਖਿਆ, ਅਤੇ ਉਸ ਨੇ ਜਾਣਿਆ ਕਿ ਉਹ ਚੰਗੀ ਸੀ। ਫ਼ੇਰ ਪਰਮੇਸ਼ੁਰ ਨੇ ਰੋਸ਼ਨੀ ਨੂੰ ਹਨੇਰੇ ਤੋਂ ਵੱਖ ਕੀਤਾ। ਪਰਮੇਸ਼ੁਰ ਨੇ ਰੌਸ਼ਨੀ ਨੂੰ “ਦਿਨ” ਦਾ ਨਾਮ ਦਿੱਤਾ, ਅਤੇ ਹਨੇਰੇ ਨੂੰ “ਰਾਤ” ਦਾ ਨਾਮ ਦਿੱਤਾ। ਸ਼ਾਮ ਹੋਈ ਅਤੇ ਫ਼ੇਰ ਸਵੇਰ ਹੋਈ। ਇਹ ਪਹਿਲਾ ਦਿਨ ਸੀ।

**ਦੂਸਰਾ ਦਿਨ**

ਅਕਾਸ਼ ਫੇਰ ਪਰਮੇਸ਼ੁਰ ਨੇ ਆਖਿਆ, “ਪਾਣੀ ਨੂੰ ਦੋ ਹਿੱਸਿਆਂ ਵਿਚ ਵੰਡਣ ਲਈ ਵਾਯੂਮੰਡਲ ਹੋਵੇ!” ਇਸ ਲਈ ਪਰਮੇਸ਼ੁਰ ਨੇ ਵਾਯੂਮੰਡਲ ਸਾਜਿਆ ਅਤੇ ਵਾਯੂਮੰਡਲ ਦੇ ਹੇਠਲੇ ਪਾਣੀ ਨੂੰ ਵਾਯੂਮੰਡਲ ਦੇ ਉੱਪਰਲੇ ਪਾਣੀ ਤੋਂ ਵੱਖ ਕੀਤਾ। ਇਹੀ ਕੁਝ ਵਾਪਰਿਆ। “ਪਰਮੇਸ਼ੁਰ ਨੇ ਹਵਾ ਨੂੰ “ਅਕਾਸ਼” ਦਾ ਨਾਮ ਦਿੱਤਾ। ਸ਼ਾਮ ਹੋਈ, ਅਤੇ ਫੇਰ ਸਵੇਰ ਹੋਈ। ਇਹ ਦੂਸਰਾ ਦਿਨ ਸੀ।

**ਤੀਸਰਾ ਦਿਨ**

ਫ਼ੇਰ ਪਰਮੇਸ਼ੁਰ ਨੇ ਆਖਿਆ, “ਅਕਾਸ਼ ਦੇ ਹੇਠਲਾ ਪਾਣੀ ਇਕ ਜਗ੍ਹਾ ਤੇ ਇਕੱਠਾ ਹੋ ਜਾਵੇ ਅਤੇ ਸੁੱਕੀ ਜ਼ਮੀਨ ਪ੍ਰਗਟ ਹੋਵੇ।” ਇਹੀ ਵਾਪਰਿਆ। ਪਰਮੇਸ਼ੁਰ ਨੇ ਖੁਸ਼ਕ ਜ਼ਮੀਨ ਨੂੰ “ਧਰਤੀ” ਦਾ ਨਾਮ ਦਿੱਤਾ। ਅਤੇ ਪਰਮੇਸ਼ੁਰ ਨੇ ਇਕੱਠੇ ਹੋਏ ਪਾਣੀ ਨੂੰ “ਸਮੁੰਦਰ” ਦਾ ਨਾਮ ਦਿੱਤਾ। ਪਰਮੇਸ਼ੁਰ ਨੇ ਦੇਖਿਆ ਕਿ ਇਹ ਚੰਗਾ ਸੀ। ਫ਼ੇਰ ਪਰਮੇਸ਼ੁਰ ਨੇ ਆਖਿਆ, “ਧਰਤੀ ਘਾਹ ਤੇ ਪੌਦੇ ਉਗਾਵੇ ਜਿਹੜੇ ਅਨਾਜ ਅਤੇ ਫਲਦਾਰ ਰੁੱਖ ਪੈਦਾ ਕਰਨ ਜਿਹੜੇ ਬੀਜ਼ਾਂ ਵਾਲੇ ਫ਼ਲ ਪੈਦਾ ਕਰਨ। ਉਹ ਧਰਤੀ ਉੱਤੇ ਉੱਗਣ ਅਤੇ ਆਪਣੀ ਕਿਸਮ ਅਨੁਸਾਰ ਬੀਜ਼ ਪੈਦਾ ਕਰਨ। ਇਹੀ ਕੁਝ ਵਾਪਰਿਆ।”

ਧਰਤੀ ਨੇ ਅਨਾਜ਼ ਪੈਦਾ ਕਰਨ ਵਾਲਾ ਘਾਹ ਅਤੇ ਪੌਦੇ ਉਗਾਏ ਅਤੇ ਇਸਨੇ ਰੁੱਖ ਉਗਾਏ ਜਿਨ੍ਹਾਂ ਤੇ ਬੀਜ਼ਾਂ ਵਾਲੇ ਫ਼ਲ ਸਨ। ਹਰ ਪੌਦੇ ਨੇ ਆਪਣੀ ਕਿਸਮ ਦੇ ਬੀਜ ਬਣਾਏ। ਅਤੇ ਪਰਮੇਸ਼ੁਰ ਦੇਖਿਆ ਕਿ ਇਹ ਚੰਗਾ ਸੀ। ਸ਼ਾਮ ਹੋਈ ਅਤੇ ਫੇਰ ਸਵੇਰ ਹੋ ਗਈ। ਇਹ ਤੀਸਰਾ ਦਿਨ ਸੀ।

**ਚੌਥਾ ਦਿਨ**

ਸੂਰਜ, ਚੰਨ ਅਤੇ ਤਾਰੇ । ਫੇਰ ਪਰਮੇਸ਼ੁਰ ਨੇ ਆਖਿਆ, "ਰਾਤਾਂ ਨੂੰ ਦਿਨਾਂ ਨਾਲੋਂ ਵੱਖ ਕਰਨ ਲਈ ਅਕਾਸ਼ ਵਿਚ ਰੋਸ਼ਨੀਆਂ ਹੋਣ। ਇਹ ਰੌਸ਼ਨੀਆਂ ਪਰਬਾਂ ਦੀਆਂ ਰੁੱਤਾਂ ਅਤੇ ਦਿਨਾਂ ਅਤੇ ਸਾਲਾਂ ਲਈ ਸੰਕੇਤ ਹੋਣ। ਇਹ ਰੌਸ਼ਨੀਆਂ ਧਰਤੀ ਉੱਤੇ ਰੌਸ਼ਨੀ ਚਮਕਾਉਣ ਲਈ ਆਕਾਸ਼ ਵਿਚ ਹੋਣਗੀਆਂ।" ਅਤੇ ਇਹੀ ਵਾਪਰਿਆ।

ਇਸ ਲਈ ਪਰਮੇਸ਼ੁਰ ਨੇ ਦੋ ਵਿਸ਼ਾਲ ਰੌਸ਼ਨੀਆਂ ਸਾਜੀਆਂ। ਪਰਮੇਸ਼ੁਰ ਨੇ ਦਿਨ ਤੇ ਹਕੂਮਤ ਕਰਨ ਲਈ ਵਿਸ਼ਾਲ ਰੌਸ਼ਨੀ ਅਤੇ ਰਾਤ ਤੇ ਹਕੂਮਤ ਕਰਨ ਲਈ ਛੋਟੀ ਰੋਸ਼ਨੀ ਦੀ ਸਾਜਨਾ ਕੀਤੀ। ਉਸ ਨੇ ਤਾਰੇ ਵੀ ਸਾਜੇ। ਪਰਮੇਸ਼ੁਰ ਨੇ ਇਨ੍ਹਾਂ ਰੌਸ਼ਨੀਆਂ ਨੂੰ ਧਰਤੀ ਉੱਤੇ ਚਮਕਣ ਲਈ ਆਕਾਸ਼ ਵਿਚ ਧਰ ਦਿੱਤਾ। ਪਰਮੇਸ਼ੁਰ ਨੇ ਇਨ੍ਹਾਂ ਰੌਸ਼ਨੀਆਂ ਨੂੰ ਦਿਨ ਅਤੇ ਰਾਤ ਉੱਤੇ ਹਕੂਮਤ ਕਰਨ ਲਈ ਅਕਾਸ਼ ਵਿਚ ਪਾ ਦਿੱਤਾ। ਇਨ੍ਹਾਂ ਰੌਸ਼ਨੀਆਂ ਨੇ ਰੌਸ਼ਨੀ ਨੂੰ ਹਨੇਰੇ ਨਾਲੋਂ ਵੱਖ ਕਰ ਦਿੱਤਾ ਅਤੇ ਪਰਮੇਸ਼ੁਰ ਨੇ ਵੇਖਿਆ ਇਹ ਚੰਗਾ ਸੀ। ਸ਼ਾਮ ਹੋ ਗਈ ਅਤੇ ਫ਼ੇਰ ਸਵੇਰ ਹੋਈ। ਇਹ ਚੌਥਾ ਦਿਨ ਸੀ।

**ਪੰਜਵਾਂ ਦਿਨ**

ਪਰਮੇਸ਼ੁਰ ਨੇ ਆਖਿਆ, "ਪਾਣੀ ਬਹੁਤ ਸਾਰੇ ਜੀਵਿਤ ਪ੍ਰਾਣੀਆਂ ਨਾਲ ਭਰ ਜਾਵੇ ਅਤੇ ਅਕਾਸ਼ ਦੇ ਵਾਯੂਮੰਡਲ ਦੇ ਆਰ- ਪਾਰ ਪੰਛੀ ਉੱਡਦੇ ਰਹਿਣ।" ਇਸ ਲਈ ਪਰਮੇਸ਼ੁਰ ਨੇ ਵਿਸ਼ਾਲ ਸਮੁੰਦਰੀ ਜਾਨਵਰਾਂ ਅਤੇ ਹਰ ਤਰ੍ਹਾਂ ਦੇ ਜੀਵਿਤ ਪ੍ਰਾਣੀਆਂ ਦੀ ਸਾਜਨਾ ਕੀਤੀ ਜੋ ਸਮੁੰਦਰ ਵਿਚ ਵਿਚਰਦੇ ਹਨ। ਪਰਮੇਸ਼ੁਰ ਨੇ ਅਕਾਸ਼ ਵਿਚ ਉੱਡਣ ਵਾਲੇ ਹਰ ਪ੍ਰਕਾਰ ਦੇ ਪੰਛੀਆਂ ਨੂੰ ਸਾਜਿਆ। ਅਤੇ ਪਰਮੇਸ਼ੁਰ ਨੇ ਵੇਖਿਆ ਇਹ ਚੰਗਾ ਸੀ।ਪਰਮੇਸ਼ੁਰ ਨੇ ਇਨ੍ਹਾਂ ਜਾਨਵਰਾਂ ਨੂੰ ਅਸੀਸ ਦਿੱਤੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਬਹੁਤ ਸਾਰੇ ਬੱਚੇ ਪੈਦਾ ਕਰਨ ਅਤੇ ਸਮੁੰਦਰ ਨੂੰ ਭਰ ਦੇਣ ਲਈ ਆਖਿਆ ਅਤੇ ਪਰਮੇਸ਼ੁਰ ਨੇ ਧਰਤੀ ਉਤਲੇ ਪੰਛੀਆਂ ਨੂੰ ਹੋਰ ਅਨੇਕਾਂ ਪੰਛੀ ਪੈਦਾ ਕਰਨ ਲਈ ਆਖਿਆ। ਸ਼ਾਮ ਹੋ ਗਈ ਅਤੇ ਫ਼ੇਰ ਸਵੇਰ ਹੋਈ। ਇਹ ਪੰਜਵਾਂ ਦਿਨ ਸੀ।

**ਛੇਵਾਂ ਦਿਨ**

ਫ਼ੇਰ ਪਰਮੇਸ਼ੁਰ ਨੇ ਆਖਿਆ, "ਆਓ ਹੁਣ ਆਦਮੀ ਦੀ ਸਾਜਨਾ ਕਰੀਏ। ਅਸੀਂ ਲੋਕਾਂ ਨੂੰ ਆਪਣੀ ਨਕਲ ਦੇ ਰੂਪ ਵਿਚ ਸਾਜਾਂਗੇ। ਲੋਕ ਸਾਡੇ ਵਰਗੇ ਹੋਣਗੇ। ਉਹ ਸਮੁੰਦਰ ਦੇ ਸਾਰੇ ਜੀਵਾਂ ਅਤੇ ਹਵਾ ਦੇ ਸਾਰੇ ਪੰਛੀਆਂ ਉੱਤੇ ਰਾਜ ਕਰਨਗੇ। ਉਹ ਸਾਰੇ ਵੱਡੇ ਜਾਨਵਰਾਂ ਅਤੇ ਧਰਤੀ ਉੱਤੇ ਰੀਂਗਣ ਵਾਲੇ ਸਾਰੇ ਛੋਟੇ ਜੀਵਾਂ ਉੱਤੇ ਰਾਜ ਕਰਨਗੇ।"

ਇਸ ਲਈ ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਅਕਸ ਵਿਚ ਸਾਜਿਆ। ਉਸ ਨੇ ਉਸ ਨੂੰ ਆਪਣੇ ਖੁਦ ਦੇ ਚਰਿਤ੍ਰ ਮੁਤਾਬਿਕ ਸਾਜਿਆ। ਉਸ ਨੇ ਉਨ੍ਹਾਂ ਨੂੰ ਨਰ ਅਤੇ ਨਾਰੀ ਦੇ ਰੂਪ ਵਿਚ ਸਾਜਿਆ। ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਆਖਿਆ, "ਬਹੁਤ ਸਾਰੇ ਬੱਚੇ ਪੈਦਾ ਕਰੋ। ਧਰਤੀ ਨੂੰ ਭਰ ਦਿਓ ਅਤੇ ਇਸਨੂੰ ਆਪਣੇ ਅਧਿਕਾਰ ਵਿਚ ਲੈ ਲਵੋ। ਸਮੁੰਦਰੀ ਜੀਵਾਂ ਅਤੇ ਹਵਾਈ ਪੰਛੀਆਂ ਉੱਤੇ ਰਾਜ ਕਰੋ। ਧਰਤੀ ਉੱਤੇ ਤੁਰਨ ਫ਼ਿਰਨ ਵਾਲੀ ਹਰ ਸ਼ੈਅ ਉੱਤੇ ਰਾਜ ਕਰੋ।"

ਪਰਮੇਸ਼ੁਰ ਨੇ ਆਖਿਆ, "ਮੈਂ ਤੁਹਾਨੂੰ ਅਨਾਜ਼ ਪੈਦਾ ਕਰਨ ਵਾਲੇ ਸਮੂਹ ਪੌਦੇ ਅਤੇ ਸਮੂਹ ਫ਼ਲਦਾਰ ਰੁੱਖ ਦੇ ਰਿਹਾ ਹਾਂ। ਉਹ ਰੁੱਖ ਬੀਜਾਂ ਵਾਲੇ ਫ਼ਲ ਪੈਦਾ ਕਰਦੇ ਹਨ। ਇਹ ਅਨਾਜ਼ ਅਤੇ ਫ਼ਲ ਤੁਹਾਡਾ ਭੋਜਨ ਹੋਣਗੇ। ਅਤੇ ਮੈਂ ਸਮੂਹ ਹਰੇ ਪੌਦੇ ਜਾਨਵਰਾਂ ਨੂੰ ਦੇ ਰਿਹਾ ਹਾਂ। ਉਹ ਹਰੇ ਪੌਦੇ ਉਨ੍ਹਾਂ ਦਾ ਭੋਜਨ ਹੋਣਗੇ। ਧਰਤੀ ਉਤਲਾ ਹਰ ਜਾਨਵਰ, ਹਵਾ ਵਿਚਲਾ ਹਰ ਪੰਛੀ, ਅਤੇ ਉਹ ਸਾਰੇ ਛੋਟੇ ਜੀਵ ਜਿਹੜੇ ਧਰਤੀ ਉੱਤੇ ਰੀਂਗਦੇ ਹਨ, ਉਸ ਭੋਜਨ ਨੂੰ ਖਾਣਗੇ।" ਅਤੇ ਇਹ ਸਾਰੀਆਂ ਗੱਲਾਂ ਵਾਪਰ ਗਈਆਂ। ਪਰਮੇਸ਼ੁਰ ਨੇ ਉਨ੍ਹਾਂ ਸਾਰੀਆਂ ਚੀਜ਼ਾਂ ਵੱਲ ਤੱਕਿਆ ਜੋ ਉਸਨੇ ਸਾਜੀਆਂ ਸਨ ਅਤੇ ਉਸ ਨੇ ਵੇਖਿਆ ਕਿ ਸਭ ਕੁਝ ਬਹੁਤ ਚੰਗਾ ਸੀ। ਸ਼ਾਮ ਹੋ ਗਈ ਅਤੇ ਫ਼ੇਰ ਸਵੇਰ ਹੋਈ। ਇਹ ਛੇਵਾਂ ਦਿਨ ਸੀ।

**ਸੱਤਵਾਂ ਦਿਨ**

ਇਸ ਤਰ੍ਹਾਂ ਧਰਤੀ ਅਕਾਸ਼ ਅਤੇ ਉਨ੍ਹਾਂ ਵਿਚਲੀ ਹਰ ਸ਼ੈਅ ਦੀ ਸਾਜਨਾ ਸੰਪੂਰਨ ਹੋ ਗਈ। ਪਰਮੇਸ਼ਰ ਨੇ ਆਪਣਾ ਕੰਮ, ਜੋ ਉਹ ਕਰ ਰਿਹਾ ਸੀ ਖ਼ਤਮ ਕਰ ਲਿਆ। ਇਸ ਲਈ ਪਰਮੇਸ਼ੁਰ ਨੇ ਸੱਤਵੇਂ ਦਿਨ ਅਰਾਮ ਕੀਤਾ। ਪਰਮੇਸ਼ੁਰ ਨੇ ਸੱਤਵੇਂ ਦਿਨ ਨੂੰ ਅਸੀਸ ਦਿੱਤੀ ਅਤੇ ਇਸ ਨੂੰ ਪਵਿੱਤਰ ਦਿਨ ਬਣਾਇਆ, ਕਿਉਂ ਕਿ ਉਸ ਨੇ ਉਨ੍ਹਾਂ ਸਾਰੇ ਕੰਮਾਂ ਤੋਂ ਅਰਾਮ ਲਿਆ ਜੋ ਉਹ ਸੰਸਾਰ ਦੀ ਸਾਜਨਾ ਕਰਨ ਵੇਲੇ ਕਰ ਰਿਹਾ ਸੀ।

### 9.4.4 ਪੁਨਰ ਜਨਮ ਵਿਚ ਵਿਸ਼ਵਾਸ

ਈਸਾਈ ਧਰਮ ਵਿਚ ਪੁਨਰ ਉਥਾਨ ਅਥਵਾ ਮੁੜ ਸੁਰਜੀਤੀ ਦੇ ਵਿਸ਼ਵਾਸ ਨੂੰ ਈਸਾਈ ਧਰਮ ਦਾ ਅਹਿਮ ਨੁਕਤਾ ਪ੍ਰਵਾਨ ਕੀਤਾ ਗਿਆ ਹੈ । ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਤ੍ਰੀਏਕਤਾ ਸਿਧਾਂਤ ਦਾ ਇਹ ਤੀਸਰਾ ਅਤੇ ਮਹੱਤਵਪੂਰਣ ਭਾਗ ਹੈ ਜੋ ਈਸਾਈ ਧਰਮ ਦਾ ਆਧਾਰ ਕਿਹਾ ਜਾ ਸਕਦਾ ਹੈ । ਆਨੰਦ ਸਪੈਂਸਰ ਜ਼ਿਕਰ ਕਰਦੇ ਹਨ ਕਿ ਬਾਈਬਲ ਦੇ ਇੰਜੀਲ ਅਥਵਾ ਨਵੇਂ ਨੇਮ ਵਾਲੇ ਭਾਗ ਵਿਚ ਬਹੁਤ ਥਾਈਂ ਇਹ ਅੰਕਿਤ ਹੈ ਕਿ ਯਿਸੂ ਮਸੀਹ ਮਰਕੇ ਮੁੜ ਜੀਵਨ ਨੂੰ ਪ੍ਰਾਪਤ ਹੋਏ। ਉਹ ਚਾਲੀ ਦਿਨ ਤੱਕ ਆਪਣੇ ਪੈਰੋਕਾਰਾਂ ਅਤੇ ਹੋਰਨਾਂ ਲੋਕਾਂ ਨੂੰ ਦਰਸ਼ਨ ਦਿੰਦੇ ਰਹੇ। ਫਿਰ ਉਹ ਅਸਮਾਨ ਤੇ ਚਲੇ ਗਏ ਅਤੇ ਫਿਰ ਦਸ ਦਿਨ ਬਾਅਦ ਪੈਂਤੀਕੋਸਤ (Penticost ) ਦੇ ਦਿਨ ਆਪਣੇ ਸ਼ਿਸ਼ਾਂ ਸਾਹਮਣੇ ਪਵਿੱਤਰ ਆਤਮਾ ਦੇ (Holy spirit) ਰੂਪ ਵਿਚ ਆਵਤਰਿਤ ਹੋਏ । ਬਾਈਬਲ ਵਿਚ ਕਈ ਥਾਵਾਂ ’ਤੇ ਯਿਸੂ ਮਸੀਹ ਦੇ ਆਪਣੇ ਵਲੋਂ ਵੀ ਇਹ ਭਵਿੱਖ ਬਾਣੀ ਦਰਜ ਹੈ ਕਿ ਮੈਂ ਮਰਨ ਤੋਂ ਬਾਅਦ ਮੁੜ ਪਵਿੱਤਰ ਆਤਮਾ ਦੇ ਰੂਪ ਵਿਚ ਦਰਸ਼ਨ ਦੇਵਾਂਗਾ।

### 9.4.5 ਈਸਾ ਮਸੀਹ ਦੇ ਪਹਾੜੀ ਦੇ ਉਪਦੇਸ਼

ਸੰਤ ਯੂਹੰਨਾ ਤੋਂ ਬਪਿਸਤਮਾ ਲੈਣ ਤੋਂ ਬਾਅਦ ਈਸਾ ਮਸੀਹ ਨੇ ਗਲੀਲ ਸ਼ਹਿਰ ਵਿਚ ਆਪਣਾ ਮਿਸ਼ਨ ਆਰੰਭ ਕੀਤਾ ਅਤੇ ਇਕੱਠੀ ਹੋਈ ਭੀੜ ਨੂੰ ਇਕ ਪਹਾੜੀ ’ਤੇ ਚੜ੍ਹ ਕੇ ਉਪਦੇਸ਼ ਦਿੱਤੇ। ਇਹ ਉਪਦੇਸ਼ ਇਸ ਪ੍ਰਕਾਰ ਹਨ-

1. ਉਹ ਵਡਭਾਗੇ ਹਨ ਜਿਹੜੇ ਆਤਮਾ ਵਿਚ ਗਰੀਬ ਹਨ ਕਿਉਂ ਕਿ ਸਵਰਗ ਦਾ ਰਾਜ ਉਨ੍ਹਾਂ ਦਾ ਹੈ।
2. ਉਹ ਵਡਭਾਗੇ ਹਨ ਜਿਹੜੇ ਸੋਗ ਕਰਦੇ ਹਨ ਕਿਉਂਕਿ ਉਹ ਸ਼ਾਂਤ ਕੀਤੇ ਜਾਣਗੇ।
3. ਉਹ ਵਡਭਾਗੇ ਹਨ ਜਿਹੜੇ ਦੀਨ ਹਨ ਕਿਉਂਕਿ ਉਹ ਵਾਅਦੇ ਦੀ ਧਰਤੀ ਦੇ ਵਾਰਸ ਹੋਣਗੇ।
4. ਉਹ ਵਡਭਾਗੇ ਹਨ ਜਿਹੜੇ ਧਰਮ ਦੇ ਭੁੱਖੇ ਤੇ ਤਿਹਾਏ ਹਨ ਕਿਉਂਕਿ ਉਹ ਰਜਾਏ ਜਾਣਗੇ।
5. ਉਹ ਵਡਭਾਗੇ ਹਨ ਜਿਹੜੇ ਮਿਹਰਬਾਨ ਹਨ ਕਿਉਂਕਿ ਉਨ੍ਹਾਂ ਤੇ ਮਿਹਰ ਕੀਤੀ ਜਾਵੇਗੀ।
6. ਉਹ ਵਡਭਾਗੇ ਹਨ ਜਿਹੜੇ ਦਿਲੋਂ ਸ਼ੁਧ ਹਨ ਕਿਉਂਕਿ ਉਹ ਪਰਮੇਸ਼ੁਰ ਨੂੰ ਵੇਖਣਗੇ।
7. ਉਹ ਵਡਭਾਗੇ ਹਨ ਜਿਹੜੇ ਸ਼ਾਂਤੀ ਲਿਆਉਂਦੇ ਹਨ ਕਿਉਂਕਿ ਉਹ ਪਰਮੇਸ਼ੁਰ ਦੇ ਬੱਚੇ ਅਖਵਾਉਣਗੇ।

8. ਉਹ ਵਡਭਾਗੇ ਹਨ ਜਿਹੜੇ ਸਹੀ ਕਾਰਜ ਕਰਨ ਦੇ ਕਾਰਣ ਸਤਾਏ ਜਾ ਰਹੇ ਹਨ ਕਿਉਂਕਿ ਸਵਰਗ ਦਾ ਰਾਜ ਉਨ੍ਹਾਂ ਦਾ ਹੋਵੇਗਾ।

9. ਜਦੋਂ ਲੋਕ ਤੁਹਾਡੀ ਬੇਇੱਜ਼ਤੀ ਕਰਨ ਅਤੇ ਤੁਹਾਡੇ ਵਿਰੁੱਧ ਮਾੜਾ ਬੋਲਣ ਅਤੇ ਤੁਹਾਡੇ ਤੇ ਝੂਠੇ ਦੋਸ਼ ਲਾਉਣ ਕਿਉਂ ਕਿ ਤੁਸੀਂ ਮੇਰੇ ਚੇਲੇ ਹੋ, ਤਾਂ ਤੁਸੀਂ ਧੰਨ ਹੋ। ਖੁਸ਼ ਹੋਵੋ ਅਤੇ ਅਨੰਦ ਮਾਣੋ, ਤੁਸੀਂ ਸਵਰਗ ਵਿਚ ਬਹੁਤ ਵੱਡਾ ਫ਼ਲ ਪਾਵੋਂਗੇ। ਇਸੇ ਤਰ੍ਹਾਂ ਹੀ, ਜੋ ਨਬੀ ਤੁਹਾਥੋਂ ਪਹਿਲਾਂ ਰਹੇ ਉਨ੍ਹਾਂ ਨੂੰ ਵੀ ਲੋਕਾਂ ਨੇ ਕਸ਼ਟ ਦਿੱਤੇ।

### 9.4.6 ਈਸਾਈ ਧਰਮ ਦੀਆਂ ਨੈਤਿਕ ਸਿਖਿਆਵਾਂ

ਈਸਾਈ ਧਰਮ ਦੀਆਂ ਨੈਤਿਕ ਸਿੱਖਿਆਵਾਂ ਵਿਚ ਈਸਾ ਮਸੀਹ ਦੇ ਨੈਤਿਕ ਉਪਦੇਸ਼ ਸ਼ਾਮਿਲ ਹਨ ਜੋ ਬਾਈਬਲ ਦੇ ਨਵੇਂ ਅਹਿਦਨਾਮੇ ਵਿਚ ਦਰਜ ਹਨ। ਇਹ ਉਪਦੇਸ਼ ਈਸਾ ਮਸੀਹ ਵੱਲੋਂ ਲੋਕਾਂ ਨੂੰ ਸੰਬੋਧਨੀ ਰੂਪ ਵਿਚ ਹਨ ਜੋ ਬਾਈਬਲ ਦੇ ਮੂਲ ਪਾਠ ਅਨੁਸਾਰ ਇਸ ਪ੍ਰਕਾਰ ਹਨ-

#### 9.4.6.1 ਕ੍ਰੋਧ ਬਾਰੇ

ਤੁਸੀਂ ਸੁਣਿਆ ਹੋਵੇਗਾ, ਜੋ ਬਹੁਤ ਚਿਰ ਪਹਿਲਾਂ ਸਾਡੇ ਲੋਕਾਂ ਨੂੰ ਕਿਹਾ ਗਿਆ ਸੀ। ਕਿ 'ਕਿਸੇ ਮਨੁੱਖ ਦਾ ਖੂਨ ਨਾ ਕਰ। ਜਿਹੜਾ ਵਿਅਕਤੀ ਖੂਨ ਕਰੇਗਾ, ਅਦਾਲਤ ਵਿਚ ਉਸ ਦਾ ਨਿਰਣਾ ਕੀਤਾ ਜਾਵੇਗਾ।" ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਹਰ ਕੋਈ ਤੁਹਾਡਾ ਭਰਾ ਹੈ। ਕਿਸੇ ਦੂਸਰੇ ਵਿਅਕਤੀ ਤੇ ਕ੍ਰੋਧ ਨਾ ਕਰੋ। ਜੇਕਰ ਤੂੰ ਦੂਸਰੇ ਵਿਅਕਤੀ ਤੇ ਕ੍ਰੋਧ ਕਰੇਂਗਾ, ਤਾਂ ਤੇਰਾ ਨਿਰਣਾ ਯਹੂਦੀ ਅਦਾਲਤ ਵਿਚ ਕੀਤਾ ਜਾਵੇਗਾ। ਜੇਕਰ ਤੂੰ ਕਿਸੇ ਨੂੰ ਗਾਲ੍ਹ ਕੱਢਦਾ ਹੈਂ, ਤਾਂ ਤੇਰਾ ਨਿਰਣਾ ਯਹੂਦੀ ਸਭਾ ਦੁਆਰਾ ਕੀਤਾ ਜਾਵੇਗਾ। ਅਤੇ ਜੇਕਰ ਤੂੰ ਦੂਸਰੇ ਵਿਅਕਤੀ ਨੂੰ ਮੂਰਖ ਬੁਲਾਉਂਦਾ ਹੈ, ਤਾਂ ਤੈਨੂੰ ਨਰਕ ਦੀ ਅੱਗ ਦੇ ਖਤਰੇ ਦਾ ਸਾਮ੍ਹਣਾ ਕਰਨਾ ਪਵੇਗਾ। ਸੋ ਜਦੋਂ ਤੂੰ ਪਰਮੇਸ਼ੁਰ ਲਈ ਜਗਵੇਦੀ ਤੇ ਆਪਣੀ ਭੇਂਟ ਚੜ੍ਹਾਉਣ ਲੱਗੇ, ਅਤੇ ਉੱਥੇ ਤੈਨੂੰ ਚੇਤੇ ਆਵੇ ਕਿ ਤੇਰੇ ਭਰਾ ਦੇ ਮਨ ਵਿਚ ਤੇਰੇ ਲਈ ਵਿਰੋਧ ਹੈ। ਤਾਂ ਉੱਥੇ ਆਪਣੀ ਭੇਟ ਜਗਵੇਦੀ ਦੇ ਸਾਮ੍ਹਣੇ ਛੱਡ ਕੇ ਚੱਲਿਆ ਜਾ ਅਤੇ ਪਹਿਲਾਂ ਆਪਣੇ ਭਰਾ ਨਾਲ ਮੇਲ ਕਰ ਅਤੇ ਬਾਅਦ ਵਿਚ ਆਣ ਕੇ ਆਪਣੀ ਭੇਂਟ ਚੜ੍ਹਾ।

#### 9.4.6.2 ਜਿਨਸੀ ਪਾਪ ਬਾਰੇ

ਤੁਸੀਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਕਿ 'ਤੂੰ ਬਦਕਾਰੀ ਦਾ ਪਾਪ ਨਾ ਕਰ।' ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਜੇਕਰ ਕੋਈ ਵਿਅਕਤੀ ਕਿਸੇ ਔਰਤ ਵੱਲ ਜਿਨਸੀ ਨਜ਼ਰ ਨਾਲ ਵੇਖਦਾ ਹੈ, ਤਾਂ ਉਹ ਪਹਿਲਾਂ ਹੀ ਆਪਣੇ ਦਿਲੋਂ ਉਸ ਔਰਤ ਨਾਲ ਬਦਕਾਰੀ ਦਾ ਪਾਪ ਕਰ ਚੁੱਕਿਆ ਹੈ। ਜੋ ਤੇਰੀ ਸੱਜੀ ਅੱਖ ਪਾਪ ਕਰਾਵੇ ਤਾਂ ਉਸਨੂੰ ਆਪਣੇ ਸ਼ਰੀਰ ਵਿੱਚੋਂ ਕੱਢ ਕੇ ਸੁੱਟ ਦੇ। ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸ਼ਰੀਰ ਨਰਕ ਵਿਚ ਨਾ ਜਾਵੇ। ਤੇਰਾ ਸੱਜਾ ਹੱਥ ਜਦੋਂ ਤੈਥੋਂ ਪਾਪ ਕਰਾਵੇ ਤਾਂ ਉਸਨੂੰ ਕੱਟ ਕੇ ਸੁੱਟ ਦੇ। ਕਿਉਂ ਕਿ ਤੇਰੇ ਲਈ ਇਹ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇਕ ਦਾ ਨਾਸ਼ ਹੋਵੇ ਪਰ ਤੇਰਾ ਸਾਰਾ ਸ਼ਰੀਰ ਨਰਕ ਵਿਚ ਨਾ ਜਾਵੇ।

### 9.4.6.3 ਤਲਾਕ ਬਾਰੇ

ਇਹ ਵੀ ਆਖਿਆ ਗਿਆ ਹੈ, 'ਜਿਹੜਾ ਵਿਅਕਤੀ ਆਪਣੀ ਪਤਨੀ ਨੂੰ ਤਲਾਕ ਦਿੰਦਾ ਹੈ ਉਹ ਉਸਨੂੰ ਤਲਾਕਨਾਮਾ ਲਿਖ ਕੇ ਦੇਵੇ।' ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਕੋਈ ਵੀ ਵਿਅਕਤੀ ਜੋ ਆਪਣੀ ਪਤਨੀ ਨੂੰ ਤਲਾਕ ਦਿੰਦਾ, ਉਹ ਉਸ ਨੂੰ ਬਦਕਾਰੀ ਦਾ ਪਾਪ ਕਰਨ ਦਾ ਦੋਸ਼ੀ ਬਣਾਉਂਦਾ ਹੈ। ਕਿਸੇ ਵਿਅਕਤੀ ਕੋਲ ਆਪਣੀ ਪਤਨੀ ਨੂੰ ਤਲਾਕ ਦੇਣ ਦਾ ਇਕ ਹੀ ਕਾਰਣ ਹੈ ਕਿ ਜੇਕਰ ਉਸ ਦੀ ਪਤਨੀ ਨੇ ਦੂਸਰੇ ਆਦਮੀ ਨਾਲ ਜਿਨਸੀ ਸੰਬੰਧ ਬਣਾਏ ਹੋਣ। ਅਤੇ ਕੋਈ ਵੀ ਵਿਅਕਤੀ ਜੋ ਉਸ ਤਲਾਕਸ਼ੁਦਾ ਔਰਤ ਨਾਲ ਵਿਆਹ ਕਰਵਾਉਂਦਾ, ਬਦਕਾਰੀ ਦਾ ਪਾਪ ਕਰਨ ਦਾ ਦੋਸ਼ੀ ਹੈ।

### 9.4.6.4 ਵਾਅਦਾ ਕਰਨ ਅਤੇ ਸੌਂਹ ਖਾਣ ਬਾਰੇ

ਤੁਸੀਂ ਸੁਣਿਆ ਹੈ ਕਿ ਸਾਡੇ ਪੁਰਖਿਆਂ ਨੂੰ ਆਖਿਆ ਗਿਆ ਸੀ। ਜੇਕਰ ਤੁਸੀਂ ਵਾਅਦਾ ਕਰੋਂ ਤਾਂ ਇਸ ਨੂੰ ਨਾ ਤੋੜੋ। ਜੋ ਵਾਅਦੇ ਤੁਸੀਂ ਪ੍ਰਭੂ ਨਾਲ ਕੀਤੇ ਹਨ ਉਨ੍ਹਾਂ ਨੂੰ ਪੂਰਿਆਂ ਕਰਨਾ ਚਾਹੀਦਾ ਹੈ।ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ, ਕਦੇ ਵੀ ਵਾਅਦਾ ਨਾ ਕਰੋ। ਕਦੇ ਵੀ ਸੁਰਗ ਦੀ ਸੌਂਹ ਨਾ ਖਾਓ ਕਿਉਂ ਕਿ ਇਹ ਪਰਮੇਸ਼ੁਰ ਦਾ ਸਿੰਘਾਸਨ ਹੈ। 35ਅਤੇ ਨਾ ਹੀ ਧਰਤੀ ਦੀ ਸੌਂਹ ਖਾਓ ਕਿਉਂ ਕਿ ਇਹ ਉਸ ਦੇ ਚਰਨਾਂ ਦੀ ਚੌਂਕੀ ਹੈ। ਨਾ ਹੀ ਯਰੂਸ਼ਲਮ ਦੀ, ਕਿਉਂਕਿ ਇਹ ਮਹਾਨ ਰਾਜੇ ਦਾ ਸ਼ਹਿਰ ਹੈ। ਅਤੇ ਨਾ ਹੀ ਆਪਣੇ ਸਿਰ ਦੀ ਸੌਂਹ ਖਾਓ, ਕਿਉਂਕਿ ਤੁਸੀਂ ਇਕ ਵਾਲ ਨੂੰ ਵੀ ਚਿੱਟਾ ਜਾਂ ਕਾਲਾ ਨਹੀਂ ਕਰ ਸਕਦੇ। ਪਰ ਤੁਸੀਂ ਆਪਣੇ ਬੋਲਣ ਵਿਚ 'ਹਾਂ` ਦੀ ਹਾਂ, ਅਤੇ 'ਨਾ' ਦੀ ਨਾ, ਆਖੋ। 'ਹਾਂ' ਜਾਂ 'ਨਾ' ਤੋਂ ਵੱਧ ਆਖਣਾ ਬਦੀ ਵੱਲੋਂ ਹੈ।

### 9.4.6.5 ਸਭ ਲੋਕਾਂ ਨੂੰ ਪ੍ਰੇਮ ਕਰਨ ਬਾਰੇ

ਤੁਸੀਂ ਸੁਣਿਆਂ ਹੈ ਜੋ ਇਹ ਕਿਹਾ ਗਿਆ ਸੀ, 'ਤੁਸੀਂ ਆਪਣੇ ਗੁਆਂਢੀ ਨਾਲ ਵੀ ਪਿਆਰ ਕਰੋ ਅਤੇ ਆਪਣੇ ਵੈਰੀ ਨਾਲ ਵੈਰ ਰੱਖੋ।" ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਆਪਣੇ ਵੈਰੀਆਂ ਨਾਲ ਵੀ ਪਿਆਰ ਕਰੋ। ਅਤੇ ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ। ਜੇਕਰ ਤੁਸੀਂ ਅਜਿਹਾ ਕਰੋਂਗੇ, ਫ਼ੇਰ ਤੁਸੀਂ ਆਪਣੇ ਪਿਤਾ ਦੇ ਜਿਹੜਾ ਸਵਰਗ ਵਿਚ ਹੈ, ਸੱਚੇ ਪੁੱਤਰ ਹੋਵੋਂਗੇ, ਕਿਉਂ ਕਿ ਪਿਤਾ ਆਪਣਾ ਸੂਰਜ, ਬੁਰੇ ਅਤੇ ਭਲੇ ਦੋਹਾਂ ਉੱਪਰ ਚੜ੍ਹਾਉਂਦਾ ਹੈ। ਤੁਹਾਡਾ ਪਿਤਾ ਧਰਮੀਆਂ ਅਤੇ ਕੁਧਰਮੀਆਂ ਉੱਪਰ ਵੀ ਮੀਂਹ ਵਰਸਾਉਂਦਾ ਹੈ। ਜੇਕਰ ਤੁਸੀਂ ਉਨ੍ਹਾਂ ਨਾਲ ਹੀ ਪਿਆਰ ਕਰੋ ਜਿਹੜੇ ਤੁਹਾਡੇ ਨਾਲ ਪਿਆਰ ਕਰਦੇ ਹਨ ਤਾਂ ਤੁਹਾਨੂੰ ਕੋਈ ਫ਼ਲ ਨਹੀਂ ਮਿਲੇਗਾ। ਕੀ ਮਸੂਲੀਏ ਵੀ ਇਹੀ ਨਹੀਂ ਕਰਦੇ? ਜੇਕਰ ਤੁਸੀਂ ਸਿਰਫ਼ ਆਪਣੇ ਦੋਸਤਾਂ ਨਾਲ ਚੰਗਾ ਵਰਤਾਓ ਕਰਦੇ ਹੋ ਤਾਂ ਤੁਸੀਂ ਦੂਸਰੇ ਲੋਕਾਂ ਨਾਲੋਂ ਚੰਗੇ ਨਹੀਂ ਹੋ। ਕੀ ਕੁਧਰਮੀ ਵੀ ਅਜਿਹਾ ਨਹੀਂ ਕਰਦੇ? ਸੋ ਜਿਵੇਂ ਤੁਹਾਡਾ ਪਿਤਾ ਜਿਹੜਾ ਸੁਰਗ ਵਿਚ ਹੈ, ਸੰਪੂਰਣ ਹੈ ਤਿਵੇਂ ਤੁਸੀਂ ਵੀ ਸੰਪੂਰਣ ਹੋਵੋ।

### 9.4.6.6 ਦਾਨ ਕਰਨ ਬਾਰੇ

ਸਾਵਧਾਨ ਰਹੋ, ਜਦੋਂ ਤੁਸੀਂ ਚੰਗੇ ਕੰਮ ਕਰੋ, ਲੋਕਾਂ ਦੇ ਸਾਮਹਣੇ ਨਾ ਵਿਖਾਓ ਤਾਂ ਜੋ ਉਹ ਉਸੇ ਵੱਲ ਧਿਆਨ ਦੇਣ। ਜੇਕਰ ਤੁਸੀਂ ਅਜਿਹਾ ਕਰਦੇ ਹੋ, ਤੁਸੀਂ ਤੁਹਾਡੇ ਪਿਤਾ ਕੋਲੋਂ ਜਿਹੜਾ ਤੂ ਸਵਰਗ ਵਿਚ ਹੈ ਕੁਝ ਫਲ ਪ੍ਰਾਪਤ ਨਹੀਂ ਕਰੋਂਗੇ। "ਸੋ ਜਦ ਵੀ ਤੁਸੀਂ ਲੋੜਵੰਦ ਨੂੰ ਦਾਨ ਕਰੋਂ ਤਾਂ ਆਪਣੇ ਦਾਨ ਦਾ ਐਲਾਣ ਨਾ ਕਰਵਾਓ ਜਿਵੇਂ ਕਪਟੀ ਪ੍ਰਾਰਥਨਾ ਸਥਾਨਾਂ ਅਤੇ ਰਾਹਾਂ ਵਿਚ ਕਰਦੇ ਹਨ। ਉਹ ਲੋਕਾਂ ਤੋਂ ਉਸਤਤਿ ਕਰਾਉਣ ਲਈ ਤੂਰੀਆਂ ਵਜਵਾਉਂਦੇ ਹਨ। ਮੈਂ ਤੁਹਾਨੂੰ ਸੱਚ ਦੱਸਦਾ ਹਾਂ ਕਿ, ਉਨ੍ਹਾਂ ਦਾ ਇਹੀ ਫ਼ਲ ਹੈ। ਸੋ ਜਦੋਂ ਤੁਸੀਂ ਗਰੀਬਾਂ ਵਿਚ ਦਾਨ ਕਰੋਂ ਤਾਂ ਗੁਪਤ ਦਾਨ ਕਰੋ। ਕਿਸੇ ਨੂੰ ਪਤਾ ਨਾ ਲੱਗਣ ਦਿਓ ਕਿ ਤੁਸੀਂ ਕੀ ਦੇ ਰਹੇ ਹੋ। ਤੁਹਾਡਾ ਦਾਨ ਗੁਪਤ ਹੋਣਾ ਚਾਹੀਦਾ ਹੈ। ਫ਼ਿਰ ਤੁਹਾਡਾ ਪਿਤਾ, ਜਿਹੜਾ ਵੇਖਦਾ ਹੈ ਕਿ ਗੁਪਤ ਵਿਚ ਕੀ ਕੀਤਾ ਗਿਆ ਹੈ, ਤੁਹਾਨੂੰ ਫਲ ਦੇਵੇਗਾ।

### 9.4.6.7 ਪ੍ਰਾਰਥਨਾ ਕਰਨ ਬਾਰੇ

ਜਦੋਂ ਤੁਸੀਂ ਪ੍ਰਾਰਥਨਾ ਕਰੋਂ ਤਾਂ ਕਪਟੀਆਂ ਵਾਂਙ ਨਾ ਕਰੋ . ਕਿਉਂਕਿ ਉਹ ਰਾਹਾਂ ਦੇ ਖੂੰਜਿਆਂ ਅਤੇ ਪ੍ਰਾਰਥਨਾ ਸਥਾਨਾਂ ਵਿਚ ਖੜੇ ਹੋਕੇ ਪ੍ਰਾਰਥਨਾ ਕਰਨੀ ਪਸੰਦ ਕਰਦੇ ਹਨ ਤਾਂ ਕਿ ਲੋਕ ਉਨ੍ਹਾਂ ਨੂੰ ਵੇਖਣ। ਮੈਂ ਤੁਹਾਨੂੰ ਸੱਚ ਆਖਦਾ

ਹਾਂ ਕਿ ਉਹ ਆਪਣਾ ਫਲ ਪਾ ਚੁੱਕੇ ਹਨ। ਪਰ ਜਦੋਂ ਤੁਸੀਂ ਪ੍ਰਾਰਥਨਾ ਕਰੋਂ, ਤਾਂ ਆਪਣੇ ਕਮਰੇ ਵਿਚ ਜਾਓ, ਬੂਹਾ ਬੰਦ ਕਰੋ ਅਤੇ ਆਪਣੇ ਪਿਤਾ ਅੱਗੇ ਪ੍ਰਾਰਥਨਾ ਕਰੋ, ਜਿਹੜਾ ਕਿ ਗੁਪਤ ਸਥਾਨ ਵਿਚ ਹੈ। ਜੋ ਕੰਮ ਗੁਪਤ ਕੀਤੇ ਜਾਂਦੇ ਹਨ ਤੁਹਾਡਾ ਪਿਤਾ ਉਹ ਵੇਖਣ ਦੇ ਯੋਗ ਹੈ। ਉਹ ਤੁਹਾਨੂੰ ਫ਼ਲ ਦੇਵੇਗਾ। ਜਦੋਂ ਤੁਸੀਂ ਪ੍ਰਾਰਥਨਾ ਕਰੋ ਤਾਂ ਤੁਸੀਂ ਉਨ੍ਹਾਂ ਲੋਕਾਂ ਵਾਂਙ ਨਾ ਕਰੋ ਜੋ ਪਰਮੇਸ਼ੁਰ ਨੂੰ ਨਹੀਂ ਜਾਣਦੇ। ਉਹ ਅਰਥਹੀਣ ਗੱਲਾਂ ਆਖਣੀਆਂ ਜਾਰੀ ਰੱਖਦੇ ਹਨ। ਉਹ ਸੋਚਦੇ ਹਨ, ਪਰਮੇਸ਼ੁਰ ਉਨ੍ਹਾਂ ਨੂੰ ਸੁਣੇਗਾ ਕਿਉਂਕਿ ਉਹ ਵੱਧ ਬੋਲਦੇ ਹਨ। ਸੋ ਤੁਸੀਂ ਉਨ੍ਹਾਂ ਵਰਗੇ ਨਾ ਹੋਵੋ ਕਿਉਂ ਕਿ ਤੁਹਾਡਾ ਪਿਤਾ ਤੁਹਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਕਿ ਤੁਹਾਨੂੰ ਕਿਸ ਵਸਤੂ ਦੀ ਲੋੜ ਹੈ।

#### 9.4.6.8 ਦੌਲਤ ਨਾਲੋਂ ਪਰਮੇਸ਼ਰ ਵਧੇਰੇ ਮਹੱਤਵਪੂਰਣ ਹੈ

ਧਰਤੀ ਤੇ ਖਜ਼ਾਨੇ ਦਾ ਭੰਡਾਰ ਨਾ ਜੋੜੋ। ਇੱਥੇ ਕੀੜੇ ਅਤੇ ਜੰਗਾਲ ਧਨ ਨੂੰ ਨਸ਼ਟ ਕਰ ਦਿੰਦਾ ਹੈ ਅਤੇ ਚੋਰ ਸੰਨ੍ਹ ਮਾਰਕੇ ਤੁਹਾਡੀ ਦੌਲਤ ਚੁਰਾ ਲੈ ਜਾਂਦੇ ਹਨ। ਪਰ ਸਵਰਗ ਵਿਚ ਖਜ਼ਾਨੇ ਜੋੜੋ। ਸਵਰਗ ਵਿਚ ਨਾ ਕੋਈ ਕੀੜਾ ਅਤੇ ਨਾ ਜੰਗਾਲ ਧਨ ਨੂੰ ਨਸ਼ਟ ਕਰਦਾ ਹੈ ਅਤੇ ਨਾ ਹੀ ਚੋਰ ਸੰਨ੍ਹ ਮਾਰਦੇ ਹਨ ਅਤੇ ਚੁਰਾਉਂਦੇ ਹਨ। ਕਿਉਂ ਕਿ ਜਿੱਥੇ ਤੁਹਾਡਾ ਖਜ਼ਾਨਾ ਹੋਵੇਗਾ ਤੁਹਾਡਾ ਦਿਲ ਵੀ ਉੱਥੇ ਹੀ ਹੋਵੇਗਾ। ਸ਼ਰੀਰ ਦਾ ਦੀਵਾ ਅੱਖ ਹੈ, ਜੇਕਰ ਤੁਹਾਡੀ ਅੱਖ ਨਿਰਮਲ ਹੈ ਤਾਂ ਤੁਹਾਡਾ ਸਾਰਾ ਸ਼ਰੀਰ ਚਾਨਣ ਨਾਲ ਭਰਪੂਰ ਹੋਵੇਗਾ। ਪਰ ਜੇਕਰ ਤੁਹਾਡੀ ਅੱਖ ਮੈਲੀ ਹੈ, ਤਾਂ ਤੁਹਾਡਾ ਸਾਰਾ ਸ਼ਰੀਰ ਹਨੇਰੇ ਨਾਲ ਭਰਪੂਰ ਹੋਵੇਗਾ। ਸੋ ਜੇਕਰ ਤੁਹਾਡੇ ਅੰਦਰ ਦਾ ਚਾਨਣ ਹਨੇਰਾ ਹੈ ਤਾਂ ਫ਼ਿਰ ਉਹ ਹਨੇਰਾ ਕਿੰਨਾ ਹੋਵੇਗਾ। ਕੋਈ ਮੱਨੁਖ ਦੋ ਮਾਲਕਾਂ ਦੀ ਸੇਵਾ ਇਕ ਹੀ ਸਮੇਂ ਨਹੀਂ ਕਰ ਸਕਦਾ ਕਿਉਂਕਿ ਇਕ ਨਾਲ ਉਹ ਵੈਰ ਅਤੇ ਦੂਜੇ ਨਾਲ ਪ੍ਰੀਤ ਰੱਖੇਗਾ ਜਾਂ ਇਕ ਨਾਲ ਉਹ ਮਿਲਿਆ ਰਹੇਗਾ ਅਤੇ ਦੂਜੇ ਨੂੰ ਭੁੱਲ ਜਾਵੇਗਾ। ਇਸ ਲਈ ਤੁਸੀਂ ਪਰਮੇਸ਼ੁਰ ਅਤੇ ਦੌਲਤ ਦੀ ਸੇਵਾ ਇਕੋ ਵੇਲੇ ਨਹੀਂ ਕਰ ਸਕਦੇ।

#### 9.4.6.9 ਨਿਰਣਾ ਕਰਨ ਸੰਬੰਧੀ

ਦੂਜੇ ਲੋਕਾਂ ਦਾ ਨਿਰਣਾ ਨਾ ਕਰੋ ਤਾਂ ਤੁਹਾਡਾ ਨਿਰਣਾ ਵੀ ਨਹੀਂ ਕੀਤਾ ਜਾਵੇਗਾ। ਜੇਕਰ ਤੁਸੀਂ ਦੂਸਰਿਆਂ ਦਾ ਨਿਰਣਾ ਕਰਦੇ ਹੋ ਤਾਂ ਉਸੇ ਤਰ੍ਹਾਂ ਹੀ ਤੁਹਾਡਾ ਵੀ ਨਿਰਣਾ ਕੀਤਾ ਜਾਵੇਗਾ। ਅਤੇ ਜਿਸ ਮਾਪ ਨਾਲ ਤੁਸੀਂ ਮਿਣਦੇ ਹੋ, ਉਸੇ ਨਾਲ ਤੁਹਾਨੂੰ ਵੀ ਮਿਣਿਆ ਜਾਵੇ। ਤੁਸੀਂ ਆਪਣੇ ਭਰਾ ਦੀ ਅੱਖ ਵਿਚ ਉਸ ਧੂੜ ਦੇ ਕਣ ਨੂੰ ਕਿਵੇਂ ਵੇਖ ਸਕਦੇ ਹੋਂ ਜਦੋਂ ਕਿ ਤੁਸੀਂ ਆਪਣੀ ਅੱਖ ਵਿਚਲੇ ਵੱਡੇ ਸ਼ਤੀਰ ਨੂੰ ਨਹੀਂ ਵੇਖਦੇ। ਜਾਂ ਤੁਸੀਂ ਆਪਣੇ ਭਰਾ ਨੂੰ ਕਿਵੇਂ ਆਖ ਸਕਦੇ ਹੋਂ,

'ਲਿਆ ਮੈਂ ਤੇਰੀ ਅੱਖ ਵਿੱਚੋਂ ਧੂੜ ਦੇ ਕਣ ਨੂੰ ਕੱਢਾਂ' ਜਦ ਕਿ ਹਾਲੇ ਵੀ ਤੁਹਾਡੀ ਆਪਣੀ ਅੱਖ ਵਿਚ ਸ਼ਤੀਰ ਹੈ? ਤੁਸੀਂ ਕਪਟੀ ਹੋ, ਪਹਿਲਾਂ ਉਸ ਸ਼ਤੀਰ ਨੂੰ ਆਪਣੀ ਅੱਖ ਵਿਚੋਂ ਕੱਢੋ ਤਾਂ ਹੀ ਤੁਸੀਂ ਉਸ ਕਣ ਨੂੰ ਕੱਢਣ ਵਾਸਤੇ ਸਪਸ਼ਟ ਤੌਰ ਤੇ ਵੇਖ ਸਕਦੇ ਹੋਂ।

**9.4.6.10 ਬਦਲਾ ਲੈਣ ਸੰਬੰਧੀ**

ਤੁਸੀਂ ਸੁਣਿਆ ਹੈ ਜੋ ਕਿਹਾ ਗਿਆ ਸੀ ਕਿ, "ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦਲੇ ਦੰਦ।" ਮੈਂ ਤੁਹਾਨੂੰ ਆਖਦਾ ਹਾਂ ਕਿ, ਦੁਸ਼ਟ ਆਦਮੀ ਦੇ ਵਿਰੁੱਧ ਖੜ੍ਹੇ ਨਾ ਹੋਵੋ। ਸਗੋਂ ਜੇ ਕੋਈ ਤੁਹਾਡੀ ਸੱਜੀ ਗੱਲ੍ਹ ਉੱਤੇ ਚਪੇੜ ਮਾਰੇ, ਤਾਂ ਤੁਸੀਂ ਦੂਜੀ ਵੀ ਉਸ ਵੱਲ ਘੁਮਾ ਦਿਓ। ਅਤੇ ਜਿਹੜਾ ਤੁਹਾਡੇ ਉੱਤੇ ਮੁਕੱਦਮਾ ਕਰੇ ਤੇ ਤੁਹਾਡਾ ਕੁੜਤਾ ਲੈਣਾ ਚਾਹੇ ਤਾਂ ਉਸ ਨੂੰ ਆਪਣਾ ਚੋਗਾ ਵੀ ਲੈ ਲੈਣ ਦਿਓ। ਅਤੇ ਜੇ ਕੋਈ ਤੁਹਾਨੂੰ ਇਕ ਮੀਲ ਆਪਣੇ ਨਾਲ ਤੁਰਣ ਲਈ ਮਜਬੂਰ ਕਰੇ ਤਾਂ ਤੁਸੀਂ ਉਸ ਨਾਲ ਦੋ ਮੀਲ ਚੱਲੋ। ਜੇਕਰ ਕੋਈ ਤੁਹਾਥੋਂ ਕੁਝ ਮੰਗਦਾ ਹੈ, ਉਹ ਉਸ ਨੂੰ ਦਿਓ ਅਤੇ ਜੇਕਰ ਕੋਈ ਤੁਹਾਥੋਂ ਉਧਾਰ ਚਾਹੁੰਦਾ ਹੈ ਤਾਂ, ਦੇਣ ਤੋਂ ਮਨ੍ਹਾ ਨਾ ਕਰੋ।

**9.5 ਅੰਤਿਕਾ**

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਈਸਾਈ ਧਰਮ, ਯਹੂਦੀ ਧਰਮ ਵਾਂਗ ਇਕ ਈਸ਼ਵਰਵਾਦੀ ਧਰਮ ਹੈ ਜੋ ਪੈਗੰਬਰੀ ਸਿਧਾਂਤ 'ਤੇ ਅਧਾਰਿਤ ਹੈ। ਈਸਾਈ ਧਰਮ ਦੇ ਵਿਸ਼ਵਾਸ ਅਨੁਸਾਰ ਇਹ ਧਰਮ, ਯਹੂਦੀ ਧਰਮ ਨੂੰ ਸੰਪੂਰਨਤਾ ਪ੍ਰਦਾਨ ਕਰਨ ਵਾਲਾ ਧਰਮ ਹੈ ਕਿਉਂਕਿ ਈਸਾਈ ਵਿਸ਼ਵਾਸ ਅਨੁਸਾਰ ਈਸਾ ਮਸੀਹ ਹੀ ਯਹੂਦੀ ਗ੍ਰੰਥਾਂ ਵਿਚ ਕੀਤੀ ਗਈ ਭਵਿੱਖਬਾਣੀ ਵਾਲੇ ਮਸੀਹ ਹਨ। ਇਸ ਪ੍ਰਕਾਰ ਈਸਾਈ ਧਰਮ ਮੂਲ ਰੂਪ ਵਿਚ ਨੈਤਿਕ ਸਿੱਖਿਆਵਾਂ ਦੀ ਪਾਲਣਾ 'ਤੇ ਆਧਾਰਿਤ ਹੈ ਜੋ ਈਸਾ ਮਸੀਹ ਅਤੇ ਪਰਮੇਸ਼ਰ ਵਿਚ ਪੂਰਨ ਵਿਸ਼ਵਾਸ ਰਾਹੀਂ ਮਨੁੱਖ ਨੂੰ ਪਾਪਾਂ ਤੋਂ ਮੁਕਤੀ ਦਿਵਾਉਣ ਦਾ ਐਲਾਨ ਕਰਨ ਵਾਲਾ ਧਰਮ ਹੈ ਜੋ ਮਨੁੱਖ ਨੂੰ ਪਾਪਾਂ ਤੋਂ ਮੁਕਤ ਕਰਵਾ ਕੇ ਸਵਰਗੀ ਸੁਖਾਂ ਦੀ ਕਾਮਨਾ ਕਰਦਾ ਹੈ।

9.6 **ਪੜ੍ਹਣਯੋਗ ਪੁਸਤਕਾਂ**


- ਸਰਬਜਿੰਦਰ ਸਿੰਘ )ਡਾ ,(.*ਵਿਸ਼ਵ ਧਰਮ ਬਾਨੀ ਗ੍ਰੰਥ ,ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ ,ਪਬਲੀਕੇਸ਼ਨ ਬਿਊਰੋ ,ਪੰਜਾਬੀ ਯੂਨੀਵਰਸਿਟੀ ,ਪਟਿਆਲਾ2011 ,

- ਸਰਬਜਿੰਦਰ ਸਿੰਘ, ਡਾ) .ਸੰਪਾ(., ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਅਤੇ ਚਿੰਤਕ )ਚਾਰ ਭਾਗ( ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, .2012
- ਧਾਲੀਵਾਲ, ਤੇਜਿੰਦਰ ਕੌਰ, *ਸਿੱਖ ਅਤੇ ਇਸਾਈ ਨੈਤਿਕ ਨਿਯਮ (ਇੱਕ ਤੁਲਨਾਤਮਕ ਅਧਿਐਨ),* ਗਰੇਸ਼ੀਅਸ ਬੁਕਸ, ਪਟਿਆਲਾ
- *ਪਵਿੱਤਰ ਬਾਈਬਲ*, ਬਾਈਬਲ ਸੋਸਾਇਟੀ ਆਫ ਇੰਡੀਆ, ਬੰਗਲੋਰ, .1981
- ਪਵਿੱਤਰ ਬਾਈਬਲ ,ਨਵਾਂ ਨੇਮਸ ਮਾਰਕ12 :29-30, ਬੰਗਲੌਰ ਸੋਸਾਇਟੀ ਆਫ ਇੰਡੀਆ2008 ,
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974


## 9.7 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਈਸਾ ਮਸੀਹ ਦੇ ਸੰਖੇਪ ਜੀਵਨ ਉੱਤੇ ਨੋਟ ਲਿਖੋ।
2. ਈਸਾਈ ਧਰਮ ਦੀਆਂ ਸਿੱਖਿਆਵਾਂ ਬਾਰੇ ਵਿਸਥਾਰ ਸਹਿਤ ਉੱਤਰ ਦਿਓ।
3. ਤ੍ਰੀ-ਮੂਰਤੀ ਦੇ ਸਿਧਾਂਤ ਤੋਂ ਤੁਸੀਂ ਕੀ ਸਮਝਦੇ ਹੋ?
4. ਈਸਾਈ ਧਰਮ ਦਾ ਕੀ ਪਿਛੋਕੜ ਸੀ ?

### ਛੋਟੇ ਪ੍ਰਸ਼ਨ

1. ਈਸਾਈ ਧਰਮ ਅਤੇ ਮਨੁੱਖ
2. ਈਸਾਈ ਧਰਮ ਅਤੇ ਪੁਨਰ ਜਨਮ
3. ਈਸਾਈ ਧਰਮ ਦੀਆਂ ਕੋਈ ਤਿੰਨ ਨੈਤਿਕ ਸਿੱਖਿਆਵਾਂ ਬਾਰੇ ਲਿਖੋ।
4. ਈਸਾਈ ਧਰਮ ਵਿਚ ਦਾਨ ਕਰਨ ਬਾਰੇ ਕੀ ਦੱਸਿਆ ਗਿਆ ਹੈ ?

# CORE COURSE (CC): RELIGIOUS STUDIES

**SEMESTER -I** **PAPER I: ਧਰਮਾਂ ਦੀ ਸੰਖੇਪ ਜਾਣ-ਪਛਾਣ** **Section-B**

**(BRIEF INTRODUTION TO RELIGIONS)**

## ਇਸਲਾਮ ਧਰਮ :ਆਰੰਭ ਅਤੇ ਵਿਕਾਸ

**10.0 ਪ੍ਰਵੇਸ਼ਿਕਾ**

**10.1 ਜਾਣ-ਪਛਾਣ**

**10.2 ਸ਼ਾਬਦਿਕ ਅਰਥ**

**10.3 ਇਸਲਾਮ ਧਰਮ ਤੋਂ ਪਹਿਲਾਂ ਅਰਬ ਦੇਸ਼ ਦੇ ਹਾਲਾਤ**

**10.4 ਇਸਲਾਮ ਧਰਮ ਦਾ ਆਰੰਭ**

**10.5 ਇਸਲਾਮ ਧਰਮ ਦਾ ਵਿਕਾਸ**

- **10.5.1 ਨਬੁੱਵਤ (ਪੈਗੰਬਰੀ) ਅਤੇ ਅਲ- ਕਿਤਾਬ (ਕੁਰਆਨ) : ਵਿਕਾਸ ਦਾ ਅਹਿਮ ਪੜਾਅ**
- **10.5.2 ਨਬੁੱਵਤ ਤੋਂ ਖ਼ਿਲਾਫ਼ਤ ਦਾ ਦੌਰ: ਇਸਲਾਮ ਦੇ ਚਾਰ ਖ਼ਲੀਫ਼ੇ**
- **10.5.3 ਇਸਲਾਮ ਧਰਮ ਦਾ ਰਾਜਨੀਤਿਕ ਵਿਕਾਸ**

**10.6 ਅੰਤਿਕਾ**

**10.7 ਪੜ੍ਹਣਯੋਗ ਪੁਸਤਕਾਂ**

**10.8 ਅਭਿਆਸ ਲਈ ਪ੍ਰਸ਼ਨ**

## 10.0 ਪ੍ਰਵੇਸ਼ਿਕਾ

ਹੱਥਲੀ ਯੂਨਿਟ ਵਿਸ਼ਵ ਦੀ ਧਾਰਮਿਕ ਲੜੀ ਵਿਚ ਸਾਮੀ ਪਰੰਪਰਾ ਦੇ ਧਰਮ 'ਇਸਲਾਮ ਧਰਮ' ਨਾਲ ਸੰਬੰਧਿਤ ਹੈ। ਇਸ ਯੂਨਿਟ ਵਿਚ ਇਸਲਾਮ ਧਰਮ ਦੇ ਆਰੰਭ ਅਤੇ ਵਿਕਾਸ ਬਾਰੇ ਰੌਸ਼ਨੀ ਪਾਈ ਗਈ ਹੈ।

## 10.1 ਜਾਣ-ਪਛਾਣ

ਇਸਲਾਮ ਧਰਮ ਗਿਣਤੀ ਪੱਖੋਂ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਸ਼ਾਮਿਲ ਹੈ ਜੋ ਈਸਾਈ ਧਰਮ ਤੋਂ ਬਾਅਦ ਸੰਸਾਰ ਦਾ ਦੂਸਰਾ ਵੱਡਾ ਧਰਮ ਹੈ। ਵਰਤਮਾਨ ਸਮੇਂ ਅਨੇਕਾਂ ਦੇਸ਼ਾਂ ਵਿਚ ਇਸਲਾਮ ਧਰਮ ਨੂੰ ਰਾਜ ਧਰਮ ਵਜੋਂ ਮਾਨਤਾ ਪ੍ਰਾਪਤ ਹੈ ਅਤੇ ਜਨਸੰਖਿਆ ਪੱਖੋਂ ਵਿਸ਼ਵ ਦੀ ਲਗਭਗ 24% ਆਬਾਦੀ ਇਸਲਾਮ ਧਰਮ ਦੀ ਅਨੁਯਾਈ ਹੈ। ਅਰਬ ਦੀ ਧਰਤੀ 'ਤੇ ਪੈਦਾ ਹੋਣ ਵਾਲਾ ਇਹ ਧਰਮ ਇਕਈਸ਼ਵਰਵਾਦ ਦੇ ਸਿਧਾਂਤ ਦਾ ਧਾਰਨੀ ਜਿਸ ਵਿਚ ਬੁੱਤ ਪ੍ਰਸਤੀ ਨੂੰ ਕੋਈ ਥਾਂ ਪ੍ਰਾਪਤ ਨਹੀਂ। ਇਹ ਧਰਮ ਪੈਗੰਬਰੀ ਧਰਮਾਂ ਦੀ ਲੜੀ ਦਾ ਯਹੂਦੀ ਅਤੇ ਈਸਾਈ ਤੋਂ ਬਾਅਦ ਤੀਸਰਾ ਧਰਮ ਹੈ ਜੋ ਪੈਗੰਬਰ ਅਬਰਾਹਮ ਨੂੰ ਆਪਣਾ ਧਾਰਮਿਕ ਵਡੇਰਾ ਮੰਨ ਕੇ ਉਨ੍ਹਾਂ ਨੂੰ ਸਤਿਕਾਰ ਪ੍ਰਦਾਨ ਕਰਦੇ ਹਨ। ਰਾਜਨੀਤਿਕ ਪੱਖ ਤੋਂ ਇਤਿਹਾਸ ਵਿਚ ਭਾਰਤ ਸਮੇਤ ਕਈ ਦੇਸ਼ਾਂ 'ਤੇ ਇਸ ਧਰਮ ਦਾ ਸ਼ਾਸਨ ਰਿਹਾ ਹੈ। ਇਸ ਧਰਮ ਦੀ ਸਥਾਪਨਾ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਨੇ ਕੀਤੀ ਜਿਨ੍ਹਾਂ ਨੂੰ ਇਸਲਾਮ ਧਰਮ ਵਿਚ ਪਰਮਾਤਮਾ ਦਾ ਆਖਰੀ ਨਬੀ ਮੰਨਿਆ ਜਾਂਦਾ ਹੈ। ਇਸਲਾਮ ਧਰਮ ਵਿਚ ਇਸ ਧਰਮ ਦੇ ਧਾਰਮਿਕ ਗ੍ਰੰਥ ਪਵਿੱਤਰ ਕੁਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿਖਿਆਵਾਂ (ਹਦੀਸਾਂ ਆਦਿ) ਅਨੁਸਾਰ ਜੀਵਨ ਬਤੀਤ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀ ਪਾਲਣਾ ਸੰਬੰਧੀ ਰੱਤੀ ਭਰ ਵੀ ਸਮਝੌਤਾ ਨਹੀਂ ਕੀਤਾ ਜਾਂਦਾ । ਇਸ ਧਰਮ ਦਾ ਅਨੁਯਾਈ ਆਪਣੇ ਜੀਵਨ ਵਿਚ ਇਸਲਾਮ ਧਰਮ ਦੇ ਪਵਿੱਤਰ ਸਥਾਨ 'ਮੱਕਾ' ਦੀ ਯਾਤਰਾ ਜ਼ਰੂਰ ਕਰਦਾ ਹੈ ਜਿਸ ਹੱਜ ਕਿਹਾ ਜਾਂਦਾ ਹੈ।

## 10.2 ਸ਼ਾਬਦਿਕ ਅਰਥ

ਇਸਲਾਮ' ਸ਼ਬਦ ਮੂਲ ਰੂਪ ਵਿਚ ਅਰਬੀ ਭਾਸ਼ਾ ਦਾ ਸ਼ਬਦ ਹੈ ਜੋ ਅਰਬੀ ਭਾਸ਼ਾ ਦੇ ਸ਼ਬਦ 'ਸਲਾਮ' ਤੋਂ ਬਣਿਆ ਹੈ। ਇਸ ਦਾ ਸ਼ਾਬਦਿਕ ਅਰਥ ਹੈ- ਸਲਾਮਤੀ, ਅਮਨ ਅਤੇ ਸ਼ਾਂਤੀ। ਇਸਲਾਮ, ਪਰਮਾਤਮਾ ਵੀ ਪ੍ਰਸੰਨਤਾ ਪ੍ਰਾਪਤੀ ਦਾ ਦੂਸਰਾ ਨਾਮ ਹੈ। ਇਸ ਪ੍ਰਕਾਰ ਇਸਲਾਮ ਦਾ ਆਧਾਰ ਹੈ- ਅਮਨ, ਸ਼ਾਂਤੀ ਅਤੇ ਪਰਮਾਤਮਾ ਦੀ ਪ੍ਰਸੰਨਤਾ ਦੀ ਪ੍ਰਾਪਤੀ।

ਇਸਲਾਮ ਧਰਮ ਦੇ ਅਨੁਯਾਈ ਨੂੰ ਮੁਸਲਮਾਨ ਕਿਹਾ ਜਾਂਦਾ ਹੈ। ਇਸਲਾਮ ਸ਼ਬਦ ਵਾਂਗ ਇਹ ਸ਼ਬਦ ਵੀ ਮੂਲ ਰੂਪ ਵਿਚ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ- ਪਰਮਾਤਮਾ ਦੀ ਇੱਛਾ ਅੱਗੇ ਆਪਣੇ ਆਪ ਨੂੰ ਸਮਰਪਿਤ ਕਰਨ ਵਾਲਾ। ਇਸਲਾਮਿਕ ਸਿਧਾਂਤਾ ਅਸਾਰ ਇਕ ਖੁਦਾ ਵਿਚ ਵਿਸ਼ਵਾਸ ਕਰਨ ਵਾਲਾ ਵਿਅਕਤੀ, ਜੋ ਪੈਗੰਬਰ ਹਜ਼ਰਤ ਮੁਹੰਮਦ ਨੂੰ ਖੁਦਾ ਦਾ ਭੇਜਿਆ ਹੋਇਆ ਆਖਰੀ ਰਸੂਲ (ਪੈਗੰਬਰ) ਮੰਨਦਾ ਹੈ, ਉਹ ਮੁਸਲਮਾਨ ਹੈ। ਇਸ ਪ੍ਰਕਾਰ ਹਜ਼ਰਤ ਮੁਹੰਮਦ ਸਾਹਿਬ ਨੂੰ ਖੁਦਾ ਦਾ ਪੈਗੰਬਰ ਮੰਨਣ ਵਾਲਾ ਵਿਅਕਤੀ, ਜੋ ਇਕ ਖੁਦਾ ਵਿਚ ਵਿਸ਼ਵਾਸ ਕਰਦਾ ਹੋਇਆ, ਉਸ ਦੀ ਰਜ਼ਾ ਵਿਚ ਰਹਿੰਦਾ ਹੈ, ਉਹ ਵਿਅਕਤੀ ਮੁਸਲਮਾਨ ਅਖਵਾਉਂਦਾ ਹੈ।

### 10.3 ਇਸਲਾਮ ਧਰਮ ਤੋਂ ਪਹਿਲਾਂ ਅਰਬ ਦੇਸ਼ ਦੇ ਹਾਲਾਤ

ਇਸਲਾਮ ਧਰਮ ਦਾ ਉਦੈ ਅਰਬ ਦੇਸ਼ ਦੀ ਧਰਤੀ ’ਤੇ ਹੋਇਆ ਜੋ ਮੌਜੂਦਾ ਸਮੇਂ ਵਿਚ ਇਸ ਧਰਮ ਦਾ ਪ੍ਰਮੁੱਖ ਕੇਂਦਰ ਹੈ। ਇਸਲਾਮ ਧਰਮ ਦੇ ਆਗਮਨ ਤੋਂ ਪਹਿਲਾਂ ਇਸ ਦੇਸ਼ ਦੇ ਹਾਲਾਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪੱਖ ਤੋਂ ਬਹੁਤ ਡਾਵਾਂਡੋਲ ਸਨ। ਧਾਰਮਿਕ ਪੱਖ ਤੋਂ ਅਰਬ ਵਿਚ ਉਸ ਸਮੇਂ ਈਸਾਈ ਧਰਮ ਅਤੇ ਯਹੂਦੀ ਧਰਮ ਦੀ ਵੀ ਹੋਂਦ ਸੀ ਪ੍ਰੰਤੂ ਅਰਬ ਦੇ ਲੋਕ ਵਿਭਿੰਨ ਕਬੀਲਿਆਂ ਵਿਚ ਵੰਡੇ ਹੋਏ ਸਨ ਅਤੇ ਹਰ ਇਕ ਕਬੀਲੇ ਦਾ ਆਪਣਾ-ਆਪਣਾ ਕਬੀਲਾਈ ਧਰਮ ਸੀ। ਆਪਣੇ ਕਬੀਲੇ ਦੇ ਅਨੁਸਾਰ ਹਰ ਇਕ ਕਬੀਲੇ ਦੇ ਵੱਖਰੇ-ਵੱਖਰੇ ਦੇਵਤੇ ਸਨ ਜਿਨ੍ਹਾਂ ਦੀਆਂ ਮਿੱਟੀ, ਲੱਕੜੀ ਜਾਂ ਧਾਤੂ ਆਦਿ ਦੀਆਂ ਮੂਰਤੀਆਂ ਬਣਾ ਕੇ ਇਨ੍ਹਾਂ ਨੂੰ ਪੂਜਿਆਂ ਜਾਂਦਾ ਸੀ। ਅਰਬ ਦੇਸ਼ ਦਾ ਪਵਿੱਤਰ ਧਾਰਮਿਕ ਸਥਾਨ ਮੱਕੇ ਵਿਚ ਸਥਿਤ ਸੀ ਜਿਸ ਦਾ ਸੰਬੰਧ ਪੈਗੰਬਰ ਅਬਰਾਹਿਮ ਦੀ ਪਤਨੀ ਹਾਜਰਾ ਅਤੇ ਉਨ੍ਹਾਂ ਦੇ ਪੁੱਤਰ ਇਸਮਾਇਲ ਨਾਲ ਸੀ ਪ੍ਰੰਤੂ ਇਸ ਸਥਾਨ ਵਿਚ ਵੀ ਇਕਈਸ਼ਵਰਵਾਦ ਦੀ ਥਾਂ ਵਿਭਿੰਨ ਦੇਵਤਿਆਂ ਦੀ ਪੂਜਾ ਦਾ ਬੋਲਬਾਲਾ ਸੀ। ਇਸ ਪਵਿੱਤਰ ਸਥਾਨ ਵਿਚ ਮੁਹੰਮਦ ਸਾਹਿਬ ਤੋਂ ਪਹਿਲਾਂ 360 ਦੇਵਤਿਆਂ ਦੀਆਂ ਮੂਰਤੀਆਂ ਮੌਜੂਦ ਸਨ। ਇਸ ਪ੍ਰਕਾਰ ਕੁੱਲ ਮਿਲਾ ਕੇ ਧਾਰਮਿਕ ਪੱਖ ਤੋਂ ਅਰਬ ਦੇਸ਼ ਵਿਚ ਬੁੱਤਪ੍ਰਸਤੀ ਹੀ ਪ੍ਰਧਾਨ ਸੀ।

ਰਾਜਨੀਤਿਕ ਰੂਪ ਵਿਚ ਇਸ ਦੇਸ਼ ਉੱਪਰ ਕਿਸੇ ਇਕ ਸੁਚੱਜੀ ਰਾਜਨੀਤਿਕ ਸੱਤਾ ਦਾ ਕੰਟਰੋਲ ਨਹੀਂ ਸੀ ਸਗੋਂ ਹਰ ਕਬੀਲੇ ਦਾ ਆਪਣਾ ਇਕ ਸਰਦਾਰ ਸੀ ਅਤੇ ਇਨ੍ਹਾਂ ਦੀ ਆਪਸ ਵਿਚ ਲੜਾਈ ਅਤੇ ਕਤੋਗਾਰਤ ਆਮ ਵਰਤਾਰਾ ਸੀ। ਅਰਬ ਉੱਪਰ ਇਸ ਦੇ ਆਸ-ਪਾਸ ਵਾਲੀਆਂ ਵਿਦੇਸ਼ੀ ਸ਼ਕਤੀਆਂ ਦਾ ਪ੍ਰਭਾਵ ਸੀ। ਰਾਜਨੀਤਿਕ ਏਕਤਾ

ਨਾ ਹੋਣ ਕਾਰਨ ਲੋਕਾਂ ਵਿਚ ਏਕਤਾ ਦੀ ਘਾਟ ਸੀ ਅਤੇ ਕਬੀਲਿਆਂ ਦੀ ਖਾਨਾਜੰਗੀ ਕਾਰਨ ਰਾਜਨੀਤਿਕ ਮਾਹੌਲ ਸੁਖਾਵਾਂ ਨਹੀਂ ਸੀ।

ਸਮਾਜਿਕ ਪੱਖ ਤੋਂ ਅਰਬ ਦੇ ਲੋਕਾਂ ਵਿਚ ਨੈਤਿਕ ਤੌਰ 'ਤੇ ਕਾਫ਼ੀ ਗਿਰਾਵਟ ਆ ਚੁੱਕੀ ਸੀ। ਜੰਮਦੀਆਂ ਲੜਕੀਆਂ ਨੂੰ ਮਾਰ ਦੇਣ ਦਾ ਪ੍ਰਚਲਨ ਜ਼ੋਰਾਂ 'ਤੇ ਸੀ। ਸਿੱਖਿਆ ਦੀ ਘਾਟ ਹੋਣ ਕਾਰਨ ਲੋਕਾਂ ਵਿਚ ਸਭਿਅਕ ਕਦਰਾਂ ਕੀਮਤਾਂ ਦੀ ਕਮੀ ਸੀ। ਮਾਨਵਤਾ ਪੱਖੀ ਗੁਣਾਂ ਦੀ ਅਣਹੋਂਦ ਕਾਰਨ ਲੋਕਾਂ ਵਿਚ ਦੂਜੇ ਨੂੰ ਨੁਕਸਾਨ ਪਹੁੰਚਾਉਣ ਅਤੇ ਬਦਲਾ ਲੈਣ ਦੀ ਬਹੁਤ ਜ਼ਿਆਦਾ ਪ੍ਰਬਲ ਸੀ। ਅਰਬ ਦੇਸ਼ ਦੇ ਅਜਿਹੇ ਮਾਹੌਲ ਵਿਚ ਇਸਲਾਮ ਧਰਮ ਦਾ ਉਦੈ ਹੋਇਆ ਜਿਸ ਨੇ ਇਸ ਸਥਿਤੀ ਨੂੰ ਸਕਾਰਾਤਮਕ ਰੂਪ ਪ੍ਰਦਾਨ ਕਰ ਕੇ ਲੋਕਾਂ ਨੂੰ ਇਕ ਖ਼ੁਦਾ ਨਾਲ ਜੋੜਣ ਦਾ ਕਾਰਜ ਕੀਤਾ।

**10.4 ਇਸਲਾਮ ਧਰਮ ਦਾ ਆਰੰਭ**

ਇਸਲਾਮ ਧਰਮ ਦਾ ਆਰੰਭ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਨੇ ਕੀਤਾ ਜਿਨ੍ਹਾਂ ਨੂੰ ਮੁਸਲਮਾਨ ਅੱਲਾਹ ਦਾ ਭੇਜਿਆ ਹੋਇਆ ਪੈਗੰਬਰ ਮੰਨਦੇ ਹਨ। ਉਨ੍ਹਾਂ ਨੂੰ ਜੋ ਅਧਿਆਤਮ ਇਲਹਾਮ ਅੱਲਾਹ ਵੱਲੋਂ ਪ੍ਰਾਪਤ ਹੋਏ ਉਸੇ ਇਲਹਾਮ 'ਤੇ ਆਧਾਰਿਤ ਸਿਖਿਆਵਾਂ ਤੋਂ ਹੀ ਇਸਲਾਮ ਧਰਮ ਦਾ ਮੁੱਢ ਬੱਝਿਆ।

ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਅਰਬ ਦੇਸ਼ ਦੇ ਕੁਰੈਸ਼ ਕਬੀਲੇ ਵਿਚ ਮੱਕਾ ਦੀ ਪਵਿੱਤਰ ਧਰਤੀ 'ਤੇ ਪਿਤਾ ਹਜ਼ਰਤ ਅਬਦੁੱਲਾ ਅਤੇ ਮਾਤਾ ਬੀਬੀ ਆਮਿਨਾ ਦੇ ਘਰ 571 ਈ. ਵਿਚ ਹੋਇਆ। ਪਰਿਵਾਰਕ ਪਿਛੋਕੜ ਪੱਖੋਂ ਇਨ੍ਹਾਂ ਦੀ ਵੰਸ਼ਾਵਲੀ ਪੈਗੰਬਰ ਅਬਰਾਹਮ ਦੇ ਵੰਸ਼ ਨਾਲ ਜੁੜਦੀ ਹੈ। ਯਹੂਦੀ ਧਰਮ ਦੇ ਬਾਨੀ ਪੈਗੰਬਰ ਮੂਸਾ ਅਤੇ ਈਸਾਈ ਧਰਮ ਦੇ ਸੰਸਥਾਪਕ ਪੈਗੰਬਰ ਈਸਾ ਮਸੀਹ ਵੀ ਪੈਗੰਬਰ ਅਬਰਾਹਮ ਦੇ ਵੰਸ਼ ਵਿਚੋਂ ਹੋਏ ਹਨ।

ਮੁਹੰਮਦ ਸਾਹਿਬ ਨੂੰ ਆਪਣੇ ਜੀਵਨ ਦੇ ਮੁੱਢਲੇ ਸਾਲਾਂ ਵਿਚ ਪਰਿਵਾਰਿਕ ਰਿਸ਼ਤਿਆਂ ਦਾ ਸਾਥ ਜਿਆਦਾ ਸਮਾਂ ਪ੍ਰਾਪਤ ਨਾ ਹੋ ਸਕਿਆ। ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਪਿਤਾ ਹਜ਼ਰਤ ਅਬਦੁੱਲਾ ਦਾ ਦੇਹਾਂਤ ਹੋ ਗਿਆ ਸੀ। ਬੀਬੀ ਆਮਿਨਾ ਦੇ ਸਿਹਤ ਪੱਖੋਂ ਬਿਮਾਰ ਹੋਣ ਕਾਰਨ ਜਨਮ ਤੋਂ ਬਾਅਦ ਬਾਲਕ ਮੁਹੰਮਦ ਸਾਹਿਬ ਨੂੰ ਦੁੱਧ ਪਿਲਾਉਣ ਵਾਲੀ ਦਾਈ ਬੀਬੀ ਹਲੀਮਾ ਦੇ ਸਪੁਰਦ ਕੀਤਾ ਗਿਆ ਜਿਨ੍ਹਾਂ ਕੋਲ ਆਪਣੇ ਜੀਵਨ ਦੇ ਪਹਿਲੇ ਪੰਜ ਸਾਲ ਰਹੇ। ਪੰਜ ਸਾਲ ਦੀ ਉਮਰ ਵਿਚ ਆਪਣੀ ਮਾਤਾ ਕੋਲ ਵਾਪਸ ਪਹੁੰਚਣ ਤੋਂ ਬਾਅਦ ਅਗਲੇ ਸਾਲ ਇਨ੍ਹਾਂ ਦੀ ਮਾਤਾ ਦਾ ਵੀ ਦੇਹਾਂਤ

ਹੋ ਗਿਆ ਅਤੇ ਅੱਠ ਸਾਲ ਦੀ ਉਮਰ ਵਿਚ ਇਨ੍ਹਾਂ ਦੇ ਦਾਦਾ ਅਬਦੁੱਲ੍ਹਾ ਮੁਤਾਲਿਬ ਵੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਅਜਿਹੇ ਹਾਲਾਤਾਂ ਵਿਚ ਮੁਹੰਮਦ ਸਾਹਿਬ ਦਾ ਬਚਪਨ ਆਪਣੇ ਚਾਚਾ ਅਬੂ ਤਾਲਿਬ ਕੋਲ ਬੀਤਿਆ ਅਤੇ ਅਬੂ ਤਾਲਿਬ ਨੇ ਹੀ ਇਨ੍ਹਾਂ ਦਾ ਪਾਲਣ ਪੋਸ਼ਣ ਕੀਤਾ। ਉਨ੍ਹਾਂ ਨੇ ਆਪਣੇ ਚਾਚੇਅਬੂ ਤਾਲਿਬ ਨੂੰ ਵਪਾਰਕ ਕਾਰਜਾਂ ਵਿਚ ਸਹਿਯੋਗ ਵੀ ਪ੍ਰਦਾਨ ਕੀਤਾ।

25 ਸਾਲ ਦੀ ਉਮਰ ਵਿਚ ਮੁਹੰਮਦ ਸਾਹਿਬ ਦਾ ਵਿਆਹ ਬੀਬੀ ਖਦੀਜਾ ਨਾਲ ਹੋਇਆ ਜੋ ਮੱਕੇ ਦੀ ਸਤਿਕਾਰਤ ਇਸਤਰੀ ਸਨ ਅਤੇ ਮੁਹੰਮਦ ਸਾਹਿਬ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਸਨ। ਵਿਆਹ ਸਮੇਂ ਬੀਬੀ ਖਦੀਜਾ ਦੀ ਉਮਰ 40 ਸਾਲ ਸੀ ਜੋ ਮੁਹੰਮਦ ਸਾਹਿਬ ਤੋਂ 15 ਸਾਲ ਵੱਡੇ ਸਨ। ਇਹ ਸੰਸਾਰਕ ਅਤੇ ਧਾਰਮਿਕ ਤੌਰ ’ਤੇ ਸਫਲ ਵਿਆਹ ਸਾਬਿਤ ਹੋਇਆ। ਮੁਹੰਮਦ ਸਾਹਿਬ ਨੇ ਬੀਬੀ ਖਦੀਜਾ ਦੇ 55 ਸਾਲ ਦੀ ਉਮਰ ਵਿਚ ਦੇਹਾਂਤ ਹੋਣ ਤੱਕ ਹੋਰ ਕੋਈ ਵੀ ਵਿਆਹ ਨਹੀਂ ਕੀਤਾ।

ਲਗਭਗ 40 ਸਾਲ ਦੀ ਉਮਰ ਵਿਚ ਉੱਚੇ ਪਹਾੜ ’ਤੇ ਸਥਿਤ ਹਿਰਾ ਨਾਮਕ ਗੁਫਾ ਵਿਚ ਮੁਹੰਮਦ ਸਾਹਿਬ ਨੂੰ ਅਧਿਆਤਮਕ ਇਲਹਾਮ ਦੀ ਪ੍ਰਾਪਤੀ ਹੋਈ ਅਤੇ ਜ਼ਿਬਰਾਇਲ ਨਾਮਕ ਫਰਿਸ਼ਤੇ ਨੂੰ ਭੇਜ ਕੇ ਅੱਲਾਹ ਨੇ ਇਨ੍ਹਾਂ ਨੂੰ ਪੈਗੰਬਰੀ ਰੁਤਬੇ ਦੀ ਬਖਸ਼ਿਸ਼ ਕੀਤੀ। ਇਸ ਹਿਰਾ ਨਾਮਕ ਗੁਫਾ ਵਿਚ ਪਿਛਲੇ ਸੱਤ ਸਾਲਾਂ ਤੋਂ ਬੰਦਗੀ ਕਰਨਾ ਮੁਹੰਮਦ ਸਾਹਿਬ ਦਾ ਹਰ ਰੋਜ਼ ਦਾ ਨੇਮ ਸੀ। ਉਹ ਥੋੜ੍ਹਾ ਜਿਹਾ ਖਾਣ ਦਾ ਸਮਾਨ ਅਤੇ ਪਾਣੀ ਲੈ ਕੇ ਹਰ ਰੋਜ਼ ਪਹਾੜੀ ’ਤੇ ਚਲੇ ਜਾਂਦੇ ਅਤੇ ਬੰਦਗੀ ਕਰਦੇ। ਇਸ ਸਮੇਂ ਦੌਰਾਨ ਉਨ੍ਹਾਂ ਦੀ ਧਰਮ ਪਤਨੀ ਬੀਬੀ ਖਦੀਜਾ ਦਾ ਉਨ੍ਹਾਂ ਨੂੰ ਪੂਰਨ ਸਹਿਯੋਗ ਪ੍ਰਾਪਤ ਹੁੰਦਾ ਰਿਹਾ।

ਅਧਿਆਤਮਕ ਇਲਹਾਮ ਦੀ ਪ੍ਰਾਪਤੀ ਤੋਂ ਬਾਅਦ ਪੈਗੰਬਰ ਮੁਹੰਮਦ ਸਾਹਿਬ ਨੇ ਅੱਲਾਹ ਦੁਆਰਾ ਪ੍ਰਾਪਤ ਸੰਦੇਸ਼ ਨੂੰ ਆਮ ਲੋਕਾਈ ਵਿਚ ਪਹੁੰਚਾਉਣਾ ਆਰੰਭ ਕੀਤਾ। ਮੁਹੰਮਦ ਸਾਹਿਬ ’ਤੇ ਈਮਾਨ ਲਿਆਉਣ ਵਾਲੇ ਪਹਿਲੇ ਤਿੰਨ ਵਿਅਕਤੀਆਂ ਵਿਚ ਬੀਬੀ ਖਦੀਜਾ, ਹਜ਼ਰਤ ਅਲੀ ਅਤੇ ਹਜ਼ਰਤ ਅਬੂ ਬਕਰ ਸ਼ਾਮਿਲ ਸਨ। ਹੌਲੀ-ਹੌਲੀ ਇਸਲਾਮ ਧਾਰਨ ਕਰਨ ਵਾਲੇ ਲੋਕਾਂ ਦੀ ਗਿਣਤੀ ਵਧਣ ਲੱਗੀ ਪ੍ਰੰਤੂ ਕਬੀਲੇ ਦੇ ਬੁਤ ਪ੍ਰਸਤਾਂ ਵੱਲੋਂ ਉਨ੍ਹਾਂ ਦਾ ਇਕਈਸ਼ਵਰਵਾਦ ਕਾਰਨ ਵਿਰੋਧ ਆਰੰਭ ਹੋ ਗਿਆ। ਇਸ ਦੌਰਾਨ ਉਸ ਉੱਪਰ ਈਮਾਨ ਲਿਆਉਣ ਵਾਲਿਆਂ ਨਾਲ ਅਣਮਨੁੱਖੀ ਵਿਵਾਹਾਰ ਵੀ ਕੀਤਾ ਗਿਆ ਪਰ ਇਹ ਸਭ ਕੁੱਝ ਉਨ੍ਹਾਂ ਦੇ ਈਮਾਨ ਨੂੰ ਨਾ ਡੁਲਾ ਸਕਿਆ।

ਹਜ਼ਰਤ ਮੁਹੰਮਦ ਸਾਹਿਬ ਦਾ ਵਿਰੋਧ ਕਰਨ ਵਾਲਿਆਂ ਨੇ ਉਨ੍ਹਾਂ ਦਾ ਸਮਾਜਿਕ ਬਾਈਕਾਟ ਕਰ ਕੇ ਤਿੰਨ ਸਾਲ ਬੰਦੀ ਵੀ ਬਣਾ ਕੇ ਰੱਖਿਆ । ਬਾਈਕਾਟ ਦੀ ਸਮਾਪਤੀ ਅਤੇ ਰਿਹਾਈ ਤੋਂ ਬਾਅਦ ਉਨ੍ਹਾਂ ਦੇ ਚਾਚੇ ਅਬੂ ਤਾਲਿਬ ਦਾ ਦੇਹਾਂਤ ਹੋ ਗਿਆ ਅਤੇ ਕੁਝ ਸਮੇਂ ਬਾਅਦ ਮੁਹੰਮਦ ਸਾਹਿਬ ਦੇ ਧਰਮ ਪਤਨੀ ਬੀਬੀ ਖਦੀਜਾ ਵੀ ਫਾਨੀ ਸੰਸਾਰ ਤੋਂ ਕੂਚ ਕਰ ਗਏ। ਮੁਹੰਮਦ ਸਾਹਿਬ ਨੇ ਇਸ ਸਾਲ ਨੂੰ ਆਮ-ਉਲ-ਹੁਜ਼ਨ (ਸੋਗਮਈ ਸਾਲ) ਕਿਹਾ। ਇਸ ਦੁਖਦਾਈ ਸਮੇਂ ਦੌਰਾਨ ਇਕ ਰਾਤ ਨੂੰ ਅੱਲਾਹ ਨੇ ਉਨ੍ਹਾਂ ਨੂੰ ਦੀਦਾਰ ਦੇਣ ਅਤੇ ਮੁਲਾਕਤ ਲਈ ਸੱਤਵੇਂ ਆਸਮਾਨ 'ਤੇ ਬੁਲਾਇਆ। ਇਸ ਘਟਨਾ ਨੂੰ ਇਸਲਾਮ ਧਰਮ ਵਿਚ 'ਮਿਅਰਾਜ' ਕਿਹਾ ਜਾਂਦਾ ਹੈ।

ਇਸ ਤੋਂ ਬਾਅਦ ਉਨ੍ਹਾਂ ਦੇ ਕੀਤੇ ਜਾਣ ਵਾਲੇ ਵਿਰੋਧ ਵਿਚ ਲਗਾਤਾਰ ਵਾਧਾ ਹੁੰਦਾ ਰਿਹਾ ਤਾਂ ਅੱਲਾਹ ਨੇ ਜਿਬਰਾਇਲ ਫਰਿਸ਼ਤੇ ਰਾਹੀਂ ਮੁਹੰਮਦ ਸਾਹਿਬ ਨੂੰ ਮੱਕਾ ਛੱਡ ਕੇ ਮਦੀਨਾ ਜਾਣ ਦਾ ਆਦੇਸ਼ ਦਿੱਤਾ। ਇਸ ਘਟਨਾ ਨੂੰ ਹਿਜਰਤ ਦੀ ਘਟਨਾ ਕਿਹਾ ਜਾਂਦਾ ਹੈ ਜਿਸ ਤੋਂ ਹਿਜ਼ਰੀ ਸੰਨ ਦਾ ਆਰੰਭ ਵੀ ਹੁੰਦਾ ਹੈ।

ਮਦੀਨਾ ਦੇ ਨਿਵਾਸੀਆਂ ਦੁਆਰਾ ਮੱਕੇ ਤੋਂ ਆਉਣ ਵਾਲੇ ਮੁਹੰਮਦ ਸਾਹਿਬ ਅਤੇ ਉਨ੍ਹਾਂ ਦੇ ਅਨੁਯਾਈਆਂ ਦਾ ਦਿਲ ਖੋਲ੍ਹ ਕੇ ਸਵਾਗਤ ਕੀਤਾ ਗਿਆ ਅਤੇ ਹਰ ਤਰੀਕੇ ਨਾਲ ਮਦਦ ਕੀਤੀ। ਹਜ਼ਰਤ ਮੁਹੰਮਦ ਸਾਹਿਬ ਨੇ ਮਦੀਨੇ ਵਿਚ ਇਕ ਮਸਜਿਦ ਦਾ ਨਿਰਮਾਣ ਵੀ ਕਰਵਾਇਆ ਜੋ ਮਸਜਿਦ-ਏ-ਨਬਵੀ ਦੇ ਨਾਮ ਨਾਲ ਪ੍ਰਸਿੱਧ ਹੈ। ਮੱਕੇ ਦੇ ਇਸਲਾਮ ਵਿਰੋਧੀਆਂ ਦੀ ਵਿਰੋਧੀ ਨੀਤੀ ਕਾਰਨ ਪੈਗੰਬਰ ਮੁਹੰਮਦ ਸਾਹਿਬ ਨੂੰ ਉਨ੍ਹਾਂ ਨਾਲ ਜੰਗਾਂ ਵੀ ਕਰਨੀਆਂ ਪਈਆਂ ਜਿਨ੍ਹਾਂ ਵਿਚ ਬਦਰ, ਓਹਦ, ਖੰਦਨ, ਖੈਬਰ ਆਦਿ ਦੀਆਂ ਜੰਗਾਂ ਸ਼ਾਮਿਲ ਹਨ। ਇਨ੍ਹਾਂ ਜੰਗਾਂ ਤੋਂ ਬਾਅਦ ਮੱਕਾ ਫਤਿਹ ਕਰ ਕੇ ਮੱਕੇ ਦੇ ਕਾਅਬੇ ਵਿਚੋਂ ਬੁੱਤਾਂ ਨੂੰ ਖਤਮ ਕਰ ਕੇ ਇਸ ਪਵਿੱਤਰ ਜਗ੍ਹਾ 'ਤੇ ਇਕਈਸ਼ਵਰਵਾਦ ਦਾ ਆਗਾਜ਼ ਕੀਤਾ ਗਿਆ। ਇਸ ਤੋਂ ਬਾਅਦ ਮੁਹੰਮਦ ਸਾਹਿਬ ਨੇ ਅੱਲਾ ਵੱਲੋਂ ਪ੍ਰਾਪਤ ਹੋਣ ਵਾਲੇ ਇਲਹਾਮੀ ਸੰਦੇਸ਼-'ਕੁਰਆਨ' ਅਨੁਸਾਰ ਇਸਲਾਮ ਧਰਮ ਨੂੰ ਨਿਯਮਬੱਧ ਸਰੂਪ ਪ੍ਰਦਾਨ ਕੀਤਾ।

ਇਸ ਪ੍ਰਕਾਰ ਅਰਬ ਦੇਸ਼ ਦੀ ਧਰਤੀ ਨੂੰ ਅੱਲਾਹ ਦੇ ਪੈਗਾਮ ਨਾਲ ਜੋੜਣ ਤੋਂ ਬਾਅਦ ਹਜ਼ਰਤ ਮੁਹੰਮਦ ਸਾਹਿਬ 63 ਸਾਲ ਦੀ ਉਮਰ ਵਿਚ 632 ਈ. ਵਿਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

**10.5 ਇਸਲਾਮ ਧਰਮ ਦਾ ਵਿਕਾਸ**

ਵਰਤਮਾਨ ਸਮੇਂ ਵਿਚ ਭਾਵੇਂ ਇਸਲਾਮ ਧਰਮ ਗਿਣਤੀ ਪੱਖੋਂ ਸੰਸਾਰ ਦਾ ਦੂਜਾ ਧਰਮ ਹੈ ਪ੍ਰੰਤੂ ਇਹ ਸਰੂਪ ਇਸ ਧਰਮ ਦੇ ਆਰੰਭ ਵਿਚ ਅਜਿਹਾ ਨਹੀਂ ਸੀ। ਇਸਲਾਮ ਧਰਮ ਦੀ ਸ਼ੁਰੂਆਤ ਵਿਚ ਇਸ ਧਰਮ ਨੂੰ ਬੁੱਤ ਪ੍ਰਸਤਾਂ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ ਪ੍ਰੰਤੂ ਪੈਗੰਬਰ ਮੁਹੰਮਦ ਸਾਹਿਬ ਦੀ ਅਧਿਆਤਮਕ ਅਤੇ ਦ੍ਰਿੜ੍ਹ ਇਰਾਦੇ ਵਾਲੀ ਸ਼ਖ਼ਸੀਅਤ ਨੇ ਇਸ ਧਰਮ ਦੇ ਵਿਕਾਸ ਵਿਚ ਖੜੋਤ ਨਹੀਂ ਆਉਣ ਦਿੱਤੀ। ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਇਸ ਧਰਮ ਦੇ ਅਨੁਯਾਈ ਇਸ ਧਰਮ ਨੂੰ ਗਤੀਸ਼ੀਲਤਾ ਪ੍ਰਦਾਨ ਕਰਦੇ ਹੋਏ ਵੱਡੇ ਪੱਧਰ ’ਤੇ ਲੈ ਗਏ। ਇਸ ਧਰਮ ਦੇ ਵਿਕਾਸ ਨੂੰ ਇਨ੍ਹਾਂ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ-

### 10.5.1 ਨਬੁੱਵਤ (ਪੈਗੰਬਰੀ) ਅਤੇ ਅਲ- ਕਿਤਾਬ (ਕੁਰਆਨ) : ਵਿਕਾਸ ਦਾ ਅਹਿਮ ਪੜਾਅ

ਇਸਲਾਮ ਧਰਮ ਸਾਮੀ ਧਰਮਾਂ- ਯਹੂਦੀ, ਈਸਾਈ ਅਤੇ ਇਸਲਾਮ ਦੀ ਲੜੀ ਦਾ ਤੀਜਾ ਧਰਮ ਹੈ ਜੋ ਸਾਮੀ ਧਰਮਾ ਦੀ ਲੜੀ ਨੂੰ ਸੰਪੂਰਨਤਾ ਪ੍ਰਦਾਨ ਕਰਦਾ ਹੈ। ਸਾਮੀ ਪਰੰਪਰਾ ਵਿਚ ਕਿਸੇ ਵੀ ਧਰਮ ਲਈ ਨਬੁੱਵਤ (ਪੈਗੰਬਰੀ) ਇਕ ਅਹਿਮ ਆਧਾਰ ਹੈ ਜਿਸ ਰਾਹੀਂ ਪਰਮਾਤਮਾ ਦਾ ਅਧਿਆਤਮਕ ਗਿਆਨ ਆਮ ਲੋਕਾਂ ਤੱਕ ਪਹੁੰਚਦਾ ਹੈ। ਯਹੂਦੀ ਅਤੇ ਈਸਾਈ ਧਰਮਾਂ ਵਿਚ ਪੈਗਬੰਰ ਅਬਰਾਹਮ ਅਤੇ ਪੈਗੰਬਰ ਨੂਹ ਦੀ ਪੈਗੰਬਰੀ ਲੜੀ ਵਿਚ ਪੈਗੰਬਰ ਮੂਸਾ ਅਤੇ ਪੈਗੰਬਰ ਈਸਾ ਮਸੀਹ ਪ੍ਰਮੁੱਖ ਹਨ। ਇਸਲਾਮ ਧਰਮ ਵਿਚ ਪੈਗੰਬਰੀ ਦੀ ਬਖਸ਼ਿਸ਼ ਦਾ ਕਾਰਜ ਪੈਗੰਬਰ ਹਜ਼ਰਤ ਮੁਹੰਮਦ ਉੱਪਰ ਅੱਲ਼ਾਹ ਦੀ ਬਖਸ਼ਿਸ਼ ਰਾਹੀਂ ਪੂਰਾ ਹੋਇਆ। ਲਗਭਗ 7 ਸਾਲ ਅੱਲਾਹ ਦੀ ਬੰਦਗੀ ਕਰਨ ਤੋਂ ਬਾਅਦ ਉੱਚੀ ਪਹਾੜੀ ’ਤੇ ਸਥਿਤ ‘ਹਿਰਾ’ ਨਾਮਕ ਗੁਫਾ ਵਿਚ ਉਨ੍ਹਾਂ ਨੂੰ ਜ਼ਿਬਰਾਇਲ ਫਰਿਸ਼ਤੇ ਰਾਹੀਂ ਅੱਲਾਹ ਦਾ ਪੈਗਾਮ ਨਾਜ਼ਲ ਹੋਇਆ ਅਤੇ ਉਹ ਲਗਭਗ 40 ਸਾਲ ਦੀ ਉਮਰ ਵਿਚ ਅੱਲ਼ਾਹ ਦੁਆਰਾ ਪੈਗੰਬਰ ਥਾਪੇ ਗਏ। ਅੱਲ਼ਾਹ ਦੇ ਪੈਗਾਮ ਨੂੰ ਲੋਕਾਈ ਤੱਕ ਪਹੁੰਚਾਉਣ ਵਿਚ ਮੁਹੰਮਦ ਸਾਹਿਬ ਨੂੰ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ ਪ੍ਰੰਤੂ ਅੱਲਾਹ ਦੁਆਰਾ ਸਮੇਂ-ਸਮੇਂ ’ਤੇ ਭੇਜੇ ਰੱਬੀ ਪੈਗਾਮ ਉਨ੍ਹਾਂ ਦਾ ਮਾਰਗ ਦਰਸ਼ਨ ਕਰਦੇ ਰਹੇ। ਇਸਲਾਮੀ ਵਿਸ਼ਵਾਸ ਅਨੁਸਾਰ ਉਨ੍ਹਾਂ ਨੂੰ ਅੱਲਾਹ ਦੇ ਆਖਰੀ ਪੈਗੰਬਰ ਮੰਨਿਆ ਜਾਂਦਾ ਹੈ ਜਿਨ੍ਹਾਂ ਰਾਹੀਂ ਖੁਦਾਈ ਪੈਗਾਮ ਆਮ ਲੋਕਾਂ ਤੱਕ ਪਹੁੰਚਿਆ।

ਇਸਲਾਮ ਧਰਮ ਦੇ ਵਿਕਾਸ ਵਿਚ ਨਬੁੱਵਤ ਦੇ ਨਾਲ ਅੱਲਾਹ ਦੇ ਪੈਗਾਮ ਵਾਲੀ ਅਲ ਕਿਤਾਬ (ਕੁਰਆਨ) ਦਾ ਅਹਿਮ ਰੋਲ ਹੈ ਜੋ ਪੈਗੰਬਰ ਮੁਹੰਮਦ ਸਾਹਿਬ ਨੂੰ ਅੱਲਾਹ ਵੱਲੋਂ ਵੱਖ-ਵੱਖ ਸਮਿਆਂ ’ਤੇ ਪ੍ਰਾਪਤ ਪੈਗਾਮਾਂ ਦਾ

ਸੰਗ੍ਰਹਿ ਹੈ। ਇਹ ਪੈਗਾਮ ਲਗਭਗ 23 ਸਾਲਾਂ ਤੱਕ ਅੱਲਾਹ ਦੇ ਫਰਿਸ਼ਤੇ ਜ਼ਿਬਰਾਇਲ ਰਾਹੀਂ ਤਤਕਾਲੀਨ ਸਮੇਂ ਦੀਆਂ ਪ੍ਰਸਥਿਤੀਆਂ ਅਨੁਸਾਰ ਮੁਹੰਮਦ ਸਾਹਿਬ ਨੂੰ ਨਾਜ਼ਲ ਹੁੰਦੇ ਰਹੇ। ਮੁਸਲਮਾਨਾਂ ਲਈ ਇਸ ਪਵਿੱਤਰ ਕੁਰਆਨ ਦਾ ਅੱਖਰ-ਅੱਖਰ ਅੰਤਿਮ ਸੱਚ ਹੈ ਜਿਸ ਦੀ ਪਾਲਣਾ ਲਈ ਬਿਨਾਂ ਕਿਸੇ ਹੀਲ ਹੁੱਜ਼ਤ ਦੇ ਤਤਪਰ ਰਹਿਣਾ ਇਕ ਮੁਸਲਮਾਨ ਦਾ ਸਭ ਤੋਂ ਅਹਿਮ ਕਾਰਜ ਹੈ। ਪਵਿੱਤਰ ਕੁਰਆਨ ਵਿਚ ਕੁੱਲ 114 ਸੂਰਤਾਂ (ਅਧਿਆਇ) ਹਨ ਜਿਨ੍ਹਾਂ ਨੂੰ ਆਇਤਾਂ ਵਿਚ ਵੰਡਿਆ ਗਿਆ ਹੈ। ਆਇਤਾਂ ਨੂੰ ਮਿਲਾ ਕੇ ਰੁਕੂਅ ਬਣੇ ਹਨ ਅਤੇ ਇਨ੍ਹਾਂ ਰੁਕੂਆਂ ਨੂੰ ਮਿਲਾ ਕੇ ਪਾਰੇ ਬਣਾਏ ਗਏ ਹਨ। ਸੰਪੂਰਨ ਕੁਰਆਨ ਨੂੰ ਇਕ ਮਹੀਨੇ ਵਿਚ ਪੜ੍ਹ ਲੈਣ ਦੀ ਸਹੂਲਤ ਅਨੁਸਾਰ 30 ਪਾਰਿਆਂ ਵਿਚ ਵੰਡਿਆ ਗਿਆ ਹੈ। ਇਸ ਪਵਿੱਤਰ ਗ੍ਰੰਥ ਵਿਚ ਕੁਝ 114 ਸੂਰਤਾਂ, 6236 ਆਇਤਾਂ ਅਤੇ 540 ਰੁਕੂਅ ਹਨ। ਪਵਿੱਤਰ ਕੁਰਆਨ ਦੇ ਕੁੱਲ ਵਾਕਾਂ ਦੀ ਗਿਣਤੀ ਲਗਭਗ 77439 ਅਤੇ ਸ਼ਬਦਾਂ ਦੀ ਗਿਣਤੀ ਲਗਭਗ 340740 ਹੈ।

ਇਸ ਪਵਿੱਤਰ ਧਰਮ ਗ੍ਰੰਥ ਨੂੰ ਇਸਲਾਮ ਧਰਮ ਦਾ ਆਧਾਰ ਕਿਹਾ ਜਾ ਸਕਦਾ ਹੈ ਜਿਸ ਦਾ ਨਾਜ਼ਲ ਹੋਣਾ ਇਸ ਧਰਮ ਦੇ ਵਿਕਾਸ ਦਾ ਮੁੱਢਲਾ ਅਤੇ ਅਹਿਮ ਦੌਰ ਸੀ। ਇਕ ਮੁਸਲਮਾਨ ਦੀ ਸੰਪੂਰਨ ਜੀਵਨ-ਜਾਚ ਪਵਿੱਤਰ ਕੁਰਆਨ ਦੇ ਨਿਯਮਾਂ ’ਤੇ ਆਧਾਰਿਤ ਹੈ ਜਿਸ ਤੋਂ ਉਹ ਆਪਣੇ ਜੀਵਨ ਸੰਬੰਧੀ ਸੇਧਾਂ ਵੀ ਪ੍ਰਾਪਤ ਕਰਦਾ ਹੈ ਅਤੇ ਆਪਣੇ ਸਮਾਜਿਕ-ਧਾਰਮਿਕ ਰਸਮ ਰਿਵਾਜ ਵੀ ਅਦਾ ਕਰਦਾ ਹੈ।

### 10.5.2 ਨਬੁੱਵਤ ਤੋਂ ਖ਼ਿਲਾਫ਼ਤ ਦਾ ਦੌਰ: ਇਸਲਾਮ ਦੇ ਚਾਰ ਖ਼ਲੀਫ਼ੇ

ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਜੀਵਨ ਕਾਲ ਦੌਰਾਨ ਇਸਲਾਮ ਧਰਮ ਦਾ ਆਗਾਜ਼ ਕਰ ਕੇ ਇਸ ਧਰਮ ਨੂੰ ਧਾਰਮਿਕ-ਸਮਾਜਿਕ-ਰਾਜਨੀਤਿਕ ਪੱਖ ਤੋਂ ਵਿਵਸਥਿਤ ਸਰੂਪ ਪ੍ਰਦਾਨ ਕੀਤਾ। ਉਨ੍ਹਾਂ ਨੇ ਹਰ ਖੇਤਰ ਵਿਚ ਇਸਲਾਮ ਧਰਮ ਦੀ ਅੱਲਾਹ ਦੇ ਹੁਕਮਾਂ ਅਨੁਸਾਰ ਅਗਵਾਈ ਕੀਤੀ। ਮੁਹੰਮਦ ਸਾਹਿਬ ਦੇ ਜੀਵਨ ਕਾਲ ਨੂੰ ਇਸਲਾਮ ਧਰਮ ਵਿਚ ‘ਨਬੁੱਵਤ ਕਾਲ’ ਕਿਹਾ ਜਾ ਸਕਦਾ ਹੈ, ਭਾਵ ਕਿ ਨਬੀ (ਪੈਗੰਬਰ) ਦਾ ਸਮਾਂ। ਨਬੁੱਵਤ ਕਾਲ ਤੋਂ ਬਾਅਦ ਇਸਲਾਮ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਮੁਹੰਮਦ ਸਾਹਿਬ ਦੇ ਚਾਰ ਉੱਤਰਧਿਕਾਰੀਆਂ ਨੇ ਅਹਿਮ ਰੋਲ ਅਦਾ ਕੀਤਾ ਜਿਨ੍ਹਾਂ ਨੂੰ ‘ਖ਼ਲੀਫ਼ਾ’ ਕਿਹਾ ਜਾਂਦਾ ਹੈ। ਇਸਲਾਮ ਧਰਮ ਵਿਚ ਇਨ੍ਹਾਂ ਨੂੰ ‘ਖੁਲਫ਼ਾ-ਏ-ਰਾਸ਼ਿਦੂਨ’ ਅਤੇ ਇਨ੍ਹਾਂ ਦੇ ਸ਼ਾਸਨਕਾਲ ਨੂੰ ਖ਼ਿਲਾਫ਼ਤ ਕਿਹਾ ਜਾਂਦਾ ਹੈ। ਇਨ੍ਹਾਂ ਚਾਰ ਖ਼ਲੀਫ਼ਿਆਂ ਦੇ ਸ਼ਾਸਨ ਕਾਲ ਦੌਰਾਨ ਇਸਲਾਮ ਧਰਮ ਦਾ

ਬਹੁਪੱਖੀ ਵਿਕਾਸ ਹੋਇਆ। ਇਨ੍ਹਾਂ ਚਾਰ ਖ਼ਲੀਫ਼ਿਆਂ ਬਾਰੇ ਇਹ ਵੀ ਅਹਿਮ ਤੱਥ ਹੈ ਕਿ ਇਨ੍ਹਾਂ ਦਾ ਮੁਹੰਮਦ ਸਾਹਿਬ ਨਾਲ ਕਿਸੇ ਨਾ ਕਿਸੇ ਰੂਪ ਵਿਚ ਪਰਿਵਾਰਿਕ ਰਿਸ਼ਤਾ ਵੀ ਸੀ ਅਤੇ ਇਨ੍ਹਾਂ ਨੇ ਪੈਗੰਬਰ ਮੁਹੰਮਦ ਸਾਹਿਬ ਦੇ ਜੀਵਨ ਕਾਲ ਦੌਰਾਨ ਉਨ੍ਹਾਂ ਦਾ ਸਾਥ ਪ੍ਰਾਪਤ ਕਰ ਕੇ ਇਸਲਾਮ ਧਰਮ ਨੂੰ ਵਿਵਸਥਿਤ ਢੰਗ ਰਾਹੀਂ ਸਮਝਿਆ ਸੀ ਅਤੇ । ਇਸੇ ਆਧਾਰ 'ਤੇ ਹੀ ਇਹ ਮੁਹੰਮਦ ਸਾਹਿਬ ਦੇ ਖ਼ਲੀਫ਼ਾ (ਪ੍ਰਤੀਨਿਧ) ਥਾਪੇ ਗਏ ਅਤੇ ਇਸਲਾਮ ਦੀ ਸੁਚੱਜੇ ਢੰਗ ਨਾਲ ਅਗਵਾਈ ਕੀਤੀ। ਇਨ੍ਹਾਂ ਚਾਰ ਖ਼ਲੀਫ਼ਿਆਂ ਦੇ ਨਾਮ ਇਸ ਪ੍ਰਕਾਰ ਹਨ- ਹਜ਼ਰਤ ਅਬੂ ਬਕਰ ਸਿੱਦੀਕ (632 ਈ. – 634 ਈ.) 2. ਹਜ਼ਰਤ ਉਮਰ ਫਾਰੂਕ (634 ਈ. – 644 ਈ.) 3. ਹਜ਼ਰਤ ਉਸਮਾਨ ਗਨੀ (644 ਈ. - 656 ਈ.) 4. ਹਜ਼ਰਤ ਅਲੀ (656 ਈ.- 661 ਈ.)।

**ਪਹਿਲੇ ਖ਼ਲੀਫ਼ਾ**- ਇਸਲਾਮ ਧਰਮ ਦੇ ਪਹਿਲੇ ਖ਼ਲੀਫ਼ਾ ਹਜ਼ਰਤ ਅਬੂ ਬਕਰ ਸਿੱਦੀਕ ਪੈਗੰਬਰ ਮੁਹੰਮਦ ਸਾਹਿਬ ਦੇ ਸਭ ਤੋਂ ਕਰੀਬੀ ਸਾਥੀ ਸਨ ਜੋ ਇਸਲਾਮ ਧਾਰਨ ਕਰਨ ਵਾਲੇ ਪਹਿਲੇ ਤਿੰਨ ਵਿਅਕਤੀਆਂ ਵਿਚੋਂ ਸਨ। ਇਨ੍ਹਾਂ ਨੂੰ ਮੁਹੰਮਦ ਸਾਹਿਬ ਵੱਲੋਂ ਅਸ ਸਿੱਦੀਕ ਦਾ ਖਿਤਾਬ ਪ੍ਰਾਪਤ ਸੀ ਜਿਸ ਦਾ ਅਰਥ ਹੈ- ਹਮੇਸ਼ਾ ਸੱਚ ਕਹਿਣ ਵਾਲਾ ਅਤੇ ਯਕੀਨ ਕਰਨ ਵਾਲਾ। ਅਬੂ ਬਕਰ ਮੁਹੰਮਦ ਸਾਹਿਬ ਤੋਂ ਲਗਭਗ 2 ਸਾਲ ਛੋਟੇ ਸਨ ਜਿਨ੍ਹਾਂ ਦੀ ਬੇਟੀ ਹਜ਼ਰਤ ਆਇਸ਼ਾ ਨੂੰ ਪੈਗੰਬਰ ਹਜ਼ਰਤ ਮੁਹੰਮਦ ਦੀ ਧਰਮ ਪਤਨੀ ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਅਬੂ ਬਕਰ ਨੇ ਪੈਗੰਬਰ ਸਾਹਿਬ ਦੁਆਰਾ ਇਸਲਾਮ ਦੇ ਵਿਰੋਧੀਆਂ ਨਾਲ ਕੀਤੀਆਂ ਜਾਣ ਵਾਲੀਆਂ ਸਾਰੀਆਂ ਜੰਗਾਂ ਵਿਚ ਹਿੱਸਾ ਲਿਆ ਅਤੇ ਆਪਣੀ ਸਮੁੱਚੀ ਜ਼ਿੰਦਗੀ ਇਸਲਾਮ ਨੂੰ ਸਮਪਰਪਿਤ ਕੀਤੀ। 632 ਈ. ਵਿਚ ਪੈਗੰਬਰ ਮੁਹੰਮਦ ਸਾਹਿਬ ਦੇ ਦੇਹਾਂਤ ਤੋਂ ਬਾਅਦ ਇਹ ਇਸਲਾਮ ਦੇ ਪਹਿਲੇ ਖ਼ਲੀਫ਼ਾ ਬਣੇ ਅਤੇ ਅੱਲਾਹ ਦੇ ਪੈਗਾਮ ਪਵਿੱਤਰ ਕੁਰਆਨ ਨੂੰ ਲਿਖਤੀ ਰੂਪ ਦੇਣ ਦਾ ਅਹਿਮ ਕਾਰਜ ਕੀਤਾ। ਇਸ ਤੋਂ ਪਹਿਲਾਂ ਕੁਰਆਨ ਨੂੰ ਯਾਦ ਕਰ ਕੇ ਸਹਾਬੀਆਂ ਦੁਆਰਾ ਮੌਖਿਕ ਰੂਪ ਵਿਚ ਸੰਭਾਲਿਆ ਹੋਇਆ ਸੀ। ਹਜ਼ਰਤ ਅਬੂ ਬਕਰ ਬਾਰੇ ਪੈਗੰਬਰ ਮੁਹੰਮਦ ਸਾਹਿਬ ਨੇ ਕਿਹਾ ਸੀ- ਅਬੂ ਬਕਰ ਨੇ ਆਪਣੀ ਜਾਇਦਾਦ, ਮਲਕੀਅਤ ਅਤੇ ਸੋਹਬਤ ਨਾਲ ਮੇਰੀ ਬਹੁਤ ਸੇਵਾ ਕੀਤੀ ਹੈ। ਜੇਕਰ ਮੈਂ ਜੰਨਤ ਵਿਚ ਕਿਸੇ ਖਲੀਲ (ਮਦਦਗਾਰ) ਦੋਸਤ ਨੂੰ ਨਾਲ ਲੈ ਕੇ ਜਾਣਾ ਹੁੰਦਾ ਤਾਂ ਮੈਂ ਅਬੂ ਬਕਰ ਨੂੰ ਜ਼ਰੂਰ ਲੈ ਜਾਂਦਾ।

**ਦੂਸਰੇ ਖ਼ਲੀਫ਼ਾ**- ਹਜ਼ਰਤ ਉਮਰ ਇਸਲਾਮ ਧਰਮ ਦੇ ਦੂਸਰੇ ਖ਼ਲੀਫ਼ਾ ਹੋਏ ਹਨ ਜਿਨ੍ਹਾਂ ਦਾ ਜਨਮ 580 ਈ. ਵਿਚ ਮੱਕੇ ਦੇ ਕੁਰੈਸ਼ ਕੀਬਲੇ ਵਿਚ ਹੋਇਆ। ਇਹ ਮੱਕੇ ਦੇ ਉਨ੍ਹਾਂ ਥੋੜ੍ਹੇ ਜਿਹੇ ਲੋਕਾਂ ਵਿਚ ਸ਼ਾਮਿਲ ਸਨ ਜੋ ਪੜ੍ਹੇ-ਲਿਖੇ ਸਨ

ਅਤੇ ਜਿਸਮਾਨੀ ਪੱਖ ਤੋਂ ਮਜ਼ਬੂਤ ਸਰੀਰ ਵਾਲੇ ਪਹਿਲਵਾਨ ਵਜੋਂ ਜਾਣੇ ਜਾਂਦੇ ਸਨ। ਇਨ੍ਹਾਂ ਬਾਰੇ ਇਸਲਾਮ ਧਰਮ ਵਿਚ ਪ੍ਰਵੇਸ਼ ਕਰਨ ਬਾਰੇ ਦਿਲਚਸਪ ਰਵਾਇਤ ਪ੍ਰਾਪਤ ਹੁੰਦੀ ਹੈ ਕਿ ਇਹ ਪੈਗੰਬਰ ਮੁਹੰਮਦ ਸਾਹਿਬ ਨੂੰ ਕਤਲ ਕਰਨ ਦੇ ਇਰਾਦੇ ਨਾਲ ਉਨ੍ਹਾਂ ਕੋਲ ਜਾ ਰਹੇ ਸਨ ਪ੍ਰੰਤੂ ਆਪਣੀ ਭੈਣ ਦੇ ਘਰ ਵਿਚ ਕੁਰਆਨ ਦੀਆਂ ਆਇਤਾਂ ਸੁਣਨ ਤੋਂ ਬਾਅਦ ਇਨ੍ਹਾਂ ਨੇ ਪ੍ਰਭਾਵਿਤ ਹੋ ਕੇ ਇਸਲਾਮ ਕਬੂਲ ਕਰ ਲਿਆ ਅਤੇ ਇਸਲਾਮ ਦੀ ਸੱਚੇ ਦਿਲ ਨਾਲ ਸੇਵਾ ਕੀਤੀ। ਮੁਹੰਮਦ ਸਾਹਿਬ ਨੇ ਇਨ੍ਹਾਂ ਨੂੰ ਅਲ-ਫਾਰੂਕ ਦੇ ਖਿਤਾਬ ਨਾਲ ਨਿਵਾਜਿਆ ਹੋਇਆ ਸੀ ਜਿਸ ਦਾ ਅਰਥ ਹੈ – ਸਹੀ ਅਤੇ ਗਲਤ ਦੇ ਵਿਚ ਫੈਸਲਾ ਕਰਨ ਵਾਲਾ। ਹਜ਼ਰਤ ਅਬੂ ਬਕਰ ਤੋਂ ਬਾਅਦ 634 ਈ. ਵਿਚ ਇਸਲਾਮ ਦਾ ਦੂਜਾ ਖ਼ਲੀਫ਼ਾ ਬਣਨ ਤੋਂ ਬਾਅਦ ਇਨ੍ਹਾਂ ਨੇ ਇਸਲਾਮ ਦੇ ਵਿਕਾਸ ਲਈ ਕਈ ਅਹਿਮ ਕਾਰਜ ਕੀਤੇ, ਜਿਵੇਂ ਵੱਡਿਆਂ ਸੂਬਿਆਂ ਦੀ ਛੋਟੇ ਸੂਬਿਆਂ ਵਿਚ ਤਬਦੀਲੀ, ਇਸਲਾਮਿਕ ਹਿਜ਼ਰੀ ਕੈਲੰਡਰ ਦਾ ਈਜਾਦ ਆਦਿ।

**ਤੀਸਰੇ ਖ਼ਲੀਫ਼ਾ**- ਮੱਕੇ ਦੀ ਧਰਤੀ ’ਤੇ 573 ਈ. ਵਿਚ ਪੈਦਾ ਹੋਣ ਵਾਲੇ ਹਜ਼ਰਤ ਉਸਮਾਨ ਗਨੀ ਇਸਲਾਮ ਧਰਮ ਦੇ ਤੀਸਰੇ ਖ਼ਲੀਫ਼ਾ ਹੋਏ ਹਨ ਜਿਨ੍ਹਾਂ ਨੇ ਆਪਣੇ ਮਿੱਤਰ ਹਜ਼ਰਤ ਅਬੂ ਬਕਰ ਰਾਹੀਂ ਇਸਲਾਮ ਧਰਮ ਕਬੂਲ ਕੀਤਾ। ਇਹ ਦੌਲਤ ਪੱਖੋਂ ਕਾਫੀ ਅਮੀਰ ਇਨਸਾਨ ਸਨ ਜਿਨ੍ਹਾਂ ਨੇ ਆਪਣੀ ਮਲਕੀਅਤ ਦਾ ਇਸਤੇਮਾਲ ਇਸਲਾਮ ਦੀ ਹਕੀਕੀ ਖਿਦਮਤ ਵਿਚ ਕੀਤਾ, ਜਿਵੇਂ- ਮਦੀਨਾ ਵਿਚ ਯਹੂਦੀਆਂ ਤੋਂ ਖੂਹ ਖਰੀਦ ਕੇ ਮੁਸਲਮਾਨਾਂ ਨੂੰ ਸਮਰਪਿਤ ਕਰਨਾ ਅਤੇ ਪੈਗੰਬਰ ਮੁਹੰਮਦ ਸਾਹਿਬ ਦੁਆਰਾ ਸਥਾਪਿਤ ਮਸਜਿਦ- ‘ਮਸਜਿਦ-ਏ-ਨਬਵੀ’ ਦੇ ਆਸ ਪਾਸ ਦੀ ਜ਼ਮੀਨ ਖਰੀਦ ਕੇ ਮਸਜਿਦ ਦੀਆਂ ਸੀਮਾਵਾਂ ਵਿਚ ਵਾਧਾ ਕਰਨਾ ਆਦਿ। ਮੁਹੰਮਦ ਸਾਹਿਬ ਦੁਆਰਾ ਲੜੀ ਗਈ ਤਬੂਕ ਦੀ ਜੰਗ ਦੌਰਾਨ ਹਜ਼ਰਤ ਉਸਮਾਨ ਨੇ ਘੋੜੇ, ਊਠ ਅਤੇ ਸੋਨੇ ਦੇ ਸਿੱਕਿਆਂ ਰਾਹੀਂ ਇਕ ਤਿਹਾਈ ਮੁਸਲਿਮ ਫੌਜ (ਲਗਭਗ 10,000 ਆਦਮੀ) ਨੂੰ ਮਜ਼ਬੂਤੀ ਪ੍ਰਦਾਨ ਕੀਤੀ। ਉਨ੍ਹਾਂ ਨੂੰ ਪੈਗੰਬਰ ਮੁਹੰਮਦ ਸਾਹਿਬ ਦੀਆਂ ਦੋ ਧੀਆਂ ਨਾਲ ਵਿਆਹ ਕਰਨ ਦਾ ਸੁਭਾਗ ਮਿਲਿਆ ਜਿਸ ਕਾਰਨ ਉਨ੍ਹਾਂ ਨੂੰ ਧੁਨ ਨੂਰੇਨ (ਦੋ ਰੌਸ਼ਨੀਆਂ ਦਾ ਸਰਤਾਜ) ਦਾ ਖਿਤਾਬ ਵੀ ਪ੍ਰਾਪਤ ਹੋਇਆ।

ਇਸਲਾਮ ਧਰਮ ਦੇ ਤੀਸਰੇ ਖ਼ਲੀਫ਼ੇ ਬਣਨ ਤੋਂ ਬਾਅਦ ਇਨ੍ਹਾਂ ਨੇ ਸ਼ਾਮਲੀ ਅਫਰੀਕਾ ਵਰਗੇ ਦੁਨੀਆਂ ਦੇ ਦੂਰ-ਦੁਰਾਡੇ ਇਲਾਕਿਆਂ ’ਤੇ ਕਬਜ਼ਾ ਕੀਤਾ, ਪਹਿਲੀ ਮੁਸਲਿਮ ਜਹਾਜ਼ੀ ਫੌਜ ਕਾਇਮ ਕੀਤੀ, ਰੋਮਨ ਇਲਾਕੇ ਅਤੇ ਬੈਂਜਨਟਾਇਨ ਸਲਤਨਤ ਨੂੰ ਹਰਾਇਆ।

**ਚੌਥੇ ਖ਼ਲੀਫ਼ਾ**- ਹਜ਼ਰਤ ਅਲੀ ਇਸਲਾਮ ਧਰਮ ਦੇ ਚੌਥੇ ਖ਼ਲੀਫ਼ਾ ਹੋਏ ਹਨ ਜੋ ਪੈਗੰਬਰ ਮੁਹੰਮਦ ਸਾਹਿਬ ਦੇ ਚਚੇਰੇ ਭਰਾ ਸਨ ਅਤੇ ਪੈਗਬੰਰ ਮੁਹੰਮਦ ਤੋਂ 30 ਸਾਲ ਛੋਟੇ ਸਨ। ਇਹ ਇਸਲਾਮ ਧਰਮ ਕਬੂਲ ਕਰਨ ਵਾਲੇ ਪਹਿਲੇ ਨੌਜਵਾਨਾਂ ਵਿਚੋਂ ਸਨ। ਜਦੋਂ ਮੁਹੰਮਦ ਸਾਹਿਬ ਦਾ ਵਿਰੋਧ ਕਰਨ ਵਾਲੇ ਮੱਕੇ ਦੇ ਬੁੱਤ ਪ੍ਰਸਤਾਂ ਦੁਆਰਾ ਉਨ੍ਹਾਂ ਨੂੰ ਰਾਤ ਨੂੰ ਕਤਲ ਕਰਨ ਦਾ ਇਰਾਦ ਬਣਾ ਰਹੇ ਸਨ ਤਾਂ ਹਜ਼ਰਤ ਅਲੀ ਉਸ ਰਾਤ ਪੈਗੰਬਰ ਮੁਹੰਮਦ ਸਾਹਿਬ ਦੀ ਜਗ੍ਹਾ ਉਨ੍ਹਾਂ ਦੇ ਬਿਸਤਰ ’ਤੇ ਸੌਂ ਕੇ ਮਹਾਨ ਸੇਵਾ ਕੀਤੀ। ਹਜ਼ਰਤ ਅਲੀ ਨੂੰ ਮੁਹੰਮਦ ਸਾਹਿਬ ਦੀ ਸਭ ਤੋਂ ਛੋਟੀ ਬੇਟੀ ਹਜ਼ਰਤ ਫਾਤਿਮਾ ਦਾ ਜੀਵਨ ਸਾਥੀ ਬਣਨ ਦਾ ਸੁਭਾਗ ਪ੍ਰਾਪਤ ਹੋਇਆ । ਹਜ਼ਰਤ ਈਮਾਮ ਹੁਸੈਨ ਅਤੇ ਹਜ਼ਰਤ ਈਮਾਨ ਹਸਨ ਇਨ੍ਹਾਂ ਦੇ ਬੇਟੇ ਸਨ ਜੋ ਕਰਬਲਾ ਦੀ ਜੰਗ ਵਿਚ ਸ਼ਹੀਦ ਹੋਏ। ਹਜ਼ਰਤ ਅਲੀ ਨੇ ਪੈਗੰਬਰ ਮੁਹੰਮਦ ਸਾਹਿਬ ਦੁਆਰਾ ਲੜੀਆਂ ਗਈਆਂ ਅਨੇਕਾਂ ਜੰਗਾਂ ਵਿਚ ਬਹਾਦਰੀ ਦੀ ਮਿਸਾਲ ਕਾਇਮ ਕੀਤੀ ਜਿਸ ਕਾਰਨ ਆਪ ਨੂੰ ‘ਅੱਲਾਹ ਦਾ ਸ਼ੇਰ’ ਦਾ ਖਿਤਾਬ ਪ੍ਰਾਪਤ ਹੋਇਆ।

ਹਜ਼ਰਤ ਅਲੀ ਨੂੰ ਅਰਬੀ ਭਾਸ਼ਾ ਦਾ ਵੀ ਚੰਗਾ ਗਿਆਨ ਸੀ। ਇਸਲਾਮ ਧਰਮ ਦਾ ਚੌਥਾ ਖ਼ਲੀਫ਼ਾ ਬਣਨ ਤੋਂ ਬਾਅਦ ਉਨ੍ਹਾਂ ਨੇ ਮੁਸਲਮਾਨਾਂ ਵਿਚ ਏਕਤਾ ਅਤੇ ਅਮਨ ਕਾਇਮ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ, ਬਾਗੀਆਂ ਨੂੰ ਜੰਗਾਂ ਵਿਚ ਤਬਾਹ ਕੀਤਾ ਅਤੇ ਉਮਯੱਦ ਨੂੰ ਹਰਾ ਕੇ ਜਜੀਆ ਵਿਚ ਸੁਧਾਰਾਂ ਦੀ ਸ਼ੁਰੂਆਤ ਕੀਤੀ।

ਇਸ ਪ੍ਰਕਾਰ ਇਸਲਾਮ ਧਰਮ ਦੇ ਇਨ੍ਹਾਂ ਚਾਰ ਖਲੀਫ਼ਿਆਂ ਨੇ ਪੈਗੰਬਰ ਮੁਹੰਮਦ ਸਾਹਿਬ ਦੀ ਵਿਰਾਸਤ ਨੂੰ ਨਿਰੰਤਰਤਾ ਪ੍ਰਦਾਨ ਕਰਦੇ ਹੋਏ ਇਸਲਾਮ ਧਰਮ ਦੇ ਵਿਕਾਸ ਵਿਚ ਅਹਿਮ ਰੋਲ ਅਦਾ ਜਿਸ ਦੇ ਨਤੀਜੇ ਵਜੋਂ ਖ਼ਿਲਾਫ਼ਤ ਦੌਰ ਇਸਲਾਮ ਦੇ ਵਿਕਾਸ ਦਾ ਇਕ ਅਹਿਮ ਦੌਰ ਸਾਬਿਤ ਹੋਇਆ।

### 10.5.3 ਇਸਲਾਮ ਧਰਮ ਦਾ ਰਾਜਨੀਤਿਕ ਵਿਕਾਸ

ਰਾਜਨੀਤਿਕ ਪੱਖ ਤੋਂ ਹੋਣ ਵਾਲੇ ਵਿਕਾਸ ਨੂੰ ਇਸਲਾਮ ਧਰਮ ਦੇ ਵਿਕਾਸ ਦਾ ਇਕ ਅਹਿਮ ਦੌਰ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਇਸਲਾਮ ਦਾ ਪ੍ਰਸਾਰ ਅਰਬ ਦੇ ਇਲਾਕੇ ਵਿਚੋਂ ਨਿਕਲ ਕੇ ਵਿਸ਼ਵ ਦੇ ਵਿਭਿੰਨ ਦੇਸ਼ਾਂ ਵਿਚ ਹੋਇਆ। ਮੌਜੂਦਾ ਸਮੇਂ ਇਸਲਾਮ ਧਰਮ ਦੇ ਵੱਡੇ ਪੱਧਰ ’ਤੇ ਹੋਏ ਵਿਕਾਸ ਪਿੱਛੇ ਰਾਜਨੀਤਿਕ ਸਰਪ੍ਰਸਤੀ ਨੇ ਇਕ ਅਹਿਮ ਰੋਲ ਅਦਾ ਕੀਤਾ ਹੈ।

ਇਸਲਾਮ ਧਰਮ ਦੇ ਰਾਜਨੀਤਿਕ ਵਿਕਾਸ ਦਾ ਆਰੰਭ ਪੈਗੰਬਰ ਮੁਹੰਮਦ ਸਾਹਿਬ ਦੇ ਸਮੇਂ ਤੋਂ ਹੀ ਮੰਨਿਆ ਜਾ ਸਕਦਾ ਹੈ ਜਦੋਂ ਉਨ੍ਹਾਂ ਨੇ ਇਸਲਾਮ ਦਾ ਵਿਰੋਧ ਕਰਨ ਵਾਲਿਆਂ ਨਾਲ ਜੰਗਾਂ ਕੀਤੀਆਂ ਅਤੇ ਮੱਕੇ ’ਤੇ ਫਤਿਹ ਹਾਸਿਲ ਕੀਤੀ। ਮੱਕੇ ਦੀ ਇਸ ਜਿੱਤ ਨੇ ਇਸਲਾਮ ਦੇ ਅਨੁਯਾਈਆਂ ਨਾਲ ਅਣਮਨੁੱਖੀ ਵਿਵਹਾਰ ਕਰਨ ਵਾਲੇ ਇਸਲਾਮ ਵਿਰੋਧੀਆਂ ਦੇ ਵਿਰੋਧ ਦਾ ਖਾਤਮਾ ਕਰ ਕੇ ਸੰਸਾਰ ਵਿਚ ਇਸਲਾਮ ਦੇ ਪ੍ਰਸਾਰ ਦੇ ਦਰਵਾਜ਼ੇ ਖੋਲ੍ਹ ਦਿੱਤੇ।

634 ਈ. ਵਿਚ ਘਮਾਸਾਨ ਯੁੱਧ ਤੋਂ ਬਾਅਦ ਬੈਂਜਨਟਾਈਨ ਸੈਨਾਵਾਂ ਨੂੰ ਹਰਾ ਕੇ ਮੁਸਲਮਾਨਾਂ ਨੇ ਲਗਭਗ ਪੂਰੇ ਫਿਲੀਸਤੀਨ ’ਤੇ ਕਬਜ਼ਾ ਕਰ ਲਿਆ 635 ਈ. ਵਿਚ 6 ਮਹੀਨੇ ਦੇ ਘੇਰੇ ਤੋਂ ਬਾਅਦ ਦਮਿਸ਼ਕ ਨੇ ਇਸਲਾਮੀ ਸੈਨਾਵਾਂ ਅੱਗੇ ਆਤਮ ਸਮਰਪਣ ਕਰ ਦਿੱਤਾ। 636 ਈ. ਵਿਚ ਯੂਰਪ ਦੀਆਂ ਈਸਾਈ ਸੈਨਾਵਾਂ ਦੀ ਹਾਰ ਤੋਂ ਬਾਅਦ ਮੁਸਲਮਾਨਾਂ ਨੇ ਸੀਰੀਆ ’ਤੇ ਆਪਣਾ ਅਧਿਕਾਰ ਕਰਨਾ ਸ਼ੁਰੂ ਕੀਤਾ ਅਤੇ 640 ਈ. ਤੱਕ ਸੰਪੂਰਨ ਸੀਰੀਆ ਉਨ੍ਹਾਂ ਦੇ ਕਬਜ਼ੇ ਵਿਚ ਆ ਗਿਆ। ਅੱਠ ਸਾਲ ਦੇ ਇਸ ਛੋਟੇ ਜਿਹੇ ਸਮੇਂ ਵਿਚ ਇਨ੍ਹੇ ਦੇਸ਼ਾਂ ਅਤੇ ਸੰਸਕ੍ਰਿਤੀਆਂ ’ਤੇ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਜਿਥੇ ਇਸਲਾਮ ਦਾ ਰੁਤਬਾ ਵਧਿਆ ਉਥੇ ਮੁਸਲਮਾਨਾਂ ਦੇ ਆਤਮ ਵਿਸ਼ਵਾਸ ਨੂੰ ਵੀ ਮਨੋਬਲ ਪ੍ਰਾਪਤ ਹੋਇਆ। ਸੀਰੀਆ ਨੂੰ ਆਪਣਾ ਅਸਥਾਈ ਨਿਵਾਸ ਬਣਾ ਕੇ ਮੁਸਲਿਮ ਸੈਨਾਵਾਂ ਨੇ ਅਰਮਾਨੀਆ, ਮੈਸੋਪੋਟਾਮੀਆ, ਜਾਰਜੀਆ ਅਤੇ ਅਜਰਬਾਈਜਾਨ ’ਤੇ ਵੀ ਜਿੱਤ ਪ੍ਰਾਪਤ ਕੀਤੀ।

ਇਸਲਾਮ ਦੀਆਂ ਫ਼ੌਜਾਂ ਸੀਰੀਆਈ ਘੋੜਸਵਾਰ ਡਵੀਜ਼ਨਾਂ ਦੀ ਮਦਦ ਨਾਲ ਇੰਨੀਆਂ ਸ਼ਕਤੀਸ਼ਾਲੀ ਹੋ ਗਈਆਂ ਕਿ ਉਨ੍ਹਾਂ ਨੇ ਆਤਮ ਵਿਸ਼ਵਾਸ਼ ਨਾਲ ਪਰਸ਼ੀਆ ਦੇਸ਼ ਦੀ ਰਾਜਧਾਨੀ ਵੱਲ ਕੂਚ ਕੀਤਾ। 637 ਈ. ਪਰਸ਼ੀਆ ਦਾ ਮਹਾਨ ਯੋਧਾ ਜਨਰਲ ਰੁਸਤਮ ਯੁੱਧ ਵਿੱਚ ਮਾਰਿਆ ਗਿਆ ਅਤੇ ਤਿਗਸ ਨਦੀ ਦੇ ਪੱਛਮ ਵੱਲ ਸਾਰੀਆਂ ਉਪਜਾਊ ਜ਼ਮੀਨਾਂ ਮੁਸਲਮਾਨਾਂ ਦੇ ਹੱਥਾਂ ਵਿੱਚ ਆ ਗਈਆਂ। ਮੁਸਲਮਾਨ ਇਤਿਹਾਸਕਾਰਾਂ ਅਨੁਸਾਰ 1000 ਕਰੋੜ ਦਿਰਹਮ ਦੀ ਕੀਮਤ ਵਾਲਾ ਲੁੱਟ ਦਾ ਮਾਲ ਮੁਸਲਮਾਨਾਂ ਦੇ ਹੱਥ ਲੱਗਿਆ। ਅਰਬ ਫ਼ੌਜਾਂ ਦਾ ਜਿੱਤ ਮਾਰਚ ਜਾਰੀ ਰਿਹਾ। 642 ਈਸਵੀ ਵਿੱਚ ਮਿਸਰ ਨੂੰ ਜਿੱਤ ਲਿਆ ਗਿਆ। 649-50 ਈਸਵੀ ਵਿੱਚ ਪਰਸ਼ੀਆ ਦੇ ਮੁੱਖ ਸ਼ਹਿਰ ਇਸ਼ਤਖਾਰ ਉੱਤੇ ਮੁਸਲਮਾਨਾਂ ਨੇ ਕਬਜ਼ਾ ਕਰ ਲਿਆ ਗਿਆ। ਮੁਸਲਿਮ ਫ਼ੌਜਾਂ ਮਕਰਾਨ ਰਾਹੀਂ 643 ਈਸਵੀ ਵਿੱਚ ਭਾਰਤ ਦੀਆਂ ਸਰਹੱਦਾਂ ਤੱਕ ਪਹੁੰਚੀਆਂ। ਲਗਭਗ 70 ਸਾਲਾਂ ਤੱਕ, ਉਹ ਸਿੰਧ ਦੀਆਂ ਸਰਹੱਦਾਂ ਦੇ ਇਰਦ ਗਿਰਦ ਹੀ ਰਹੇ ਅਤੇ ਅੰਤ ਵਿੱਚ 712 ਈਸਵੀ ਵਿੱਚ ਉਨ੍ਹਾਂ ਨੇ ਸਿੰਧ ਅਤੇ ਪੱਛਮੀ ਪੰਜਾਬ ਉੱਤੇ ਕਬਜ਼ਾ ਕਰ ਲਿਆ। ਪੂਰਬ ਵਿੱਚ ਜਿੱਥੇ ਮੁਸਲਿਮ ਫ਼ੌਜਾਂ ਜਿੱਤਾਂ ਪ੍ਰਾਪਤ ਕਰਦੀਆਂ ਹੋਈਆਂ ਏਸ਼ੀਆ ਵੱਲ ਵਧ ਰਹੀਆਂ ਸਨ, ਦੂਜੇ ਪਾਸੇ ਉਹ

ਮਿਸਰ ਤੋਂ ਅਫ਼ਰੀਕਾ ਰਾਹੀਂ ਯੂਰਪ ਵੱਲ ਵੀ ਵਧ ਰਹੀਆਂ ਸਨ। 698 ਈ. ਵਿੱਚ ਕਾਰਬੇਜ ਦਾ ਵੀ ਪਤਨ ਹੋ ਗਿਆ ਪਰ ਇੱਕ ਬਗ਼ਾਵਤ ਕਾਰਨ ਇਹ ਮੁਸਲਮਾਨਾਂ ਦੇ ਹੱਥੋਂ ਨਿਕਲ ਗਿਆ ਪ੍ਰੰਤੂ 705 ਈ. ਵਿੱਚ ਮੁਸਲਿਮ ਸੈਨਾ ਦੁਬਾਰਾ ਵਾਪਸ ਆਈ ਅਤੇ ਅੰਧ ਮਹਾਂਸਾਗਰ ਦੇ ਕੰਢੇ ਤੱਕ ਪਹੁੰਚ ਗਈ। ਇਸ ਤੋਂ ਬਾਅਦ ਸਪੇਨ ਜਿੱਤਣ ਲਈ ਸੈਨਾਪਤੀ ਤਾਰੀਕ, ਜਿਬਰਾਲਟਰ ਦੀ ਖਾੜੀ ਪਾਰ ਕਰਕੇ ਸਪੇਨ ਵਿੱਚ ਦਾਖਲ ਹੋਇਆ। ਇਸ ਪ੍ਰਕਾਰ ਪੈਗੰਬਰ ਮੁਹੰਮਦ ਸਾਹਿਬ ਦੇ ਦੇਹਾਂਤ ਦੇ ਸੌ ਸਾਲਾਂ ਦੇ ਅੰਦਰ, ਇਸਲਾਮ ਦਾ ਸਾਮਰਾਜ ਸਪੇਨ ਤੋਂ ਚੀਨ ਅਤੇ ਸਿੰਧ ਤੱਕ ਫੈਲ ਗਿਆ।

ਭਾਰਤ ਵਿਚ ਇਸਲਾਮ ਦਾ ਸਮਾਜਿਕ ਅਤੇ ਧਾਰਮਿਕ ਸਫਰ 712 ਈ. ਵਿਚ ਮੁਹੰਮਦ ਬਿਨ ਕਾਸਿਮ ਦੇ ਹਮਲੇ ਤੋਂ ਬਾਅਦ ਆਰੰਭ ਹੋਇਆ ਜਿਸ ਦੌਰਾਨ ਉਸ ਨੇ ਸਿੰਧ ਦੇ ਰਾਜਾ ਦਾਹਿਰ ਨੂੰ ਹਰਾ ਕੇ ਸਿੰਧ ’ਤੇ ਕਬਜ਼ਾ ਕੀਤਾ। ਇਸ ਹਮਲੇ ਨੂੰ ਇਸਲਾਮ ਧਰਮ ਦੇ ਰਾਜਨੀਤਿਕ ਵਿਕਾਸ ਦੀ ਅਹਿਮ ਕੜੀ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਹਮਲੇ ਤੋਂ ਬਾਅਦ ਸ਼ੁਰੂ ਹੋਣ ਵਾਲਾ ਇਸਲਾਮ ਦਾ ਰਾਜਨੀਤਿਕ ਵਿਕਾਸ ਭਾਰਤ ਵਿਚ ਅਗਲੀਆਂ 10-11 ਸਦੀਆਂ ਤੱਕ ਨਿਰੰਤਰ ਜਾਰੀ ਰਿਹਾ। ਇਸ ਅਰਸੇ ਦੌਰਾਨ ਮੁਸਲਮਾਨਾਂ ਦੇ ਅਨੇਕਾਂ ਰਾਜਵੰਸ਼ਾਂ ਨੇ ਭਾਰਤ ਉੱਪਰ ਆਪਣਾ ਸ਼ਾਸਨ ਕੀਤਾ ਅਤੇ ਇਸਲਾਮ ਦੇ ਪ੍ਰਚਾਰ-ਪ੍ਰਸਾਰ ਲਈ ਅਨੇਕਾਂ ਯਤਨ ਕੀਤੇ।

ਮੁਹੰਮਦ-ਬਿਨ-ਕਾਸਿਮ ਦੇ ਹਮਲੇ ਤੋਂ ਬਾਅਦ ਭਾਵੇਂ ਭਾਰਤ ਉੱਪਰ ਮੁਸਲਮਾਨਾਂ ਦਾ ਰਾਜ ਸਥਾਪਿਤ ਨਾ ਹੋਇਆ ਪ੍ਰੰਤੂ ਸਿੰਧ ਦੀ ਜਿੱਤ ਨੇ ਭਾਰਤ ਉੱਪਰ ਇਸਲਾਮਿਕ ਰਾਜ ਦੀ ਸਥਾਪਤੀ ਲਈ ਰਾਹ ਖੋਲ੍ਹ ਦਿੱਤੇ। ਮੁਹੰਮਦ ਕਾਸਿਮ ਤੋਂ ਬਾਅਦ ਮਹਿਮੂਦ ਗਜ਼ਨਵੀ ਨੇ 1000 ਈ. ਤੋਂ ਬਾਅਦ ਭਾਰਤ ਉੱਪਰ 17 ਵਾਰ ਹਮਲੇ ਕੀਤੇ। 1001 ਈ. ਵਿਚ ਉਸਨੇ ਹਿੰਦੂਸ਼ਾਹੀ ਵੰਸ਼ ਦੇ ਸ਼ਾਸਕ ਜੈਪਾਲ ਨੂੰ ਬੇਹੰਦ (ਪਿਸ਼ਾਵਰ) ਦੇ ਯੁੱਧ ਵਿਚ ਹਰਾ ਕੇ ਉਸਦੇ ਕਾਫੀ ਇਲਾਕੇ ਨੂੰ ਆਪਣੇ ਰਾਜ ਵਿਚ ਮਿਲਾਇਆ। ਇਸ ਤੋਂ ਬਾਅਦ ਆਪਣੇ ਅਗਲੇ ਹਮਲਿਆਂ ਵਿਚ ਮਹਿਮੂਦ ਗਜ਼ਨਵੀ ਨੇ ਜੈਪਾਲ ਦੇ ਪੁੱਤਰ ਅਨੰਤਪਾਲ ਅਤੇ ਬਾਅਦ ਵਿਚ ਉਸ ਦੇ ਵੰਸ਼ਜ ਤ੍ਰਿਲੋਚਨਪਾਲ ਨੂੰ ਹਰਾ ਕੇ ਹਿੰਦੂਸ਼ਾਹੀ ਰਾਜ ਉਪਰ ਅਧਿਕਾਰ ਪ੍ਰਾਪਤ ਕੀਤਾ। ਹਿੰਦੂਸ਼ਾਹੀ ਰਾਜ ਕਸ਼ਮੀਰ, ਮੁਲਤਾਨ, ਲਘਨ ਅਤੇ ਸਰਹਿੰਦ ਤੱਕ ਫੈਲਿਆ ਹੋਇਆ ਸੀ। 1015 ਈ. ਵਿਚ ਉਸ ਨੇ ਲਾਹੌਰ ’ਤੇ ਕਬਜ਼ਾ ਕੀਤਾ ਅਤੇ ਪੱਛਮੀ ਪੰਜਾਬ ਜਿੱਤਣ ਤੋਂ ਬਾਅਦ ਭਾਰਤ ਵੱਲ ਆਪਣਾ ਰੁੱਖ ਕੀਤਾ। ਆਪਣੇ ਹਮਲਿਆਂ ਦੌਰਾਨ ਮਹਿਮੂਦ ਗਜ਼ਨਵੀ ਨੇ ਜਮਨਾ ਤੱਕ ਦੇ ਇਲਾਕਿਆਂ ’ਤੇ ਹਮਲੇ ਕੀਤੇ। ਇਨ੍ਹਾਂ ਹਮਲਿਆਂ ਵਿਚ ਜਮਨਾ ਤੋਂ ਪਾਰ ਮਥਰਾ ਵਰਗੇ ਪਵਿੱਤਰ ਸਥਾਨ ਅਤੇ ਗਵਾਲੀਅਰ ਦਾ ਇਲਾਕਾ ਵੀ ਸ਼ਾਮਿਲ ਸੀ। ਮਹਿਮੂਦ ਗਜ਼ਨਵੀ ਦੀਆਂ ਇਨ੍ਹਾਂ ਕਾਰਵਾਈਆਂ ਬਦਲੇ ਬਗਦਾਦ ਦੇ ‘ਅੱਬਾਸੀ’ ਖ਼ਲੀਫ਼ਾ ਵੱਲੋਂ ਉਸ ਨੂੰ ਸੁਲਤਾਨ ਦੀ

ਪਦਵੀ ਪ੍ਰਦਾਨ ਕੀਤੀ ਗਈ। 1030 ਈ. ਵਿਚ ਆਪਣੀ ਮੌਤ ਤੱਕ ਗਜ਼ਨਵੀ ਨੇ ਇਕ ਵਿਸ਼ਾਲ ਸਾਮਰਾਜ ਦਾ ਨਿਰਮਾਣ ਕਰ ਕੇ ਇਸਲਾਮਿਕ ਧਰਮ ਦੀਆਂ ਭੂਗੋਲਿਕ ਸੀਮਾਵਾਂ ਵਿਚ ਵਾਧਾ ਕੀਤਾ। ਉਸ ਦਾ ਸਾਮਰਾਜ ਪੱਛਮ ਵਿਚ ਈਰਾਨ ਤੋਂ ਲੈ ਕੇ ਉੱਤਰ ਪੂਰਬ ਵਿਚ ਸਮਰਕੰਦ ਅਤੇ ਕੈਸਪੀਅਨ ਸਾਗਰ ਤੋਂ ਜਮਨਾ ਤੱਕ ਫੈਲਿਆ ਹੋਇਆ ਸੀ। ਭਾਰਤ ਵਿਚ ਮਹਿਮੂਦ ਗਜ਼ਨਵੀ ਦਾ ਰਾਜ ਭਾਵੇਂ ਥੋੜ੍ਹਾ ਚਿਰ ਰਿਹਾ ਜੋ ਉੱਤਰ ਪੱਛਮ ਤੱਕ ਹੀ ਸੀਮਿਤ ਸੀ ਪ੍ਰੰਤੂ ਇਸ ਦੇ ਨਤੀਜੇ ਭਾਰਤ ਵਿਚ ਇਸਲਾਮਿਕ ਰਾਜਵੰਸ਼ਾਂ ਦੀ ਸਥਾਪਨਾ ਦੇ ਰੂਪ ਵਿਚ ਨਿਕਲੇ।

ਮਹਿਮੂਦ ਗਜ਼ਨਵੀ ਤੋਂ ਬਾਅਦ ਮੁਹੰਮਦ ਗੌਰੀ ਨੇ 1191 ਈ. ਵਿਚ ਭਾਰਤ ਉੱਪਰ ਹਮਲਾ ਕੀਤਾ ਪ੍ਰੰਤੂ ਉਸ ਨੂੰ ਦਿੱਲੀ ਦੇ ਸ਼ਾਸਕ ਪ੍ਰਿਥਵੀਰਾਜ ਚੌਹਾਨ ਤੋਂ ਤਰਾਇਨ ਦੀ ਪਹਿਲੀ ਲੜਾਈ ਵਿਚੋਂ ਹਾਰ ਦਾ ਸਾਹਮਣਾ ਕਰਨਾ ਪਿਆ। 1192 ਈ. ਵਿਚ ਉਸ ਨੇ ਪ੍ਰਿਥਵੀਰਾਜ ਚੌਹਾਨ ਨੂੰ ਤਰਾਇਨ ਦੀ ਦੂਜੀ ਲੜਾਈ ਵਿਚ ਹਰਾ ਕੇ ਭਾਰਤ ਵਿਚ ਦਿੱਲ਼ੀ ਸਲਤਨਤ ਦਾ ਆਗਾਜ਼ ਕੀਤਾ। ਮੁਹੰਮਦ ਗੌਰੀ ਦੀ ਮੌਤ ਤੋਂ ਬਾਅਦ ਉਸ ਦੇ ਉਤਰਾਧਿਕਾਰੀ (ਜੋ ਉਸ ਦਾ ਗੁਲਾਮ ਸੀ) ਕੁਤੁਬ-ਦੀਨ ਐਬਕ ਨੇ 'ਗੁਲਾਮ ਵੰਸ਼' ਦੀ ਨੀਂਹ ਰੱਖੀ। ਇਹ ਭਾਰਤ ਦੀ ਧਰਤੀ 'ਤੇ ਆਰੰਭ ਹੋਣ ਵਾਲਾ ਪਹਿਲਾ ਮੁਸਲਿਮ ਰਾਜਵੰਸ਼ ਸੀ। ਇਸ ਤੋਂ ਪਹਿਲਾਂ ਕਿਸੇ ਵੀ ਮੁਸਲਿਮ ਸ਼ਾਸਕ ਨੇ ਇੰਨ੍ਹੇ ਲੰਬੇ ਸਮੇਂ ਤੱਕ ਭਾਰਤ 'ਤੇ ਆਪਣਾ ਸ਼ਾਸਨ ਨਹੀਂ ਕੀਤਾ ਸੀ। ਇਲਤੁਤਮਿਸ਼ (1210-1236), ਰਜੀਆ ਸੁਲਤਾਨ (1236-1240) , ਗਿਆਸੁਦੀਨ ਬਲਬਨ (1265-1287) ਆਦਿ ਇਸ ਵੰਸ਼ ਦੇ ਪ੍ਰਸਿੱਧ ਮੁਸਲਿਮ ਸ਼ਾਸਕ ਸਨ।

ਗੁਲਾਮ ਵੰਸ਼ ਤੋਂ ਬਾਅਦ ਭਾਰਤ ਵਿਚ ਇਸਲਾਮ ਧਰਮ ਨਾਲ ਸੰਬੰਧਿਤ 'ਖਿਲਜੀ ਵੰਸ਼' ਦੀ ਸ਼ੁਰੂਆਤ ਹੋਈ ਜਿਸ ਦਾ ਪ੍ਰਸਿੱਧ ਸ਼ਾਸਕ ਅਲਾਉਦੀਨ ਖਿਲਜੀ ਸੀ। ਇਸ ਨੇ ਪ੍ਰਸ਼ਾਸਨਿਕ ਸੇਵਾਵਾਂ ਵਿਚ ਭਾਰਤੀ ਮੁਸਲਮਾਨਾਂ ਨੂੰ ਅਵਸਰ ਪ੍ਰਦਾਨ ਕਰਦੇ ਹੋਏ ਆਪਣੇ ਰਾਜ ਵਿਚ ਇਸਲਾਮ ਦੇ ਪ੍ਰਸਾਰ ਸੰਬੰਧੀ ਅਨੇਕਾਂ ਕਾਰਜ ਕੀਤੇ। ਉਸ ਦੇ ਸਮੇਂ ਭਾਰਤ ਵਿਚ ਇਸਲਾਮਿਕ ਸੀਮਾਵਾਂ ਦਾ ਅਫਗਾਨਿਸਤਾਨ ਤੋਂ ਲੈ ਕੇ ਉੱਤਰ-ਮੱਧ ਭਾਰਤ ਤੱਕ ਵਿਸਤਾਰ ਹੋਇਆ। ਇੰਨਾਂ ਵੱਡਾ ਸਾਮਰਾਜ ਅਲਾਉੱਦੀਨ ਖਿਲਜੀ ਤੋਂ ਬਾਅਦ ਅਗਲੇ ਤਿੰਨ ਸੋ ਸਾਲਾਂ ਤੱਕ ਕੋਈ ਵੀ ਸਥਾਪਿਤ ਨਾ ਕਰ ਸਕਿਆ।

ਖਿਲਜੀ ਵੰਸ਼ ਤੋਂ ਬਾਅਦ ਮੁੱਖ ਰੂਪ ਵਿਚ 'ਤੁਗਲਕ ਵੰਸ਼' ਅਤੇ 'ਲੋਧੀ ਵੰਸ਼' ਦਾ ਨਾਮ ਇਸਲਾਮਿਕ ਰਾਜ ਵੰਸ਼ਾਂ ਵਿਚ ਆਉਂਦਾ ਹੈ ਜਿਨ੍ਹਾਂ ਨੇ ਭਾਰਤ ਉੱਪਰ ਇਸਲਾਮਿਕ ਸ਼ਾਸਨ ਕੀਤਾ। ਗਿਆਸੁਦੀਨ ਤੁਗਲਕ, ਮੁਹੰਮਦ ਬਿਨ ਤੁਗਲਕ ਅਤੇ ਫਿਰੋਜ਼ ਸ਼ਾਹ ਤੁਗਲਕ ਤੁਗਲਕ ਵੰਸ਼ ਦੇ ਪ੍ਰਸਿੱਧ ਸ਼ਾਸਕ ਹੋਏ।

ਲੋਧੀ ਵੰਸ਼ (1451-1526), ਦੇ ਸ਼ਾਸਕ ਇਬਰਾਹਿਮ ਲੋਧੀ (1517-1526) ਨੂੰ ਪਾਨੀਪਤ ਦੀ ਪਹਿਲੀ ਲੜਾਈ ਵਿਚ ਹਰਾ ਕੇ ਬਾਬਰ ਨੇ ਭਾਰਤ ਵਿਚ 'ਮੁਗਲ ਸਾਮਰਾਜ' ਦੀ ਨੀਂਹ ਰੱਖੀ। ਮੁਗਲ ਰਾਜਵੰਸ਼ ਦਾ ਭਾਰਤ ਉੱਪਰ ਅਗਲੀਆਂ ਤਿੰਨ ਸਦੀਆਂ ਤੱਕ ਸ਼ਾਸਨ ਰਿਹਾ ਜਿਸ ਵਿਚ ਅਖੀਰਲੀ ਸਦੀ ਦੌਰਾਨ ਮੁਗਲ ਰਾਜ ਦਾ ਪਤਨ ਆਰੰਭ ਹੋ ਗਿਆ ਸੀ। ਬਾਬਰ, ਹਮਾਯੂੰ, ਅਕਬਰ, ਜਹਾਂਗੀਰ, ਸ਼ਾਹਜਹਾਂ, ਔਰੰਗਜ਼ੇਬ ਆਦਿ ਮੁਗਲ ਰਾਜਵੰਸ਼ ਦੇ ਨਾਮਵਰ ਸ਼ਾਸਕ ਹੋਏ ਹਨ ਜਿਨ੍ਹਾਂ ਦੇ ਸਮੇਂ ਦੌਰਾਨ ਭਾਰਤ ਵਿਚ ਇਸਲਾਮ ਧਰਮ ਨੇ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਤੌਰ 'ਤੇ ਵੱਡੇ ਪੱਧਰ 'ਤੇ ਵਿਕਾਸ ਕੀਤਾ। ਪਿਛਲੀਆਂ ਅਨੇਕਾਂ ਸਦੀਆਂ ਤੋਂ ਭਾਰਤ ਵਿਚ ਇਸਲਾਮ ਦਾ ਸ਼ਾਸਨ ਹੋਣ ਕਾਰਨ ਮੁਗਲ ਕਾਲ ਦੌਰਾਨ ਮੁਸਲਮਾਨਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਕਿਉਂਕਿ ਇਸਲਾਮ ਧਰਮ ਨੂੰ ਰਾਜਨੀਤਿਕ ਸਰਪ੍ਰਸਤੀ ਹੋਣ ਕਾਰਨ ਇਸ ਧਰਮ ਦਾ ਵੱਡੇ ਪੱਧਰ 'ਤੇ ਪ੍ਰਸਾਰ ਹੋਣਾ ਸੁਭਾਵਿਕ ਸੀ। 1857 ਈ. ਵਿਚ ਮੁਗਲ ਸਾਮਰਾਜ ਦੇ ਬਾਦਸ਼ਾਹ, ਬਹਾਦਰ ਸ਼ਾਹ ਜਫ਼ਰ ਨੂੰ ਅੰਗਰੇਜ਼ਾਂ ਦੁਆਰਾ ਕੈਦ ਕਰ ਕੇ ਰੰਗੂਨ ਭੇਜਣ ਤੋਂ ਬਾਅਦ ਭਾਰਤ ਵਿਚ ਮੁਗਲ ਸ਼ਾਸਨ ਦਾ ਅੰਤ ਹੋ ਗਿਆ। ਮੁਗਲ ਸਾਮਰਾਜ ਅਤੇ ਭਾਰਤ ਦੇ ਇਕ ਵੱਡੇ ਭੂ-ਭਾਗ 'ਤੇ ਜਿੱਥੇ ਇਸਲਾਮਿਕ ਸ਼ਾਸਨ ਸਥਾਪਿਤ ਸੀ, ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। 1947ਈ. ਤੱਕ ਭਾਰਤ ਦੀ ਧਰਤੀ 'ਤੇ ਅਨੇਕਾਂ ਰਿਆਸਤਾਂ ਜਿਵੇਂ- ਹੈਦਰਾਬਾਦ, ਪਟੋਦੀ, ਜੂਨਾਗੜ੍ਹ, ਮਲੇਰਕੋਟਲਾ, ਭੋਪਾਲ, ਰਾਮਪੁਰ, ਲੋਹਾਰੂ ਆਦਿ ਵਿਚ ਇਸਲਾਮ ਧਰਮ ਦਾ ਰਾਜਨੀਤਿਕ ਰੂਪ ਵਿਚ ਵਿਕਾਸ ਹੁੰਦਾ ਰਿਹਾ।

ਮੌਜੂਦਾ ਸਮੇਂ ਵਿਚ ਸੰਸਾਰ ਦੇ ਲਗਭਗ 50 ਦੇਸ਼ ਇਸਲਾਮਿਕ ਹਨ ਜੋ ਇਸਲਾਮ ਧਰਮ ਦੇ ਧਾਰਨੀ ਹਨ। ਇਨ੍ਹਾਂ ਦੇਸ਼ਾਂ ਵਿਚ ਪ੍ਰਮੁੱਖ ਨਾਮ ਹਨ- ਪਾਕਿਸਤਾਨ, ਬੰਗਲਾਦੇਸ਼, ਅਫਗਾਨਿਸਤਾਨ, ਈਰਾਨ, ਤੁਰਕੀ, ਸਾਊਦੀ ਅਰਬ, ਨਾਈਜੀਰੀਆ, ਕਤਰ, ਮਾਲਦੀਵ, ਮਲੇਸ਼ੀਆ, ਈਰਾਕ ਆਦਿ। ਇਸ ਪ੍ਰਕਾਰ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਤੋਂ ਆਰੰਭ ਹੋਣ ਵਾਲਾ ਇਸਲਾਮ ਧਰਮ ਦਾ ਰਾਜਨੀਤਿਕ ਵਿਕਾਸ ਮੌਜੂਦਾ ਸਮੇਂ ਦੇ ਇਸਲਾਮਿਕ ਦੇਸ਼ਾਂ ਵਿਚ ਨਿਰੰਤਰ ਜਾਰੀ ਹੈ।

### 10.6 ਅੰਤਿਕਾ

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਸਲਾਮ ਧਰਮ ਇਕ ਅੱਲਾਹ ਵਿਚ ਵਿਸ਼ਵਾਸ ਕਰਨ ਵਾਲਾ ਇਕਈਸ਼ਵਰਵਾਦ ਦੇ ਸਿਧਾਂਤ ਨੂੰ ਮੰਨਣ ਵਾਲਾ ਧਰਮ ਹੈ ਜੋ ਅਰਬ ਦੇਸ਼ ਵਿਚ ਵਧ ਰਹੀਆਂ ਕੁਰੀਤੀਆਂ ਅਤੇ

ਬੁੱਤਪ੍ਰਸਤੀ ਦੇ ਨਤੀਜੇ ਵਜੋਂ ਹੋਂਦ ਵਿਚ ਆਇਆ। ਯਹੂਦੀ ਅਤੇ ਈਸਾਈ ਧਰਮ ਵਾਂਗ ਇਹ ਧਰਮ ਵੀ ਪੈਗੰਬਰ ਅਬਰਾਹਿਮ ਨੂੰ ਆਪਣਾ ਵਡੇਰਾ ਮੰਨ ਕੇ ਉਨ੍ਹਾਂ ਦਾ ਸਤਿਕਾਰ ਕਰਦਾ ਹੈ। ਇਹ ਧਰਮ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਨੂੰ ਅੱਲਾਹ ਦਾ ਆਖਰੀ ਪੈਗੰਬਰ ਮੰਨ ਕੇ, ਪਵਿੱਤਰ ਕੁਰਆਨ ਦੀਆਂ ਸਿੱਖਿਆਵਾਂ ਨੂੰ ਅੱਲਾਹ ਦੇ ਦੈਵੀ ਸੰਦੇਸ਼ ਵਜੋਂ ਸਤਿਕਾਰ ਪ੍ਰਦਾਨ ਕਰਦੇ ਹਨ। ਇਸ ਪ੍ਰਕਾਰ ਸਾਮੀ ਧਰਮਾਂ ਵਿਚ ਸ਼ਾਮਿਲ ਇਸਲਾਮ ਧਰਮ ਗਿਣਤੀ ਪੱਖੋਂ ਈਸਾਈ ਧਰਮ ਤੋਂ ਬਾਅਦ ਸੰਸਾਰ ਦਾ ਦੂਸਰਾ ਧਰਮ ਹੈ ਜੋ ਮਨੁੱਖ ਨੂੰ ਪਵਿੱਤਰ ਕੁਰਆਨ ਵਿਚ ਦਰਜ ਸ਼ਰੀਅਤ ਦੇ ਨਿਯਮਾਂ ਅਨੁਸਾਰ ਜੀਵਨ-ਜਾਚ ਸਿਖਾਉਂਦਾ ਹੈ।

**10.7 ਪੜ੍ਹਣਯੋਗ ਪੁਸਤਕਾਂ**


- ਅੰਮ੍ਰਿਤ ਕੌਰ ਰੈਣਾ (ਡਾ.) *ਸਿੱਖ ਧਰਮ ਅਤੇ ਇਸਲਾਮ*, ਯੂਨੀਸਟਾਰ ਬੁਕਸ, ਮੋਹਾਲੀ , ਜਨਵਰੀ 2010
- ਸਰਬਜਿੰਦਰ ਸਿੰਘ, ਡਾ. (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਅਤੇ ਚਿੰਤਕ* (ਚਾਰ ਭਾਗ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, .2012
- ਸੱਯਦ ਅਬੁਲ ਆਲਾ ਮੌਜੂਦੀ (ਰਹਿ.), *ਇਸਲਾਮ ਧਰਮ*, ਪੰਜਾਬੀ ਇਸਲਾਮਿਕ ਪਬਲੀਕੇਸ਼ਨ, ਦਿੱਲ਼ੀ, 2016
- *ਕੁਰਆਨ ਮਜੀਦ*, ਸਯੱਦ ਅਬੁਲ ਆਲਾ ਮੌਦੂਦੀ (ਟੀਕਾਕਾਰ), ਰਮਜ਼ਾਨ ਸਈਦ (.ਅਨੁ), ਦਿੱਲੀ ਅਲ-ਕੁਰਆਨ ਇੰਸਟੀਚਿਉਟ, ਦਿੱਲੀ, .2015
- ਪ੍ਰਤਾਪ ਸਿੰਘ ,(ਗਿਆਨੀ)*ਸੰਸਾਰ ਦਾ ਧਾਰਮਿਕ ਇਤਿਹਾਸ*, ਜਵਾਹਰ ਸਿੰਘ ਕ੍ਰਿਪਾਲ ਸਿੰਘਖਾਲਸਾ ਬ੍ਰਦਰਜ਼, , ਅੰਮ੍ਰਿਤਸਰ, 1976
- ਮੁਹੰਮਦ ਅਬਦੁਲ ਹਈ, *ਹਜ਼ਰਤ ਮੁਹੰਮਦ ਸੱਲਲਾਹੁ ਅਲੈਹਿ ਵਸੱਲਮ; ਜੀਵਨ ਤੇ ਸੰਦੇਸ਼*, ਪੰਜਾਬੀ ਇਸਲਾਮਿਕ ਪਬਲੀਕੇਸ਼ਨ, ਦਿੱਲੀ, 2014
- ਰਾਹੁਲ ਸਾਂਕਿਰਤਯਾਯਨ, *ਇਸਲਾਮ ਧਰਮ ਕੀ ਰੂਪ ਰੇਖਾ (ਹਿੰਦੀ)*, ਕਿਤਾਬ ਮਹਲ, ਇਲਾਹਾਬਾਦ, 2019
- ਡਾ. ਮੁਹੰਮਦ ਇਰਸ਼ਾਦ, *ਹਜ਼ਰਤ ਮੁਹੰਮਦ : ਜੀਵਨ ਅਤੇ ਸਿਖਿਆ*, ਪਬਲੀਕੇਸ਼ਨ ਬਿਊਰੋ, 2011
- Bhagat Singh Hira, *Semitic Religious Thought and Sikhism*, National Book Shop, Delhi, 1992

- Gurbachan Singh Talib, *An Advanced Book of Religious Studies*, Punjabi University Patiala, 1974
- Mir Sajjad Ali and Zainab Rahman, *Islam and Indian Muslim*, Kalpaz Publications, New Delhi, 2010
- Sarah Thorley, *Islam in Words and Pictures*, Canterbury Press, Norwich, 1997
- Rashad Ahmad Azami, *Stories of the Prophets*, Darusslam 2003
- *The Cambridge History of Islam*, Edited by P.M. Holt, Ann K.S. Lambdon and Bernard Lewis, vol. 2A, Cambridge University Press, 1970


## 10.8 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਇਸਲਾਮ ਧਰਮ ਦੇ ਆਰੰਭ ਬਾਰੇ ਤੁਸੀ ਕੀ ਜਾਣਦੇ ਹੋਂ?
2. ਨਬੁੱਵਤ ਅਤੇ ਅਲ ਕਿਤਾਬ ਨੇ ਇਸਲਾਮ ਦੇ ਵਿਕਾਸਵਿਚ ਕੀ ਯੋਗਦਾਨ ਪਾਇਆ?
3. ਇਸਲਾਮ ਧਰਮ ਦੇ ਰਾਜਨੀਤਿਕ ਵਿਕਾਸ ਨੂੰ ਵਿਸਥਾਰ ਸਹਿਤ ਬਿਆਨ ਕਰੋ।
4. ਇਸਲਾਮ ਧਰਮ ਦੇ ਚਾਰ ਖ਼ਲੀਫ਼ਿਆਂ ਬਾਰੇ ਵਿਸਥਾਰ ਵਿਚ ਵਰਣਨ ਕਰੋ?

### ਛੋਟੇ ਪ੍ਰਸ਼ਨ

1. ਮੁਹੰਮਦ ਸਾਹਿਬ ਦੇ ਜਨਮ ਅਤੇ ਮਾਤਾ-ਪਿਤਾ ਬਾਰੇ ਜਾਣਕਾਰੀ ਦਿਓ?
2. ਇਸਲਾਮ ਸ਼ਬਦ ਦੇ ਸ਼ਾਬਦਿਕ ਅਰਥ ਕੀ ਹਨ?
3. ਪੈਗੰਬਰ ਮੁਹੰਮਦ ਸਾਹਿਬ ਨੂੰ ਅਧਿਆਤਮਕ ਇਲਹਾਮ ਦੀ ਪ੍ਰਾਪਤੀ ਕਿਵੇਂ ਹੋਈ?
4. ਮਿਅਰਾਜ ਤੋਂ ਕੀ ਭਾਵ ਹੈ?
5. ਪਵਿੱਤਰ ਕੁਰਆਨ ਵਿਚ ਆਇਤਾਂ, ਰੁਕੂਅ ਅਤੇ ਪਾਰਿਆਂ ਦੀ ਗਿਣਤੀ ਕਿੰਨੀ ਹੈ ?